
**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets

Pradeep Singh
847-322-5832
COLDWELL BANKER
Residential Brokerage
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet
Mon to Sat. 11am to 3pm
Sunday 2pm to 7pm

*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170

Call: 734-751-4455 Raj Shergill
rajsshergill@yahoo.com Associate Broker



Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 39, September 26, 2020 20451 N. Plum Grove Rd., Palatine, IL 60074 Ph:847-359-0746, Fax:847-705-9388


# ਖੇਤੀ ਕਾਨੂੰਨ: ਮੋਦੀ ਸਰਕਾਰ ਦਾ ਤਖਤ ਹਿਲਾਉਣ ਲਈ ਲਾਮਬੰਦੀ

**ਚੰਡੀਗੜ੍ਹ:** ਮੋਦੀ ਸਰਕਾਰ ਵਲੋਂ ਭਾਰੀ ਵਿਰੋਧ ਦੇ ਬਾਵਜੂਦ ਖੇਤੀ ਨਾਲ ਸਬੰਧਤ ਤਿੰਨ ਨਵੇਂ ਕਾਨੂੰਨ ਬਣਾਉਣ ਤੋਂ ਬਾਅਦ ਕਿਸਾਨ ਵੀ ਆਰ-ਪਾਰ ਦੀ ਜੰਗ ਲਈ ਉਤਾਰੂ ਹੋ ਗਏ ਹਨ। ਕਿਸਾਨਾਂ ਦੀ ਇਹ ਲਾਮਬੰਦੀ ਮੋਦੀ ਸਰਕਾਰ ਦਾ ਤਖਤ ਹਿਲਾਉਣ ਵਾਲੀ ਜਾਪ ਰਹੀ ਹੈ।

ਪੰਜਾਬ ਤੇ ਹਰਿਆਣਾ ਵਿਚੋਂ ਉਠੀ ਰੋਹ ਦੀ ਇਹ ਗੂੰਜ ਪੂਰੇ ਮੁਲਕ ਵਿਚ ਫੈਲ ਰਹੀ ਹੈ। ਹਰਿਆਣਾ ਅਤੇ ਉਤਰ ਪ੍ਰਦੇਸ਼ ਵਿਚ ਭਾਜਪਾ ਦੀ ਸਰਕਾਰ ਹੋਣ ਦੇ ਬਾਵਜੂਦ ਕਿਸਾਨ ਰੋਹ ਭਖ ਉਠਿਆ ਹੈ। ਇਸੇ ਦੌਰਾਨ 25 ਸਤੰਬਰ ਨੂੰ ਪੰਜਾਬ ਬੰਦ ਦੇ ਸੱਦੇ 'ਤੇ ਰਾਜ ਦੀਆਂ 30 ਸੰਘਰਸ਼ੀਲ ਕਿਸਾਨ ਜਥੇਬੰਦੀਆਂ ਇਕਸੁਰ ਹੋ ਗਈਆਂ ਹਨ ਜੋ ਰਲ ਕੇ ਪੰਜਾਬ ਭਰ ਵਿਚ ਸੜਕੀ ਅਤੇ ਰੇਲਵੇ ਆਵਾਜਾਈ ਰੋਕਣਗੀਆਂ। ਵੱਡੀ ਗੱਲ ਇਹ ਹੈ ਕਿ ਪਹਿਲੀ ਵਾਰ ਪੰਜਾਬ ਖਾਸਕਰ ਕਿਸਾਨੀ ਦੇ ਮੁੱਦੇ ਉਤੇ ਭਾਜਪਾ ਨੂੰ ਛੱਡ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਨੇ ਸੰਘਰਸ਼ ਲਈ ਮੋਢੇ ਨਾਲ ਮੋਢਾ ਜੋੜਿਆ ਹੈ। ਭਾਜਪਾ ਦੇ ਭਾਈਵਾਲ ਅਕਾਲੀ ਦਲ ਨੂੰ ਵੀ ਮੋਦੀ ਸਰਕਾਰ ਦੀਆਂ ਧੱਕੇਸ਼ਾਹੀਆਂ ਨਜ਼ਰ ਆਉਣ ਲੱਗੀਆਂ ਹਨ ਤੇ ਉਸ ਨੇ 'ਬਗਾਵਤ' ਦਾ ਝੰਡਾ ਚੁੱਕ ਲਿਆ ਹੈ। ਕਾਂਗਰਸ ਨੇ ਇਨ੍ਹਾਂ ਕਾਨੂੰਨਾਂ ਖਿਲਾਫ ਦੋ ਕਰੋੜ ਕਿਸਾਨਾਂ ਤੇ ਗਰੀਬਾਂ ਦੇ ਦਸਤਖਤ ਲੈਣ ਲਈ ਵੀ ਮੁਹਿੰਮ ਵਿੱਢਣ ਦਾ ਐਲਾਨ ਕੀਤਾ ਹੈ।

ਉਧਰ, ਭਾਜਪਾ ਨੇ ਵੀ ਲੋਕ ਰੋਹ ਵੇਖਦੇ ਹੋਏ ਕਿਸਾਨਾਂ ਕੋਲ ਪਹੁੰਚ ਕਰ ਕੇ ਉਨ੍ਹਾਂ ਨੇ 'ਭੁਲੇਖੇ' ਦੂਰ ਕਰਨ ਲਈ ਰਣਨੀਤੀ ਬਣਾਈ ਹੈ। ਹਾਲਾਂਕਿ ਕਿਸਾਨ ਜਥੇਬੰਦੀਆਂ ਸਵਾਲ ਕਰ ਰਹੀਆਂ ਹਨ ਕਿ ਜੇਕਰ ਮੋਦੀ ਸਰਕਾਰ ਨੂੰ ਭਰੋਸਾ ਹੈ ਕਿ ਇਹ ਖੇਤੀ ਕਾਨੂੰਨ ਕਿਸਾਨ ਪੱਖੀ ਹਨ ਤਾਂ ਇਨ੍ਹਾਂ ਨੂੰ ਸੰਸਦ ਦੀ ਸਿਲੈਕਟ ਕਮੇਟੀ ਕੋਲ ਭੇਜਣ ਦੀ ਥਾਂ ਧੱਕੇ ਨਾਲ ਪਾਸ ਕਰਵਾਉਣ ਦੀ ਕੀ ਲੋੜ ਪੈ ਗਈ? ਯਾਦ ਰਹੇ ਕਿ ਇਹ ਬਿੱਲ ਰਾਜ ਸਭਾ ਵਿਚ ਪਾਸ ਕਰਵਾਉਣ ਲਈ ਮੋਦੀ ਸਰਕਾਰ ਨੇ ਜਮਹੂਰੀਅਤ ਦੇ ਘਾਣ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ।



## ਕਿਸਾਨਾਂ ਦੀ ਮਿਹਨਤ ਦਾ ਇਹ ਮੁੱਲ?

ਅਸਲ ਵਿਚ, ਮੋਦੀ ਸਰਕਾਰ ਇਹ ਭੁੱਲ ਬੈਠੀ ਹੈ ਕਿ ਸਾਲ 1960 'ਚ ਭਾਰਤ ਅਨਾਜ ਦੀ ਪੂਰਤੀ ਲਈ ਹੋਰ ਦੇਸ਼ਾਂ 'ਤੇ ਨਿਰਭਰ ਸੀ ਹਾਲਾਂਕਿ ਉਸ ਸਮੇਂ ਦੇਸ਼ ਦੀ ਆਬਾਦੀ ਕਰੀਬ 60 ਕਰੋੜ ਸੀ ਪਰ ਕਿਸਾਨਾਂ ਦੀ ਹੀ ਮਿਹਨਤ ਨੇ ਅੱਜ 130 ਕਰੋੜ ਤੋਂ ਵੱਧ ਆਬਾਦੀ ਹੋਣ ਦੇ ਬਾਵਜੂਦ ਨਾ ਸਿਰਫ ਦੇਸ਼ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕੀਤਾ ਸਗੋਂ ਅਨਾਜ ਹੋਰ ਦੇਸ਼ਾਂ ਨੂੰ ਨਿਰਯਾਤ ਕਰਨ ਦੇ ਯੋਗ ਬਣਾਇਆ। ਕੋਈ ਸਮਾਂ ਸੀ ਜਦੋਂ ਪੰਜਾਬ ਦੇਸ਼ ਦੀਆਂ 80 ਫੀਸਦੀ ਅਨਾਜ ਦੀਆਂ ਲੋੜਾਂ ਪੂਰੀਆਂ ਕਰਦਾ ਸੀ ਅਤੇ ਅੱਜ ਵੀ ਪੰਜਾਬ ਐਫ.ਸੀ.ਆਈ. ਵਲੋਂ ਪੂਰੇ ਦੇਸ਼ ਵਿਚੋਂ ਕੀਤੀ ਜਾਂਦੀ ਖਰੀਦ ਵਿਚ 50 ਫੀਸਦੀ ਦਾ ਯੋਗਦਾਨ ਪਾਉਂਦਾ ਹੈ, ਪਰ ਅੱਜ ਭਾਰਤ ਸਰਕਾਰ ਵਾਧੂ ਅਨਾਜ ਦੀ ਫੜ ਮਾਰ ਕੇ ਕਿਸਾਨਾਂ ਦੀਆਂ ਕੁਰਬਾਨੀਆਂ ਨੂੰ ਖੂਹ ਖਾਤੇ ਪਾ ਰਹੀ ਹੈ।

ਰਾਜ ਸਭਾ ਵਿਚ ਕਾਂਗਰਸ, ਤ੍ਰਿਣਮੂਲ ਕਾਂਗਰਸ, ਆਮ ਆਦਮੀ ਪਾਰਟੀ, ਕਮਿਊਨਿਸਟ ਪਾਰਟੀਆਂ ਅਤੇ ਹੋਰਨਾਂ ਨੇ ਆਵਾਜ਼ ਉਠਾਈ ਕਿ ਕਰੋੜਾਂ ਕਿਸਾਨਾਂ ਦੇ ਭਵਿੱਖ ਨੂੰ ਪ੍ਰਭਾਵਿਤ ਕਰਨ ਵਾਲੇ ਇਹ ਬਿੱਲ ਸੰਸਦ ਦੀ ਸਿਲੈਕਟ ਕਮੇਟੀ ਨੂੰ ਭੇਜ ਦੇਣੇ ਚਾਹੀਦੇ ਹਨ ਤਾਂ ਕਿ ਇਨ੍ਹਾਂ ਬਿੱਲਾਂ 'ਤੇ ਚੰਗੀ ਤਰ੍ਹਾਂ ਵਿਚਾਰ-ਵਟਾਂਦਰਾ ਹੋ ਸਕੇ, ਪਰ ਮੋਦੀ ਸਰਕਾਰ ਸਿਰ ਇਨ੍ਹਾਂ ਬਿੱਲਾਂ ਨੂੰ ਹਰ ਹੀਲੇ ਪਾਸ ਕਰਵਾਉਣ ਦਾ ਭੂਤ ਸਵਾਰ ਸੀ। ਸਿਆਸੀ ਤੇ ਖੇਤੀ ਮਾਹਰ ਭਾਜਪਾ ਦੀ ਇਸ ਕਾਹਲੀ ਉਤੇ ਸਵਾਲ ਚੁੱਕ ਰਹੇ ਹਨ। ਅਸਲ ਵਿਚ, ਹੁਣ ਇਹ ਗੱਲ ਤਕਰੀਬਨ ਸਪਸ਼ਟ ਹੋ

*(ਬਾਕੀ ਸਫਾ 6 ਉਤੇ)*

## ਪੰਜਾਬ ਦੀ ਸਿਆਸਤ ਦਾ ਧੁਰਾ ਬਣੇ ਕਿਸਾਨ ਮੁੱਦੇ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਕਿਸਾਨ ਰੋਹ ਨੇ ਪੰਜਾਬ ਦੇ ਸਿਆਸੀ ਸਮੀਕਰਨ ਹੀ ਬਦਲ ਦਿੱਤੇ ਹਨ ਤੇ ਇਸ ਵੇਲੇ ਪੰਜਾਬ ਦੀ ਸਿਆਸਤ ਦਾ ਧੁਰਾ ਕਿਸਾਨ ਮੁੱਦੇ ਬਣ ਗਏ ਹਨ। ਕਿਸਾਨ ਮੁੱਦਿਆਂ ਉਪਰ ਉਠੇ ਅੰਦੋਲਨ ਦੀ ਤਾਕਤ ਤੇ ਦਬਾਅ ਦਾ ਹੀ ਨਤੀਜਾ ਹੈ ਕਿ 26 ਸਾਲ ਤੋਂ ਚਲੇ ਆ ਰਹੇ ਨਹੁੰ-ਮਾਸ ਦੇ ਰਿਸ਼ਤੇ ਵਾਲਾ ਦੱਸਿਆ ਜਾਂਦਾ ਅਕਾਲੀ-ਭਾਜਪਾ ਗਠਜੋੜ ਬੁਰੀ ਤਰ੍ਹਾਂ ਤਿੜਕ ਗਿਆ ਹੈ ਤੇ ਅਕਾਲੀ ਲੀਡਰਸ਼ਿਪ ਨੂੰ ਹੁਣ ਇਹ ਖੇਤੀ ਬਿੱਲ ਕਿਸਾਨੀ ਦੀ ਤਬਾਹੀ ਦਾ ਸਰਟੀਫਿਕੇਟ ਲੱਗਣ ਲੱਗ ਪਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਕਿਸਾਨ ਸੰਘਰਸ਼ ਦੀ ਚੜ੍ਹਤ ਵੇਖ ਕੇ ਸਾਰਾ ਰੁੱਖ ਬਦਲ ਕੇ ਕਿਸਾਨਾਂ ਦੇ ਰਹਿਬਰ ਵਜੋਂ ਉਭਰਨ ਦੇ ਯਤਨ 'ਚ ਹਨ। ਪਹਿਲਾਂ ਉਨ੍ਹਾਂ ਵਿਧਾਨ ਸਭਾ ਸੈਸ਼ਨ ਸੱਦ ਕੇ ਖੇਤੀ ਆਰਡੀਨੈਂਸ ਖਿਲਾਫ ਮਤਾ ਪਾਸ ਕਰਵਾਇਆ, ਫਿਰ ਕਿਸਾਨ ਜਥੇਬੰਦੀਆਂ ਨੂੰ ਜਨਤਕ ਇਕੱਠ ਨਾ ਕਰਨ ਲਈ ਲਗਾਈ ਧਾਰਾ 144 'ਚ ਨਰਮੀ ਵਰਤਦਿਆਂ ਕਿਸਾਨਾਂ ਦੇ ਇਕੱਠੇ ਹੋਣ ਤੇ ਰੋਸ ਮਾਰਚ ਕਰਨ ਤੋਂ ਨਹੀਂ ਰੋਕਿਆ ਤੇ ਫਿਰ ਉਲੰਘਣਾ ਕਰਨ ਦੇ ਦੋਸ਼ਾਂ ਹੇਠ ਕਿਸਾਨਾਂ ਉਪਰ ਦਰਜ ਸਾਰੇ ਕੇਸ ਰੱਦ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਸਰਕਾਰ ਤੇ ਕਾਂਗਰਸ ਦਾ ਸਾਰਾ ਟਿੱਲ ਇਸ ਵੇਲੇ ਅਕਾਲੀ ਦਲ ਨੂੰ ਕਿਸਾਨ ਮੁੱਖ ਧਾਰਾ 'ਚ ਵਾਪਸ ਪਰਤਣੇ ਤੋਂ ਰੋਕਣ ਉਪਰ ਲੱਗਾ ਹੋਇਆ ਹੈ।

ਆਮ ਆਦਮੀ ਪਾਰਟੀ ਨੇ ਵੀ ਕਿਸਾਨ ਮੁੱਦੇ ਉਪਰ ਕਾਂਗਰਸ ਤੇ ਅਕਾਲੀ ਦਲ ਨੂੰ ਘੇਰਨ ਉਪਰ ਹੀ ਸਾਰੀ ਤਾਕਤ ਝੋਕ ਰੱਖੀ ਹੈ। ਇਸ ਤਰ੍ਹਾਂ ਪੰਜਾਬ ਦੀ ਸਿਆਸਤ ਦਾ ਧੁਰਾ ਕਿਸਾਨ ਮੁੱਦੇ ਤੇ ਸੰਘਰਸ਼ ਬਣ ਗਿਆ ਹੈ। ਕਿਸਾਨ ਸੰਘਰਸ਼ ਦੀ ਮਜਬੂਤੀ ਇਸ ਗੱਲ 'ਚ ਵੀ ਹੈ ਕਿ ਖੇਤੀ ਬਿੱਲਾਂ ਵਿਰੁੱਧ ਜੂਝ ਰਹੇ ਢਾਈ ਦਰਜਨ ਦੇ ਕਰੀਬ ਕਿਸਾਨ ਸੰਗਠਨ ਇਕ ਪਲੇਟਫਾਰਮ ਉਪਰ ਇਕੱਠੇ ਹੋ ਗਏ ਹਨ ਤੇ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਵੀ ਬਿੱਲਾਂ ਵਿਰੁੱਧ ਹਨ ਤੇ ਭਾਜਪਾ ਨੂੰ ਛੱਡ ਕੇ ਸਾਰੇ ਐਮ.ਪੀ. ਵੀ ਬਿੱਲ ਵਿਰੁੱਧ ਭੁਗਤੇ ਹਨ। ਸਾਰੇ ਕਿਸਾਨ ਸੰਗਠਨਾਂ ਨੇ ਸਾਂਝਾ ਸੰਘਰਸ਼ ਕਰਨ ਦਾ ਫੈਸਲਾ ਕੀਤਾ ਹੈ।


**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine

12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

**WorldWide Travel, Inc**


ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details



2625 W. Devon Ave. Chicago, IL 60659
773-262-4377 773-517-0517
WWW.REGALJEWELS.COM
Open 11am to 8pm Closed on Tuesday

# ਰਾਧਾ ਸੁਆਮੀ ਸਤਿਸੰਗ ਭਵਨਾਂ ਲਈ ਰਿਆਇਤਾਂ ਦੀ ਝੜੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਮੰਤਰੀ ਮੰਡਲ ਨੇ ਸੂਬੇ ਭਰ ਵਿਚ ਰਾਧਾ ਸੁਆਮੀ ਸਤਿਸੰਗ ਬਿਆਸ ਵਲੋਂ ਸਥਾਪਤ ਕੀਤੇ ਜਾਂ ਭਵਿੱਖ ਵਿਚ ਸਥਾਪਤ ਕੀਤੇ ਜਾਣ ਵਾਲੇ ਸਤਿਸੰਗ ਭਵਨਾਂ ਲਈ ਚੇਂਜ ਆਫ ਲੈਂਡ ਯੂਜ਼ (ਸੀ.ਐਲ.ਯੂ.) ਫੀਸ ਅਤੇ ਕਈ ਹੋਰ ਦਰਾਂ ਨੂੰ ਮੁਆਫ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।




ਸੀ.ਐਲ.ਯੂ. ਤੋਂ ਇਲਾਵਾ ਮੁਆਫ ਕੀਤੇ ਜਾਣ ਵਾਲੀਆਂ ਹੋਰ ਦਰਾਂ ਵਿਚ ਬਾਹਰੀ ਵਿਕਾਸ ਚਾਰਜ (ਈ.ਡੀ.ਸੀ.), ਪ੍ਰਵਾਨਗੀ ਫੀਸ (ਪੀ.ਐਫ.), ਸਮਾਜਿਕ ਬੁਨਿਆਦੀ ਢਾਂਚਾ ਫੰਡ (ਐਸ.ਆਈ.ਐਫ.) ਅਤੇ ਇਮਾਰਤ ਪੜਤਾਲ ਫੀਸ ਸ਼ਾਮਲ ਹੈ। ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਸੜਕੀ ਆਵਾਜਾਈ ਤੇ ਹਾਈਵੇਅ ਮੰਤਰੀ ਨਿਤਿਨ ਗਡਕਰੀ ਦਾ 72 ਕਿਲੋਮੀਟਰ ਲੰਬੇ ਬਿਆਸ-ਮਹਿਤਾ-ਬਟਾਲਾ-ਡੇਰਾ ਬਾਬਾ ਨਾਨਕ ਸੜਕੀ ਪ੍ਰੋਜੈਕਟ ਦੀ ਅੱਪਗ੍ਰੇਡੇਸ਼ਨ ਕਰਨ ਬਾਰੇ ਸੂਬਾ ਸਰਕਾਰ ਦੀ ਤਜਵੀਜ਼ ਨੂੰ ਪ੍ਰਵਾਨ ਕਰਨ ਲਈ ਧੰਨਵਾਦ ਕੀਤਾ ਹੈ। ਇਹ ਸੜਕੀ ਪ੍ਰੋਜੈਕਟ 'ਭਾਰਤਮਾਲਾ ਪ੍ਰੋਜੈਕਟ ਦੇ ਪਹਿਲੇ ਪੜਾਅ ਵਿਚ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੇ 400ਵੇਂ ਪ੍ਰਕਾਸ਼ ਪੁਰਬ ਦੇ ਸਾਲ ਭਰ ਚੱਲਣ ਵਾਲੇ ਜਸ਼ਨਾਂ ਦਾ ਹਿੱਸਾ ਹੈ।

ਮੁੱਖ ਮੰਤਰੀ ਨੇ ਨੈਸ਼ਨਲ ਹਾਈਵੇਜ਼ ਅਥਾਰਟੀ ਆਫ ਇੰਡੀਆ ਦੇ ਚੇਅਰਮੈਨ ਸੁਖਬੀਰ ਸਿੰਘ ਸੰਧੂ ਦਾ ਵੀ ਇਸ ਵੱਕਾਰੀ ਸੜਕੀ ਪ੍ਰੋਜੈਕਟ ਨੂੰ ਮਨਜ਼ੂਰ ਕਰਨ ਲਈ ਧੰਨਵਾਦ ਕੀਤਾ ਹੈ। ਕੈਬਨਿਟ ਨੇ ਬਹੁ-ਕਾਰਜ ਖੇਤਰ ਵਾਲੀਆਂ ਯੂਨੀਵਰਸਿਟੀਆਂ ਲਈ ਉਸਾਰੇ ਗਏ ਖੇਤਰ ਦੀ ਸ਼ਰਤ 50000 ਵਰਗ ਮੀਟਰ ਤੋਂ ਘਟਾ ਕੇ 30000 ਵਰਗ ਮੀਟਰ ਅਤੇ ਇਕੋ ਕਾਰਜ ਖੇਤਰ ਵਾਲੀਆਂ ਯੂਨੀਵਰਸਿਟੀਆਂ ਲਈ ਇਹ ਸ਼ਰਤ 20000 ਵਰਗ ਮੀਟਰ ਤੋਂ ਘਟਾ ਕੇ 10000 ਵਰਗ ਮੀਟਰ ਕੀਤੇ ਜਾਣ ਦਾ ਫੈਸਲਾ ਕਰ ਲਿਆ ਹੈ।

ਸਰਕਾਰੀ ਬੁਲਾਰੇ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਪੰਜਾਬ ਵਜ਼ਾਰਤ ਦੀ ਮੀਟਿੰਗ ਤੋਂ ਬਾਅਦ ਦੱਸਿਆ ਕਿ ਇਸੇ ਲਈ 'ਦਿ ਪੰਜਾਬ ਪ੍ਰਾਈਵੇਟ ਯੂਨੀਵਰਸਿਟੀ ਪਾਲਿਸੀ- 2010' ਵਿਚ ਸੋਧ ਕਰਨ ਦਾ ਫੈਸਲਾ ਵੀ ਕੀਤਾ ਗਿਆ ਹੈ।

ਕੈਬਨਿਟ ਵਲੋਂ 'ਦਾ ਪੰਜਾਬ ਕੋਆਪਰੇਟਿਵ ਆਡਿਟ (ਗਰੁੱਪ-ਬੀ) ਸਰਵਿਸ ਰੂਲਜ਼, 2016' ਨੂੰ ਸੋਧੇ ਜਾਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਇਸ ਤਹਿਤ ਸੀਨੀਅਰ ਸਹਾਇਕ (ਲੇਖਾ) ਦੀ ਅਸਾਮੀ ਨੂੰ ਸੀਨੀਅਰ ਸਹਾਇਕਾਂ ਵਿਚ ਰਲੇਵਾਂ ਕੀਤਾ ਜਾਵੇਗਾ ਤਾਂ ਜੋ ਸਹਿਕਾਰਤਾ ਵਿਭਾਗ ਦੇ ਆਡਿਟ ਵਿੰਗ ਵਿੱਚ ਕੰਮ ਕਰਦੇ ਸੀਨੀਅਰ ਸਹਾਇਕ (ਲੇਖਾ) ਦੀਆਂ ਤਰੱਕੀਆਂ ਦਾ ਰਾਹ ਪੱਧਰਾ ਹੋ ਸਕੇ।

# ਸੇਖੋਂ ਤੇ ਗਰੇਵਾਲ ਪਰਿਵਾਰ ਨੂੰ ਗਹਿਰਾ ਸਦਮਾ ਰਾਜਿੰਦਰ ਸਿੰਘ ਗਰੇਵਾਲ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਸੇਖੋਂ ਪਰਿਵਾਰ ਅਤੇ ਟੋਰਾਂਟੋ (ਕੈਨੇਡਾ) ਰਹਿੰਦੇ ਗਰੇਵਾਲ ਪਰਿਵਾਰ ਨੂੰ ਉਦੋਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਪਰਿਵਾਰਕ ਜੀਅ ਸ. ਰਾਜਿੰਦਰ ਸਿੰਘ ਗਰੇਵਾਲ ਲੰਘੀ 16 ਸਤੰਬਰ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਉਹ ਪਿੰਡ ਥਰੀਕੇ, ਜਿਲਾ ਲਧਿਆਣਾ ਤੋਂ ਸਨ ਅਤੇ ਲੁਧਿਆਣਾ ਦੇ ਡੀ. ਐਮ. ਸੀ. ਹਸਪਤਾਲ ਵਿਚ ਜੇਰੇ ਇਲਾਜ ਸਨ।



ਸਵਰਗੀ ਗਰੇਵਾਲ ਆਪਣੇ ਪਿਛੇ ਪਤਨੀ, ਤਿੰਨ ਬੇਟੀਆਂ ਤੇ ਇਕ ਬੇਟਾ; ਪਿਤਾ ਸ. ਜਰਨੈਲ ਸਿੰਘ ਗਰੇਵਾਲ, ਮਾਤਾ ਬੀਬੀ ਦਲਜੀਤ ਕੌਰ ਗਰੇਵਾਲ, ਭਰਾ ਸ. ਅੰਮ੍ਰਿਤਪਾਲ ਸਿੰਘ ਗਰੇਵਾਲ ਤੇ ਤਿੰਨ ਭੈਣਾਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦਾ ਸਾਰਾ ਪਰਿਵਾਰ ਟੋਰਾਂਟੋ, ਕੈਨੇਡਾ ਵਿਚ ਸੈਟਲ ਹੈ। ਚੰਗੇ ਸੁਭਾਅ ਵਾਲੇ ਸਵਰਗੀ ਗਰੇਵਾਲ ਦਾ ਯਾਰਾਂ-ਦੋਸਤਾਂ ਵਿਚ ਉਚਾ ਮੁਕਾਮ ਸੀ। ਉਹ ਸਥਾਨਕ ਪਤਵੰਤੇ ਸੱਜਣ ਸ. ਸਵਰਨ ਸਿੰਘ ਸੇਖੋਂ ਦੇ ਭਣੋਈਏ ਅਤੇ 'ਪੰਜਾਬ ਟਾਈਮਜ਼' ਦੇ ਸਲਾਹਕਾਰ ਬੋਰਡ ਦੇ ਮੈਂਬਰ ਬੀਬੀ ਬਲਵਿੰਦਰ ਕੌਰ (ਨਿੱਕੀ) ਸੇਖੋਂ ਦੇ ਨਣਦੋਈਏ ਸਨ।

ਜ਼ਿਕਰਯੋਗ ਹੈ ਕਿ ਸਵਰਗੀ ਰਾਜਿੰਦਰ ਸਿੰਘ ਗਰੇਵਾਲ ਨੇ ਪੰਜਾਬ ਵਿਚ ਪਹਿਲੀ ਇੰਡੋ-ਕੈਨੇਡੀਅਨ ਲਿਮੋਜ਼ੀਨ ਸਰਵਿਸ ਲੁਧਿਆਣਾ ਤੋਂ ਸ਼ੁਰੂ ਕੀਤੀ ਸੀ। ਇਸ ਪਿਛੋਂ ਦੂਰ-ਅੰਦੇਸ਼ੀ ਵਾਲੇ ਇਸ ਬਿਜਨਸਮੈਨ ਨੇ ਮੁੱਲਾਂਪੁਰ ਲਾਗੇ ਹਵੇਲੀ ਰੈਸਟੋਰੈਂਟ ਤੇ ਮੈਰਿਜ ਪੈਲੇਸ ਸ਼ੁਰੂ ਕੀਤਾ। ਕਾਰੋਬਾਰ ਹੋਣ ਵਧਾਉਣ ਦੇ ਮਕਸਦ ਨਾਲ ਉਨ੍ਹਾਂ ਇਸੇ ਲੜੀ ਤਹਿਤ ਮੂਰਥਲ (ਹਰਿਆਣਾ) ਵਿਚ ਸੁਖਦੇਵ ਢਾਬੇ ਦੇ ਸਾਹਮਣੇ ਮੰਨਤ ਹਵੇਲੀ ਖੋਲ੍ਹੀ।

ਸਵਰਗੀ ਰਾਜਿੰਦਰ ਸਿੰਘ ਗਰੇਵਾਲ ਦੀ ਆਤਮਿਕ ਸ਼ਾਂਤੀ ਲਈ ਰੱਖੇ ਅਖੰਡ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਸਮਾਗਮ ਗੁਰਦੁਆਰਾ ਭਗਵਾਨ ਸਿਰ, ਪਿੰਡ ਥਰੀਕੇ ਅਤੇ ਬਾਬਾ ਬੁੱਢਾ ਜੀ ਗੁਰਦੁਆਰਾ, 86 ਕੋਵਿੰਗਟਨ ਸਟਰੀਟ, ਹੈਮਿਲਟਨ (ਓਂਟਾਰੀਓ, ਕੈਨੇਡਾ) ਵਿਖੇ 23 ਸਤੰਬਰ 2020 ਨੂੰ ਦੁਪਹਿਰ 12 ਵਜੇ ਹੋਣਗੇ। ਸ. ਸਵਰਨ ਸਿੰਘ ਸੇਖੋਂ ਨਾਲ ਸੰਪਰਕ ਫੋਨ: 773-386-2720 ਜਾਂ ਨਿੱਕੀ ਸੇਖੋਂ ਨਾਲ ਫੋਨ: 773-443-2720 ਰਾਹੀਂ ਕੀਤਾ ਜਾ ਸਕਦਾ ਹੈ।

# ਅਕਾਲ ਤਖਤ ਸਾਹਿਬ ਦੇ ਸੁਝਾਅ ਬਾਰੇ ਵਿਚਾਰ ਕਰੇਗੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਵਲੋਂ ਸ਼੍ਰੋਮਣੀ ਕਮੇਟੀ ਨੂੰ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਵਿਦਵਾਨਾਂ ਦੀ ਰਾਏ ਲੈਣ ਦੇ ਦਿੱਤੇ ਗਏ ਸੁਝਾਅ ਬਾਰੇ ਸ਼੍ਰੋਮਣੀ ਕਮੇਟੀ ਵਲੋਂ ਜਲਦੀ ਹੀ ਵਿਚਾਰ ਕੀਤਾ ਜਾਵੇਗਾ। ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਆਖਿਆ ਸੀ ਕਿ ਉਸ ਵਲੋਂ ਕੀਤੇ ਫੈਸਲਿਆਂ ਨੂੰ ਵਾਰ ਵਾਰ ਬਦਲਣ ਨਾਲ ਸਿੱਖ ਸੰਸਥਾ ਦੀ ਸਾਖ ਅਤੇ ਵੱਕਾਰ ਨੂੰ ਢਾਹ ਲੱਗਦੀ ਹੈ। ਇਸ ਲਈ ਉਹ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਇਸ ਸਬੰਧੀ ਸਬੰਧਤ ਵਿਦਵਾਨਾਂ ਦੀ ਰਾਏ ਜ਼ਰੂਰ ਲਵੇ। ਸਬੰਧਤ ਫੈਸਲਾ ਲੈਣ ਵਿਚ ਭਾਵੇਂ ਸਮਾਂ ਲੱਗੇ ਪਰ ਫੈਸਲਾ ਇਕੋ ਵਾਰ ਸੋਚ ਵਿਚਾਰ ਕੇ ਲਿਆ ਜਾਵੇ। ਇਸ ਸਬੰਧੀ ਪੱਤਰ ਵੀ ਸ਼੍ਰੋਮਣੀ ਕਮੇਟੀ ਨੂੰ ਭੇਜਿਆ ਗਿਆ ਹੈ।


ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਨਿੱਜੀ ਸਹਾਇਕ ਦਰਸ਼ਨ ਸਿੰਘ ਨੇ ਦੱਸਿਆ ਕਿ ਸ੍ਰੀ ਅਕਾਲ ਤਖਤ ਵਲੋਂ ਭੇਜਿਆ ਗਿਆ ਪੱਤਰ ਮਿਲ ਗਿਆ ਹੈ ਅਤੇ ਸ਼੍ਰੋਮਣੀ ਕਮੇਟੀ ਵਲੋਂ ਇਸ ਸਬੰਧੀ ਜਲਦੀ ਹੀ ਵਿਚਾਰ ਚਰਚਾ ਕੀਤੀ ਜਾਵੇਗੀ। ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਜਾਂਚ ਰਿਪੋਰਟ ਵਿਚ ਦੋਸ਼ੀ ਠਹਿਰਾਏ ਗਏ ਕੁਝ ਕਰਮਚਾਰੀਆਂ ਅਤੇ ਅਧਿਕਾਰੀਆਂ ਖਿਲਾਫ ਫੌਜਦਾਰੀ ਕਾਰਵਾਈ ਕਰਨ ਦਾ ਫੈਸਲਾ ਕੀਤਾ ਗਿਆ ਸੀ ਪਰ ਕੁਝ ਦਿਨਾਂ ਬਾਅਦ ਹੀ ਅੰਤ੍ਰਿੰਗ ਕਮੇਟੀ ਦੀ ਇਕ ਹੋਰ ਇਕੱਤਰਤਾ ਸਮੇਂ ਇਸ ਫੈਸਲੇ ਨੂੰ ਰੱਦ ਕਰਕੇ ਇਸ ਸਬੰਧੀ ਅਗਲੇਰੀ ਕਾਰਵਾਈ ਸ਼੍ਰੋਮਣੀ ਕਮੇਟੀ ਵਲੋਂ ਖੁਦ ਹੀ ਕਰਨ ਦਾ ਫੈਸਲਾ ਕੀਤਾ ਗਿਆ ਸੀ।

Moving to Indiana?
Contact Ray Dhaliwal @ 317-993-4987



for Free Consultation!!!
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
Helpful in Easy and Accessible Home Loans at low Interest Rates.
Ray Dhaliwal
Real Estate Broker
CENTURY 21 SCHEETZ RAYD@C21Scheetz.com

Low Interest Rates in History
No Cost Refinancing Available!



Madan Khatri
NMLS # 1980752
Call Madan Khatri
Ph: 847-530-1550
Madan@MoonstarMortgage.com
An Illinois Mortgage Loan Licensee
Who Can Work With You From Beginning to End!
Call Now For Quote.
Moonstar Mortgage Inc.
NMLS # 217352
Ph: 1-847-278-7220
MOONSTAR Mortgage
Licensed in IL, CA, NJ, IN, and MA
953 Plum Grove Road, Unit B, Schaumburg, IL 60173



LEAF XPRESS
INIANAPOLIS, IN
Now Hiring!
We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.
Call, ISHAN: 317-688-9222
28-

Personalized Service-Committed To Quality
Solutions Financial Mortgage Company
Purchase & Refinance Your Home Loans



Cell 312-608-0006
2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com

# ਕਿਸਾਨੀ ਰੋਹ ਦੇ ਬਾਵਜੂਦ ਸੰਸਦ 'ਚ ਖੇਤੀ ਬਿੱਲਾਂ 'ਤੇ ਲੱਗੀ ਮੋਹਰ






**ਨਵੀਂ ਦਿੱਲੀ:** ਕਿਸਾਨਾਂ ਦੇ ਭਾਰੀ ਰੋਹ ਦੇ ਬਾਵਜੂਦ ਖੇਤੀ ਨਾਲ ਸਬੰਧਤ 2 ਵਿਵਾਦਿਤ ਬਿੱਲਾਂ 'ਤੇ ਸੰਸਦ ਦੀ ਮੋਹਰ ਲੱਗ ਗਈ। ਲੋਕ ਸਭਾ ਤੋਂ ਬਾਅਦ ਭਾਰੀ ਹੰਗਾਮੇ ਦੌਰਾਨ ਰਾਜ ਸਭਾ 'ਚ ਵੀ ਖੇਤੀ ਨਾਲ ਸਬੰਧਤ 2 ਵਿਵਾਦਿਤ ਬਿੱਲਾਂ ਨੂੰ ਜ਼ਬਾਨੀ ਵੋਟ ਨਾਲ ਪਾਸ ਕਰ ਦਿੱਤਾ ਗਿਆ।

ਪ੍ਰਧਾਨ ਮੰਤਰੀ ਮੋਦੀ ਨੇ ਜਿਥੇ ਇਸ ਬਿੱਲਾਂ ਦੇ ਪਾਸ ਹੋਣ ਨੂੰ ਇਤਿਹਾਸਕ ਪਲ ਦੱਸਿਆ, ਉਥੇ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਇਸ ਬਿੱਲ ਨੂੰ ਕਿਸਾਨਾਂ ਲਈ ਮੌਤ ਦਾ ਵਾਰੰਟ ਕਰਾਰ ਦਿੱਤਾ ਅਤੇ ਲੋਕਤੰਤਰ ਲਈ ਕਾਲਾ ਦਿਨ ਦੱਸਿਆ।

ਵਿਰੋਧੀ ਧਿਰਾਂ ਵੱਲੋਂ ਬਿੱਲਾਂ ਨੂੰ ਸਿਲੈਕਟ ਕਮੇਟੀ 'ਚ ਭੇਜਣ ਦੀ ਮੰਗ ਨੂੰ ਖਾਰਜ ਕਰਦਿਆਂ ਉਪ ਸਭਾਪਤੀ ਹਰੀਵੰਸ਼ ਸਿੰਘ ਨਾਰਾਇਣ ਨੇ ਉਸ ਵੇਲੇ ਜ਼ਬਾਨੀ ਵੋਟਾਂ ਰਾਹੀਂ ਬਿੱਲ ਪਾਸ ਕਰਵਾ ਦਿੱਤਾ ਜਦੋਂ ਬਿੱਲ ਦੀ ਮੁਖਾਲਫਤ ਕਰ ਰਹੀਆਂ ਸਾਰੀਆਂ ਵਿਰੋਧੀ ਧਿਰਾਂ ਸਭਾ ਦੇ ਵਿਚਕਾਰ ਖੜ੍ਹੀਆਂ ਸਰਕਾਰ ਖਿਲਾਫ ਨਾਅਰੇਬਾਜ਼ੀ ਕਰ ਰਹੀਆਂ ਸਨ। ਦੋਵੇਂ ਬਿੱਲ-ਕਿਸਾਨਾਂ ਦੇ ਉਤਪਾਦ ਅਤੇ ਸਨਅਤ ਨੂੰ ਉਤਸ਼ਾਹਿਤ ਕਰਨ ਅਤੇ ਸੁਖਾਲਾ ਬਣਾਉਣ ਬਾਰੇ ਬਿੱਲ 2020 ਅਤੇ ਕਿਸਾਨਾਂ ਦੇ ਸਸ਼ਕਤੀਕਰਨ ਅਤੇ ਰਾਖੀ ਲਈ ਕੀਮਤਾਂ ਦੇ ਭਰੋਸੇ ਅਤੇ ਖੇਤੀਬਾੜੀ ਸੇਵਾਵਾਂ ਦੇ ਕਰਾਰ ਬਾਰੇ ਬਿੱਲ-2020 ਨੂੰ ਲੋਕ ਸਭਾ 'ਚ ਪਾਸ ਹੋਏ ਸਨ। ਹੁਣ ਰਾਜ ਸਭਾ ਵਿਚ ਪਾਸ ਹੋਣ ਤੋਂ ਬਾਅਦ ਰਾਸ਼ਟਰਪਤੀ ਦੇ ਦਸਤਖ਼ਤ ਤੋਂ ਬਾਅਦ ਦੋਵੇਂ ਬਿੱਲ ਕਾਨੂੰਨ ਦਾ ਰੂਪ ਅਖਤਿਆਰ ਕਰ ਲੈਣਗੇ।

ਰਾਜ ਸਭਾ 'ਚ ਅੰਕਾਂ ਦਾ ਗਣਿਤ ਭਾਵੇਂ ਅਜੇ ਪੂਰੀ ਤਰ੍ਹਾਂ ਸੱਤਾ ਧਿਰ ਦੇ ਹੱਕ 'ਚ ਨਹੀਂ ਹੈ ਪਰ ਕਰੋਨਾ ਕਾਲ 'ਚ ਹੋ ਰਹੇ ਇਸ ਇਜਲਾਸ 'ਚ ਰਾਜ ਸਭਾ ਦੀ ਕਾਰਵਾਈ ਦੌਰਾਨ ਭਾਜਪਾ ਦਾ ਨੰਬਰਾਂ ਦਾ ਪਲੜਾ ਰਤਾ ਕੁ ਵਿਰੋਧੀ ਧਿਰਾਂ ਤੋਂ ਭਾਰੀ ਸੀ। ਰਾਜ ਸਭਾ ਦੀਆਂ ਕੁੱਲ 245 ਸੀਟਾਂ 'ਚੋਂ ਦੋ ਸੀਟਾਂ ਖਾਲੀ ਹੋਣ ਕਾਰਨ ਇਸ ਸਮੇਂ 243 ਮੈਂਬਰ ਹਨ ਜਿਸ ਆਧਾਰ 'ਤੇ ਬਿੱਲ ਪਾਸ ਕਰਵਾਉਣ ਲਈ ਭਾਜਪਾ ਨੂੰ 122 ਦਾ ਅੰਕੜਾ ਚਾਹੀਦਾ ਸੀ, ਜਿਸ 'ਚੋਂ ਭਾਜਪਾ ਦੇ 86 ਅਤੇ (ਏ.ਆਈ.ਏ.ਡੀ.ਐਮ.ਕੇ.) ਦੇ 9 ਮੈਂਬਰ ਬਿੱਲ ਦੀ ਹਮਾਇਤ 'ਚ ਸਨ। ਰਾਜ ਸਭਾ ਦੇ 10 ਮੈਂਬਰ ਮੈਂਬਰ ਕਰੋਨਾ ਪਾਜ਼ੇਟਿਵ ਹੋਣ ਕਾਰਨ ਗੈਰਹਾਜ਼ਰ ਸਨ, ਜਦਕਿ ਕੁਝ ਉਮਰਦਰਾਜ ਸੰਸਦ ਮੈਂਬਰ ਜਿਨ੍ਹਾਂ 'ਚ ਪੀ. ਚਿਦੰਬਰਮ ਅਤੇ ਡਾ. ਮਨਮੋਹਨ ਸਿੰਘ ਵੀ ਸ਼ਾਮਲ ਹਨ, ਸਮੇਤ 15 ਮੈਂਬਰ ਇਸ ਵਾਰ ਦੇ ਇਜਲਾਸ 'ਚ ਸ਼ਾਮਲ ਨਹੀਂ ਹੋ ਰਹੇ। ਦੂਜੇ ਪਾਸੇ ਕਾਂਗਰਸ ਦੇ 10, ਤ੍ਰਿਣਮੂਲ ਕਾਂਗਰਸ ਦੇ 13, ਡੀ.ਐਮ.ਕੇ.ਦੇ 7, ਬਸਪਾ ਦੇ 4, ਸਮਾਜਵਾਦੀ ਪਾਰਟੀ ਦੇ 8 ਅਤੇ ਆਮ ਆਦਮੀ ਪਾਰਟੀ ਦੇ 3 ਮੈਂਬਰ ਬਿੱਲ ਦੇ ਵਿਰੋਧ 'ਚ ਸਨ। ਬੀਜੂ ਜਨਤਾ ਦਲ ਬਿੱਲ ਦੇ ਖੁੱਲ੍ਹੇ ਵਿਰੋਧ 'ਚ ਨਾ ਆਉਂਦਿਆਂ ਬਿੱਲ ਨੂੰ ਸਿਲੈਕਟ ਕਮੇਟੀ 'ਚ ਭੇਜਣ ਦੀ ਮੰਗ ਕਰ ਰਿਹਾ ਸੀ ਜਿਸ ਕਾਰਨ ਵਿਰੋਧ ਕਰਨ ਵਾਲੀਆਂ ਪਾਰਟੀਆਂ ਵੀ ਇਸੇ ਮੰਗ ਦੇ ਹੱਕ 'ਚ ਆਵਾਜ਼ ਉਠਾਉਣ ਲੱਗੀਆਂ ਅਤੇ ਇਸ ਲਈ ਮਤਾ ਲੈ ਕੇ ਆਈਆਂ, ਪਰ ਹੰਗਾਮੇ ਕਾਰਨ ਉਪ ਸਭਾਪਤੀ ਨੇ ਇਸ ਨੂੰ ਖਾਰਜ ਕਰ ਦਿੱਤਾ।

## ਖੇਤੀ ਬਿੱਲ 21ਵੀਂ ਸਦੀ ਦੇ ਭਾਰਤ ਦੀ ਲੋੜ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਦੇ ਦੋਵਾਂ ਸਦਨਾਂ ਵਿਚ ਪਾਸ ਖੇਤੀ ਬਿੱਲਾਂ ਨੂੰ 21ਵੀਂ ਸਦੀ ਦੇ ਭਾਰਤ ਦੀ ਲੋੜ ਕਰਾਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਖੇਤੀ ਸੁਧਾਰ ਬਿੱਲ ਖੇਤੀ 'ਮੰਡੀਆਂ' ਦੇ ਖਿਲਾਫ ਨਹੀਂ ਹਨ ਅਤੇ ਸਰਕਾਰ ਵੱਲੋਂ ਜਿਣਸਾਂ ਦੀ ਖਰੀਦ ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਵਿਵਸਥਾ ਪਹਿਲਾਂ ਵਾਂਗ ਜਾਰੀ ਰਹੇਗੀ। ਇਸ ਦੌਰਾਨ ਪੀ.ਐਮ.ਓ. ਨੇ ਇਕ ਟਵੀਟ ਜਾਰੀ ਕੀਤਾ ਹੈ, ਜਿਸ ਪ੍ਰਧਾਨ ਮੰਤਰੀ ਨੇ ਕਿਹਾ, 'ਖੇਤੀ ਖੇਤਰ ਵਿਚ ਇਨ੍ਹਾਂ ਇਤਿਹਾਸਕ ਤਬਦੀਲੀਆਂ ਮਗਰੋਂ ਕੁਝ ਲੋਕਾਂ ਨੂੰ ਆਪਣੇ ਹੱਥੋਂ ਕੰਟਰੋਲ ਖੁੱਸਦਾ ਵਿਖਾਈ ਦੇ ਰਿਹਾ ਹੈ। ਇਸ ਲਈ ਇਹ ਲੋਕ ਹੁਣ ਐਮ.ਐਸ.ਪੀ. ਉਤੇ ਕਿਸਾਨਾਂ ਨੂੰ ਗੁੰਮਰਾਹ ਕਰਨ ਦੇ ਰਾਹ ਪਏ ਹੋਏ ਹਨ। ਇਹ ਉਹੀ ਲੋਕ ਹਨ, ਜੋ ਪਿਛਲੇ ਲੰਮੇ ਸਮੇਂ ਤੋਂ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਆਪਣੇ ਪੈਰਾਂ ਹੇਠ ਦਬਾ ਕੇ ਬੈਠੇ ਹਨ।'

## ਪੰਜਾਬ ਤੇ ਹਰਿਆਣਾ ਨੂੰ ਦੋ ਸਾਲ ਲਈ ਛੋਟ ਮਿਲੇ: ਢੀਂਡਸਾ

**ਨਵੀਂ ਦਿੱਲੀ:** ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਖੇਤੀ ਬਿੱਲਾਂ ਉਪਰ ਚਰਚਾ ਦੌਰਾਨ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੂੰ ਖੇਤੀ ਸੁਧਾਰ ਕਾਨੂੰਨਾਂ ਤੋਂ ਦੋ ਸਾਲ ਦੀ ਛੋਟ ਦੇਣ ਦੀ ਵਕਾਲਤ ਕੀਤੀ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਦੋਵਾਂ ਰਾਜਾਂ ਨੂੰ ਜੇਕਰ ਇਹ ਖੇਤੀ ਕਾਨੂੰਨ ਚੰਗੇ ਲੱਗਣਗੇ ਤਾਂ ਉਹ ਇਨ੍ਹਾਂ ਨੂੰ ਅਪਣਾ ਲੈਣਗੇ, ਨਹੀਂ ਤਾਂ ਪਹਿਲਾਂ ਤੋਂ ਮੌਜੂਦ ਮੰਡੀ ਪ੍ਰਬੰਧ ਤਹਿਤ ਆਪਣੀਆਂ ਜਿਣਸਾਂ ਵੇਚ ਲੈਣਗੇ। ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਧਾਰਾ 371 ਅਜਿਹਾ ਕਰਨ ਦਾ ਅਧਿਕਾਰ ਦਿੰਦੀ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਉਹ ਪੰਜਾਬ ਤੇ ਹਰਿਆਣਾ ਦੇ ਕਿਸਾਨ ਹੀ ਸਨ, ਜਿਨ੍ਹਾਂ ਹਰੀ ਕ੍ਰਾਂਤੀ ਲਿਆਂਦੀ ਤੇ ਖੁਰਾਕ ਸੰਕਟ ਨੂੰ ਦੂਰ ਕੀਤਾ। ਪਰ ਅੱਜ ਉਹੀ ਕਿਸਾਨ ਸੜਕਾਂ 'ਤੇ ਆਉਣ ਲਈ ਮਜਬੂਰ ਹਨ।

## ਖੇਤੀ ਬਿੱਲ: ਪੰਜਾਬ ਨੂੰ ਹਰ ਸਾਲ ਲੱਗੇਗਾ 4000 ਕਰੋੜ ਦਾ ਰਗੜਾ: ਮਨਪ੍ਰੀਤ

**ਬਠਿੰਡਾ:** ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸੂਬਾਈ ਵਿਸ਼ਾ ਸੂਚੀ ਵਿਚ ਦਰਜ ਵਸਤਾਂ 'ਤੇ ਬਿੱਲ ਪਾਸ ਕਰਨ 'ਤੇ ਐਨ.ਡੀ.ਏ. ਸਰਕਾਰ



ਨੂੰ ਕਟਹਿਰੇ ਵਿਚ ਖੜ੍ਹਾ ਕੀਤਾ। ਉਨ੍ਹਾਂ ਕਿਹਾ ਕਿ ਇਸ ਨਾਲ ਹਰੇਕ ਸਾਲ ਪੰਜਾਬ ਨੂੰ 4000 ਕਰੋੜ ਰੁਪਏ ਦਾ ਘਾਟਾ ਪਵੇਗਾ ਜਿਸ ਨਾਲ ਪੇਂਡੂ ਜਨ-ਜੀਵਨ ਤਬਾਹ ਹੋਣ ਦੇ ਨਾਲ-ਨਾਲ ਪਹਿਲਾਂ ਹੀ ਸੰਕਟ ਵਿਚ ਡੁੱਬੀ ਕਿਸਾਨੀ ਕੱਖੋਂ ਹੌਲੀ ਹੋ ਜਾਵੇਗੀ।

ਵਿੱਤ ਮੰਤਰੀ ਨੇ ਕਿਹਾ ਕਿ ਐਨ.ਡੀ.ਏ. ਸਰਕਾਰ ਭਾਰਤ ਸਰਕਾਰ ਦੇ ਕਿਸਾਨਾਂ ਨੂੰ ਇਸ ਗੱਲ ਦਾ ਭਰੋਸਾ ਦੇਣ ਤੋਂ ਭੱਜ ਰਹੀ ਹੈ ਕਿ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਜਾਰੀ ਰਹੇਗਾ। ਕੇਂਦਰ ਸਰਕਾਰ ਨਾਲ ਮੀਟਿੰਗ ਦੇ ਵੇਰਵੇ ਪੇਸ਼ ਕਰਦਿਆਂ ਵਿੱਤ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਕੇਂਦਰ ਸਰਕਾਰ ਕੋਲ 7 ਮੁੱਦੇ ਉਠਾਏ ਸਨ। ਇਨ੍ਹਾਂ ਵਿਚ ਕੇਂਦਰ ਸਰਕਾਰ ਪਾਸੋਂ ਘੱਟੋ-ਘੱਟ ਸਮਰਥਨ ਮੁੱਲ ਖਤਮ ਨਾ ਕਰਨ ਦਾ ਸਪਸ਼ਟ ਭਰੋਸਾ ਲੈਣਾ ਵੀ ਸ਼ਾਮਲ ਸੀ। ਇਸ ਤੋਂ ਇਲਾਵਾ ਮੱਕੀ ਨੂੰ ਘੱਟੋ-ਘੱਟ ਸਮਰਥਨ ਭਾਅ ਦੇ ਦਾਇਰੇ ਵਿਚ ਲਿਆਉਣਾ, ਖੇਤੀਬਾੜੀ ਖੋਜ ਲਈ ਸੂਬਿਆਂ ਨੂੰ ਹੋਰ ਵਸੀਲੇ ਪ੍ਰਦਾਨ ਕਰਨਾ, ਕੀਟਨਾਸ਼ਕ ਐਕਟ ਤਹਿਤ ਸੂਬਿਆਂ ਨੂੰ ਵਧੇਰੇ ਸ਼ਕਤੀਆਂ ਦੇਣਾ ਅਤੇ ਹੋਰ ਫਸਲਾਂ ਵਿਚ ਖੋਜ ਕਾਰਜ ਵਧਾਉਣਾ ਸ਼ਾਮਲ ਹੈ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਦੋਗਲੇਪਣ ਦਾ ਸ਼ਿਕਾਰ ਤੇ ਹਰਸਿਮਰਤ ਕੌਰ ਬਾਦਲ ਦੇ ਅਸਤੀਫੇ ਨੂੰ ਪਾਖੰਡ ਦੱਸਿਆ।

## ਸਿੱਧੂ ਨੇ ਕਿਸਾਨਾਂ ਲਈ ਹਾਅ ਦਾ ਨਾਅਰਾ ਮਾਰਿਆ

**ਅੰਮ੍ਰਿਤਸਰ:** ਲੰਮੇ ਸਮੇਂ ਤੋਂ ਚੁੱਪ ਬੈਠੇ ਸਾਬਕਾ ਕਾਂਗਰਸੀ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਕਿਹਾ ਕਿ ਕਿਸਾਨੀ ਪੰਜਾਬ ਦੀ ਰੂਹ ਹੈ ਅਤੇ ਇਹ ਹਮਲਾ ਸਾਡੀ ਹੋਂਦ 'ਤੇ ਹਮਲਾ ਹੈ, ਜੋ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਿੱਧੂ ਨੇ ਟਵੀਟ ਕੀਤਾ 'ਕਿਸਾਨੀ ਪੰਜਾਬ ਦੀ ਰੂਹ ਹੈ, ਸਰੀਰ ਦੇ ਜ਼ਖਮ ਭਰ ਜਾਂਦੇ ਹਨ ਪਰ ਆਤਮਾ 'ਤੇ ਵਾਰ... ਸਾਡੀ ਹੋਂਦ ਉਤੇ ਹਮਲਾ ਬਰਦਾਸ਼ਤ ਨਹੀਂ। ਜੰਗ ਦੀ ਤੂਤੀ ਬੋਲਦੀ ਹੈ- ਇਨਕਲਾਬ ਜ਼ਿੰਦਾਬਾਦ। ਪੰਜਾਬ, ਪੰਜਾਬੀਅਤ ਤੇ ਹਰ ਪੰਜਾਬੀ ਕਿਸਾਨਾਂ ਦੇ ਨਾਲ ਹੈ।'

## ਅਕਾਲੀ ਦਲ ਨੇ ਰਾਸ਼ਟਰਪਤੀ ਨੂੰ ਮੰਗ ਪੱਤਰ ਸੌਂਪਿਆ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਵਫਦ ਨੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਮੰਗ ਪੱਤਰ ਸੌਂਪਿਆ ਅਤੇ ਅਪੀਲ ਕੀਤੀ ਕਿ ਉਹ ਕਿਸਾਨ ਵਿਰੋਧੀ ਬਿੱਲਾਂ 'ਤੇ ਦਸਤਖਤ ਕੀਤੇ ਬਿਨਾਂ ਉਨ੍ਹਾਂ ਨੂੰ ਵਾਪਸ



ਸੰਸਦ ਵਿਚ ਭੇਜ ਦੇਣ। ਰਾਸ਼ਟਰਪਤੀ ਨਾਲ ਮੁਲਾਕਾਤ ਮਗਰੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੱਸਿਆ, "ਅਸੀਂ ਰਾਸ਼ਟਰਪਤੀ ਨੂੰ ਜ਼ਬਰਦਸਤੀ ਪਾਸ ਕੀਤੇ ਗਏ ਕਿਸਾਨ ਵਿਰੋਧੀ ਬਿੱਲਾਂ ਉਤੇ ਦਸਤਖਤ ਨਾ ਕਰਨ ਦੀ ਬੇਨਤੀ ਕੀਤੀ ਹੈ।

ਉਨ੍ਹਾਂ ਨੂੰ ਕਿਹਾ ਹੈ ਕਿ ਇਹ ਬਿੱਲ ਸੰਸਦ ਵਿਚ ਮੁੜ ਵਿਚਾਰ ਲਈ ਭੇਜ ਦਿੱਤੇ ਜਾਣ।" ਸ਼੍ਰੋਮਣੀ ਅਕਾਲੀ ਦਲ ਵੱਲੋਂ ਸੌਂਪੇ ਗਏ ਮੰਗ ਪੱਤਰ ਵਿਚ ਰਾਸ਼ਟਰਪਤੀ ਨੂੰ ਇਹ ਵੀ ਕਿਹਾ ਗਿਆ ਕਿ ਉਹ ਇਹ ਬਿੱਲ ਸਿਲੈਕਟ ਕਮੇਟੀ ਕੋਲ ਭੇਜਣ ਦੀ ਸਰਕਾਰ ਨੂੰ ਸਲਾਹ ਵੀ ਦੇਣ ਤਾਂ ਜੋ ਇਨ੍ਹਾਂ ਬਿੱਲਾਂ ਨੂੰ ਮੁੜ ਸੰਸਦ ਵਿਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਸਿਲੈਕਟ ਕਮੇਟੀ ਕਿਸਾਨਾਂ, ਖੇਤ ਤੇ ਮੰਡੀ ਮਜ਼ਦੂਰਾਂ ਅਤੇ ਹੋਰਨਾਂ ਦੀ ਰਾਇ ਲੈ ਸਕੇ।

## ਕੈਪਟਨ ਵਲੋਂ ਖੇਤੀ ਬਿੱਲਾਂ ਬਾਰੇ ਬਾਦਲਾਂ ਨੂੰ ਦਸ ਸਵਾਲ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਵੱਲੋਂ ਕੀਤੇ ਜਾ ਰਹੇ ਸਿਆਸੀ ਹੱਲਿਆਂ ਦਾ ਜਵਾਬ ਦਿੰਦਿਆਂ ਕਿਹਾ ਕਿ ਦੋਵੇਂ ਆਗੂ ਆਪਣੇ ਗੰਧਲੇ ਹੋ ਚੁੱਕੇ ਅਕਸ 'ਤੇ ਪੋਚਾ ਫੇਰਨ ਲਈ ਝੂਠ ਦਾ ਜਾਲ ਬੁਣ ਰਹੇ ਹਨ।

ਕੈਪਟਨ ਨੇ ਬਾਦਲਾਂ ਕੋਲੋਂ 10 ਸਵਾਲਾਂ ਦੇ ਜਵਾਬ ਮੰਗੇ ਹਨ। ਮੁੱਖ ਮੰਤਰੀ ਨੇ ਪੁੱਛਿਆ ਹੈ ਕਿ 'ਕੀ ਆਰਡੀਨੈਂਸਾਂ ਦੇ ਲੋਕ ਸਭਾ 'ਚ ਪੇਸ਼ ਹੋਣ ਤੱਕ ਦੋਵਾਂ ਵਿਚੋਂ ਕਿਸੇ ਨੇ ਇਕ ਵਾਰ ਵੀ ਇਨ੍ਹਾਂ ਨੂੰ ਕਿਸਾਨ ਵਿਰੋਧੀ ਆਰਡੀਨੈਂਸ ਕਿਹਾ?', 'ਕੀ ਕਿਸੇ ਵੀ ਭਾਈਵਾਲ ਨਾਲ ਸਲਾਹ-ਮਸ਼ਵਰੇ ਤੋਂ ਬਿਨਾਂ ਹੀ ਇਨ੍ਹਾਂ ਆਰਡੀਨੈਂਸਾਂ ਨੂੰ ਜਾਰੀ ਕੀਤਾ ਗਿਆ, ਹਰਸਿਮਰਤ ਬਾਦਲ ਕੇਂਦਰੀ ਕੈਬਨਿਟ ਦਾ ਹਿੱਸਾ ਸੀ ਜਦਕਿ ਹੁਣ ਹਰਸਿਮਰਤ ਨੇ ਇਸ ਕਾਰਨ ਨੂੰ ਵੀ ਆਪਣੇ ਅਸਤੀਫੇ ਦਾ ਆਧਾਰ ਬਣਾ ਲਿਆ ਹੈ ਕਿ ਕੇਂਦਰ ਨੇ ਭਾਈਵਾਲਾਂ ਨਾਲ ਸਲਾਹ ਕਰਨ ਬਾਰੇ ਉਨ੍ਹਾਂ ਦਾ ਸੁਝਾਅ ਨਹੀਂ ਮੰਨਿਆ?' ਕੈਪਟਨ ਨੇ ਪੁੱਛਿਆ 'ਕੀ ਹਰਸਿਮਰਤ ਬਾਦਲ ਨੇ ਅਸਤੀਫਾ ਦੇਣ ਤੱਕ ਇਕ ਵਾਰ ਵੀ ਕਿਸਾਨਾਂ ਨੂੰ ਇਹ ਦੱਸਿਆ ਕਿ ਉਹ ਉਨ੍ਹਾਂ ਦੀਆਂ ਚਿੰਤਾਵਾਂ ਦਾ ਹੱਲ ਕਰਨ ਲਈ ਕੇਂਦਰ ਸਰਕਾਰ ਨੂੰ ਮਨਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਦਕਿ ਹੁਣ ਉਸ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ?', ਇਸ ਤੋਂ ਇਲਾਵਾ 'ਸ਼੍ਰੋਮਣੀ ਅਕਾਲੀ ਦਲ ਹੁਣ ਵੀ ਐਨ.ਡੀ.ਏ. ਦਾ ਭਾਈਵਾਲ ਕਿਉਂ ਹੈ ਜਿਵੇਂ ਕਿ ਹਰਸਿਮਰਤ ਨੇ ਖੁਦ ਮੰਨਿਆ ਹੈ, ਜਦਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਸਾਹਮਣੇ ਉਸ ਵੱਲੋਂ ਰੱਖੀਆਂ ਚਿੰਤਾਵਾਂ ਨੂੰ ਸੁਲਝਾਉਣ ਵਿਚ ਉਹ ਨਾਕਾਮ ਰਹੇ ਹਨ?' ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ, ਖਾਸ ਕਰ ਕੇ ਕਿਸਾਨ ਅਕਾਲੀਆਂ ਨੂੰ ਕਦੇ ਵੀ ਮੁਆਫ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਇਹ ਆਰਡੀਨੈਂਸ ਉਚ ਪੱਧਰੀ ਮੀਟਿੰਗਾਂ 'ਚ ਨਾ ਤਾਂ ਵਿਚਾਰੇ ਗਏ ਅਤੇ ਨਾ ਹੀ ਇਨ੍ਹਾਂ ਦਾ ਜ਼ਿਕਰ ਕੀਤਾ ਗਿਆ। ਅਕਾਲੀਆਂ ਉਤੇ ਨਿਸ਼ਾਨਾ ਸੇਧਦਿਆਂ ਕੈਪਟਨ ਨੇ ਕਿਹਾ ਕਿ ਇਨ੍ਹਾਂ ਬਾਰੇ ਜਾਂ ਤਾਂ ਗੱਠਜੋੜ ਭਾਈਵਾਲਾਂ ਨੂੰ ਜਾਣਬੁਝ ਕੇ ਹਨੇਰੇ ਵਿੱਚ ਰੱਖਿਆ ਗਿਆ ਤੇ ਜਾਂ ਅਕਾਲੀ ਆਗੂਆਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਇਸ ਨੂੰ ਅਣਗੌਲਿਆ ਕੀਤਾ।

## 'ਖੇਤੀ ਬਿੱਲ ਰੱਦ ਹੋਣ ਤੱਕ ਕੇਂਦਰ ਨਾਲ ਕੋਈ ਗੱਲ ਨਹੀਂ'

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਖੇਤੀ ਸੁਧਾਰ ਬਿੱਲਾਂ ਖਿਲਾਫ ਸਖਤ ਸਟੈਂਡ ਲੈਂਦੇ ਹੋਏ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਕੇਂਦਰ ਸਰਕਾਰ ਨਾਲ ਉਦੋਂ ਤੱਕ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ ਜਦੋਂ ਤੱਕ ਕੇਂਦਰ ਖੇਤੀਬਾੜੀ ਬਿੱਲਾਂ ਨੂੰ ਵਾਪਸ ਨਹੀਂ ਲੈਂਦਾ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੇ ਸਖਤ ਵਿਰੋਧ ਮਗਰੋਂ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਸੰਸਦ ਵਿਚ ਬਿੱਲਾਂ ਦਾ ਵਿਰੋਧ ਕਰਦੇ ਹੋਏ ਮੋਦੀ ਸਰਕਾਰ ਖਿਲਾਫ ਸਟੈਂਡ ਲੈਣ ਲਈ ਮਜਬੂਰ ਹੋਣਾ ਪਿਆ ਹੈ।

## ਧਾਰਮਿਕ ਸ਼ਖਸੀਅਤਾਂ ਵਲੋਂ ਵੀ ਕਿਸਾਨਾਂ ਦੇ ਹੱਕ 'ਚ ਅਵਾਜ਼ ਬੁਲੰਦ

**ਮਾਛੀਵਾੜਾ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਜਿਹੜੇ ਕਾਨੂੰਨਾਂ ਨਾਲ ਕਿਸਾਨੀ ਨੂੰ ਨੁਕਸਾਨ ਪੁੱਜਦਾ ਹੈ, ਸਰਕਾਰਾਂ ਨੂੰ ਉਹ ਕਾਨੂੰਨ ਲਾਗੂ ਨਹੀਂ ਕਰਨੇ ਚਾਹੀਦੇ। ਇਥੇ ਸ੍ਰੀ ਅਕਾਲ ਤਖਤ ਦੇ ਸਕੱਤਰੇਤ 'ਚ ਖੇਤੀ ਬਿੱਲਾਂ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਸਾਨੀ ਨੂੰ ਬਚਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਦੇਸ਼ ਦੀ ਆਰਥਿਕਤਾ ਨੂੰ ਬਚਾਉਣਾ ਹੈ ਅਤੇ ਲੋਕਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣਾ ਹੈ



ਤਾਂ ਕਿਸਾਨੀ ਨੂੰ ਬਚਾਉਣਾ ਪਵੇਗਾ। ਸਰਕਾਰਾਂ ਅਜਿਹੇ ਕਾਨੂੰਨ ਪਾਸ ਨਾ ਕਰਨ ਜਿਸ ਨਾਲ ਕਿਸਾਨੀ ਨੂੰ ਨੁਕਸਾਨ ਹੁੰਦਾ ਹੈ।

ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਕੇਂਦਰ ਵਲੋਂ ਪਾਸ ਕੀਤੇ ਗਏ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਅਤੇ ਆੜ੍ਹਤੀਆਂ ਦੇ ਹੱਕ ਵਿਚ ਨਿੱਤਰਦਿਆਂ ਕਿਹਾ ਕਿ ਕਿਸਾਨੀ ਮਸਲਿਆਂ ਉਤੇ ਜਾਣਕਾਰੀ ਰੱਖਣ ਵਾਲੇ ਮਾਹਿਰਾਂ ਨੂੰ ਸਰਕਾਰਾਂ ਅੱਗੇ ਨਿਡਰ ਹੋ ਕੇ ਅਵਾਜ਼ ਉਠਾਉਣੀ ਚਾਹੀਦੀ ਹੈ। ਉਨ੍ਹਾਂ ਸੋਸ਼ਲ ਮੀਡੀਆ 'ਤੇ ਕਿਹਾ ਕਿ ਬੇਸ਼ੱਕ ਉਨ੍ਹਾਂ ਨੂੰ ਖੇਤੀਬਾੜੀ ਮਸਲਿਆਂ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਪਰ ਸੰਘਰਸ਼ ਕਰ ਰਹੇ ਕਿਸਾਨਾਂ ਤੋਂ ਜਾਪਦਾ ਹੈ ਕਿ ਸਰਕਾਰ ਚੋਣਾਂ ਦੌਰਾਨ ਵੱਡੇ ਘਰਾਣਿਆਂ ਤੋਂ ਕਰੋੜਾਂ ਰੁਪਏ ਦੇ ਫੰਡ ਲੈਣ ਵਾਲੇ ਵਪਾਰੀਆਂ ਨੂੰ ਹੁਣ ਫਸਲਾਂ ਦੀ ਸਿੱਧੀ ਅਦਾਇਗੀ ਕਰਨ ਦੀ ਖੁੱਲ੍ਹ ਦੇ ਰਹੀ ਹੈ, ਜਿਸ ਕਾਰਨ ਕਿਸਾਨਾਂ ਦੀ ਲੁੱਟ ਹੋਵੇਗੀ।

ਉਨ੍ਹਾਂ ਕਿਹਾ ਕਿ ਖੇਤੀਬਾੜੀ ਤੇ 'ਵਰਸਿਟੀ ਮਾਹਿਰ ਇਨ੍ਹਾਂ ਕਾਨੂੰਨਾਂ ਦੇ ਨੁਕਸਾਨਾਂ ਨੂੰ ਸਰਕਾਰਾਂ ਅਤੇ ਲੋਕਾਂ ਅੱਗੇ ਰੱਖਣ, ਜਿਸ ਨਾਲ ਸਹੀ ਸਥਿਤੀ ਸਾਹਮਣੇ ਆਵੇਗੀ। ਉਨ੍ਹਾਂ ਆੜ੍ਹਤੀਆਂ ਦੇ ਹੱਕ 'ਚ ਅਵਾਜ਼ ਬੁਲੰਦ ਕਰਦਿਆਂ ਕਿਹਾ ਕਿ ਆੜ੍ਹਤੀ ਵਰਗ ਕਿਸਾਨਾਂ ਤੇ ਸਰਕਾਰ ਵਿਚਾਲੇ ਵਿਚੋਲੇ ਦੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ ਅਤੇ ਔਖੇ ਸਮੇਂ ਆਰਥਿਕ ਸਹਾਇਤਾ ਦੇ ਕੇ ਕਿਸਾਨਾਂ ਦੀ ਮਦਦ ਕਰਦਾ ਹੈ ਪਰ ਇਸ ਸਿਸਟਮ ਨੂੰ ਖਤਮ ਕਰਨਾ ਫਿਲਹਾਲ ਕਿਸਾਨਾਂ ਲਈ ਨੁਕਸਾਨਦੇਹ ਹੈ।

# ਵਜ਼ਾਰਤੀ 'ਕੁਰਬਾਨੀ' ਵੀ ਕੰਮ ਨਾ ਆਈ, ਬਾਦਲਾਂ ਦੀ ਘੇਰਾਬੰਦੀ ਜਾਰੀ

**ਲੰਬੀ:** ਮੋਦੀ ਸਰਕਾਰ ਦਾ ਖੇਤੀ ਬਿੱਲ ਸ਼੍ਰੋਮਣੀ ਅਕਾਲੀ ਦਲ ਲਈ ਗਲੇ ਦੀ ਹੱਡੀ ਬਣਦਾ ਜਾ ਰਿਹਾ ਹੈ। ਲਗਾਤਾਰ ਕਿਸਾਨਾਂ ਦਾ ਦਬਾਅ ਝੱਲ ਰਹੇ ਸ਼੍ਰੋਮਣੀ ਅਕਾਲੀ ਦਲ ਨੂੰ ਆਖਰ ਕੇਂਦਰ ਵਿਚ ਸੱਤਾ ਤੋਂ ਬਾਹਰ ਆਉਣਾ ਪਿਆ ਹੈ। ਖੇਤੀ ਬਿੱਲ ਖਿਲਾਫ ਬੀਬੀ ਹਰਸਿਮਰਤ ਕੌਰ ਬਾਦਲ ਵੱਲੋਂ ਕੇਂਦਰੀ ਵਜ਼ਾਰਤ ਨੂੰ ਤਿਆਗਣ ਦਾ ਵੀ ਕਿਸਾਨ ਸੰਘਰਸ਼ 'ਤੇ ਕੋਈ ਅਸਰ ਵਿਖਾਈ ਨਹੀਂ ਦੇ ਰਿਹਾ।

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਪਿੰਡ ਬਾਦਲ ਵਿਚ ਬਾਦਲ ਹਾਊਸ ਅੱਗੇ ਸੰਘਰਸ਼ ਮਘਾਉਂਦਿਆਂ ਛੇ ਰੋਜ਼ਾ ਮੋਰਚੇ ਨੂੰ ਹੁਣ 25 ਸਤੰਬਰ ਤੱਕ ਜਾਰੀ ਰੱਖਣ ਦਾ ਐਲਾਨ ਕਰ ਦਿੱਤਾ ਹੈ। ਉਧਰ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਵਜ਼ੀਰੀ ਤੋਂ ਦਿੱਤੇ ਗਏ ਅਸਤੀਫੇ ਨੂੰ ਜਥੇਬੰਦੀ ਵੱਲੋਂ ਵਿਆਪਕ ਹੋ ਰਹੇ ਕਿਸਾਨ ਰੋਹ ਦੇ ਦਬਾਅ ਥੱਲੇ ਅਕਾਲੀ ਦਲ ਦੀ ਸਿਆਸੀ ਚਮੜੀ ਬਚਾਉਣ ਦੇ ਤਰਲੇ ਵਜੋਂ ਦੇਖਿਆ ਜਾ ਰਿਹਾ ਹੈ। ਜਥੇਬੰਦੀ ਦਾ ਕਹਿਣਾ ਹੈ ਕਿ ਇਹ ਤਰਲਾ ਉਦੋਂ ਤੱਕ ਕਾਮਯਾਬ ਨਹੀਂ ਹੋਵੇਗਾ, ਜਦੋਂ ਤੱਕ ਅਕਾਲੀ ਦਲ ਵੱਲੋਂ ਭਾਜਪਾ ਨਾਲੋਂ ਨਾਤਾ ਨਹੀਂ ਤੋੜਿਆ ਜਾਂਦਾ।

ਕਿਸਾਨ ਆਗੂਆਂ ਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਅਸਤੀਫੇ ਨੂੰ ਕਿਸਾਨ ਸੰਘਰਸ਼ ਦੇ ਦਬਾਅ ਦਾ ਸਿੱਟਾ ਦੱਸਿਆ। ਆਗੂਆਂ ਦਾ ਕਹਿਣਾ ਹੈ ਕਿ ਆਰਡੀਨੈਂਸਾਂ ਸਬੰਧੀ ਅੱਜ ਤੱਕ ਹਰਸਿਮਰਤ ਕੌਰ ਬਾਦਲ ਕੇਂਦਰ ਸਰਕਾਰ ਦੇ ਗੁਣ ਗਾਉਂਦੀ ਰਹੀ ਹੈ ਅਤੇ ਕਿਸਾਨ ਜਥੇਬੰਦੀਆਂ 'ਤੇ ਕਿਸਾਨਾਂ ਨੂੰ ਗੁਮਰਾਹ ਕਰਨ ਦੇ ਦੋਸ਼ ਲਾਉਂਦੀ ਰਹੀ ਹੈ ਪਰ ਹੁਣ ਜਥੇਬੰਦ ਹੋਏ ਕਿਸਾਨਾਂ ਦਾ ਸੇਕ ਉਨ੍ਹਾਂ ਦੇ ਘਰ ਤੱਕ ਪੁੱਜਣ ਕਾਰਨ ਹੀ ਅਸਤੀਫਾ ਦੇਣ ਦਾ ਸਿਰਫ ਡਰਾਮਾ ਕੀਤਾ ਗਿਆ ਹੈ। ਜਦੋਂ ਤੱਕ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਭਾਜਪਾ ਨਾਲੋਂ ਮੁਕੰਮਲ ਤੌਰ 'ਤੇ ਗਠਜੋੜ ਨਹੀਂ ਤੋੜਿਆ ਜਾਂਦਾ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਾਂਗਰਸ ਨੂੰ ਇਨ੍ਹਾਂ ਆਰਡੀਨੈਂਸਾਂ ਦੀ ਜੰਮਣ ਭੋਇੰ ਤਿਆਰ ਕਰਨ ਵਾਲੀਆਂ ਨਵੀਆਂ ਨੀਤੀਆਂ ਲਿਆਉਣ ਲਈ ਦੋਸ਼ੀ ਕਰਾਰ ਦਿੱਤਾ।

ਉਧਰ, ਪੰਜਾਬ ਵਿਚ 30 ਤੋਂ ਵੱਧ ਕਿਸਾਨ ਜਥੇਬੰਦੀਆਂ ਵੱਲੋਂ ਖੇਤੀ ਆਰਡੀਨੈਂਸਾਂ ਵਿਰੁਧ ਵਿੱਢਿਆ ਸੰਘਰਸ਼ ਤਿੱਖਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਜਥੇਬੰਦੀਆਂ ਵੱਲੋਂ 25 ਸਤੰਬਰ ਦੇ ਪੰਜਾਬ ਬੰਦ ਲਈ ਸਮੁੱਚੇ ਸੂਬੇ ਦੇ ਕਿਸਾਨਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਕਿਸਾਨਾਂ ਨੇ 23 ਸਤੰਬਰ ਤੋਂ 26 ਸਤੰਬਰ ਤੱਕ ਰੇਲਾਂ ਰੋਕਣ ਦਾ ਐਲਾਨ ਵੀ ਕੀਤਾ ਹੈ। ਬਾਦਲਾਂ ਦੇ ਜੱਦੀ ਪਿੰਡ ਬਾਦਲ, ਲੰਬੀ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜੱਦੀ ਸ਼ਹਿਰ ਪਟਿਆਲਾ ਵਿਚ ਲਗਾਏ ਪੱਕੇ ਮੋਰਚਿਆਂ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਕਿਸਾਨ ਜਥੇਬੰਦੀਆਂ ਨੇ ਰਾਜ ਸਭਾ ਵੱਲੋਂ ਜ਼ਬਾਨੀ ਵੋਟਾਂ ਨਾਲ ਦੋ ਖੇਤੀ ਬਿੱਲ ਪਾਸ ਕਰਨ ਦੀ ਕਾਰਵਾਈ ਦੀ ਨਿੰਦਾ ਕੀਤੀ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਇਹ ਕਾਨੂੰਨ ਪੂਰੀ ਖੇਤੀ ਮੰਡੀ ਨੂੰ ਦੇਸੀ ਵਿਦੇਸ਼ੀ ਸਾਮਰਾਜੀ ਕਾਰਪੋਰੇਟਾਂ ਨੂੰ ਸੌਂਪਣ ਅਤੇ ਵਾਹੀਯੋਗ ਜ਼ਮੀਨਾਂ ਹਥਿਆ ਕੇ ਵੱਡੇ ਕਾਰਪੋਰੇਟ ਖੇਤੀ ਫਾਰਮ ਉਸਾਰਨ ਦੇ ਸੰਦ ਹਨ ਅਤੇ ਛੋਟੀ ਤੇ ਦਰਮਿਆਨੀ ਕਿਸਾਨੀ ਦੀ ਮੌਤ ਦੇ ਵਰੰਟ ਹਨ। ਜਥੇਬੰਦੀਆਂ ਨੇ ਮੰਗ ਕੀਤੀ ਕਿ ਸਵਾਮੀਨਾਥਨ ਰਿਪੋਰਟ ਅਨੁਸਾਰ ਸਾਰੀਆਂ ਫਸਲਾਂ ਦੇ ਲਾਭਕਾਰੀ ਸਮਰਥਨ ਮੁੱਲ ਮਿਥੇ ਜਾਣ, ਜ਼ਮੀਨੀ ਹੱਦਬੰਦੀ ਕਾਨੂੰਨ ਸਖਤੀ ਨਾਲ ਲਾਗੂ ਕਰਕੇ ਵੱਡੇ ਜਗੀਰਦਾਰਾਂ ਦੀ ਫਾਲਤੂ ਜ਼ਮੀਨ ਬੇਜ਼ਮੀਨੇ ਮਜ਼ਦੂਰਾਂ-ਕਿਸਾਨਾਂ 'ਚ ਵੰਡੀ ਜਾਵੇ, ਕਾਰਪੋਰੇਟ ਘਰਾਣਿਆਂ ਤੇ ਵੱਡੇ ਜਗੀਰਦਾਰਾਂ 'ਤੇ ਟੈਕਸ ਲਾਏ ਜਾਣ।

## ਵੱਡੇ ਬਾਦਲ ਨੇ ਸੰਭਾਲਿਆ 'ਮੋਰਚਾ'

**ਲੰਬੀ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਅਸਤੀਫਾ ਦੇਣ ਦੇ ਫੈਸਲੇ ਨੂੰ ਸਹੀ ਠਹਿਰਾਇਆ ਹੈ। ਉਨ੍ਹਾਂ ਨੇ ਖੇਤੀਬਾੜੀ ਬਿੱਲਾਂ ਦਾ ਵਿਰੋਧ ਕਰਨ ਬਾਰੇ ਆਪਣੇ ਪੁੱਤਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਵੀ ਪਿੱਠ ਥਾਪੜੀ ਹੈ। ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅਟਲ ਬਿਹਾਰੀ ਵਾਜਪਾਈ ਨਾਲ ਸਾਂਝ ਪਾ ਕੇ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਬਣਾਉਣ ਵਾਸਤੇ ਹਮੇਸ਼ਾ ਪੱਬਾਂ ਭਾਰ ਰਹੇ ਸਨ ਅਤੇ ਆਪ ਕਈ ਪਾਰਟੀਆਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਨੂੰ ਐਨ.ਡੀ.ਏ. 'ਚ ਲਿਆਏ ਸਨ। ਉਨ੍ਹਾਂ ਐਤਕੀਂ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵਿਚੋਂ ਬਾਹਰ ਹੋਣ ਦੇ ਫੈਸਲੇ ਨੂੰ ਨਾ ਸਿਰਫ ਵਾਜਬ ਠਹਿਰਾਇਆ ਹੈ ਬਲਕਿ ਮੋਦੀ ਸਰਕਾਰ ਵੱਲੋਂ ਖੇਤੀਬਾੜੀ ਬਾਰੇ ਆਰਡੀਨੈਂਸਾਂ ਦਾ ਵਿਰੋਧ ਵੀ ਕੀਤਾ ਹੈ।

## ਕਿਸਾਨਾਂ ਦੇ ਹੱਕ ਮਾਰੇ ਜਾਣ ਤੋਂ ਦੁਖੀ ਹਾਂ: ਹਰਸਿਮਰਤ



**ਨਵੀਂ ਦਿੱਲੀ:** ਖੇਤੀ ਆਰਡੀਨੈਂਸਾਂ ਦੇ ਵਿਰੋਧ ਵਿਚ ਕੇਂਦਰੀ ਮੰਤਰੀ ਵਜੋਂ ਅਸਤੀਫਾ ਦੇਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਉਹ ਇਸ ਗੱਲੋਂ 'ਦੁਖੀ' ਹਨ ਕਿ ਕਿਸਾਨਾਂ ਦੇ ਹੱਕ ਵਿਚ ਚੁੱਕੀ ਉਨ੍ਹਾਂ ਦੀ ਆਵਾਜ਼ ਨੂੰ ਕੈਬਨਿਟ ਵਿਚ ਸੁਣਿਆ ਨਹੀਂ ਗਿਆ। ਅਕਾਲੀ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਰੋਕਿਆ ਜਾਵੇ ਤੇ ਵਿਆਪਕ ਸਲਾਹ-ਮਸ਼ਵਰੇ ਲਈ ਸੰਸਦੀ ਕਮੇਟੀ ਕੋਲ ਭੇਜਿਆ ਜਾਵੇ। ਹਰਸਿਮਰਤ ਨੇ ਕਿਹਾ 'ਮੈਂ ਆਪਣੀ ਮਾਂ ਨੂੰ ਹਸਪਤਾਲ ਦੇ ਆਈ.ਸੀ.ਯੂ. ਵਿਚ ਛੱਡ ਕੇ ਆਪਣਾ ਫਰਜ਼ ਅਦਾ ਕਰਨ ਆਈ ਹਾਂ। ਇਨ੍ਹਾਂ ਤਿੰਨਾਂ ਆਰਡੀਨੈਂਸਾਂ ਉਤੇ ਸੰਸਦ ਵਿਚ ਬਹਿਸ ਹੋ ਰਹੀ ਸੀ ਤੇ ਮੈਂ ਆਪਣਾ ਵਿਰੋਧ ਦਰਜ ਕਰਵਾਉਣ ਆਈ। ਇਸੇ ਲਈ ਇਨ੍ਹਾਂ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਅਸਤੀਫਾ ਵੀ ਦਿੱਤਾ।'

## ਕਿਸਾਨਾਂ ਨਾਲ ਝੂਠੀ ਹਮਦਰਦੀ ਦਿਖਾਉਣ ਲਈ ਦਿੱਤਾ ਅਸਤੀਫਾ: ਜਾਖੜ

**ਲੁਧਿਆਣਾ:** ਕੇਂਦਰ ਸਰਕਾਰ ਵਿਚ ਭਾਜਪਾ ਦੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ ਕੇਂਦਰੀ ਵਜ਼ਾਰਤ ਤੋਂ ਅਸਤੀਫਾ ਦੇਣ ਤੋਂ ਬਾਅਦ ਹਰ ਪਾਸੇ ਸਿਆਸਤ ਸਿਖਰਾਂ ਉਤੇ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀ.ਪੀ.ਸੀ.ਸੀ.) ਦੇ ਪ੍ਰਧਾਨ ਸੁਨੀਲ ਜਾਖੜ ਨੇ ਇਸ ਨੂੰ ਅਕਾਲੀ ਦਲ ਢਕਵੰਜ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਕਾਲੀ ਦਲ ਨੂੰ ਕਿਸਾਨ ਪਿਆਰ ਹੁੰਦੇ ਤਾਂ ਉਸ ਉਸੇ ਦਿਨ ਭਾਜਪਾ ਨਾਲ ਗੱਠਜੋੜ ਤੋੜ ਦਿੰਦੇ ਜਦੋਂ ਇਹ ਬਿੱਲ ਲਿਆਂਦੇ ਜਾ ਰਹੇ ਸਨ। ਉਨ੍ਹਾਂ ਕਿਹਾ ਕਿ ਹਰਸਿਮਰਤ ਕੌਰ ਬਾਦਲ ਵੱਲੋਂ ਕੇਂਦਰੀ ਆਰਡੀਨੈਂਸਾਂ ਦੇ ਵਿਰੋਧ 'ਚ ਕੇਂਦਰੀ ਮੰਤਰੀ ਮੰਡਲ ਦਾ ਅਹੁਦਾ ਛੱਡਣਾ ਤੇ ਕਿਸਾਨਾਂ ਨਾਲ ਝੂਠੀ ਹਮਦਰਦੀ ਦਿਖਾਉਣਾ ਉਨ੍ਹਾਂ ਦੀ ਮਜਬੂਰੀ ਹੈ। ਉਨ੍ਹਾਂ ਕਿਹਾ ਜੇਕਰ ਸ਼੍ਰੋਮਣੀ ਅਕਾਲੀ ਦਲ 'ਚ ਥੋੜ੍ਹਾ ਜਿਹਾ ਵੀ ਸਵੈ-ਮਾਣ ਹੁੰਦਾ ਤਾਂ ਉਹ ਕਿਸਾਨਾਂ ਲਈ ਭਾਜਪਾ ਨਾਲ ਗੱਠਜੋੜ ਤੋੜ ਦਿੰਦੇ।

# ਪਿੰਡ ਬਾਦਲ ਦੇ ਮੋਰਚੇ 'ਚ ਸ਼ਾਮਲ ਕਿਸਾਨ ਨੇ ਦਿੱਤੀ ਜਾਨ



**ਲੰਬੀ:** ਪਿੰਡ ਬਾਦਲ 'ਚ ਖੇਤੀ ਬਿੱਲਾਂ ਦੇ ਵਿਰੋਧ 'ਚ ਲੱਗੇ ਮੋਰਚੇ ਦੌਰਾਨ ਮਾਨਸਾ ਜ਼ਿਲ੍ਹੇ ਦੇ ਕਿਸਾਨ ਪ੍ਰੀਤਮ ਸਿੰਘ (55) ਅੱਕਾਂਵਾਲੀ ਨੇ ਸਲਫਾਸ ਦੀ ਗੋਲੀ ਨਿਗਲ ਕੇ ਆਪਣੀ ਜਾਨ ਦੇ ਦਿੱਤੀ। ਕਿਸਾਨਾਂ ਨੇ ਦੱਸਿਆ ਕਿ ਸਲਫਾਸ ਖਾਣ ਮਗਰੋਂ ਉਸ ਨੂੰ ਬਠਿੰਡਾ ਦੇ ਮੈਕਸ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ ਜਿਥੇ ਉਸ ਦੀ ਮੌਤ ਹੋ ਗਈ।

ਸਾਬਕਾ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਕਿਸਾਨ ਮੋਰਚੇ ਵਿਚ ਪ੍ਰੀਤਮ ਸਿੰਘ ਪਹਿਲੇ ਦਿਨ ਤੋਂ ਹੀ ਡਟਿਆ ਹੋਇਆ ਸੀ। ਛੇ-ਸੱਤ ਏਕੜ ਵਾਲੇ ਤੰਗੀ-ਤੁਰਸ਼ੀਆਂ ਦੇ ਮਾਰੇ ਤਿੰਨ ਭਰਾਵਾਂ ਦੇ ਪਰਿਵਾਰ 'ਚ ਸਿਰਫ ਇਕ ਭਰਾ ਹੀ ਵਿਆਹਿਆ ਹੋਇਆ ਹੈ। ਉਸ ਦੇ ਭਤੀਜੇ ਬਿੰਦਰ ਸਿੰਘ ਨੇ ਦੱਸਿਆ ਕਿ ਪਰਿਵਾਰ ਸਿਰ 12-13 ਲੱਖ ਰੁਪਏ ਦਾ ਕਰਜ਼ਾ ਹੈ। ਖੇਤੀ ਬਿੱਲ ਪਾਸ ਹੋਣ ਮਗਰੋਂ ਫਸਲ ਦੇ ਮੰਡੀਕਰਨ 'ਤੇ ਸੁਆਲ ਖੜ੍ਹੇ ਹੋਣ ਨਾਲ ਫਿਕਰਮੰਦੀ ਵਧ ਰਹੀ ਹੈ। ਭਾਕਿਯੂ ਏਕਤਾ ਉਗਰਾਹਾਂ ਦੇ ਸੀਨੀਅਰ ਆਗੂ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਪ੍ਰੀਤਮ ਸਿੰਘ ਵੱਲੋਂ ਕੀਤੀ ਗਈ ਖੁਦਕੁਸ਼ੀ ਤੋਂ ਖੇਤੀ ਬਿੱਲਾਂ ਕਾਰਨ ਕਿਸਾਨੀ ਦੇ ਮਾੜੇ ਦਿਨਾਂ ਦੀ ਸ਼ੁਰੂਆਤ ਜ਼ਾਹਰ ਹੁੰਦੀ ਹੈ। ਉਨ੍ਹਾਂ ਖਦਸ਼ਾ ਜ਼ਾਹਰ ਕੀਤਾ ਕਿ ਖੇਤੀ ਬਿੱਲਾਂ ਨਾਲ ਅਜਿਹੇ ਮਾੜੇ ਅਤੇ ਬਦਕਿਸਮਤ ਹਾਲਾਤ ਹੋਰ ਵਧਣਗੇ।

# ਅਕਾਲੀ-ਭਾਜਪਾ ਦਾ ਨਹੁੰ-ਮਾਸ ਦਾ ਰਿਸ਼ਤਾ ਤਿੜਕਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਨਵੇਂ ਖੇਤੀ ਕਾਨੂੰਨਾਂ ਪਾਸ ਹੋਣ ਮਗਰੋਂ ਅੰਦਰੋਂ-ਅੰਦਰੀ ਕੁੜੱਤਣ ਪੈਦਾ ਹੋ ਗਈ ਹੈ। ਪੰਜਾਬ ਵਿਚ ਇਨ੍ਹਾਂ ਦੋਵਾਂ ਧਿਰਾਂ ਦੇ ਆਗੂ ਸਿਆਸੀ ਹੱਲੇ ਦੀ ਪਹਿਲ ਕਰਨ ਤੋਂ ਗੁਰੇਜ਼ ਕਰਨ ਲੱਗੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਖੇਤੀ ਕਾਨੂੰਨ ਬਣਨ ਮਗਰੋਂ ਮੀਡੀਆ ਕੋਲ ਅਕਾਲੀ-ਭਾਜਪਾ ਰਿਸ਼ਤੇ ਦੇ ਭਵਿੱਖ ਬਾਰੇ ਸੰਕੇਤ ਤਾਂ ਦੇ ਚੁੱਕੇ ਹਨ ਪਰ ਖੁੱਲ੍ਹੇ ਤੌਰ ਉਤੇ ਕੋਈ ਆਗੂ ਨਹੀਂ ਬੋਲ ਰਿਹਾ ਹੈ।



ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅੱਜ ਵੀ ਐਨ.ਡੀ.ਏ. ਦਾ ਹਿੱਸਾ ਹੈ ਅਤੇ ਸਿਆਸੀ ਫੈਸਲਾ ਲੈਣ ਦਾ ਸ਼੍ਰੋਮਣੀ ਅਕਾਲੀ ਦਲ ਨੂੰ ਅਧਿਕਾਰ ਹੈ। ਉਨ੍ਹਾਂ ਭਾਜਪਾ ਵੱਲੋਂ ਸਾਰੀਆਂ ਸੀਟਾਂ ਤੋਂ ਅਗਲੀ ਵਿਧਾਨ ਸਭਾ ਚੋਣ ਲੜਨ ਦੀ ਗੱਲ 'ਤੇ ਪ੍ਰਤੀਕਰਮ ਵਜੋਂ ਆਖਿਆ ਕਿ ਸੀਟਾਂ ਦੀ ਮੰਗ ਕਰਨਾ ਹਰ ਸਿਆਸੀ ਧਿਰ ਦਾ ਅਧਿਕਾਰ ਹੁੰਦਾ ਹੈ ਅਤੇ ਹਰ ਸਿਆਸੀ ਧਿਰ ਆਪਣਾ ਅਧਾਰ ਬਣਾਉਣਾ ਚਾਹੁੰਦੀ ਹੈ। ਅਕਾਲੀ-ਭਾਜਪਾ ਦਾ ਨਹੁੰ-ਮਾਸ ਦਾ ਰਿਸ਼ਤਾ ਕਾਇਮ ਰਹੇਗਾ ਜਾਂ ਨਹੀਂ, ਇਸ 'ਤੇ ਕੋਈ ਟਿੱਪਣੀ ਤੋਂ ਆਗੂ ਪਾਸਾ ਵੱਟ ਰਹੇ ਹਨ। ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜਿਣਸਾਂ ਦੀ ਸਰਕਾਰੀ ਖਰੀਦ ਜਾਰੀ ਰਹੇਗੀ ਅਤੇ ਕਿਸਾਨਾਂ ਦੇ ਮਾਲਕਾਨਾ ਹੱਕ ਕਾਇਮ ਰਹਿਣਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਕਿਸਾਨਾਂ ਦੇ ਜੋ ਸ਼ੰਕੇ ਸਨ, ਉਹ ਸਮੇਂ-ਸਮੇਂ 'ਤੇ ਦੂਰ ਕਰ ਦਿੱਤੇ ਗਏ ਸਨ।

ਉਧਰ, ਹਰਸਿਮਰਤ ਕੌਰ ਬਾਦਲ ਵੱਲੋਂ ਦਿੱਤੇ ਗਏ ਅਸਤੀਫੇ ਬਾਰੇ ਸਭ ਤੋਂ ਵੱਧ ਪੰਜਾਬ ਦੀ ਭਾਜਪਾ ਲੀਡਰਸ਼ਿਪ ਹੈਰਾਨ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਬਦਲੇ ਪੈਂਤੜੇ ਬਾਰੇ ਪੁੱਛੇ ਜਾਣ 'ਤੇ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਜਿਹੜੇ ਆਪ ਵੀ ਕਿਸਾਨ ਹਨ ਤੇ ਉਨ੍ਹਾਂ ਦਾ ਐਨਾ ਲੰਮਾ ਤਜਰਬਾ ਵੀ ਹੈ, ਉਹ ਇਨ੍ਹਾਂ ਆਰਡੀਨੈਂਸਾਂ ਦੀ ਹਮਾਇਤ ਕਰਦੇ ਰਹੇ ਹਨ। ਇਹ ਗੱਲ ਜੱਗ ਜ਼ਾਹਿਰ ਹੈ ਕਿ ਉਨ੍ਹਾਂ ਨੇ ਸੋਸ਼ਲ ਮੀਡੀਆ ਤੇ ਜਿਹੜੀ ਵੀਡੀਓ ਪਾਈ ਸੀ, ਉਸ ਵਿਚ ਉਨ੍ਹਾਂ ਆਰਡੀਨੈਂਸਾਂ ਦੀ ਹਮਾਇਤ ਕੀਤੀ ਸੀ। ਭਾਜਪਾ ਆਗੂ ਮਨੋਰੰਜਨ ਕਾਲੀਆ ਦਾ ਕਹਿਣਾ ਹੈ ਕਿ ਵੱਡੇ ਬਾਦਲ ਨੇ ਪਹਿਲਾਂ ਆਰਡੀਨੈਂਸਾਂ ਦਾ ਸਮਰਥਨ ਕੀਤਾ, ਹੁਣ ਪਤਾ ਨਹੀਂ ਕੀ ਬਦਲਿਆ ਹੈ?

ਦੱਸ ਦਈਏ ਕਿ ਭਾਵੇਂ ਭਾਰਤੀ ਜਨਤਾ ਪਾਰਟੀ ਅਤੇ ਦਲ ਵਿਚ ਹਮੇਸ਼ਾ ਵਿਚਾਰਾਂ ਦਾ ਵਖਰੇਵਾਂ ਰਿਹਾ ਹੈ ਪਰ 1996 ਤੋਂ ਅਕਾਲੀ ਦਲ ਨੇ ਅਕਾਲੀ ਦਲ-ਭਾਜਪਾ ਗੱਠਜੋੜ ਨੂੰ ਸੱਤਾ ਦਾ ਸੂਤਰ ਮੰਨਦਿਆਂ ਇਸ ਗੱਠਜੋੜ ਵਿਚ ਤਰੇੜ ਨਹੀਂ ਆਉਣ ਦਿੱਤੀ। ਅਕਾਲੀ ਦਲ ਫੈਡਰਲਿਜ਼ਮ ਦਾ ਵੱਡਾ ਹਮਾਇਤੀ ਰਿਹਾ ਹੈ ਪਰ ਉਸ ਨੇ ਸੰਵਿਧਾਨ ਦੀ ਧਾਰਾ 370 ਨੂੰ ਮਨਸੂਖ ਕਰ ਕੇ ਜੰਮੂ ਕਸ਼ਮੀਰ ਪ੍ਰਾਂਤ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡੇ ਜਾਣ ਅਤੇ ਨਾਗਰਿਕਤਾ ਸੋਧ ਕਾਨੂੰਨ ਦੇ ਮਾਮਲਿਆਂ ਵਿਚ ਭਾਜਪਾ ਦੀ ਹਮਾਇਤ ਕੀਤੀ। ਇਸ ਦੇ ਬਾਵਜੂਦ ਅਕਾਲੀ ਦਲ ਵਿਚ ਆਗੂਆਂ ਦੇ ਇਨ੍ਹਾਂ ਪੈਂਤੜਿਆਂ ਵਿਰੁੱਧ ਆਵਾਜ਼ਾਂ ਉੱਭਰ ਰਹੀਆਂ ਸਨ। ਇਹ ਦੁਚਿੱਤੀ ਉਦੋਂ ਪ੍ਰਤੱਖ ਹੋਈ ਜਦੋਂ ਪੰਜਾਬ ਵਿਧਾਨ ਸਭਾ ਵਿਚ ਅਕਾਲੀ ਦਲ ਨੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਆਏ ਮਤੇ ਦੌਰਾਨ ਅਨਿਸ਼ਚਤਤਾ ਦਿਖਾਈ। ਕੋਵਿਡ-19 ਦੌਰਾਨ ਕੇਂਦਰੀ ਸਰਕਾਰ ਨੇ ਖੇਤੀ ਮੰਡੀਕਰਨ ਸਬੰਧੀ ਆਰਡੀਨੈਂਸ, ਜਿਹੜੇ ਪ੍ਰਤੱਖ ਰੂਪ ਵਿਚ ਕਿਸਾਨ ਵਿਰੋਧੀ ਅਤੇ ਫੈਡਰਲ ਢਾਂਚੇ ਨੂੰ ਢਾਹ ਲਾਉਣ ਵਾਲੇ ਸਨ, ਜਾਰੀ ਕੀਤੇ। ਪੰਜਾਬ ਵਿਚ ਵੱਡੀ ਪੱਧਰ 'ਤੇ ਕਿਸਾਨ ਯੂਨੀਅਨਾਂ ਨੇ ਇਨ੍ਹਾਂ ਆਰਡੀਨੈਂਸਾਂ ਵਿਰੁੱਧ ਅੰਦੋਲਨ ਕਰਨ ਦੇ ਐਲਾਨ ਕੀਤੇ ਅਤੇ ਕਾਂਗਰਸ ਨੇ ਵੀ ਵਿਧਾਨ ਸਭਾ ਵਿਚ ਇਨ੍ਹਾਂ ਆਰਡੀਨੈਂਸਾਂ ਵਿਰੁੱਧ ਮਤਾ ਪਾਸ ਕਰਵਾਇਆ। ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਖੇਤੀ ਮੰਤਰੀ ਦੀ ਲਿਖੀ ਚਿੱਠੀ ਪ੍ਰੈੱਸ ਨੂੰ ਦਿਖਾ ਕੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਦੀਆਂ ਫਸਲਾਂ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦੇ ਜਾਣ ਨੂੰ ਕੋਈ ਖਤਰਾ ਨਹੀਂ ਪਰ ਕਿਸਾਨ ਜਥੇਬੰਦੀਆਂ ਨੇ ਅਕਾਲੀ ਦਲ ਉਤੇ ਭੋਰਾ ਭਰੋਸਾ ਨਾ ਕੀਤਾ।

## ਲੋਕ ਰੋਹ ਤੋਂ ਡਰਦਿਆਂ ਸੁਖਬੀਰ ਨੇ ਲਿਆ ਯੂ-ਟਰਨ: ਢੀਂਡਸਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਡ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਖੇਤੀ ਸਬੰਧੀ ਜਾਰੀ ਕੀਤੇ ਤਿੰਨ ਆਰਡੀਨੈਂਸਾਂ ਦੇ ਪੱਖ 'ਚ ਡਟ ਕੇ ਵਕਾਲਤ ਕਰਨ ਵਾਲੇ ਸੁਖਬੀਰ ਸਿੰਘ ਬਾਦਲ ਨੂੰ ਮਜਬੂਰੀ ਵਿਚ ਯੂ-ਟਰਨ ਲੈ ਕੇ ਇਨ੍ਹਾਂ ਆਰਡੀਨੈਂਸਾਂ ਦੇ ਵਿਰੁੱਧ ਭੁਗਤਣਾ ਪੈ ਰਿਹਾ ਹੈ।

ਢੀਂਡਸਾ ਨੇ ਕਿਹਾ ਕਿ ਲੋਕ ਰੋਹ ਨੂੰ ਵੇਖਦਿਆਂ ਪਾਰਟੀ ਦੀ ਸ਼ਾਖ ਬਚਾਉਣ ਲਈ ਸੁਖਬੀਰ ਨੂੰ ਇਕਦਮ ਮੋੜ ਕੱਟਣ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਮਸੀਹਾ ਅਖਵਾਉਣ ਵਾਲੇ ਪ੍ਰਕਾਸ਼ ਸਿੰਘ ਬਾਦਲ ਤੋਂ ਕਿਸਾਨ ਵਿਰੋਧੀ ਆਰਡੀਨੈਂਸਾਂ ਦੇ ਹੱਕ 'ਚ ਬਿਆਨ ਦਿਵਾਉਣ ਨਾਲ ਸੁਖਬੀਰ ਨੂੰ ਨਮੋਸ਼ੀ ਝੱਲਣੀ ਪੈ ਰਹੀ ਹੈ।

# ਖੇਤੀ ਬਿੱਲਾਂ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਖੇਤੀ ਬਿੱਲਾਂ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਲਈ ਕਾਨੂੰਨੀ ਸਲਾਹ ਮਸ਼ਵਰਾ ਸ਼ੁਰੂ ਕਰ ਦਿੱਤਾ ਹੈ। ਖੇਤੀ ਕਾਨੂੰਨ ਬਣਨ ਮਗਰੋਂ ਫੌਰੀ ਸੂਬਾ ਸਰਕਾਰ ਇਨ੍ਹਾਂ ਵਿਰੁੱਧ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕਰੇਗੀ।

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਜਿਉਂ ਹੀ ਖੇਤੀ ਕਾਨੂੰਨ ਹੋਂਦ ਵਿਚ ਆਉਣਗੇ, ਉਦੋਂ ਹੀ ਉਨ੍ਹਾਂ ਨੂੰ ਸੁਪਰੀਮ ਵਿਚ ਚੁਣੌਤੀ ਦਿਆਂਗੇ, ਜਿਸ ਬਾਰੇ ਕਾਨੂੰਨੀ ਸਲਾਹ ਮਸ਼ਵਰੇ ਲਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਉਹ ਇਸ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰਨਗੇ ਅਤੇ ਰਣਨੀਤੀ ਤਿਆਰ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਹਿਲੀ ਤਰਜੀਹ ਇਨ੍ਹਾਂ ਕਾਨੂੰਨਾਂ ਬਾਰੇ ਸੁਪਰੀਮ ਕੋਰਟ ਵਿਚ ਚਾਰਾਜੋਈ ਕਰਨ ਦੀ ਹੋਵੇਗੀ।

ਇਸੇ ਦੌਰਾਨ ਅੰਮ੍ਰਿਤਸਰ ਤੋਂ ਕਾਂਗਰਸ ਦੇ ਵਿਧਾਇਕ ਰਾਜ ਕੁਮਾਰ ਵੇਰਕਾ ਅਤੇ ਸਾਬਕਾ ਸੰਸਦ ਮੈਂਬਰ ਤੇ ਮੌਜੂਦਾ ਚੇਅਰਮੈਨ ਮਹਿੰਦਰ ਸਿੰਘ ਕੇਪੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਨੇ ਦਲਿਤ ਵਰਗ ਦੇ ਮਸਲਿਆਂ ਨੂੰ ਮੁੱਖ ਮੰਤਰੀ ਕੋਲ ਉਠਾਇਆ ਹੈ ਅਤੇ ਵਿਸ਼ੇਸ਼ ਤੌਰ 'ਤੇ ਖੇਤੀ ਕਾਨੂੰਨਾਂ ਨਾਲ ਦਲਿਤ ਵਰਗ ਉਤੇ ਪੈਣ ਵਾਲੀ ਮਾਰ 'ਤੇ ਚਰਚਾ ਕੀਤੀ ਗਈ ਹੈ।

ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਟਵੀਟ ਕਰਕੇ ਕੇਂਦਰ ਸਰਕਾਰ ਅੱਗੇ ਸੁਆਲ ਖੜ੍ਹੇ ਕੀਤੇ ਹਨ ਕਿ ਕੇਂਦਰ ਬਿਨਾਂ ਕਿਸੇ ਕਾਨੂੰਨ ਤੋਂ ਕਾਰਪੋਰੇਟ ਕੋਲੋਂ ਕਿਸਾਨਾਂ ਨੂੰ ਜਿਣਸਾਂ ਦੇ ਸਰਕਾਰੀ ਭਾਅ ਦਿਵਾਉਣਾ ਕਿਵੇਂ ਯਕੀਨੀ ਬਣਾਏਗੀ। ਉਨ੍ਹਾਂ ਕਿਹਾ ਕਿ ਘੱਟੋ ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਅਧਿਕਾਰ ਬਣਾਓ ਤਾਂ ਹੀ ਕਿਸਾਨੀ ਹਿੱਤ ਸੁਰੱਖਿਅਤ ਹੋ ਸਕਦੇ ਹਨ। ਉਨ੍ਹਾਂ ਆਖਿਆ ਕਿ ਇਨ੍ਹਾਂ ਖੇਤੀ ਬਿੱਲਾਂ ਵਿਚ ਕਿਸਾਨੀ ਹਿੱਤਾਂ ਦੀ ਸੁਰੱਖਿਆ ਦੀ ਵਿਵਸਥਾ ਨਹੀਂ ਹੈ।

# ਕਿਸਾਨੀ ਨੂੰ ਤਬਾਹੀ ਦੇ ਰਾਹ ਵਲ ਲਿਜਾ ਸਕਦੇ ਨੇ ਖੇਤੀ ਕਾਨੂੰਨ

**ਚੰਡੀਗੜ੍ਹ:** ਖੇਤੀ ਮੰਡੀਕਰਨ ਸਬੰਧੀ ਜਾਰੀ ਕੀਤੇ ਕਾਨੂੰਨਾਂ ਦੇ ਵਿਰੋਧ ਵਿਚ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼ ਅਤੇ ਹੋਰ ਸੂਬਿਆਂ ਦੇ ਕਿਸਾਨ ਅੰਦੋਲਨ ਕਰ ਰਹੇ ਹਨ। ਕਿਸਾਨਾਂ ਨੂੰ ਖਦਸ਼ਾ ਹੈ ਕਿ ਇਨ੍ਹਾਂ ਕਾਨੂੰਨਾਂ ਕਾਰਨ ਖੇਤੀ ਮੰਡੀਆਂ ਵਿਚ ਕਾਰਪੋਰੇਟ ਅਤੇ ਨਿੱਜੀ ਖੇਤਰ ਦੇ ਦਖਲ ਨਾਲ ਉਨ੍ਹਾਂ ਨੂੰ ਕਣਕ ਤੇ ਝੋਨੇ 'ਤੇ ਮਿਲਣ ਵਾਲਾ ਘੱਟੋ-ਘੱਟ ਸਮਰਥਨ ਮੁੱਲ ਜ਼ਿਆਦਾ ਦੇਰ




ਤੱਕ ਮਿਲਣ ਵਾਲਾ ਨਹੀਂ।

ਦੂਸਰੇ ਪਾਸੇ ਕੇਂਦਰ ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਲਈ ਦਿੱਤਾ ਜਾਂਦਾ ਘੱਟੋ-ਘੱਟ ਸਮਰਥਨ ਮੁੱਲ ਜਾਰੀ ਰੱਖਿਆ ਜਾਵੇਗਾ, ਪਰ ਕਿਸਾਨ ਮਸਲਿਆਂ ਨਾਲ ਜੁੜ ਮਾਹਿਰਾਂ ਮੁਤਾਬਕ ਅਜਿਹੇ ਬਿਆਨ ਕਿਸਾਨਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਲੇ ਹਨ। ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕਰਨਾ ਇਕ ਵੱਖਰੀ ਗੱਲ ਹੈ ਅਤੇ ਉਸ ਮੁੱਲ 'ਤੇ ਖਰੀਦ ਕਰਨੀ ਬਿਲਕੁਲ ਵੱਖਰਾ ਵਿਸ਼ਾ ਹੈ। ਇਸ ਪਿੱਛੇ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਨੇ ਮੱਕੀ ਦਾ ਘੱਟੋ-ਘੱਟ ਸਮਰਥਨ ਮੁੱਲ 1850 ਰੁਪਏ ਪ੍ਰਤੀ ਕੁਇੰਟਲ ਐਲਾਨਿਆ ਹੋਇਆ ਹੈ ਜਦੋਂਕਿ ਇਸ ਵੇਲੇ ਇਹ ਜਿਣਸ ਪੰਜਾਬ ਵਿਚ 650 ਰੁਪਏ ਤੋਂ 915 ਰੁਪਏ ਪ੍ਰਤੀ ਕੁਇੰਟਲ ਤੱਕ ਵਿਕ ਰਹੀ ਹੈ। ਪੰਜਾਬ, ਹਰਿਆਣਾ ਤੇ ਪੱਛਮੀ ਉਤਰ ਪ੍ਰਦੇਸ਼ ਵਿਚ ਕਣਕ ਤੇ ਝੋਨੇ ਨੂੰ ਛੱਡ ਕੇ ਕਿਤੇ ਵੀ ਕਿਸਾਨਾਂ ਦੀਆਂ ਫਸਲਾਂ ਉਚਿਤ ਭਾਅ 'ਤੇ ਨਹੀਂ ਵਿਕਦੀਆਂ।

ਦੇਸ਼ ਵਿਚ ਅਨਾਜ ਦੀ ਘਾਟ ਪੂਰੀ ਹੋ ਜਾਣ ਤੋਂ ਬਾਅਦ ਸਰਕਾਰ ਬਹੁਤ ਦੇਰ ਤੋਂ ਜਿਣਸਾਂ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਕਰਨ ਦੀ ਨੀਤੀ ਤੋਂ ਪਿੱਛੇ ਹਟਣ ਦੀਆਂ ਤਿਆਰੀਆਂ ਕਰ ਰਹੀ ਹੈ। ਇਸ ਦੀ ਗਵਾਹੀ ਸ਼ਾਂਤਾ ਕੁਮਾਰ ਕਮੇਟੀ ਦੀ ਰਿਪੋਰਟ ਤੋਂ ਮਿਲਦੀ ਹੈ ਜਿਸ ਵਿਚ ਇਹ ਸਲਾਹ ਦਿੱਤੀ ਗਈ ਹੈ ਕਿ ਸਰਕਾਰ ਨੂੰ ਸਿਰਫ ਉਨਾ ਅਨਾਜ ਹੀ ਖਰੀਦਣਾ ਚਾਹੀਦਾ ਹੈ ਜਿੰਨਾ ਜਨਤਕ ਵੰਡ ਪ੍ਰਣਾਲੀ ਲਈ ਚਾਹੀਦਾ ਹੋਵੇ। ਸਪੱਸ਼ਟ ਹੈ ਜੇ ਇਸ ਸਿਫਾਰਸ਼ 'ਤੇ ਅਮਲ ਕੀਤਾ ਜਾਂਦਾ ਹੈ ਤਾਂ ਸਰਕਾਰ ਮੰਡੀ ਵਿਚ ਆਉਣ ਵਾਲੀ ਕਣਕ ਤੇ ਝੋਨੇ ਦੀ ਪੂਰੀ ਫਸਲ ਵੀ ਨਹੀਂ ਖਰੀਦੇਗੀ। ਕਈ ਮਾਹਿਰਾਂ ਦੀ ਰਾਏ ਹੈ ਕਿ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਵਿਚੋਂ ਕਣਕ ਤੇ ਝੋਨੇ ਦੀ ਫਸਲ ਪੂਰੀ ਤਰ੍ਹਾਂ ਖਰੀਦਣ ਨਾਲ ਸਿਰਫ ਦੇਸ਼ ਦੇ 6 ਫੀਸਦੀ ਕਿਸਾਨਾਂ ਨੂੰ ਫਾਇਦਾ ਮਿਲਦਾ ਹੈ ਅਤੇ ਇਸ ਲਈ ਸਰਕਾਰ ਨੂੰ ਇਸ ਦੀ ਖਰੀਦ ਤੋਂ ਪਿੱਛੇ ਹਟਦਿਆਂ ਇਸ ਖਰੀਦ ਨੂੰ ਮੰਡੀ ਦੇ ਅਸੂਲਾਂ ਅਨੁਸਾਰ ਢਾਲਣਾ ਚਾਹੀਦਾ ਹੈ। ਜੇ ਅਜਿਹੀ ਸਲਾਹ ਮੰਨੀ ਜਾਂਦੀ ਹੈ ਤਾਂ ਇਸ ਖਿੱਤੇ ਦੇ ਕਿਸਾਨਾਂ ਲਈ ਬਹੁਤ ਘਾਟੇਵੰਦ ਸੌਦਾ ਹੋਵੇਗਾ। ਖੇਤੀ ਮਾਹਿਰਾਂ ਮੁਤਾਬਕ ਸਰਕਾਰ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਵਿਚ ਅਸਮਰੱਥ ਰਹੀ ਹੈ। ਵਿਕਸਤ ਦੇਸ਼ਾਂ ਵਿਚ ਕਿਸਾਨਾਂ ਨੂੰ ਵਾਤਾਵਰਨ ਦੀ ਸੁਰੱਖਿਆ ਅਤੇ ਕਈ ਹੋਰ ਨੀਤੀਆਂ ਅਨੁਸਾਰ ਰਾਹਤ ਤੇ ਸਹਾਇਤਾ ਦਿੱਤੀ ਜਾਂਦੀ ਹੈ ਪਰ ਭਾਰਤ ਵਿਚ ਅਜਿਹੀ ਕੋਈ ਨੀਤੀ ਨਹੀਂ ਹੈ।

**ਭੋਜਨ ਸੁਰੱਖਿਆ ਢਾਂਚੇ ਨੂੰ ਕਮਜ਼ੋਰ ਕਰਦੇ ਨੇ ਖੇਤੀ ਕਾਨੂੰਨ:** ਕਾਂਗਰਸ ਨੇ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਕਾਨੂੰਨ ਭੋਜਨ ਸੁਰੱਖਿਆ ਢਾਂਚੇ ਨੂੰ ਕਮਜ਼ੋਰ ਕਰਦੇ ਹਨ। ਪਾਰਟੀ ਨੇ ਸਾਰੀਆਂ ਵਿਰੋਧੀ ਧਿਰਾਂ ਨੂੰ ਰਲ ਕੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ ਲਈ ਕਿਹਾ ਹੈ। ਕਾਂਗਰਸੀ ਆਗੂ ਤੇ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਨੇ ਕਿਹਾ ਕਿ ਕਾਂਗਰਸ ਦਾ 2019 ਦਾ ਚੋਣ ਮਨੋਰਥ ਪੱਤਰ (ਮੈਨੀਫੈਸਟੋ) ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.), ਸਰਕਾਰੀ ਖਰੀਦ ਤੇ ਜਨਤਕ ਵੰਡ ਢਾਂਚੇ (ਪੀ.ਡੀ.ਐਸ.) ਦੇ ਮੁਢਲੇ ਸਿਧਾਂਤਾਂ ਉਤੇ ਅਧਾਰਿਤ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਬੁਲਾਰਿਆਂ ਨੇ ਕਾਂਗਰਸ ਦੇ ਮੈਨੀਫੈਸਟੋ ਨੂੰ 'ਜਾਣਬੁੱਝ ਕੇ ਗਲਤ ਭਾਵਨਾ ਨਾਲ ਤੋੜ-ਮਰੋੜ' ਕੇ ਪੇਸ਼ ਕੀਤਾ ਹੈ।


## Matrimonials

### ਲੜਕੀ ਦੀ ਲੋੜ ਹੈ

ਸਰਸਵਤ ਬ੍ਰਾਹਮਣ (ਤਲਾਕਸ਼ੁਦਾ), ਉਮਰ 35 ਸਾਲ, 5'-8", ਯੂ. ਐਸ. ਏ. ਵਿਚ ਵਰਕ ਪਰਮਿਟ 'ਤੇ, ਟਰੱਕ ਡਰਾਈਵਰ ਲੜਕੇ ਲਈ ਕੈਨੇਡੀਅਨ-ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਭਾਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। 15 ਏਕੜ ਕਮਰਸ਼ੀਅਲ ਜ਼ਮੀਨ ਤੇ ਚਾਰ ਦੁਕਾਨਾਂ ਹਨ। ਸੰਪਰਕ ਕਰੋ, ਫੋਨ: 91-85095 80002 (ਇੰਡੀਆ) ਜਾਂ 785-213-2555 (ਅਮਰੀਕਾ)। 37-40

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com 30-33

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

### ਲੜਕੇ ਦੀ ਲੋੜ ਹੈ

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com 36-39

Looking for a well-settled and educated boy in America for a beautiful US born Hindu Nai girl of 31 yrs, 5'-2", Masters in English and a JD (law) degree, Divorced with 1 child. Whole family is well-settled in New York. Please contact, Ph: 347-252-6400 34-37

To Advertise with Punjab Times
Call: 847-359-0746


## ਹਰਸਿਮਰਤ ਨੇ ਅਸਤੀਫਾ ਦੇ ਕੇ ਅਕਾਲੀ ਦਲ ਦਾ ਇਤਿਹਾਸ ਕਾਇਮ ਰੱਖਿਆ: ਅਮਰੀਕ ਸਿੰਘ ਸ਼ਿਕਾਗੋ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਦੇ ਚੀਫ ਮੀਡੀਆ ਕੋਆਰਡੀਨੇਟਰ ਅਤੇ ਕੋਰ ਕਮੇਟੀ ਮੈਂਬਰ ਅਮਰੀਕ ਸਿੰਘ ਸ਼ਿਕਾਗੋ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਮੁੱਚਾ ਅਮਰੀਕਾ ਯੂਨਿਟ ਬੀਬਾ ਹਰਸਿਮਰਤ ਕੌਰ ਬਾਦਲ ਵਲੋਂ ਕੇਂਦਰੀ ਮੰਤਰੀ ਮੰਡਲ ਤੋਂ ਦਿੱਤੇ ਅਸਤੀਫੇ ਦਾ ਸਵਾਗਤ ਕਰਦਾ ਹੈ।

ਉਨ੍ਹਾਂ ਕਿਹਾ ਕਿ ਬੀਬਾ ਬਾਦਲ ਨੇ ਅਸਤੀਫਾ ਦੇ ਕੇ ਸ਼੍ਰੋਮਣੀ ਅਕਾਲੀ ਦਲ ਦੇ ਸ਼ਾਨਾਂਮੱਤੇ ਇਤਿਹਾਸ ਨੂੰ ਕਾਇਮ ਰੱਖਿਆ ਹੈ। ਪੰਜਾਬ ਦੇ ਕਿਸਾਨਾਂ ਦੇ ਹਿਤ ਵਿਚ ਕੀਤੇ ਬੀਬਾ ਬਾਦਲ ਅਤੇ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਫੈਸਲੇ 'ਤੇ ਸਮੁੱਚੇ ਯੂਨਿਟ ਨੂੰ ਮਾਣ ਹੈ। ਇਸ ਫੈਸਲੇ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਐਨ. ਆਰ. ਆਈਜ਼ ਯੂਨਿਟ ਦੇ ਆਗੂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬੀਬਾ ਹਰਸਿਮਰਤ ਕੌਰ ਬਾਦਲ ਨਾਲ ਚੱਟਾਨ ਵਾਂਗ ਖੜ੍ਹੇ ਹਨ। ਅਮਰੀਕ ਸਿੰਘ ਸ਼ਿਕਾਗੋ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਕਿਸਾਨਾਂ ਦੀ



ਅਮਰੀਕ ਸਿੰਘ ਸ਼ਿਕਾਗੋ

ਪਾਰਟੀ ਹੈ ਅਤੇ ਕਿਸਾਨਾਂ ਦੇ ਹਿਤਾਂ ਲਈ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹੈ।

## ਪੰਜਾਬ ਤੇ ਮਿਜ਼ੋਰਮ ਦੇਸ਼ ਦੇ ਸਭ ਤੋਂ ਖੁਸ਼ਹਾਲ ਸੂਬੇ


**ਨਵੀਂ ਦਿੱਲੀ:** ਦੇਸ਼ ਵਿਚ ਸਭ ਤੋਂ ਖੁਸ਼ਹਾਲ ਲੋਕ ਮਿਜ਼ੋਰਮ, ਪੰਜਾਬ ਅਤੇ ਅੰਡੇਮਾਨ ਅਤੇ ਨਿਕੋਬਾਰ ਵਿਚ ਹਨ। ਇਹ ਖੁਲਾਸਾ ਪਹਿਲੀ ਸਾਲਾਨਾ ਇੰਡੀਆ ਹੈਪੀਨੈੱਸ ਰਿਪੋਰਟ ਵਿਚ ਕੀਤਾ ਗਿਆ ਹੈ।

ਭਾਰਤ ਦੇ ਪ੍ਰਮੁੱਖ ਪ੍ਰਬੰਧਨ ਰਣਨੀਤੀ ਮਾਹਿਰ ਰਾਜੇਸ਼ ਪਿਲਾਨੀਆ ਵਲੋਂ ਕਰਵਾਏ ਗਏ ਅਧਿਐਨ ਦੌਰਾਨ ਮਾਰਚ ਅਤੇ ਜੁਲਾਈ 2020 ਦੇ ਵਿਚਾਲੇ 16950 ਲੋਕਾਂ 'ਤੇ ਦੇਸ਼ ਵਿਆਪੀ ਸਰਵੇ ਕੀਤਾ ਗਿਆ। ਇਸ ਦੀ ਤਿਆਰ ਕੀਤੀ ਰਿਪੋਰਟ ਵਿਚ ਮਿਜ਼ੋਰਮ, ਪੰਜਾਬ, ਅੰਡੇਮਾਨ ਅਤੇ ਨਿਕੋਬਾਰ ਸਭ ਤੋਂ ਉਪਰ ਹਨ ਜਦ ਕਿ ਉੜੀਸਾ, ਉਤਰਾਖੰਡ ਅਤੇ ਛੱਤੀਸਗੜ੍ਹ ਸਭ ਤੋਂ ਹੇਠਾਂ।

ਵੱਡੇ ਰਾਜਾਂ ਵਿਚੋਂ ਪੰਜਾਬ, ਗੁਜਰਾਤ ਅਤੇ ਤਿਲੰਗਾਨਾ ਖੁਸ਼ਹਾਲੀ ਦੀ ਦਰਜਾਬੰਦੀ ਵਿਚ ਸਭ ਤੋਂ ਅੱਗੇ ਹਨ ਜਦਕਿ ਛੋਟੇ ਰਾਜਾਂ ਵਿਚੋਂ, ਮਿਜ਼ੋਰਮ, ਸਿੱਕਮ ਅਤੇ ਅਰੁਣਾਚਲ ਪ੍ਰਦੇਸ਼ ਚੋਟੀ ਉਤੇ ਹਨ। ਖੋਜ ਨੇ ਅੰਡੇਮਾਨ ਅਤੇ ਨਿਕੋਬਾਰ, ਪੁਡੂਚੇਰੀ ਅਤੇ ਲਕਸ਼ਦੀਪ ਨੂੰ ਸਭ ਤੋਂ ਖੁਸ਼ਹਾਲ ਕੇਂਦਰ ਸ਼ਾਸਿਤ ਪ੍ਰਦੇਸ਼ ਕਰਾਰ ਦਿੱਤਾ ਹੈ।


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Wanted Workers
Need workers for Restaurant and Gas stations In Eureka, CA.
Housing and food provide.
ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਮੁਫਤ
Call, Gurpreet Singh Sohal
Ph: 707-498-9325
redwoodpetroleum@gmail.com
37-40

**Punjab Times**
**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਮੋਦੀ ਸਰਕਾਰ ਵਲੋਂ ਹੁਣ ਡਿਜੀਟਲ ਮੀਡੀਆ ਨੂੰ 'ਨੱਥ' ਪਾਉਣ ਦੀ ਤਿਆਰੀ

**ਨਵੀਂ ਦਿੱਲੀ:** ਕੇਂਦਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਆ 'ਕਦੇ ਕਦਾਈਂ ਹੀ ਆਪਣੀ ਹੱਦ ਉਲੰਘਦੇ ਹਨ', ਪਰ 'ਡਿਜੀਟਲ ਮੀਡੀਆ ਪੂਰੀ ਤਰ੍ਹਾਂ ਬੇਕਾਬੂ ਹੈ।' ਕੇਂਦਰ ਸਰਕਾਰ ਨੇ ਕਿਹਾ ਕਿ ਡਿਜੀਟਲ ਮੀਡੀਆ ਜ਼ਿਆਦਾਤਰ 'ਨੇਮਾਂ ਦੇ ਦਾਇਰੇ ਵਿਚ ਨਹੀਂ ਹੈ।' ਸਰਕਾਰ ਨੇ ਕਿਹਾ ਕਿ ਜੇ ਸਿਖਰਲੀ ਅਦਾਲਤ ਮੁੱਖ ਧਾਰਾ ਦੇ ਇਲੈਕਟ੍ਰੌਨਿਕ ਤੇ ਪ੍ਰਿੰਟ ਮੀਡੀਆ ਲਈ ਹਦਾਇਤਾਂ ਜਾਰੀ ਕਰਨਾ ਲਾਜ਼ਮੀ ਸਮਝਦੀ ਹੈ ਤਾਂ 'ਇਹ ਵੀ ਸਮੇਂ ਦੀ ਮੰਗ ਹੈ' ਕਿ ਇਹ ਅਭਿਆਸ ਪਹਿਲਾਂ ਵੈੱਬ ਅਧਾਰਤ ਡਿਜੀਟਲ ਮੀਡੀਆ ਲਈ ਕੀਤਾ ਜਾਵੇ।

# ਸਿੱਖ 176 ਵਰ੍ਹਿਆਂ ਪਿਛੋਂ ਮਨਾਉਣਗੇ ਪਛਤਾਵਾ ਦਿਵਸ

**ਅੰਮ੍ਰਿਤਸਰ:** ਤਕਰੀਬਨ ਪੌਣੇ ਦੋ ਸਦੀਆਂ ਪਹਿਲਾਂ ਰਾਜਾ ਹੀਰਾ ਸਿੰਘ ਡੋਗਰਾ ਵੱਲੋਂ ਆਪਣੇ ਹੀ ਸਿੱਖ ਭਰਾਵਾਂ 'ਤੇ ਫੌਜਾਂ ਚਾੜ੍ਹ ਕੇ ਮਹਾਰਾਜਾ ਰਣਜੀਤ ਸਿੰਘ ਦੇ ਦੋ ਸਪੁੱਤਰਾਂ ਪ੍ਰਿੰਸ ਕਸ਼ਮੀਰਾ ਸਿੰਘ ਤੇ ਪ੍ਰਿੰਸ ਪਿਸ਼ੌਰਾ ਸਿੰਘ ਤੇ ਮਾਝੇ ਦੀ ਮਹਾਨ ਧਾਰਮਿਕ ਸ਼ਖਸੀਅਤ ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦ ਸਮੇਤ ਹਜ਼ਾਰਾਂ ਸਿੱਖਾਂ ਨੂੰ ਕਤਲ ਕਰਨ ਦੀ ਵਾਪਰੀ ਹਿਰਦੇਵੇਧਕ ਘਟਨਾ ਸਬੰਧੀ ਸਿੱਖ ਪੰਥ ਵੱਲੋਂ 176 ਵਰ੍ਹਿਆਂ ਬਾਅਦ ਅਕਾਲ ਤਖਤ ਸਾਹਿਬ ਵਿਖੇ ਪਸ਼ਚਾਤਾਪ ਸਮਾਗਮ ਕਰਵਾਇਆ ਜਾ ਰਿਹਾ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਇਹ ਪਸ਼ਚਾਤਾਪ ਦਿਵਸ, ਜੋ ਕਿ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਉੱਦਮ ਨਾਲ ਮਨਾਇਆ ਜਾ ਰਿਹਾ ਹੈ, 10 ਅਕਤੂਬਰ ਨੂੰ ਅਕਾਲ ਤਖਤ ਸਾਹਿਬ ਵਿਖੇ ਹੋਣ ਦੀ ਸੰਭਾਵਨਾ ਹੈ ਅਤੇ ਇਸ ਲਈ ਵੱਖ-ਵੱਖ ਸਿੱਖ ਜਥੇਬੰਦੀਆਂ, ਤਖਤ ਸਾਹਿਬਾਨਾਂ, ਟਕਸਾਲਾਂ, ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ ਨੂੰ ਸ਼ਾਮਲ ਹੋਣ ਲਈ ਪੱਤਰ ਭੇਜੇ ਜਾ ਰਹੇ ਹਨ। ਜਾਣਕਾਰੀ ਅਨੁਸਾਰ ਇਹ ਫੈਸਲਾ ਬੀਤੇ ਦਿਨੀਂ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ 'ਚ ਲਿਆ ਗਿਆ ਸੀ।

# ਖੇਤੀ ਕਾਨੂੰਨ: ਮੋਦੀ ਸਰਕਾਰ ਦਾ ਤਖਤ ਹਿਲਾਉਣ ਲਈ ਲਾਮਬੰਦੀ

*(ਸਫਾ ਇਕ ਦੀ ਬਾਕੀ)*

ਗਈ ਹੈ ਕਿ ਸਰਕਾਰ ਚਲਾਉਣ ਲਈ ਕਾਰਪੋਰੇਟ ਜਗਤ ਨਾਲ ਅਜਿਹੀਆਂ ਸੌਦੇਬਾਜ਼ੀਆਂ ਦੇ ਸਿਵਾਏ ਭਾਜਪਾ ਕੋਲ ਹੋਰ ਕੋਈ ਚਾਰਾ ਹੀ ਨਹੀਂ ਬਚਿਆ। ਨੋਟਬੰਦੀ, ਜੀ.ਐਸ.ਟੀ, ਭ੍ਰਿਸ਼ਟਾਚਾਰ ਸਮੇਤ ਭਾਜਪਾ ਸਰਕਾਰ ਦੀਆਂ ਮਾੜੀਆਂ ਰਣਨੀਤੀਆਂ ਅਤੇ ਉਤੋਂ ਕਰੋਨਾ ਮਹਾਮਾਰੀ ਦੀ ਮਾਰ ਨੇ ਦੇਸ਼ ਦੀ ਅਰਥਵਿਵਸਥਾ ਤਬਾਹ ਕਰ ਦਿੱਤੀ ਹੈ। ਹਾਲਾਤ ਇਹ ਬਣ ਰਹੇ ਹਨ ਕਿ ਭਾਜਪਾ ਵੱਲੋਂ ਸਿਆਸੀ ਮੁਫਾਦਾਂ ਲਈ ਸ਼ੁਰੂ ਕੀਤੀਆਂ ਕੁਝ 'ਲੋਕ ਭਲਾਈ' ਸਕੀਮਾਂ ਲਈ ਫੰਡਾਂ ਦਾ ਜੁਗਾੜ ਕਰਨਾ ਔਖਾ ਹੋ ਜਾਵੇਗਾ। ਸਰਕਾਰ ਪੈਸੇ ਦੇ ਜੁਗਾੜ ਲਈ ਹੱਥ ਪੈਰ ਮਾਰ ਰਹੀ ਹੈ।

ਰੇਲਾਂ, ਬੈਂਕਾਂ ਤੋਂ ਲੈ ਕੇ ਤਕਰੀਬਨ ਹਰ ਸਰਕਾਰੀ ਕੰਪਨੀ ਨੂੰ ਪ੍ਰਾਈਵੇਟ ਫਰਮਾਂ ਦੇ ਹੱਥ ਸੌਂਪਿਆ ਜਾ ਰਿਹਾ ਹੈ। ਇਸ ਸਮੇਂ ਖੇਤੀ ਸੈਕਟਰ ਨੂੰ ਛੱਡ ਉਦਯੋਗ ਤੋਂ ਲੈ ਕੇ ਹਰ ਕਾਰੋਬਾਰ ਵਿਚ ਮੰਦੀ ਛਾਈ ਹੋਈ ਹੈ। ਇਸ ਲਈ ਸਰਕਾਰ ਕੋਲ ਖੇਤੀ ਸੈਕਟਰ ਨੂੰ ਕਾਰਪੋਰੇਟ ਜਗਤ ਅੱਗੇ 'ਪੇਸ਼' ਕਰਨ ਤੋਂ ਸਿਵਾਏ ਹੋਰ ਕੋਈ ਚਾਰਾ ਹੀ ਨਹੀਂ ਬਚਿਆ। ਇਹੀ ਕਾਰਨ ਹੈ ਕਿ ਸਰਕਾਰ ਨੇ ਕਰੋਨਾ ਕਾਰਨ ਬਣੇ ਹਾਲਾਤ ਦੀ ਓਟ ਲੈਂਦਿਆਂ ਖੇਤੀ ਸੈਕਟਰ ਕਾਰਪੋਰੇਟ ਘਰਾਣਿਆਂ ਹੱਥ ਸੌਂਪਣ ਲਈ ਕਾਹਲੀ ਨਾਲ ਤਿੰਨ ਆਰਡੀਨੈਂਸ ਜਾਰੀ ਕਰ ਦਿੱਤੇ ਤੇ ਫਿਰ ਹਰ ਹੀਲਾ ਵਰਤ ਕੇ ਸੰਸਦ ਵਿਚ ਪਾਸ ਵੀ ਕਰਵਾ ਲਏ।

ਖੇਤੀ ਖੇਤਰ ਦੇ ਬਹੁਤੇ ਮਾਹਿਰਾਂ ਅਨੁਸਾਰ ਇਹ ਬਿੱਲ ਕਿਸਾਨਾਂ ਦੇ ਹਿੱਤਾਂ ਦੇ ਵਿਰੁੱਧ ਹਨ। ਸਰਕਾਰ ਕਹਿ ਰਹੀ ਹੈ ਕਿ ਕਾਰਪੋਰੇਟ ਕੰਪਨੀਆਂ ਕਿਸਾਨਾਂ ਨਾਲ ਸਿੱਧੇ ਸਮਝੌਤੇ ਕਰ ਕੇ ਕਿਸਾਨਾਂ ਨੂੰ ਵਧੀਆ ਬੀਜ ਅਤੇ ਤਕਨੀਕੀ ਜਾਣਕਾਰੀ ਦੇ ਕੇ ਵੱਧ ਮੁੱਲ 'ਤੇ ਜਿਣਸਾਂ ਖਰੀਦਣਗੀਆਂ। ਕਿਸਾਨ ਸਵਾਲ ਪੁੱਛ ਰਹੇ ਹਨ ਕਿ ਇਹ ਗਾਰੰਟੀ ਕਿੱਥੇ ਹੈ? ਜੇ ਖੁੱਲ੍ਹੀ ਮੰਡੀ ਵਿਚ ਕਿਸਾਨਾਂ ਨੂੰ ਸਮਰਥਨ ਮੁੱਲ ਮਿਲਦਾ ਹੋਵੇ ਤਾਂ ਪੰਜਾਬ ਵਿਚ ਮੱਕੀ ਕਿਉਂ 650-900 ਰੁਪਏ ਪ੍ਰਤੀ ਕੁਇੰਟਲ ਵਿਕ ਰਹੀ ਹੈ ਜਦੋਂਕਿ ਸਮਰਥਨ ਮੁੱਲ 1850 ਰੁਪਏ ਪ੍ਰਤੀ ਕੁਇੰਟਲ ਹੈ। ਬਾਸਮਤੀ ਤੇ ਨਰਮੇ ਦੇ ਵਾਜਬ ਭਾਅ ਨਹੀਂ ਮਿਲ ਰਹੇ।

ਅਸਲ ਵਿਚ, ਕਿਸਾਨ ਬੜੀ ਚੰਗੀ ਤਰ੍ਹਾਂ ਸਮਝਦੇ ਹਨ ਕਿ ਨਵੇਂ ਖੇਤੀ ਕਾਨੂੰਨਾਂ ਕਾਰਨ ਖੇਤੀ ਮੰਡੀਆਂ ਵਿਚ ਕਾਰਪੋਰੇਟ ਅਤੇ ਨਿੱਜੀ ਖੇਤਰ ਦੇ ਦਖਲ ਨਾਲ ਉਨ੍ਹਾਂ ਨੂੰ ਕਣਕ ਤੇ ਝੋਨੇ 'ਤੇ ਮਿਲਣ ਵਾਲਾ ਘੱਟੋ-ਘੱਟ ਸਮਰਥਨ ਮੁੱਲ ਜ਼ਿਆਦਾ ਦੇਰ ਤੱਕ ਮਿਲਣ ਵਾਲਾ ਨਹੀਂ।

ਦੂਸਰੇ ਪਾਸੇ ਕੇਂਦਰ ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਲਈ ਦਿੱਤਾ ਜਾਂਦਾ ਘੱਟੋ-ਘੱਟ ਸਮਰਥਨ ਮੁੱਲ ਜਾਰੀ ਰੱਖਿਆ ਜਾਵੇਗਾ। ਜਦ ਕਿ ਖੇਤੀ ਮਾਹਰਾਂ ਦਾ ਤਰਕ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕਰਨਾ ਇਕ ਵੱਖਰੀ ਗੱਲ ਹੈ ਅਤੇ ਉਸ ਮੁੱਲ 'ਤੇ ਖਰੀਦ ਕਰਨੀ ਬਿਲਕੁਲ ਵੱਖਰਾ ਵਿਸ਼ਾ ਹੈ। ਕੇਂਦਰ ਸਰਕਾਰ 23 ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕਰਦੀ ਹੈ। ਪੰਜਾਬ, ਹਰਿਆਣਾ ਤੇ ਪੱਛਮੀ ਉਤਰ ਪ੍ਰਦੇਸ਼ ਵਿਚ ਕਣਕ ਤੇ ਝੋਨੇ ਨੂੰ ਛੱਡ ਕੇ ਕਿਤੇ ਵੀ ਕਿਸਾਨਾਂ ਦੀਆਂ ਫਸਲਾਂ ਵਾਜਬ ਭਾਅ 'ਤੇ ਨਹੀਂ ਵਿਕਦੀਆਂ।

ਅਸਲ ਵਿਚ, ਨਵੇਂ ਕਾਨੂੰਨ ਸਿਰਫ ਕਿਸਾਨਾਂ ਨੂੰ ਹੀ ਨਹੀਂ ਬਲਕਿ ਸੂਬਾ ਸਰਕਾਰਾਂ ਨੂੰ ਵੀ ਮੋਟਾ ਰਗੜਾ ਲਾਉਣਗੇ। ਪੰਜਾਬ ਨੂੰ ਮੰਡੀਆਂ ਤੋਂ 3630 ਕਰੋੜ ਰੁਪਏ ਦੀ ਆਮਦਨ ਹੁੰਦੀ ਹੈ ਤੇ ਇਹ ਪੈਸਾ ਅੱਗੇ ਕਿਸਾਨਾਂ ਦੀ ਭਲਾਈ ਦੇ ਨਾਲ ਪਿੰਡਾਂ 'ਚ ਬੁਨਿਆਦੀ ਢਾਂਚੇ ਦੀ ਉਸਾਰੀ 'ਤੇ ਖਰਚਿਆ ਜਾਂਦਾ ਹੈ, ਪਰ ਖੇਤੀ ਰਾਜਾਂ ਦਾ ਵਿਸ਼ਾ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਇਸ ਵਿਚ ਦਖਲ ਦੇਣ ਉਤੇ ਉਤਾਰੂ ਹੈ। ਇਹੀ ਕਾਰਨ ਹੈ ਕਿ ਸਰਕਾਰ ਦੀ ਇਸ ਧੱਕੇਸ਼ਾਹੀ ਖਿਲਾਫ ਪੰਜਾਬ ਦਾ ਹਰ ਵਰਗ ਕਿਸਾਨਾਂ ਨਾਲ ਆ ਖੜ੍ਹਾ ਹੋਇਆ ਹੈ ਤੇ ਆਉਣ ਵਾਲੇ ਦਿਨਾਂ ਵਿਚ ਇਹ ਸੰਘਰਸ਼ ਮੋਦੀ ਸਰਕਾਰ ਦੀਆਂ ਚੂਲਾਂ ਹਿਲਾਉਣ ਵਾਲਾ ਸਾਬਤ ਹੋ ਸਕਦਾ ਹੈ।

## ਜਲ ਸੈਨਾ ਦੀਆਂ ਦੋ ਮਹਿਲਾ ਅਧਿਕਾਰੀ ਉਡਾਉਣਗੀਆਂ ਜੰਗੀ ਹੈਲੀਕਾਪਟਰ

**ਕੋਚੀ:** ਸਬ ਲੈਫਟੀਨੈਂਟ ਕੁਮੁਦਿਨੀ ਤਿਆਗੀ ਤੇ ਰਿਤੀ ਸਿੰਘ ਦੇਸ਼ ਦੀਆਂ ਪਹਿਲੀਆਂ ਮਹਿਲਾ ਅਧਿਕਾਰੀ ਹਨ, ਜਿਨ੍ਹਾਂ ਦੀ ਭਾਰਤੀ ਜਲ ਸੈਨਾ ਦੀ ਹੈਲੀਕਾਪਟਰ ਸਟ੍ਰੀਮ ਵਿਚ ਆਬਜ਼ਰਵਰ (ਏਅਰਬੋਰਨ ਟੈਕਟਿਸ਼ੀਅਨਜ਼) ਵਜੋਂ ਚੋਣ ਕੀਤੀ ਗਈ ਹੈ। ਇਸ ਚੋਣ ਨਾਲ ਦੋਵਾਂ ਦੀ ਜੰਗੀ ਜਹਾਜ਼ਾਂ 'ਚ ਤਾਇਨਾਤੀ ਲਈ ਰਾਹ ਪੱਧਰਾ ਹੋ ਜਾਵੇਗਾ। ਇਸ ਤੋਂ ਪਹਿਲਾਂ ਜਲ ਸੈਨਾ ਵਿਚ ਮਹਿਲਾਵਾਂ ਦਾ ਦਾਖਲਾ ਫਿਕਸਡ ਵਿੰਗ ਏਅਰਕ੍ਰਾਫਟ ਤੱਕ ਹੀ ਸੀਮਤ ਸੀ। ਇਹ ਦੋਵੇਂ ਜਲਸੈਨਾ ਦੇ ਉਨ੍ਹਾਂ 17 ਅਧਿਕਾਰੀਆਂ, ਜਿਨ੍ਹਾਂ ਵਿਚ ਭਾਰਤੀ ਕੋਸਟ ਗਾਰਡ ਦੇ ਚਾਰ ਮਹਿਲਾ ਅਧਿਕਾਰੀ ਤੇ ਤਿੰਨ ਅਧਿਕਾਰੀ ਵੀ ਸ਼ਾਮਲ ਹਨ, ਦੇ ਸਮੂਹ ਦਾ ਹਿੱਸਾ ਹਨ, ਜਿਨ੍ਹਾਂ ਨੂੰ ਆਈ.ਐਨ.ਐਸ. ਗਰੁੜ 'ਤੇ ਇਕ ਰਸਮ ਦੌਰਾਨ 'ਆਬਜ਼ਰਵਰ' ਵਜੋਂ ਗਰੈਜੂਏਟ ਹੋਣ ਮੌਕੇ 'ਵਿੰਗਜ਼' ਦਾ ਐਵਾਰਡ ਦਿੱਤਾ ਗਿਆ।

# ਕੇਂਦਰ ਨੇ ਕਣਕ ਦੀ ਐਮ.ਐਸ.ਪੀ. 50 ਰੁਪਏ ਪ੍ਰਤੀ ਕੁਇੰਟਲ ਵਧਾਈ

**ਨਵੀਂ ਦਿੱਲੀ:** ਸਰਕਾਰ ਨੇ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 50 ਰੁਪਏ ਪ੍ਰਤੀ ਕੁਇੰਟਲ ਵਧਾ ਦਿੱਤਾ ਹੈ। ਇਸ ਵਾਧੇ ਨਾਲ ਕਣਕ ਦਾ ਘੱਟੋ-ਘੱਟ ਭਾਅ 1975 ਰੁਪਏ ਪ੍ਰਤੀ ਕੁਇੰਟਲ ਹੋ ਜਾਵੇਗਾ। ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਇਹ ਐਲਾਨ ਲੋਕ ਸਭਾ ਵਿਚ ਕੀਤਾ, ਹਾਲਾਂਕਿ ਐਮ.ਐਸ.ਪੀ. ਵਧਾਉਣ ਦਾ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਨੇ ਲਿਆ। ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਦਾ ਐਲਾਨ ਅਜਿਹੇ ਮੌਕੇ ਕੀਤਾ ਗਿਆ ਹੈ ਜਦੋਂ ਕਿ ਪੰਜਾਬ ਤੇ ਹਰਿਆਣਾ ਦੇ ਬਹੁਤੇ ਕਿਸਾਨ ਤੇ ਵਿਰੋਧੀ ਪਾਰਟੀਆਂ ਸੰਸਦ ਦੇ ਦੋਵਾਂ ਸਦਨਾਂ ਵਿਚ ਪਾਸ ਹੋਏ ਅਹਿਮ ਖੇਤੀ ਬਿੱਲਾਂ ਦੇ ਵਿਰੋਧ ਵਿਚ ਸੜਕਾਂ 'ਤੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ।

ਉਧਰ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਸਦ ਵਿਚ ਨਵੇਂ ਖੇਤੀ ਬਿੱਲਾਂ ਦੇ ਪਾਸ ਹੋਣ ਨਾਲ ਘੱਟੋ-ਘੱਟ ਸਮਰਥਨ ਮੁੱਲ ਖਤਮ ਹੋਣ ਬਾਰੇ ਕਿਸਾਨਾਂ ਵਿਚ ਵੱਧ ਰਹੇ ਖਦਸ਼ਿਆਂ ਦੇ ਦਰਮਿਆਨ ਕਣਕ ਅਤੇ ਹਾੜ੍ਹੀ ਦੀਆਂ ਹੋਰ ਪੰਜ ਫਸਲਾਂ ਦੇ ਭਾਅ ਵਿਚ ਕੀਤੇ ਨਿਗੂਣੇ ਵਾਧੇ ਨੂੰ ਕੋਝਾ ਮਜ਼ਾਕ ਕਰਾਰ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਖੇਤੀ ਬਿੱਲਾਂ 'ਤੇ ਕਿਸਾਨਾਂ ਦੇ ਰੋਸ ਪ੍ਰਦਰਸ਼ਨਾਂ ਦੀ ਖਿੱਲੀ ਉਡਾਈ ਹੈ। ਇਹ ਖੇਤੀ ਬਿੱਲ ਆਖਰ ਵਿਚ ਘੱਟੋ-ਘੱਟ ਸਮਰਥਨ ਮੁੱਲ ਦਾ ਅੰਤ ਕਰਨ ਅਤੇ ਭਾਰਤੀ ਖੁਰਾਕ ਨਿਗਮ ਦੇ ਖਾਤਮੇ ਲਈ ਰਾਹ ਸਾਫ ਕਰ ਦੇਣਗੇ।

ਕੈਪਟਨ ਨੇ ਕਿਹਾ ਕਿ ਜੇ ਭਾਜਪਾ ਸਰਕਾਰ ਇਹ ਸੋਚਦੀ ਹੈ ਕਿ ਉਹ ਇਸ ਤੁੱਛ ਵਾਧੇ ਨਾਲ ਸੜਕਾਂ ਉਤੇ ਉਤਰੇ ਕਿਸਾਨਾਂ ਨੂੰ ਸ਼ਾਂਤ ਕਰ ਲਵੇਗੀ ਤਾਂ ਉਹ ਜ਼ਮੀਨੀ ਹਕੀਕਤ ਤੋਂ ਪੂਰੀ ਤਰ੍ਹਾਂ ਅਣਜਾਣ ਹੈ। ਕਿਸਾਨ ਮੰਗ ਕਰ ਰਹੇ ਹਨ ਉਨ੍ਹਾਂ ਨੂੰ ਇਸ ਗੱਲ ਦੀ ਲਿਖਤੀ ਗਾਰੰਟੀ ਦਿੱਤੀ ਜਾਵੇ ਕਿ ਘੱਟੋ-ਘੱਟ ਸਮਰਥਨ ਭਾਅ ਨਾਲ ਛੇੜਛਾੜ ਨਹੀਂ ਕੀਤੀ ਜਾਵੇਗੀ ਪਰ ਬਾਵਜੂਦ ਇਸ ਦੇ ਕੇਂਦਰ ਸਰਕਾਰ ਉਨ੍ਹਾਂ ਲਈ ਅਜਿਹੀਆਂ ਨਿਕੰਮੀਆਂ ਪੇਸ਼ਕਸ਼ਾਂ ਲੈ ਕੇ ਆ ਰਹੀ ਹੈ।

## ਐਤਕੀਂ ਅਕਾਲੀ ਦਲ ਨੇ ਵੀ ਕਣਕ ਦੇ ਭਾਅ 'ਚ ਮਾਮੂਲੀ ਵਾਧੇ ਨੂੰ ਨਕਾਰਿਆ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਵੱਲੋਂ ਕਣਕ ਦੇ ਸਮਰਥਨ ਮੁੱਲ 'ਚ ਕੀਤੇ 50 ਰੁਪਏ ਕਵਿੰਟਲ ਦੇ ਵਾਧੇ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਹੈ ਕਿ ਇਹ ਮਾਮੂਲੀ ਵਾਧਾ ਪਹਿਲਾਂ ਸੰਘਰਸ਼ ਕਰ ਰਹੇ ਕਿਸਾਨਾਂ ਦੇ ਜ਼ਖਮਾਂ ਉਤੇ ਲੂਣ ਛਿੜਕਣ ਬਰਾਬਰ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਕਿਸਾਨ ਵਾਜਬ ਕੀਮਤਾਂ ਨਾ ਮਿਲਣ ਕਾਰਨ ਪਹਿਲਾਂ ਹੀ ਕਰਜ਼ੇ ਦੇ ਜਾਲ 'ਚ ਫਸੇ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ ਤੇ ਕੇਂਦਰ ਸਰਕਾਰ ਦਾ ਇਹ ਫੈਸਲਾ ਉਨ੍ਹਾਂ 'ਚ ਹੋਰ ਨਿਰਾਸ਼ਾ ਪੈਦਾ ਕਰੇਗਾ।

## ਮੋਦੀ ਦੀਆਂ 58 ਦੇਸ਼ਾਂ ਦੀਆਂ ਯਾਤਰਾਵਾਂ 'ਤੇ 517.82 ਕਰੋੜ ਖਰਚੇ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਾਰਚ 2015 ਤੋਂ ਨਵੰਬਰ 2019 ਦਰਮਿਆਨ ਕੁੱਲ 58 ਦੇਸ਼ਾਂ ਦਾ ਦੌਰਾ ਕੀਤਾ ਅਤੇ ਇਨ੍ਹਾਂ ਫੇਰੀਆਂ ਉਤੇ ਕੁੱਲ 517.82 ਕਰੋੜ ਰੁਪਏ ਖਰਚ ਕੀਤੇ ਗਏ।

ਇਹ ਜਾਣਕਾਰੀ ਸੰਸਦ ਵਿਚ ਦਿੱਤੀ ਗਈ। ਰਾਜ ਸਭਾ ਨੂੰ ਲਿਖਤੀ ਜਵਾਬ ਦਿੰਦੇ ਹੋਏ ਵਿਦੇਸ਼ ਰਾਜ ਰਾਜ ਮੰਤਰੀ ਵੀ ਮੁਰਲੀਧਰਨ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਦੀਆਂ ਇਨ੍ਹਾਂ ਯਾਤਰਾਵਾਂ ਨਾਲ ਦੁਵੱਲੇ, ਖੇਤਰੀ ਅਤੇ ਵਿਸ਼ਵਵਿਆਪੀ ਮੁੱਦਿਆਂ 'ਤੇ ਭਾਰਤ ਦੇ ਦ੍ਰਿਸ਼ਟੀਕੋਣ ਬਾਰੇ ਹੋਰ ਦੇਸ਼ਾਂ ਨੂੰ ਜਾਣੂ ਕਰਵਾਇਆ। ਰਾਸ਼ਟਰਵਾਦੀ ਕਾਂਗਰਸ ਪਾਰਟੀ ਦੀ ਫੌਜ਼ੀਆ ਖਾਨ ਨੇ ਸਰਕਾਰ ਤੋਂ ਪੁੱਛਿਆ ਕਿ ਸਾਲ 2015 ਤੋਂ ਅੱਜ ਤੱਕ ਪ੍ਰਧਾਨ ਮੰਤਰੀ ਨੇ ਕਿੰਨੇ ਦੇਸ਼ਾਂ ਦਾ ਦੌਰਾ ਕੀਤਾ ਤੇ ਇਨ੍ਹਾਂ 'ਤੇ ਕਿੰਨੀ ਰਾਸ਼ੀ ਖਰਚ ਹੋਈ।

## ਜੀ. ਸੀ.-376 ਦਵਾਈ ਕੋਵਿਡ-19 ਇਲਾਜ 'ਚ ਅਸਰਦਾਰ ਹੋਣ ਦੀ ਸੰਭਾਵਨਾ

**ਟੋਰਾਂਟੋ:** ਬਿੱਲੀਆਂ 'ਚ ਮਾਰੂ ਕਰੋਨਾ ਵਾਇਰਸ ਦੇ ਇਲਾਜ ਲਈ ਵਰਤੀ ਜਾਂਦੀ ਦਵਾਈ ਐਸ.ਏ.ਆਰ.ਐਸ-ਸੀ.ਓ.ਵੀ-2 (ਕੋਵਿਡ-19) ਦੇ ਇਲਾਜ 'ਚ ਅਸਰਦਾਰ ਹੋ ਸਕਦੀ ਹੈ। ਇਹ ਸੰਭਾਵਨਾ ਜਨਰਲ 'ਨੇਚਰ ਕਮਿਊਨੀਕੇਸ਼ਨ' ਵਿਚ ਪ੍ਰਕਾਸ਼ਿਤ ਇਕ ਸਟੱਡੀ 'ਚ ਪ੍ਰਗਟਾਈ ਗਈ, ਜਿਸ ਵਿਚ ਪੋਟੀਜ਼ ਰੋਕਣ ਵਾਲੀ ਦਵਾਈ, ਜਿਸ ਨੂੰ ਜੀ.ਸੀ.376 ਕਿਹਾ ਜਾਂਦਾ ਹੈ, ਦੇ ਮਨੁੱਖਾਂ ਉਤੇ ਕਲੀਨੀਕਲ ਪ੍ਰੀਖਣ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਯੂਨੀਵਰਸਿਟੀ ਆਫ ਅਲਬਰਟਾ (ਕੈਨੇਡਾ) ਦੇ ਇਕ ਪ੍ਰੋਫੈਸਰ ਜੋਏਨ ਲੀਮਕਸ ਨੇ ਕਿਹਾ, ਇਹ ਦਵਾਈ ਮਨੁੱਖਾਂ 'ਤੇ ਅਸਰ ਕਰ ਸਕਦੀ ਹੈ, ਇਸ ਕਰਕੇ ਅਸੀਂ ਉਤਸ਼ਾਹਿਤ ਹਾਂ ਕਿ ਇਹ ਕੋਵਿਡ-19 ਮਰੀਜ਼ਾਂ ਲਈ ਅਸਰਦਾਰ ਇਲਾਜ ਸਾਬਤ ਹੋਵੇਗੀ।

## ਸੰਸਦ 'ਚ ਜੰਮੂ ਕਸ਼ਮੀਰ 'ਚ ਪੰਜਾਬੀ ਭਾਸ਼ਾ ਹਟਾਉਣ ਦਾ ਮੁੱਦਾ ਗੂੰਜਿਆ

**ਨਵੀਂ ਦਿੱਲੀ:** ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਦੀਆਂ ਅਧਿਕਾਰਤ ਭਾਸ਼ਾਵਾਂ 'ਚ ਪੰਜਾਬੀ ਭਾਸ਼ਾ ਨੂੰ ਸ਼ਾਮਲ ਨਾ ਕਰਨ ਦਾ ਮੁੱਦਾ ਸੰਸਦ ਵਿਚ ਛਾਇਆ ਰਿਹਾ। ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਉਪਰਲੇ ਸਦਨ 'ਚ ਇਹ ਮੁੱਦਾ ਉਠਾਉਂਦੇ ਹੋਏ ਕਿਹਾ ਕਿ ਜੰਮੂ ਕਸ਼ਮੀਰ 'ਚ ਵੱਡੀ ਗਿਣਤੀ ਵਿਚ ਪੰਜਾਬੀ ਭਾਸ਼ਾ ਬੋਲਣ ਵਾਲੇ ਲੋਕ ਰਹਿੰਦੇ ਹਨ।

ਪਹਿਲਾਂ ਜੰਮੂ ਕਸ਼ਮੀਰ ਸੂਬੇ ਨੇ ਵੀ ਭਾਸ਼ਾਵਾਂ ਨੂੰ ਸੂਬੇ ਦੀਆਂ ਖੇਤਰੀ ਭਾਸ਼ਾਵਾਂ ਦਾ ਦਰਜਾ ਦਿੱਤਾ ਸੀ ਜਿਸ 'ਚ ਪੰਜਾਬੀ ਵੀ ਸ਼ਾਮਲ ਸੀ। ਬਾਜਵਾ ਨੇ ਸਦਨ 'ਚ ਮੁੱਦਾ ਉਠਾਉਣ ਦੇ ਨਾਲ ਇਸ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਚਿੱਠੀ ਲਿਖੀ। ਕਾਂਗਰਸੀ ਆਗੂ ਨੇ ਜੰਮੂ ਕਸ਼ਮੀਰ ਅਤੇ ਪੰਜਾਬ ਦੇ ਲੰਮੇ ਇਤਿਹਾਸਕ ਸਬੰਧਾਂ ਦਾ ਹਵਾਲਾ ਦਿੰਦਿਆਂ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਪੰਜਾਬੀ ਦੀ ਅਹਿਮੀਅਤ ਦਾ ਜ਼ਿਕਰ ਕੀਤਾ। ਬਾਜਵਾ ਨੇ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਤੋਂ ਜੰਮੂ ਕਸ਼ਮੀਰ 'ਚ ਪੰਜਾਬੀ ਭਾਸ਼ਾ ਦੀ ਮਹੱਤਤਾ ਸਬੰਧੀ ਜਾਣਕਾਰੀ ਦਿੰਦਿਆਂ ਅਪੀਲ ਕੀਤੀ ਕਿ ਪੰਜਾਬੀ ਨੂੰ ਵੀ ਜੰਮੂ ਕਸ਼ਮੀਰ ਦੀਆਂ ਅਧਿਕਾਰਤ ਭਾਸ਼ਾਵਾਂ 'ਚ ਸ਼ਾਮਲ ਕੀਤਾ ਜਾਵੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਹੋਮਿਓਪੈਥੀ ਤੇ ਭਾਰਤੀ ਦਵਾਈਆਂ ਲਈ ਕੇਂਦਰੀ ਪਰਿਸ਼ਦਾਂ ਸਬੰਧੀ ਦੋ ਬਿੱਲ ਰਾਜ ਸਭਾ 'ਚ ਪਾਸ

**ਨਵੀਂ ਦਿੱਲੀ:** ਕੇਂਦਰੀ ਹੋਮਿਓਪੈਥੀ ਪਰਿਸ਼ਦ ਅਤੇ ਭਾਰਤੀ ਮੈਡੀਸਿਨ ਸੈਂਟਰਲ ਕੌਂਸਲ ਨਾਲ ਸਬੰਧਤ ਦੋ ਆਰਡੀਨੈਂਸਾਂ ਦੀ ਥਾਂ ਲੈਣ ਵਾਲੇ ਦੋ ਬਿੱਲਾਂ ਨੂੰ ਰਾਜ ਸਭਾ ਨੇ ਪ੍ਰਵਾਨਗੀ ਦੇ ਦਿੱਤੀ। ਹੋਮਿਓਪੈਥੀ ਕੇਂਦਰੀ ਪਰਿਸ਼ਦ (ਸੋਧ) ਬਿੱਲ 2020 'ਚ ਕੇਂਦਰੀ ਹੋਮਿਓਪੈਥੀ ਪਰਿਸ਼ਦ ਦੇ ਗਠਨ ਲਈ ਸਮਾਂ ਸੀਮਾ ਇਕ ਹੋਰ ਸਾਲ ਵਧਾਈ ਗਈ ਹੈ।

ਪਹਿਲਾਂ ਇਸ ਲਈ ਦੋ ਸਾਲ ਦਾ ਸਮਾਂ ਦਿੱਤਾ ਜਾ ਚੁੱਕਾ ਹੈ। ਭਾਰਤੀ ਮੈਡੀਸਿਨ ਸੈਂਟਰਲ ਕੌਂਸਲ (ਸੋਧ) ਬਿੱਲ 2020 'ਚ ਕੇਂਦਰੀ ਪ੍ਰੀਸ਼ਦ ਦੇ ਪੁਨਰਗਠਨ ਲਈ ਇਕ ਸਾਲ ਦੇ ਸਮੇਂ ਦੀ ਤਜਵੀਜ਼ ਕੀਤੀ ਗਈ ਹੈ ਅਤੇ ਅੰਤਰਿਮ ਸਮੇਂ 'ਚ ਬੋਰਡ ਆਫ ਡਾਇਰੈਕਟਰਸ ਉਸ ਦੇ ਹੱਕਾਂ ਦੀ ਵਰਤੋਂ ਕਰਨਗੇ। ਦੋਵੇਂ ਬਿੱਲਾਂ ਉਤੇ ਬਹਿਸ ਮਗਰੋਂ ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰੀ ਡਾਕਟਰ ਹਰਸ਼ ਵਰਧਨ ਨੇ ਕਿਹਾ ਕਿ ਸਰਕਾਰ ਦੇਸ਼ ਦੇ ਹਰ ਨਾਗਰਿਕ ਨੂੰ ਵਧੀਆ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਬਿੱਲਾਂ ਜ਼ਰੀਏ ਨਾ ਤਾਂ ਆਯੁਰਵੈਦ ਅਤੇ ਨਾ ਹੀ ਹੋਮਿਓਪੈਥੀ ਵਿਚਕਾਰ ਕਿਸੇ ਤਰ੍ਹਾਂ ਦੇ 'ਬ੍ਰਿਜ ਕੋਰਸ' ਦੀ ਵਿਵਸਥਾ ਹੈ ਅਤੇ ਨਾ ਹੀ ਇਸ ਨਾਲ ਕਿਸੇ ਤਰ੍ਹਾਂ ਦੀ ਖੁਦਮੁਖਤਿਆਰੀ ਉਤੇ ਅਸਰ ਪਵੇਗਾ।

ਤ੍ਰਿਣਮੂਲ ਕਾਂਗਰਸ ਦੇ ਸ਼ਾਂਤਨੂੰ ਸੇਨ ਨੇ ਹੋਮਿਓਪੈਥੀ ਕੌਂਸਲ ਦੇ ਸੱਤ ਮੈਂਬਰੀ ਬੋਰਡ ਆਫ ਗਵਰਨਰ ਦੀ ਤੁਲਨਾ 'ਗੰਧਾਰੀ' ਨਾਲ ਕੀਤੀ। ਉਨ੍ਹਾਂ ਕਿਹਾ ਕਿ 'ਸੱਤ ਗੰਧਾਰੀਆਂ' ਸਿਹਤ ਨੇਮਾਂ ਬਾਰੇ 'ਧ੍ਰਿਤਰਾਸ਼ਟਰ' ਤੋਂ ਨਿਰਦੇਸ਼ ਲੈਣਗੀਆਂ। ਕਾਂਗਰਸ ਆਗੂ ਰਿਪੁਨ ਬੋਰਾ ਨੇ ਕਿਹਾ ਕਿ ਸਰਕਾਰ ਸੈਂਟਰਲ ਕੌਂਸਲ ਆਫ ਹੋਮਿਓਪੈਥੀ ਦੇ ਗਠਨ ਲਈ ਤਿੰਨ ਸਾਲ ਦਾ ਸਮਾਂ ਕਿਉਂ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਆਯੁਸ਼ ਮੰਤਰਾਲੇ ਨੇ ਇਸ 'ਤੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਆਰ.ਬੀ.ਆਈ, ਯੂ.ਜੀ.ਸੀ. ਅਤੇ ਜੰਮੂ ਕਸ਼ਮੀਰ ਦੀ ਖੁਦਮੁਖਤਿਆਰੀ ਆਪਣੇ ਹੱਥਾਂ 'ਚ ਲੈ ਲਈ ਹੈ ਅਤੇ ਹੁਣ ਮੈਡੀਕਲ ਨਾਲ ਜੁੜੇ ਧੰਦਿਆਂ ਨੂੰ ਵੀ ਆਪਣੇ ਕਬਜ਼ੇ 'ਚ ਕੀਤਾ ਜਾ ਰਿਹਾ ਹੈ ਜਿਸ ਦਾ ਉਹ ਵਿਰੋਧ ਕਰਦੇ ਹਨ।

# ਕਰਤਾਰਪੁਰ ਵਾਸੀ ਵਲੋਂ 1.29 ਕਰੋੜ ਦੀ ਕਲਗੀ ਗੁਰੂ ਘਰ ਨੂੰ ਭੇਟ

**ਕਰਤਾਰਪੁਰ:** ਕਰਤਾਰਪੁਰ ਦੇ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਦੇ ਮਾਲਕ ਡਾ. ਗੁਰਵਿੰਦਰ ਸਿੰਘ ਸਮਰਾ ਨੇ ਤਖਤ ਸ੍ਰੀ ਪਟਨਾ ਸਾਹਿਬ ਜਾ ਕੇ ਇਕ ਕਰੋੜ ਉਨੱਤੀ ਲੱਖ ਦੀ ਲਾਗਤ ਨਾਲ ਤਿਆਰ ਸੋਨੇ ਦੀ ਹੀਰਿਆਂ ਜੜੀ ਕਲਗੀ ਗੁਰੂ ਘਰ ਨੂੰ ਭੇਟ ਕੀਤੀ। ਤਖਤ ਸ੍ਰੀ ਪਟਨਾ ਸਾਹਿਬ ਦੇ ਗ੍ਰੰਥੀ ਦਲੀਪ ਸਿੰਘ ਨੇ ਅਰਦਾਸ ਕੀਤੀ ਅਤੇ ਭਾਈ ਬਿਕਰਮ ਸਿੰਘ ਨੇ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦਿਆਂ ਡਾ. ਸਮਰਾ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ। ਇਸ ਦੌਰਾਨ ਜਥੇਦਾਰ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਡਾ. ਗੁਰਵਿੰਦਰ ਸਿੰਘ ਸਮਰਾ ਨੂੰ ਗੁਰੂ ਘਰ ਦੀ ਸੇਵਾ ਕਰਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।

ਡਾ. ਗੁਰਵਿੰਦਰ ਸਿੰਘ ਸਮਰਾ ਨੇ ਦੱਸਿਆ ਕਿ ਕਲਗੀ ਦੋ ਕਿਲੋ ਸੋਨੇ ਤੋਂ ਇਲਾਵਾ ਢਾਈ ਸੌ ਗਰਾਮ ਹੀਰਿਆਂ ਨਾਲ ਤਿਆਰ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਚ ਵੀ ਕੀਮਤੀ ਰਤਨਾਂ ਨਾਲ ਸੇਵਾ ਨਿਭਾ ਚੁੱਕੇ ਹਨ। ਡਾ. ਸਮਰਾ ਦੇ ਨਾਲ ਉਨ੍ਹਾਂ ਦੀ ਭੈਣ ਪਰਮਜੀਤ ਕੌਰ, ਭਾਣਜੀ ਬਿਮਲਪ੍ਰੀਤ ਕੌਰ ਤੇ ਡਾ. ਕਮਲ ਰਾਏ ਪ੍ਰਬੰਧਕ ਸਮਿਤੀ ਦੇ ਮੈਂਬਰ ਜਗਜੀਤ ਸਿੰਘ ਤੇ ਦਿਲਜੀਤ ਸਿੰਘ ਮੌਜੂਦ ਸਨ।

# ਕੇਂਦਰ ਨੇ ਰਚੀ ਕਿਸਾਨਾਂ ਵਿਰੁੱਧ ਸਾਜ਼ਿਸ਼: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੇਤੀ ਕਾਨੂੰਨਾਂ ਨੂੰ ਕੇਂਦਰ ਦੀ ਐਨ.ਡੀ.ਏ. ਸਰਕਾਰ ਦੀ 'ਕਿਸਾਨ ਮਾਰੂ-ਪੰਜਾਬ ਮਾਰੂ' ਸਾਜ਼ਿਸ਼ ਦਾ ਹਿੱਸਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨ ਬਣਨ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਐਨ.ਡੀ.ਏ. ਵਿਚ ਭਾਈਵਾਲ ਬਣਿਆ ਹੋਇਆ ਹੈ।

ਮੁੱਖ ਮੰਤਰੀ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਰਚੂਅਲ ਕਿਸਾਨ ਮੇਲੇ ਦੀ ਸ਼ੁਰੂਆਤ ਮੌਕੇ ਕਿਹਾ ਕਿ ਭਾਜਪਾ ਅਤੇ ਅਕਾਲੀ ਦਲ ਪੰਜਾਬ ਨੂੰ ਤਬਾਹ ਕਰਨ ਉਤੇ ਤੁਲੇ ਹੋਏ ਹਨ। ਕੈਪਟਨ ਨੇ ਮੁੜ ਚਿਤਾਵਨੀ ਦਿੱਤੀ ਕਿ ਇਹ ਕਾਨੂੰਨ ਸਰਹੱਦੀ ਸੂਬੇ ਦੇ ਲੋਕਾਂ ਵਿਚ ਰੋਹ ਦੀ ਭਾਵਨਾ ਪੈਦਾ ਕਰਨਗੇ ਜਿਸ ਨਾਲ ਪਾਕਿਸਤਾਨ ਨੂੰ ਅੱਗ ਭੜਕਾਉਣ ਦਾ ਮੌਕਾ ਮਿਲ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਕਿਸਾਨ ਵਿਰੋਧੀ ਕਦਮ ਪੰਜਾਬ ਦੀ ਆਬੋ-ਹਵਾ ਨੂੰ ਖਰਾਬ ਕਰੇਗਾ। ਇਹ ਕਾਨੂੰਨ ਮੁਲਕ ਦੀ ਅੰਨ ਸੁਰੱਖਿਆ ਲਈ ਪੰਜਾਬ ਤੇ ਇਥੋਂ ਦੇ ਕਿਸਾਨਾਂ ਵੱਲੋਂ 65 ਸਾਲਾਂ 'ਚ ਕੀਤੀਆਂ ਕੁਰਬਾਨੀਆਂ ਨੂੰ ਮਿੱਟੀ 'ਚ ਮਿਲਾ ਦੇਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਆਪਣੀ ਸੌੜੀ ਸਿਆਸਤ ਲਈ ਸੂਬਾ ਸਰਕਾਰ ਨਾਲ ਇਨ੍ਹਾਂ ਮੁੱਦਿਆਂ ਉਤੇ ਖੜਨ ਵਿਚ ਨਾਕਾਮ ਰਿਹਾ ਹੈ। ਉਨ੍ਹਾਂ ਕਿਹਾ ਕਿ ਨਵੇਂ ਕਾਨੂੰਨ ਆਖਰ ਵਿਚ ਘੱਟੋ-ਘੱਟ ਸਮਰਥਨ ਮੁੱਲ ਦੇ ਖਾਤਮੇ ਅਤੇ ਐਫ.ਸੀ.ਆਈ. ਦਾ ਅੰਤ ਕਰਨ ਦਾ ਰਾਹ ਪੱਧਰਾ ਕਰਨਗੇ ਅਤੇ ਕਿਸਾਨਾਂ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਦੇ ਰਹਿਮੋ-ਕਰਮ ਉਤੇ ਛੱਡ ਦਿੱਤਾ ਜਾਵੇਗਾ। ਘੱਟੋ-ਘੱਟ ਸਮਰਥਨ ਮੁੱਲ ਨਾਲ ਛੇੜਛਾੜ ਨਾ ਕਰਨ ਬਾਰੇ ਕੇਂਦਰ ਵੱਲੋਂ ਦਿੱਤੀ ਗਈ ਗਾਰੰਟੀ ਨੂੰ ਰੱਦ ਕਰਦਿਆਂ ਕੈਪਟਨ ਨੇ ਕਿਹਾ ਕਿ ਇਹ ਸੰਵਿਧਾਨਕ ਗਾਰੰਟੀ ਸੰਸਦ ਵੱਲੋਂ ਦਿੱਤੀ ਗਈ ਸੀ ਜਿਸ ਨੂੰ ਕੇਂਦਰ ਦੀ ਮੌਜੂਦਾ ਸਰਕਾਰ ਵੱਲੋਂ ਬਹੁਮਤ ਦੀ ਧੌਂਸ ਵਿਚ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੱਕੀ ਵਰਗੀਆਂ ਫਸਲਾਂ ਉਤੇ ਪਹਿਲਾਂ ਹੀ ਐਲਾਨਿਆ ਜਾ ਚੁੱਕਾ ਘੱਟੋ-ਘੱਟ ਸਮਰਥਨ ਮੁੱਲ ਕਿਸਾਨਾਂ ਨੂੰ ਨਹੀਂ ਦਿੱਤਾ ਜਾ ਰਿਹਾ ਹੈ। ਕੇਂਦਰੀ ਮੰਤਰੀ ਰਾਓ ਸਾਹਿਬ ਪਾਟਿਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਝੂਠੇ ਤੇ ਗੁਮਰਾਹਕੁਨ ਦਾਅਵਿਆਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਸਿਆਸਤਦਾਨਾਂ ਨੂੰ ਅਜਿਹੇ ਗੰਭੀਰ ਮੁੱਦਿਆਂ 'ਤੇ ਝੂਠ ਨਹੀਂ ਬੋਲਣਾ ਚਾਹੀਦਾ ਹੈ ਕਿਉਂਕਿ ਅਜਿਹੇ ਮਸਲੇ ਆਉਣ ਵਾਲੀਆਂ ਪੀੜ੍ਹੀਆਂ ਲਈ ਡੂੰਘੇ ਅਰਥ ਰੱਖਦੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਲੋਕ ਸਭਾ ਵਿਚ ਪੰਜਾਬ ਦੀਆਂ ਸਿਰਫ 13 ਸੀਟਾਂ ਹਨ ਅਤੇ ਕਾਂਗਰਸ ਦੀ ਆਵਾਜ਼ ਦਬਾ ਕੇ ਕੇਂਦਰ ਸਰਕਾਰ ਨੇ ਬਹੁਮਤ ਦੀ ਧੌਂਸ ਨਾਲ ਇਹ ਖਤਰਨਾਕ ਅਤੇ ਕਿਸਾਨ ਵਿਰੋਧੀ ਬਿੱਲ ਪਾਸ ਕਰ ਦਿੱਤੇ ਹਨ।

ਹਰਸਿਮਰਤ ਬਾਦਲ ਵੱਲੋਂ ਕੇਂਦਰੀ ਕੈਬਨਿਟ ਵਿਚੋਂ ਅਸਤੀਫਾ ਦੇਣ ਮੌਕੇ ਕਿਸਾਨਾਂ ਨਾਲ ਖੜ੍ਹੇ ਹੋਣ ਦੇ ਬਿਆਨ ਉਤੇ ਚੁਟਕੀ ਲੈਂਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਪੁੱਛਿਆ ਕਿ ਜਦੋਂ ਕੇਂਦਰ ਨੇ ਆਰਡੀਨੈਂਸ ਲਿਆਂਦੇ ਸਨ ਤਾਂ ਉਹ ਕਿਸਾਨ ਭਰਾਵਾਂ ਨੂੰ ਕਿਉਂ ਭੁੱਲ ਗਈ ਸੀ?


**Desi Bazar**

Under new management.

916 E. Main Street #118, Greenwood, IN, 46143

Tel: 317-888-2040, Fax: 317-887-6116

Lakhvir S. Johal, Ph: 317-709-7800

Help Wanted in the Kitchen

We specialize in all kind of Indian Groceries and Sweets

• FRESH VEGETABLES EVERY THURSDAY

• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ



**The Law Firm Of Fatima Johnson**

3737 N. Meridian St., Ste 106, Indianapolis, IN 46208

vitalvisa THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!

ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!

Did you enter the U.S. without a visa?

ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?

Do you have family members outside the U.S.?

ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?

Does your application keep getting denied?

ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*

•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)

Come talk to an experienced immigration attorany. Call to schedule an appointment today

ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken

•English •Hindi •Punjabi •Urdu •Spanish •French •Arabic •Chinese

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

*Licensed to Practice Immigration Law in all 50 States.*

Ph: 317-252-0013

info@vitalvisa.com

*This is an attorney advertisement*






For All Your Commercial Real Estate Needs

*Gas Station *Commercial *Liquor Store *Hotel/Motel *Miscellaneous Store

MIDWAY Business Broker

We Build Your Dreams

MIDWAY REALTY GROUP

MIDWAY REALTY GROUP

For all your Residential Real Estate Needs

Join our team, we are hiring real estate agents.

We Build Your Dreams

We help you to

- Home Selling
- Home Buying
- Rental / Lease
- New Construction
- Foreclosed / Short Sale
- REO'S / HUD Property

WE WILL ASSIST YOU TO PROVIDE FUNDING FROM $25K TO 500K IN 48HRS

List your business at WWW.MBBBIZ.COM

AJEET SINGH : 847-529-9778

NICK VERMA : 630-664-1435

# ਭਾਰਤ 'ਚ ਅਗਲੇ ਸਾਲ ਦੇ ਸ਼ੁਰੂ 'ਚ ਆਏਗਾ ਕਰੋਨਾ ਲਈ ਟੀਕਾ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਵਾਇਰਸ ਲਈ ਟੀਕਾ ਅਗਲੇ ਸਾਲ ਦੇ ਸ਼ੁਰੂ 'ਚ ਉਪਲਬਧ ਹੋ ਸਕਦਾ ਹੈ। ਸਿਹਤ ਮੰਤਰੀ ਡਾ. ਹਰਸ਼ ਵਰਧਨ ਨੇ ਰਾਜ ਸਭਾ ਵਿਚ ਕਰੋਨਾ ਬਾਰੇ ਚਰਚਾ ਕਰਦਿਆਂ ਸਦਨ ਨੂੰ ਇਹ ਜਾਣਕਾਰੀ ਦਿੱਤੀ। ਡਾ. ਹਰਸ਼ ਵਰਧਨ ਨੇ ਕਿਹਾ ਕਿ ਭਾਰਤ 'ਚ ਨਵੇਂ ਟੀਕੇ ਲਈ ਟ੍ਰਾਇਲ ਪਹਿਲੇ, ਦੂਜੇ ਅਤੇ ਤੀਜੇ ਪੜਾਅ 'ਚ ਪਹੁੰਚ ਗਏ ਹਨ।

ਉਨ੍ਹਾਂ ਟੀਕੇ ਬਾਰੇ ਅੱਗੇ ਇਹ ਵੀ ਕਿਹਾ ਕਿ ਮਾਹਿਰਾਂ ਦਾ ਇਕ ਗਰੁੱਪ ਟੀਕਾ ਵਿਕਸਿਤ ਕਰਨ ਦੇ ਪੂਰੇ ਅਮਲ ਦੀ ਨਿਗਰਾਨੀ ਕਰ ਰਿਹਾ ਹੈ ਤੇ ਸਰਕਾਰ ਵਿਸ਼ਵ ਸਿਹਤ ਸੰਗਠਨ ਨਾਲ ਵੀ ਤਾਲਮੇਲ ਕਰ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਟੀਕਾ ਆਉਣ ਤੱਕ ਮਾਸਕ ਅਤੇ ਸਮਾਜਿਕ ਦੂਰੀ ਹੀ ਸਮਾਜਿਕ ਟੀਕਾ ਹੈ। ਸਿਹਤ ਮੰਤਰੀ ਨੇ ਕੇਂਦਰ ਸਰਕਾਰ ਵਲੋਂ ਰਾਜਾਂ ਨੂੰ ਸੁਵਿਧਾਵਾਂ ਦੇਣ ਲਈ ਕਿਸੇ ਕਿਸਮ ਦਾ ਵਿਤਕਰਾ ਨਾ ਕਰਨ ਦਾ ਦਾਅਵਾ ਕਰਦਿਆਂ ਕਿਹਾ ਕਿ ਦਿੱਲੀ, ਮਹਾਰਾਸ਼ਟਰ, ਪੱਛਮੀ ਬੰਗਾਲ ਅਤੇ ਨੋਇਡਾ 'ਚ ਮਸ਼ੀਨਾਂ ਲਾਉਂਦੇ ਸਮੇਂ ਕੇਂਦਰ ਨੇ ਇਹ ਧਿਆਨ ਨਹੀਂ ਦਿੱਤਾ ਕਿ ਸੂਬੇ 'ਚ ਕਿਸ ਪਾਰਟੀ ਦੀ ਸਰਕਾਰ ਹੈ।

ਸਿਹਤ ਮੰਤਰੀ ਨੇ ਖੁੱਲ੍ਹਦਿਲੀ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਤਿਹਾਸ ਉਨ੍ਹਾਂ (ਮੋਦੀ) ਨੂੰ ਪੂਰੇ ਹਾਲਾਤ ਦੀ ਚੰਗੀ ਤਰ੍ਹਾਂ ਨਿਗਰਾਨੀ




ਕਰਨ ਲਈ ਯਾਦ ਕਰੇਗਾ। ਉਨ੍ਹਾਂ ਤਾਲਾਬੰਦੀ ਦੌਰਾਨ ਹੀ ਬਿਹਤਰ ਹੋਈਆਂ ਸਿਹਤ ਸੁਵਿਧਾਵਾਂ ਵਲ ਧਿਆਨ ਦਿਵਾਉਂਦਿਆਂ ਕਿਹਾ ਕਿ ਪੀ.ਪੀ.ਈ. ਕਿੱਟਾਂ ਬਣਾਉਣ ਵਾਲੀਆਂ ਕੰਪਨੀਆਂ ਹੁਣ 110 ਹੋ ਗਈਆਂ ਹਨ। ਵੈਂਟੀਲੇਟਰ ਉਤਪਾਦਕਾਂ ਦੀ ਗਿਣਤੀ 25 ਹੋ ਗਈ ਅਤੇ ਐੱਨ-95 ਮਾਸਕ ਦੇ ਵੀ 10 ਉਤਪਾਦਕ ਹੋ ਗਏ ਹਨ, ਹਾਲਾਂਕਿ ਉਨ੍ਹਾਂ ਇਹ ਵੀ ਕਿਹਾ ਕਿ ਤਾਲਾਬੰਦੀ ਕਾਰਨ ਪਰਵਾਸੀ ਮਜ਼ਦੂਰਾਂ ਨੂੰ ਤਕਲੀਫ ਹੋਈ ਸੀ ਪਰ ਗ੍ਰਹਿ ਮੰਤਰਾਲੇ ਨੇ ਸਮੇਂ ਸਿਰ ਕਦਮ ਚੁੱਕ ਕੇ ਤਕਰੀਬਨ 64 ਲੱਖ ਪਰਵਾਸੀ ਮਜ਼ਦੂਰਾਂ ਨੂੰ ਰੇਲ ਗੱਡੀਆਂ ਰਾਹੀਂ ਉਨ੍ਹਾਂ ਦੇ ਜੱਦੀ ਰਾਜਾਂ 'ਚ ਪਹੁੰਚਾਇਆ।

## ਆਕਸਫੋਰਡ ਵੈਕਸੀਨ ਦੇ ਟਰਾਇਲ ਨੂੰ ਮੁੜ ਮਨਜ਼ੂਰੀ

**ਨਵੀਂ ਦਿੱਲੀ:** ਸੀਰਮ ਇੰਸਟੀਚਿਊਟ ਆਫ ਇੰਡੀਆ ਨੇ ਆਕਸਫੋਰਡ ਦੇ ਕੋਵਿਡ-19 ਵੈਕਸੀਨ ਦੇ ਕਲੀਨਿਕਲ ਪ੍ਰੀਖਣ ਨੂੰ ਮੁੜ ਤੋਂ ਸ਼ੁਰੂ ਕਰਨ ਲਈ ਡਰੱਗਜ਼ ਕੰਟਰੋਲ ਆਫ ਇੰਡੀਆ (ਡੀ.ਜੀ.ਸੀ.ਆਈ.) ਤੋਂ ਮਨਜ਼ੂਰੀ ਲੈ ਲਈ ਹੈ। ਇਸ ਦਵਾਈ ਨਿਰਮਾਣ ਕੰਪਨੀ ਦੇ ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਕੀਤੀ ਹੈ। 'ਕੋਵਿਸ਼ਿਲਡ' ਨਾਂ ਦੀ ਇਸ ਵੈਕਸੀਨ ਦੇ ਉਤਪਾਦਨ 'ਚ ਭਾਰਤ ਵੀ ਹਿੱਸੇਦਾਰ ਹੈ। ਇਸ ਵੈਕਸੀਨ ਨੂੰ ਆਕਸਫੋਰਡ ਯੂਨੀਵਰਸਿਟੀ ਦੇ ਜੇਨਰ ਇੰਸਟੀਚਿਊਟ ਅਤੇ ਐਸਟ੍ਰਾਜੇਨੇਕਾ ਵਲੋਂ ਸਾਂਝੇ ਰੂਪ 'ਚ ਵਿਕਸਿਤ ਕੀਤਾ ਗਿਆ ਹੈ। ਵੈਕਸੀਨ ਲਈ ਪੂਣੇ ਦਾ ਸੀਰਮ ਇੰਸਟੀਚਿਊਟ ਪੂਰੇ ਭਾਰਤ 'ਚ 17 ਥਾਵਾਂ ਉਤੇ ਪ੍ਰੀਖਣ ਕਰ ਰਿਹਾ ਹੈ।

## ਰੂਸ ਕਰੋਨਾ ਵੈਕਸੀਨ ਭਾਰਤ ਭੇਜੇਗਾ

**ਮੁੰਬਈ:** ਰੂਸ ਦੇ ਆਰ.ਡੀ.ਆਈ.ਐਫ. (ਰਸ਼ੀਅਨ ਡਾਇਰੈਕਟ ਇੰਵੈਸਟਮੈਂਟ ਫੰਡ) ਨੇ ਭਾਰਤ 'ਚ ਕਰੋਨਾ ਵਾਇਰਸ ਦੀ ਵੈਕਸੀਨ ਸਪੁਤਨਿਕ-5 ਦੇ ਕਲੀਨਿਕਲ ਟਰਾਇਲ ਅਤੇ ਡਿਸਟ੍ਰੀਬਿਊਸ਼ਨ ਲਈ ਡਾ. ਰੈਡੀਜ਼ ਲੈਬ ਨਾਲ ਸਮਝੌਤਾ ਕਰ ਲਿਆ ਹੈ। ਦੋਵੇਂ ਕੰਪਨੀਆਂ ਵਿਚਕਾਰ ਹੋਏ ਸਮਝੌਤੇ ਮੁਤਾਬਕ ਆਰ.ਡੀ.ਆਈ.ਐਫ. ਭਾਰਤੀ ਕੰਪਨੀ ਨੂੰ ਵੈਕਸੀਨ ਦੀ 10 ਕਰੋੜ ਡੋਜ਼ ਦੀ ਸਪਲਾਈ ਕਰੇਗੀ। ਆਰ.ਡੀ.ਆਈ.ਐਫ. ਦੇ ਸੀ.ਈ.ਓ. ਕਰਿਲ ਦਮਿਤਰੀਵ ਨੇ ਈ.ਟੀ. ਨੂੰ ਦੱਸਿਆ ਕਿ ਸਪੁਤਨਿਕ-5 ਵੈਕਸੀਨ ਐਡਨੋਵਾਇਰਲ ਵੈਕਟਰ ਪਲੇਟਫਾਰਮ 'ਤੇ ਆਧਾਰਿਤ ਹੈ ਅਤੇ ਜੇਕਰ ਇਸ ਦਾ ਟਰਾਇਲ ਸਫਲ ਹੁੰਦਾ ਹੈ ਤਾਂ ਇਹ ਨਵੰਬਰ ਤੱਕ ਭਾਰਤ 'ਚ ਉਪਲਬਧ ਹੋਵੇਗੀ।

# ਕਰੋਨਾ ਮਰੀਜ਼ਾਂ ਦੀ ਸਿਹਤਯਾਬੀ 'ਚ ਭਾਰਤ ਮੋਹਰੀ

**ਨਵੀਂ ਦਿੱਲੀ:** ਸਿਹਤ ਮੰਤਰਾਲੇ ਨੇ ਕਿਹਾ ਕਿ ਭਾਰਤ ਨੇ ਕਰੋਨਾ ਮਰੀਜ਼ਾਂ ਦੇ ਤੰਦਰੁਸਤ ਹੋਣ ਦੇ ਮਾਮਲੇ 'ਚ ਵੱਡੀ ਪ੍ਰਾਪਤੀ ਕਰਦਿਆਂ ਅਮਰੀਕਾ ਨੂੰ ਪਿੱਛੇ ਛੱਡ ਦਿੱਤਾ ਤੇ ਹੁਣ ਭਾਰਤ ਇਸ ਮਾਮਲੇ 'ਚ ਦੁਨੀਆਂ ਭਰ 'ਚ ਪਹਿਲੇ ਸਥਾਨ ਉਤੇ ਪਹੁੰਚ ਗਿਆ ਹੈ।

ਭਾਰਤ 'ਚ ਕਰੋਨਾ ਮਰੀਜ਼ਾਂ ਦੇ ਤੰਦਰੁਸਤ ਹੋਣ ਦੀ ਦਰ ਕਰੀਬ 80 ਫੀਸਦ ਹੋ ਗਈ ਹੈ ਜਦਕਿ ਮੌਤ ਦਰ ਘੱਟ ਕੇ 1.61 ਫੀਸਦ ਰਹਿ ਗਈ ਹੈ। ਮੰਤਰਾਲੇ ਨੇ ਦੱਸਿਆ ਕਿ ਦੁਨੀਆਂ ਭਰ 'ਚ ਕਰੋਨਾ ਤੋਂ ਠੀਕ ਹੋਏ ਲੋਕਾਂ ਗਿਣਤੀ ਵਿਚੋਂ ਕਰੀਬ 19 ਫੀਸਦ ਵਿਅਕਤੀ ਭਾਰਤ ਦੇ ਹਨ ਹੈ। ਇਸ ਕਾਰਨ ਮਰੀਜ਼ਾਂ ਦੇ ਤੰਦਰੁਸਤ ਹੋਣ ਦੀ ਕੌਮੀ ਦਰ ਮਜ਼ਬੂਤੀ ਨਾਲ ਸੁਧਰ ਕੇ 79.28 ਫੀਸਦ ਹੋ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਅਗਵਾਈ ਹੇਠ ਜੰਗੀ ਪੱਧਰ 'ਤੇ ਚਲਾਈ ਮੁਹਿੰਮ ਤਹਿਤ ਮਰੀਜ਼ਾਂ ਦੀ ਜਲਦੀ ਪਛਾਣ ਹੋਣ ਨਾਲ ਇਹ ਆਲਮੀ ਪ੍ਰਾਪਤੀ ਕੀਤੀ ਜਾ ਸਕੀ ਹੈ।

# ਪੀ. ਐਮ. ਕੇਅਰਜ਼ ਫੰਡ ਸਥਾਪਤੀ 'ਤੇ ਉਠੇ ਸਵਾਲ

**ਨਵੀਂ ਦਿੱਲੀ:** ਲੋਕ ਸਭਾ ਵਿਚ ਵਿਰੋਧੀ ਪਾਰਟੀਆਂ-ਕਾਂਗਰਸ, ਤ੍ਰਿਣਮੂਲ ਕਾਂਗਰਸ ਤੇ ਡੀ.ਐਮ.ਕੇ. ਨੇ ਪੀ.ਐਮ. ਕੇਅਰਜ਼ ਫੰਡ ਸਥਾਪਤ ਕਰਨ ਦਾ ਵਿਰੋਧ ਕਰਦਿਆਂ ਇਸ 'ਚ ਪਾਰਦਰਸ਼ਤਾ ਦੀ ਘਾਟ ਦੇ ਦੋਸ਼ ਲਾਏ ਹਨ। ਉਕਤ ਪਾਰਟੀਆਂ ਨੇ ਇਹ ਦੋਸ਼ ਕਰੋਨਾ ਲਾਗ ਦੇ ਮੱਦੇਨਜ਼ਰ ਕਰਦਾਤਾਵਾਂ ਨੂੰ ਟੈਕਸ ਭਰਨ ਤੋਂ ਵੱਖ-ਵੱਖ ਰਾਹਤਾਂ ਅਤੇ ਪੀ.ਐਮ. ਕੇਅਰਜ਼ ਫੰਡ ਦੇ ਦਾਨਪਾਤਰਾਂ ਨੂੰ ਟੈਕਸ ਲਾਭ ਦੇਣ ਸਬੰਧੀ ਬਿੱਲ 'ਤੇ ਬਹਿਸ ਦੌਰਾਨ ਲਗਾਏ।

ਆਰ.ਐਸ.ਪੀ. ਦੇ ਐਨ.ਕੇ. ਪ੍ਰੇਮਚੰਦਰਨ ਨੇ ਟੈਕਸ ਅਤੇ ਹੋਰ ਕਾਨੂੰਨ (ਰਾਹਤ ਤੇ ਸੋਧ ਪ੍ਰਾਵਧਾਨ) ਬਿੱਲ-2020 ਉਤੇ ਬਹਿਸ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਵੱਖਰਾ ਫੰਡ ਬਣਾਉਣ ਸਬੰਧੀ ਤਰਕ ਮੇਰੀ ਸਮਝ 'ਚ ਨਹੀਂ ਆ ਰਿਹਾ। ਪ੍ਰਧਾਨ ਮੰਤਰੀ ਕੌਮੀ ਰਾਹਤ ਫੰਡ ਅਤੇ ਪੀ.ਐਮ. ਕੇਅਰਜ਼ ਫੰਡ ਵਿਚ ਕੀ ਫਰਕ ਹੈ? ਉਨ੍ਹਾਂ ਦੋਸ਼ ਲਾਇਆ, ਪੀ.ਐਮ. ਕੇਅਰਜ਼ ਵਿਚ ਪਾਰਦਰਸ਼ਤਾ




ਦੀ ਘਾਟ ਹੈ ਅਤੇ ਕੈਗ ਵਲੋਂ ਇਸ ਦਾ ਆਡਿਟ ਨਹੀਂ ਕੀਤਾ ਜਾਂਦਾ।' ਕਾਂਗਰਸ ਦੇ ਮਨੀਕਮ ਟੈਗੋਰ ਨੇ ਵੀ ਪੀ.ਐਮ. ਕੇਅਰਜ਼ ਫੰਡ ਵਿਚ ਪਾਰਦਰਸ਼ਤਾ ਦਾ ਮੁੱਦਾ ਉਠਾਇਆ। ਡੀ.ਐਮ.ਕੇ. ਗੌਤਮ ਨੇ ਪੀ.ਐਮ. ਕੇਅਰਜ਼ ਫੰਡ ਨੂੰ 'ਇਕ ਪ੍ਰਾਈਵੇਟ ਫੰਡ' ਕਰਾਰ ਦਿੱਤਾ। ਟੀ.ਐਮ.ਸੀ. ਦੀ ਮਹੂਆ ਮੋਇਤਰਾ ਨੇ ਬਿੱਲ ਦਾ ਵਿਰੋਧ ਕਰਦਿਆਂ ਪੀ.ਐਮ. ਕੇਅਰਜ਼ ਫੰਡ ਨੂੰ ਜਨਤਕ ਹਿੱਤਾਂ ਦਾ ਵਿਰੁੱਧ ਦੱਸਿਆ।

ਇਸੇ ਦੌਰਾਨ ਵਿਰੋਧੀ ਪਾਰਟੀਆਂ ਨੇ ਰਾਜ ਸਭਾ 'ਚ ਮਹਾਮਾਰੀ ਰੋਗ (ਸੋਧ) ਬਿੱਲ-2020 ਉਤੇ ਬਹਿਸ ਦੌਰਾਨ ਕੇਂਦਰ ਸਰਕਾਰ 'ਤੇ ਸੰਵਿਧਾਨ ਦੀ ਉਲੰਘਣਾ ਕਰਕੇ ਸੂਬਿਆਂ ਦੇ ਮਾਮਲਿਆਂ 'ਚ ਦਖਲਅੰਦਾਜ਼ੀ, ਕੋਵਿਡ-19 ਮਹਾਮਾਰੀ ਦੌਰਾਨ ਨਿੱਜੀ ਹਸਪਤਾਲਾਂ 'ਤੇ ਲਗਾਮ ਕੱਸਣ ਤੋਂ ਇਲਾਵਾ ਗਰੀਬਾਂ ਤੇ ਪਰਵਾਸੀ ਮਜ਼ਦੂਰਾਂ ਦੀ ਸੁਰੱਖਿਆ ਕਰਨ ਵਿਚ ਅਸਫਲ ਰਹਿਣ ਦੇ ਦੋਸ਼ ਲਾਏ।

# ਦੋ ਪੰਜਾਬੀ ਟਰੱਕ ਡਰਾਈਵਰ ਗੈਸ ਸਟੇਸ਼ਨ 'ਤੇ ਲੜੇ

## ਇੱਕ ਦੀ ਹਾਲਤ ਗੰਭੀਰ, ਦੂਜੇ 'ਤੇ ਇਰਾਦਾ ਕਤਲ ਦਾ ਮੁਕੱਦਮਾ ਦਰਜਾ

**ਸੈਂਟਾ ਨੈਲਾ, ਕੈਲੀਫੋਰਨੀਆ (ਬਿਊਰੋ):** ਕੈਲੀਫੋਰਨੀਆ ਦੇ ਫਰੀਵੇਅ 5 'ਤੇ ਪੈਂਦੇ ਸ਼ਹਿਰ ਸੈਂਟਾ ਨੈਲਾ ਦੇ ਪੈਟਰੋ ਟਰੱਕ ਸਟਾਪ 'ਤੇ ਤੇਲ ਪਵਾਉਣ ਦੀ ਵਾਰੀ ਨੂੰ ਲੈ ਕੇ ਦੋ ਪੰਜਾਬੀ ਟਰੱਕ ਡਰਾਈਵਰਾਂ ਵਿਚਕਾਰ ਤੂੰ-ਤੂੰ ਮੈਂ-ਮੈਂ ਹੋ ਗਈ, ਜੋ ਹੱਥੋ-ਪਾਈ ਮਗਰੋਂ ਵੱਢ-ਟੁੱਕ ਤੱਕ ਪਹੁੰਚ ਗਈ।

ਜਾਣਕਾਰੀ ਅਨੁਸਾਰ ਸੈਕਰਾਮੈਂਟੋ ਨਿਵਾਸੀ ਕੁਲਦੀਪ ਸਿੰਘ ਸੰਧੂ, ਜੋ ਅੰਮ੍ਰਿਤਧਾਰੀ ਹੈ, ਨੇ ਆਪਣੀ ਗਾਤਰੇ ਵਾਲੀ ਕਿਰਪਾਨ ਨਾਲ ਦੂਜੇ ਡਰਾਈਵਰ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ। ਉਸ ਨੂੰ ਤੇਜ਼ਧਾਰ ਹਥਿਆਰ ਮਾਰਨ ਦੇ ਦੋਸ਼ ਹੇਠ ਇਰਾਦਾ ਕਤਲ ਕੇਸ ਵਿਚ ਮਰਸਿਡ ਕਾਊਂਟੀ ਸ਼ੈਰਿਫ ਨੇ ਗ੍ਰਿਫਤਾਰ ਕਰ ਲਿਆ ਹੈ। ਇਹ ਘਟਨਾ ਸ਼ੁਕਰਵਾਰ, 18 ਸਤੰਬਰ ਨੂੰ ਸਵੇਰੇ 9 ਵਜੇ ਦੀ ਹੈ। ਜਾਣਕਾਰੀ ਅਨੁਸਾਰ ਦੂਜਾ ਡਰਾਈਵਰ ਵੀ ਪੰਜਾਬੀ ਹੀ ਸੀ। ਉਸ ਨੂੰ ਗੰਭੀਰ ਹਾਲਤ ਵਿਚ ਹੈਲੀਕਾਪਟਰ ਰਾਹੀਂ ਹਸਪਤਾਲ ਪਹੁੰਚਾਇਆ ਗਿਆ ਹੈ। ਪੁਲਿਸ ਨੇ ਜ਼ਖਮੀ ਡਰਾਈਵਰ ਦੀ ਸ਼ਨਾਖਤ ਜਾਰੀ ਨਹੀਂ ਕੀਤੀ। ਉਸ ਦੇ ਸਿਰ, ਗਰਦਨ, ਬਾਹਾਂ ਅਤੇ ਛਾਤੀ ਉਤੇ ਜ਼ਖਮਾਂ ਦੇ ਨਿਸ਼ਾਨ ਹਨ। ਹਮਲੇ ਤੋਂ ਬਾਅਦ ਉਥੇ ਮੌਜੂਦ ਲੋਕਾਂ ਨੇ ਕੁਲਦੀਪ ਸਿੰਘ ਸੰਧੂ ਨੂੰ ਉਥੋਂ ਜਾਣ ਨਹੀਂ ਦਿੱਤਾ ਅਤੇ ਪੁਲਿਸ ਦੇ ਆਉਣ ਤੱਕ ਉਸ ਨੂੰ ਅਟਕਾਈ ਰੱਖਿਆ।

ਇਸ ਘਟਨਾ ਤੋਂ ਬਾਅਦ ਪੰਜਾਬੀ ਟਰੱਕਿੰਗ ਇੰਡਸਟਰੀ ਵਿਚ ਕਈ ਤਰ੍ਹਾਂ ਦੀਆਂ ਕਿਆਸ-ਆਰਾਈਆਂ ਅਰੰਭ ਹੋ ਗਈਆਂ ਹਨ। ਯਾਦ ਰਹੇ, ਅਮਰੀਕਾ-ਕੈਨੇਡਾ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਟਰੱਕ ਡਰਾਈਵਿੰਗ ਦਾ ਕੰਮ ਕਰਦੇ ਹਨ ਅਤੇ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੇ ਹਨ, ਪਰ ਪਿਛਲੇ 8-9 ਮਹੀਨਿਆਂ ਤੋਂ ਜਦੋਂ ਤੋਂ ਈ. ਐਲ. ਡੀ. (ਇਲੈਕਟਰੌਨਿਕ




ਕੁਲਦੀਪ ਸਿੰਘ ਸੰਧੂ



ਲੌਗਿੰਗ ਡੀਵਾਈਸ) ਜਾਂ ਈ-ਲੌਗ ਸਿਸਟਮ ਲਾਗੂ ਹੋਇਆ ਹੈ, ਗੈਸ ਸਟੇਸ਼ਨਾਂ ਉਤੇ ਟਰੱਕ ਪਾਰਕਿੰਗ ਦੇ ਮਾਮਲੇ 'ਤੇ ਲੜਾਈਆਂ ਆਮ ਹੀ ਹੋਣ ਲੱਗ ਪਈਆਂ ਹਨ।

ਦਰਅਸਲ, ਈ. ਐਲ. ਡੀ. ਕਾਰਨ ਡਰਾਈਵਰ ਟਰੱਕ ਵਿਚ ਗੈਸ ਪਵਾਉਣ ਤੋਂ ਬਾਅਦ ਟਰੱਕ ਪਾਰਕਿੰਗ ਵਿਚ ਨਹੀਂ ਖੜ੍ਹਾਉਂਦੇ, ਸਗੋਂ ਉਸੇ ਜਗ੍ਹਾ ਟਰੱਕ ਖੜ੍ਹਾ ਕਰ ਕੇ ਖੁਦ ਗੈਸ ਦੀ ਅਦਾਇਗੀ ਕਰਨ ਜਾਂ ਇਥੋਂ ਤੱਕ ਕਿ ਸ਼ਾਵਰ ਲੈਣ ਵੀ ਚਲੇ ਜਾਂਦੇ ਹਨ, ਜਿਸ ਕਾਰਨ ਉਸ ਤੋਂ ਪਿਛਾਂਹ ਖੜ੍ਹੇ ਡਰਾਈਵਰ ਦਾ ਸਮਾਂ ਬਰਬਾਦ ਹੁੰਦਾ ਹੈ। ਕਿਆਸ ਕੀਤਾ ਜਾ ਰਿਹਾ ਹੈ ਕਿ ਇਹ ਲੜਾਈ ਵੀ ਇਸੇ ਤਰ੍ਹਾਂ ਦੇ ਕਿਸੇ ਮਸਲੇ ਨਾਲ ਅਰੰਭ ਹੋਈ। ਭਾਈਚਾਰੇ ਨਾਲ ਸਬੰਧਤ ਆਗੂਆਂ ਨੇ ਇਸ ਬਾਰੇ ਸੁਚੇਤ ਕਰਦਿਆਂ ਸਭ ਨੂੰ ਸਬਰ ਤੋਂ ਕੰਮ ਲੈਣ ਅਤੇ ਦੂਜਿਆਂ ਦੇ ਸਮੇਂ ਦਾ ਧਿਆਨ ਰੱਖਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਅਜਿਹੀਆਂ ਲੜਾਈਆਂ ਕਾਰਨ ਸਮੁੱਚਾ ਭਾਈਚਾਰਾ ਬਦਨਾਮ ਹੁੰਦਾ ਹੈ। ਸਭ ਨੂੰ ਨੇਮਾਂ ਮੁਤਾਬਕ ਆਪੋ-ਆਪਣਾ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਅਜਿਹੀ ਨੌਬਤ ਨਾ ਆਵੇ।


For Homeland

A novel by Lalita Gandbhir

*The epic saga of a Sikh family whose lives are violently disrupted and their loyalties divided by the partition of British India in the 1940s, and again by the Sikh community's struggle for a separate nation of Khalistan.*



Winner of the Maharashtra Government Award for fiction

Available at Amazon.com

($9.99)

*For more information visit:*

ForHomelandTheNovel.com

# ਪਾਵਨ ਸਰੂਪ ਮਾਮਲਾ: ਸਾਬਕਾ ਤੇ ਮੌਜੂਦਾ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ ਤਨਖਾਹ ਲਾਈ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਕਮੇਟੀ ਦੀ 2016 ਵਾਲੀ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੂੰ ਉਸ ਵੇਲੇ ਪਾਵਨ ਸਰੂਪ ਅਗਨਦਾਹ ਹੋਣ ਮਗਰੋਂ ਪਸ਼ਚਾਤਾਪ ਨਾ ਕਰਨ ਦੇ ਦੋਸ਼ ਹੇਠ ਅਤੇ ਮੌਜੂਦਾ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੂੰ ਸਵੈ ਇੱਛਾ ਨਾਲ ਖਿਮਾ ਯਾਚਨਾ ਕਰਨ 'ਤੇ ਇਸ ਸਮੁੱਚੇ ਮਾਮਲੇ ਵਿਚ ਧਾਰਮਿਕ ਤਨਖਾਹ ਲਾਈ ਹੈ।



ਪੰਜ ਸਿੰਘ ਸਾਹਿਬਾਨ ਦੀ ਇਸ ਸਬੰਧੀ ਇਕੱਤਰਤਾ ਵਿਚ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਰਣਜੀਤ ਸਿੰਘ ਗੌਹਰ-ਏ-ਮਸਕੀਨ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ, ਗਿਆਨੀ ਗੁਰਮਿੰਦਰ ਸਿੰਘ ਅਤੇ ਪੰਜ ਪਿਆਰਿਆਂ ਵਿਚੋਂ ਭਾਈ ਮੰਗਲ ਸਿੰਘ ਸ਼ਾਮਲ ਸਨ। ਲਗਭਗ ਇਕ ਘੰਟਾ ਚੱਲੀ ਇਸ ਕਾਰਵਾਈ ਦੌਰਾਨ ਸਭ ਤੋਂ ਪਹਿਲਾਂ 2016 ਵਾਲੀ ਅੰਤ੍ਰਿੰਗ ਕਮੇਟੀ ਨੂੰ ਸਪੱਸ਼ਟੀਕਰਨ ਦੇਣ ਲਈ ਸੱਦਿਆ ਗਿਆ। ਉਸ ਵੇਲੇ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਦੇਹਾਂਤ ਹੋਣ ਕਾਰਨ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ ਕੋਲੋਂ ਪੁੱਛ ਪੜਤਾਲ ਕੀਤੀ ਗਈ। ਉਨ੍ਹਾਂ ਪਸ਼ਚਾਤਾਪ ਨਾ ਕਰਨ ਦੀ ਗਲਤੀ ਸੰਗਤ ਸਾਹਮਣੇ ਕਬੂਲ ਕੀਤੀ। ਜਥੇਦਾਰ ਹਰਪ੍ਰੀਤ ਸਿੰਘ ਨੇ ਉਨ੍ਹਾਂ ਨੂੰ ਆਦੇਸ਼ ਦਿੱਤਾ ਕਿ ਉਹ ਅੱਜ ਤੋਂ ਇਕ ਸਾਲ ਸ਼੍ਰੋਮਣੀ ਕਮੇਟੀ ਦਾ ਕੋਈ ਅਹੁਦਾ ਨਹੀਂ ਲੈਣਗੇ, ਇਕ ਸਹਿਜ ਪਾਠ ਕਰਨਗੇ ਜਾਂ ਕਰਾਉਣਗੇ। ਸਹਿਜ ਪਾਠ ਕਰਾਉਣ ਦੀ ਸੂਰਤ 'ਚ ਉਸ ਨੂੰ ਸੁਣਨਗੇ। ਸਹਿਜ ਪਾਠ ਦੌਰਾਨ ਇਕ ਮਹੀਨੇ ਦੇ ਇਸ ਸਮੇਂ 'ਚ ਉਹ ਨੇੜਲੇ ਗੁਰਦੁਆਰੇ 'ਚ ਆਪਣੀ ਸਰੀਰਕ ਸਮਰੱਥਾ ਮੁਤਾਬਕ ਸੇਵਾ ਕਰਨਗੇ। ਪੁਰਾਣੀ ਅੰਤ੍ਰਿੰਗ ਕਮੇਟੀ ਦੇ 15 ਮੈਂਬਰਾਂ 'ਚੋਂ 12 ਮੈਂਬਰ ਇਸ ਮੌਕੇ ਹਾਜ਼ਰ ਸਨ।

ਮੌਜੂਦਾ ਅੰਤ੍ਰਿੰਗ ਕਮੇਟੀ ਨੇ ਸਵੈ ਇੱਛਾ ਨਾਲ ਖਿਮਾ ਯਾਚਨਾ ਕੀਤੀ। ਜਥੇਦਾਰ ਨੇ ਉਨ੍ਹਾਂ ਨੂੰ ਆਦੇਸ਼ ਦਿੱਤਾ ਗਿਆ ਕਿ ਸਰੂਪ ਅਗਨਦਾਹ ਹੋਣ ਦੇ ਮਾਮਲੇ ਵਿਚ ਉਹ ਇਕ ਅਖੰਡ ਪਾਠ ਗੁਰਦੁਆਰਾ ਰਾਮਸਰ ਅਤੇ ਇਕ ਅਖੰਡ ਪਾਠ ਸ੍ਰੀ ਅਕਾਲ ਤਖਤ ਵਿਖੇ ਕਰਾਉਣਗੇ। ਸ੍ਰੀ ਅਕਾਲ ਤਖਤ ਵਿਖੇ ਅਖੰਡ ਪਾਠ ਦੌਰਾਨ ਤਿੰਨ ਦਿਨ ਸਾਰਾਗੜ੍ਹੀ ਨਿਵਾਸ ਤੋਂ ਘੰਟਾ ਘਰ ਤੱਕ ਰੋਜ਼ਾਨਾ ਝਾੜੂ ਮਾਰਨਗੇ ਅਤੇ ਇਕ ਮਹੀਨਾ ਜਨਤਕ ਸਮਾਗਮਾਂ ਵਿਚ ਸੰਗਤ ਨੂੰ ਸੰਬੋਧਨ ਨਹੀਂ ਕਰਨਗੇ। ਇਸ ਦੌਰਾਨ 28 ਸਤੰਬਰ ਨੂੰ ਹੋਣ ਵਾਲੇ ਬਜਟ ਸਮਾਗਮ ਵਿਚ ਇਸ ਆਦੇਸ਼ ਤੋਂ ਛੋਟ ਦਿੱਤੀ ਗਈ ਹੈ। ਇਹ ਵੀ ਆਦੇਸ਼ ਕੀਤਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਆਪਣੇ ਫੈਸਲੇ ਇਕੋ ਵਾਰ ਕਰੇ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਉਹ ਅਤੇ ਉਨ੍ਹਾਂ ਦੇ ਸਾਥੀ ਸਵੈ ਇੱਛਾ ਨਾਲ ਖਿਮਾ ਯਾਚਨਾ ਕਰਨ ਆਏ ਹਨ।

ਜਥੇਦਾਰ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਹੈ ਕਿ ਬੀਤੇ ਦਿਨ ਧਰਨੇ ਦੇ ਸਮਰਥਨ ਵਿਚ ਆਏ ਇਕ ਨਿਹੰਗ ਸਿੰਘ ਦੀ ਦਸਤਾਰ ਦੀ ਬੇਅਦਬੀ ਕਰਨ ਦੇ ਮਾਮਲੇ 'ਚ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਨੂੰ ਅੰਮ੍ਰਿਤ ਸੰਚਾਰ ਵਾਲੇ ਦਿਨ ਪੰਜ ਪਿਆਰਿਆਂ ਕੋਲ ਖਿਮਾ ਯਾਚਨਾ ਲਈ ਪੇਸ਼ ਕੀਤਾ ਜਾਵੇ। 328 ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਜਾਂਚ ਕਮੇਟੀ ਵਲੋਂ ਦੋਸ਼ੀ ਠਹਿਰਾਏ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਵੀ ਖਿਮਾ ਯਾਚਨਾ ਲਈ ਪੇਸ਼ ਹੋਣ ਵਾਸਤੇ ਅਪੀਲ ਕੀਤੀ ਸੀ ਪਰ ਉਨ੍ਹਾਂ ਵਿਚੋਂ ਕੋਈ ਵੀ ਇਥੇ ਨਹੀਂ ਪੁੱਜਾ ਸੀ।

## ਲੰਗਾਹ ਮਾਮਲੇ 'ਚ ਧਾਰਮਿਕ ਤਨਖਾਹ

ਸਿੰਘ ਸਾਹਿਬਾਨ ਵਲੋਂ ਪੰਥ 'ਚੋਂ ਛੇਕੇ ਹੋਏ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨਾਲ ਮਿਲਵਰਤਨ ਰੱਖਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰਪਾਲ ਸਿੰਘ ਗੋਰਾ, ਰਤਨ ਸਿੰਘ ਜ਼ੱਫਰਵਾਲ ਤੇ ਪ੍ਰੋ. ਸਰਚਾਂਦ ਸਿੰਘ ਨੂੰ ਵੀ ਦੋਸ਼ੀ ਕਰਾਰ ਦਿੰਦਿਆਂ ਇਕ-ਇਕ ਸਹਿਜ ਪਾਠ ਕਰਨ ਜਾਂ ਪਾਠੀ ਸਿੰਘਾਂ ਤੋਂ ਸਰਵਨ ਕਰਨ, ਪੰਜ ਦਿਨ ਨਜ਼ਦੀਕੀ ਗੁਰਦੁਆਰਾ ਸਾਹਿਬ ਤੇ ਦੋ ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਇਕ ਇਕ ਘੰਟਾ ਕੀਰਤਨ ਸਰਵਨ ਕਰਨ, ਸੇਵਾ ਕਰਨ ਤੇ ਲੰਗਰ 'ਚ ਬਰਤਨ ਸਾਫ ਕਰਨ ਦੀ ਧਾਰਮਿਕ ਤਨਖਾਹ ਲਗਾਏ ਜਾਣ ਦਾ ਆਦੇਸ਼ ਜਾਰੀ ਕੀਤੇ।

## ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਮਹਿਤਾ ਵਲੋਂ ਅਸਤੀਫਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਮਹਿਤਾ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਭੇਜੇ ਅਸਤੀਫੇ 'ਚ ਕਿਹਾ ਕਿ ਮਈ 2016 ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ਼ਾਰਟ ਸਰਕਟ ਨਾਲ ਮੰਦਭਾਗੀ ਘਟਨਾ ਵਾਪਰੀ ਸੀ, ਜਿਸ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਅਗਨ ਭੇਟ ਹੋ ਗਏ ਸਨ, ਨਿਰਸੰਦੇਹ ਇਸ ਘਟਨਾ ਨਾਲ ਸਿੱਖ ਸੰਗਤਾਂ ਨੂੰ ਭਾਰੀ ਠੇਸ ਪਹੁੰਚੀ ਸੀ। ਉਸ ਸਬੰਧੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਉਸ ਵੇਲੇ ਦੀ ਅੰਤ੍ਰਿੰਗ ਕਮੇਟੀ ਨੂੰ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਉਸ ਵੇਲੇ ਵਾਪਰੀ ਇਸ ਘਟਨਾ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਕਰਵਾ ਕੇ ਪਸ਼ਚਾਤਾਪ ਨਾ ਕਰਨ ਸਬੰਧੀ ਆਪਣਾ ਸਪੱਸ਼ਟੀਕਰਨ ਦੇਣ ਦਾ ਹੁਕਮ ਕੀਤਾ ਸੀ। ਉਨ੍ਹਾਂ ਕਿਹਾ ਕਿ ਮੈਂ ਆਪਣਾ ਇਖਲਾਕੀ ਫਰਜ਼ ਸਮਝਦਿਆਂ ਹੋਇਆਂ ਮੌਜੂਦਾ, ਅੰਤ੍ਰਿੰਗ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਰਿਹਾ ਹਾਂ।

# ਸ਼੍ਰੋਮਣੀ ਕਮੇਟੀ ਦਾ ਵਿਵਾਦਾਂ ਨਾਲ ਪੱਕਾ ਵਾਹ-ਵਾਸਤਾ?

**ਅੰਮ੍ਰਿਤਸਰ:** ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦੀ ਥਾਂ ਆਪਣੇ ਕਈ ਪ੍ਰਬੰਧਕਾਂ ਦੀ ਕਾਰਗੁਜ਼ਾਰੀ ਕਾਰਨ ਹਮੇਸ਼ਾ ਵਿਵਾਦਾਂ 'ਚ ਘਿਰੀ ਰਹਿੰਦੀ ਹੈ। 2016 ਵਿਚ ਲਾਪਤਾ ਹੋਏ 328 ਪਾਵਨ ਸਰੂਪ ਮਾਮਲੇ ਵਿਚ ਅਕਾਲ ਤਖਤ ਸਾਹਿਬ ਵਲੋਂ ਬਣਾਈ ਪੜਤਾਲ ਕਮੇਟੀ ਦੀ ਰਿਪੋਰਟ 'ਚ ਆਪਣੇ ਹੀ 16 ਤੋਂ ਵੱਧ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਨਾਂ ਜੱਗ ਜ਼ਾਹਰ ਹੋਣ ਅਤੇ ਕੈਨੇਡਾ ਵਿਚ ਭੇਜੇ ਗਏ ਪਾਵਨ ਸਰੂਪਾਂ ਦੀ ਬੇਅਦਬੀ ਹੋਣ ਦਾ ਮਾਮਲਾ ਉਜਾਗਰ ਹੋਣ ਨਾਲ ਸਮੁੱਚੇ ਸਿੱਖ ਜਗਤ ਵਿਚ ਸ਼੍ਰੋਮਣੀ ਕਮੇਟੀ ਦੀ ਮਾੜੀ ਕਾਰਗੁਜ਼ਾਰੀ ਚਰਚਾ ਵਿਚ ਹੈ।

ਸ਼੍ਰੋਮਣੀ ਕਮੇਟੀ ਦੇ ਕਈ ਮੌਜੂਦਾ ਅਹੁਦੇਦਾਰਾਂ ਤੇ ਪ੍ਰਬੰਧਕਾਂ ਦੀ ਨਾ-ਕਾਬਲੀਅਤ ਕਾਰਨ ਇਹ ਸਿੱਖ ਸੰਸਥਾ ਨਿੱਤ ਦਿਨ ਨਵੇਂ ਵਿਵਾਦਾਂ ਵਿਚ ਘਿਰਦੀ ਨਜ਼ਰ ਆ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਬੰਧਕਾਂ ਵਲੋਂ ਆਪਣੀ ਕਾਇਮ ਕੀਤੀ ਹੋਈ ਟਾਸਕ ਫੋਰਸ ਤੇ ਮੁਲਾਜ਼ਮਾਂ ਦੀਆਂ ਪੰਥਕ ਮਸਲੇ ਉਠਾਉਣ ਵਾਲੇ ਸਿੱਖ ਆਗੂਆਂ ਤੇ ਸੰਸਥਾਵਾਂ ਨੂੰ ਡਰਾਉਣ ਧਮਕਾਉਣ ਤੇ ਕੁਟਾਪਾ ਚਾੜ੍ਹਨ ਦੀਆਂ ਡਿਊਟੀਆਂ ਲਗਾਈਆਂ ਜਾਂਦੀਆਂ ਹਨ। ਇਥੋਂ ਤੱਕ ਕਿ ਹੁਣ ਤਾਂ ਕਿਸੇ ਰੋਸ ਧਰਨੇ ਜਾਂ ਸਮਾਗਮ ਦੀ ਕਵਰੇਜ ਕਰਨ ਗਏ ਮੀਡੀਆ ਕਰਮੀਆਂ ਨਾਲ ਵੀ ਗੁੰਡਾਗਰਦੀ ਕੀਤੀ ਜਾਣ ਲੱਗ ਪਈ ਹੈ। ਸਿੱਖ ਹਲਕਿਆਂ ਦਾ ਕਹਿਣਾ ਹੈ ਕਿ ਮੌਜੂਦਾ ਪ੍ਰਧਾਨ ਦੀ ਸੰਸਥਾ ਪ੍ਰਤੀ ਢਿੱਲੀ ਪ੍ਰਬੰਧਕੀ ਪਕੜ ਤੇ ਮੌਜੂਦਾ ਦੌਰ 'ਚ ਸ਼੍ਰੋਮਣੀ ਕਮੇਟੀ ਵਿਚ ਸਿਆਣੇ ਤੇ ਪੜ੍ਹੇ ਲਿਖੇ ਕੁਸ਼ਲ ਪ੍ਰਬੰਧਕਾਂ ਦੀ ਅਣਹੋਂਦ ਕਾਰਨ ਆਪਾਧਾਪੀ ਦਾ ਬੋਲ ਬਾਲਾ ਹੈ ਤੇ ਸਿੱਖੀ ਪ੍ਰਚਾਰ ਪ੍ਰਸਾਰ ਦੀ ਥਾਂ 'ਤੇ ਇਕ-ਦੂਜੇ ਦੀਆਂ ਲੱਤਾਂ ਖਿੱਚਣ ਵਲ ਜ਼ਿਆਦਾ ਜ਼ੋਰ ਦਿੱਤਾ ਜਾ ਰਿਹਾ ਹੈ। ਇਹ ਚਰਚਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਬੰਧਕਾਂ ਦਾ ਜ਼ਿਆਦਾ ਜ਼ੋਰ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂਆਂ ਦੇ ਆਦੇਸ਼ਾਂ ਦਾ ਪਾਲਣਾ ਕਰਨ ਵਲ ਲੱਗ ਰਿਹਾ ਹੈ। ਲਾਪਤਾ ਪਾਵਨ ਸਰੂਪ ਮਾਮਲੇ 'ਚ ਅਮਨ ਸ਼ਾਂਤੀ ਨਾਲ ਸ਼੍ਰੋਮਣੀ ਕਮੇਟੀ ਦਫਤਰ ਸਾਹਮਣੇ ਰੋਸ ਧਰਨਾ ਦੇ ਰਹੀਆਂ ਵੱਖ-ਵੱਖ ਜਥੇਬੰਦੀਆਂ ਨਾਲ ਵੀ ਗੱਲਬਾਤ ਰਾਹੀਂ ਮਸਲਾ ਸੁਲਝਾਉਣ 'ਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਅਹੁਦੇਦਾਰ ਅਸਫਲ ਸਿੱਧ ਹੋਏ ਹਨ। ਬੀਤੇ ਦਿਨੀਂ ਥੋੜ੍ਹੀ ਗਿਣਤੀ 'ਚ ਬੈਠੇ ਧਰਨਾਕਾਰੀਆਂ ਨੂੰ ਬਾਕੀ ਸੰਗਤ ਤੇ ਸਾਥੀਆਂ ਨਾਲੋਂ ਅਲੱਗ ਕਰਨ ਲਈ ਸ਼੍ਰੋਮਣੀ ਕਮੇਟੀ ਦਫਤਰ ਤੇ ਮੰਜੀ ਸਾਹਿਬ ਦੀਵਾਨ ਹਾਲ ਨੂੰ ਜਾਂਦੇ ਰਸਤਿਆਂ 'ਤੇ 10 ਫੁੱਟ ਉੱਚੀਆਂ ਟੀਨਾਂ ਦੀਆਂ ਰਾਤੋ ਰਾਤ ਕੰਧਾਂ ਉਸਾਰ ਦੇਣ ਨਾਲ ਵੀ ਸ਼੍ਰੋਮਣੀ ਕਮੇਟੀ ਨੇ ਸੰਗਤ ਤੋਂ ਬਦਨਾਮੀ ਖੱਟੀ ਹੈ। ਇਸ ਦੇ ਨਾਲ ਹੀ ਗੁਰੂ ਰਾਮਦਾਸ ਸਰਾਂ ਨੇੜੇ ਬੈਠੇ ਗੁਰਬਾਣੀ ਜਾਪ ਕਰ ਰਹੇ ਗਿਣਤੀ ਦੇ ਕੁਝ ਨਿਹੰਗ ਸਿੰਘਾਂ ਤੇ ਸੰਗਤ ਨੂੰ ਉਥੋਂ ਖਦੇੜਨ ਲਈ ਟਾਸਕ ਫੋਰਸ ਦੇ ਕਰਮਚਾਰੀਆਂ ਵਲੋਂ ਭਾਰੀ ਕੁੱਟਮਾਰ ਕਰਦਿਆਂ ਉਨ੍ਹਾਂ ਦੀਆਂ ਦਸਤਾਰਾਂ ਉਤਾਰਨ ਤੇ ਇਸ ਮੌਕੇ ਦੀ ਕਵਰੇਜ ਕਰ ਰਹੇ ਮੀਡੀਆ ਕਰਮੀਆਂ ਨਾਲ ਸ਼ਰੇਆਮ ਕੀਤੀ ਗੁੰਡਾਗਰਦੀ ਤੇ ਖੂਨੀ ਝੜਪ ਨੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦੀ ਬੇਸਮਝੀ ਨੂੰ ਪੂਰੀ ਤਰ੍ਹਾਂ ਉਜਾਗਰ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਲਾਪਤਾ ਪਾਵਨ ਸਰੂਪ ਮਾਮਲੇ ਵਿਚ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਲੋਂ 2016 ਵਾਲੀ ਸਮੁੱਚੀ ਅੰਤ੍ਰਿੰਗ ਕਮੇਟੀ ਨੂੰ ਅਕਾਲ ਤਖਤ ਸਾਹਿਬ ਵਿਖੇ ਤਲਬ ਕੀਤਾ। ਇਹ ਸ਼੍ਰੋਮਣੀ ਕਮੇਟੀ ਦੇ ਸਦੀ ਪੁਰਾਤਨ ਇਤਿਹਾਸ ਵਿਚ ਸ਼ਾਇਦ ਪਹਿਲਾ ਮੌਕਾ ਹੋਵੇਗਾ ਜਦੋਂ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਤੇ ਅਧਿਕਾਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ ਕਾਇਮ ਨਾ ਰੱਖ ਸਕਣ ਦੇ ਦੋਸ਼ ਵਿਚ ਅਕਾਲ ਤਖਤ ਸਾਹਿਬ ਵਿਖੇ ਤਲਬ ਹੋਏ। ਸ਼੍ਰੋਮਣੀ ਕਮੇਟੀ ਦੇ ਸੇਵਾਦਾਰ ਤੋਂ ਲੈ ਕੇ ਮੁੱਖ ਸਕੱਤਰਾਂ ਤੱਕ 16 ਅਧਿਕਾਰੀਆਂ ਤੇ ਕਰਮਚਾਰੀਆਂ ਦਾ ਵੀ ਇਸ ਮਾਮਲੇ ਵਿਚ ਪਹਿਲੀ ਵਾਰ ਦੋਸ਼ੀ ਠਹਿਰਾਇਆ ਜਾਣਾ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

# ਲਾਪਤਾ ਸਰੂਪ: ਸਾਬਕਾ ਸੁਪਰਵਾਈਜ਼ਰ ਨੇ ਮੁੜ ਚੁੱਕੀ ਅਹੁਦੇਦਾਰਾਂ ਵਲ ਉਂਗਲ


**ਅੰਮ੍ਰਿਤਸਰ:** ਲਾਪਤਾ ਪਾਵਨ ਸਰੂਪਾਂ ਦੇ ਮਾਮਲੇ 'ਚ ਪੜਤਾਲ ਕਮੇਟੀ ਵਲੋਂ ਦੋਸ਼ੀ ਠਹਿਰਾਏ ਗਏ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਵਿਚ ਸ਼ਾਮਲ ਪਬਲੀਕੇਸ਼ਨ ਵਿਭਾਗ ਦੇ ਸੁਪਰਵਾਈਜ਼ਰ (ਹੁਣ ਸਾਬਕਾ) ਨੇ ਮੁੜ ਦਾਅਵਾ ਕੀਤਾ ਹੈ ਕਿ 19 ਮਈ 2016 ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਅਚਾਨਕ ਅੱਗ ਲੱਗਣ ਕਾਰਨ 80 ਪਾਵਨ ਸਰੂਪ ਹੀ ਨੁਕਸਾਨੇ ਗਏ ਸਨ।

ਕਾਫੀ ਸਮੇਂ ਬਾਅਦ ਮੀਡੀਆ ਸਾਹਮਣੇ ਆਏ ਸਾਬਕਾ ਸੁਪਰਵਾਈਜ਼ਰ ਕੰਵਲਜੀਤ ਸਿੰਘ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਵਲੋਂ ਪ੍ਰੈੱਸ ਕਾਨਫਰੰਸ ਦੌਰਾਨ ਦਾਅਵਾ ਕੀਤਾ ਗਿਆ ਸੀ ਕਿ ਅੱਗ ਲੱਗਣ ਤੇ ਪਾਣੀ ਨਾਲ 14 ਸਰੂਪ ਨੁਕਸਾਨੇ ਗਏ ਸਨ, ਜਦੋਂ ਕਿ ਹੁਣ ਆਫਿਸ ਨੋਟ ਵਿਚ ਸਾਹਮਣੇ ਆ ਗਿਆ ਹੈ ਕਿ ਇਨ੍ਹਾਂ ਨੁਕਸਾਨੇ ਸਰੂਪਾਂ ਦੀ ਗਿਣਤੀ 80 ਸੀ। ਉਨ੍ਹਾਂ ਕਿਹਾ ਕਿ ਜਦੋਂ ਅੱਗ ਲੱਗਣ ਦੀ ਘਟਨਾ ਵਾਪਰੀ ਸੀ ਤਾਂ ਉੱਚ ਅਧਿਕਾਰੀ ਉਪਰ ਗਏ ਹਨ ਤੇ ਸਾਨੂੰ ਉਸ ਵੇਲੇ ਅੱਗ ਲੱਗਣ ਵਾਲੇ ਸਥਾਨ 'ਤੇ ਕਾਫੀ ਸਮਾਂ ਬਾਅਦ 'ਚ ਜਾਣ ਦਿੱਤਾ ਗਿਆ ਸੀ।

ਉਸ ਦੀ ਡਿਊਟੀ ਸਮੇਂ ਦੌਰਾਨ ਜੋ ਪਾਵਨ ਸਰੂਪ ਘੱਟ ਪਾਏ ਗਏ ਹਨ, ਉਹ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀਆਂ, ਜਿਨ੍ਹਾਂ ਵਿਚ ਚੀਫ ਸਕੱਤਰ ਡਾ. ਰੂਪ ਸਿੰਘ, ਸਕੱਤਰ ਮਨਜੀਤ ਸਿੰਘ, ਪ੍ਰਧਾਨ ਦੇ ਨਿੱਜੀ ਸਹਾਇਕ ਮਹਿੰਦਰ ਸਿੰਘ ਆਹਲੀ, ਗੁਰਬਚਨ ਸਿੰਘ ਮੀਤ ਸਕੱਤਰ ਪਬਲੀਕੇਸ਼ਨ ਦੀਆਂ ਸਿਫਾਰਸ਼ਾਂ 'ਤੇ ਭੇਜੇ ਜਾਂਦੇ ਰਹੇ। ਉਨ੍ਹਾਂ ਨੇ ਮੰਗ ਕੀਤੀ ਕਿ ਇਨ੍ਹਾਂ ਅਧਿਕਾਰੀਆਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਪਾਵਨ ਸਰੂਪ ਕਿੱਥੇ ਕਿੱਥੇ ਭੇਜੇ ਗਏ।

# ਅਕਾਲ ਤਖਤ ਵਲੋਂ ਸਨਮਾਨੇ ਜਾਣਗੇ ਭਾਈ ਗਜਿੰਦਰ ਸਿੰਘ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਵੱਲੋਂ ਦਲ ਖਾਲਸਾ ਦੇ ਮੋਢੀ ਮੈਂਬਰ ਭਾਈ ਗਜਿੰਦਰ ਸਿੰਘ ਨੂੰ 'ਜਲਾਵਤਨ ਸਿੱਖ ਯੋਧੇ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਜਾਵੇਗਾ। ਇਹ ਉਪਾਧੀ ਇਕ ਵਿਸ਼ੇਸ਼ ਸਮਾਗਮ ਦੌਰਾਨ ਦਿੱਤੀ ਜਾਵੇਗੀ, ਜਿਸ ਦੀ ਤਰੀਕ ਦਾ ਐਲਾਨ ਨਹੀਂ ਕੀਤਾ ਗਿਆ।



ਸ੍ਰੀ ਅਕਾਲ ਤਖਤ ਵੱਲੋਂ ਦਲ ਖਾਲਸਾ ਦੇ ਇਸ ਆਗੂ ਸਮੇਤ ਦਸ ਹੋਰ ਅਹਿਮ ਸ਼ਖਸੀਅਤਾਂ ਨੂੰ ਵੀ ਵੱਖ-ਵੱਖ ਪੁਰਸਕਾਰਾਂ ਨਾਲ ਸਨਮਾਨਿਆ ਜਾਣਾ ਹੈ। ਇਸ ਸਬੰਧੀ ਅਕਾਲ ਤਖਤ ਦੇ ਸਕੱਤਰੇਤ ਵੱਲੋਂ ਰਸਮੀ ਤੌਰ 'ਤੇ ਸ਼ਖਸੀਅਤਾਂ ਦੇ ਸਿਰਨਾਵਿਆਂ ਉਤੇ ਪੱਤਰ ਭੇਜੇ ਗਏ ਹਨ। ਇਸੇ ਤਹਿਤ ਗਜਿੰਦਰ ਸਿੰਘ ਦੀ ਇੰਗਲੈਂਡ ਵਾਸੀ ਧੀ ਬਿਕਰਮਜੀਤ ਕੌਰ ਅਤੇ ਜਥੇਬੰਦੀ ਦੇ ਮੁੱਖ ਦਫਤਰ ਵਿਖੇ ਪੱਤਰ ਭੇਜਿਆ ਗਿਆ ਹੈ, ਜਿਸ ਦੀ ਪੁਸ਼ਟੀ ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਅਕਾਲ ਤਖਤ ਵੱਲੋਂ ਪ੍ਰਾਪਤ ਪੱਤਰ ਜਲਾਵਤਨ ਆਗੂ ਗਜਿੰਦਰ ਸਿੰਘ ਨੂੰ ਭੇਜ ਦਿੱਤਾ ਹੈ ਅਤੇ ਇਹ ਉਪਾਧੀ ਲੈਣ ਬਾਰੇ ਅੰਤਿਮ ਫੈਸਲਾ ਉਹੀ ਕਰਨਗੇ।

ਜਾਣਕਾਰੀ ਅਨੁਸਾਰ ਗਜਿੰਦਰ ਸਿੰਘ ਨੇ ਆਪਣੇ ਚਾਰ ਹੋਰ ਸਾਥੀਆਂ ਸਮੇਤ 29 ਸਤੰਬਰ 1981 ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਗ੍ਰਿਫਤਾਰੀ ਅਤੇ ਚੌਕ ਮਹਿਤਾ ਵਿਖੇ ਪੁਲਿਸ ਗੋਲੀਬਾਰੀ ਨਾਲ ਮਾਰੇ ਗਏ 16 ਸਿੱਖਾਂ ਦੇ ਰੋਸ ਵਜੋਂ ਇੰਡੀਅਨ ਏਅਰ ਲਾਈਨ ਦਾ ਜਹਾਜ਼ ਅਗਵਾ ਕੀਤਾ ਸੀ। ਉਹ ਜਹਾਜ਼ ਨੂੰ ਲਾਹੌਰ ਲੈ ਗਏ ਸਨ, ਜਿਥੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 1986 ਵਿਚ ਲਾਹੌਰ ਅਦਾਲਤ ਵੱਲੋਂ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। 1994 ਵਿਚ ਰਿਹਾਅ ਹੋਣ ਮਗਰੋਂ ਉਹ ਉਥੇ ਹੀ ਰਹਿ ਗਏ ਸਨ। ਬੁਲਾਰੇ ਨੇ ਦੱਸਿਆ ਕਿ ਰਿਹਾਈ ਤੋਂ ਬਾਅਦ ਜਲਾਵਤਨੀ ਭੋਗ ਰਹੇ ਇਸ ਸਿੱਖ ਆਗੂ ਨੇ ਨਵੰਬਰ 2017 ਵਿਚ ਸੰਯੁਕਤ ਰਾਸ਼ਟਰ ਕੋਲੋਂ ਆਪਣੀ ਮਰਜ਼ੀ ਵਾਲੇ ਦੇਸ਼ ਵਿਚ ਰਹਿਣ ਦੀ ਮੰਗ ਕੀਤੀ ਸੀ। ਇਸ ਵਰ੍ਹੇ ਭਾਰਤ ਵਿਚ ਗਜਿੰਦਰ ਸਿੰਘ ਦੀ ਫੇਸਬੁੱਕ ਪੇਜ਼ ਨੂੰ ਦੋ ਵਾਰ ਬੰਦ ਕੀਤਾ ਜਾ ਚੁੱਕਾ ਹੈ।

ਸ੍ਰੀ ਅਕਾਲ ਤਖਤ ਵਲੋਂ ਸਨਮਾਨੀਆਂ ਜਾਣ ਵਾਲੀਆਂ 11 ਸ਼ਖਸੀਅਤਾਂ ਵਿੱਚ ਦਮਦਮੀ ਟਕਸਾਲ ਦੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲੇ, ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਗਿਆਨੀ ਮੇਵਾ ਸਿੰਘ ਸਾਬਕਾ ਮੈਂਬਰ ਧਰਮ ਪ੍ਰਚਾਰ ਕਮੇਟੀ, ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲੇ (ਸਾਰੇ ਅਕਾਲ ਚਲਾਣਾ ਕਰ ਚੁੱਕੇ ਹਨ), ਡਾ. ਗੁਰਨਾਮ ਸਿੰਘ ਸਾਬਕਾ ਮੁਖੀ ਗੁਰਮਤਿ ਸੰਗੀਤ ਵਿਭਾਗ ਪੰਜਾਬੀ 'ਵਰਸਿਟੀ, ਭਾਈ ਹਰਸਿਮਰਨ ਸਿੰਘ ਅਨੰਦਪੁਰ ਸਾਹਿਬ, ਭਾਈ ਹਰਿੰਦਰ ਸਿੰਘ ਖਾਲਸਾ ਬਠਿੰਡਾ, ਡਾ. ਦਰਸ਼ਨ ਸਿੰਘ, ਗਿਆਨੀ ਗੁਰਬਚਨ ਸਿੰਘ ਮੁਕਤਸਰੀ ਤੇ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਦੇ ਨਾਂ ਸ਼ਾਮਲ ਹਨ।

# ਕਰਤਾਰਪੁਰ ਲਾਂਘੇ ਬਾਰੇ ਵੈੱਬਸਾਈਟ ਤੇ ਕਿਤਾਬ ਜਾਰੀ

**ਅੰਮ੍ਰਿਤਸਰ:** ਲਾਹੌਰ ਵਿਚ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਨਾਲ ਸਬੰਧਤ ਇਕ ਵੈੱਬਸਾਈਟ ਅਤੇ ਪਾਕਿਸਤਾਨ ਦੇ ਗੁਰਦੁਆਰਿਆਂ ਬਾਰੇ ਇਕ ਕਿਤਾਬ ਜਾਰੀ ਕੀਤੀ ਗਈ ਹੈ। ਇਨ੍ਹਾਂ ਨੂੰ ਜਾਰੀ ਕਰਨ ਦੀ ਰਸਮ ਫੈਡਰਲ ਮੰਤਰੀ ਡਾ. ਨੂਰ ਉਲ ਹੱਕ ਕਾਦਰੀ ਨੇ ਅਦਾ ਕੀਤੀ। ਇਕ ਹੋਟਲ ਵਿਚ ਇਸ ਸਬੰਧੀ ਕਰਵਾਏ ਗਏ ਸਮਾਗਮ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਸਮੇਤ ਹੋਰ ਸਿੱਖ ਆਗੂ ਅਤੇ ਪਾਕਿਸਤਾਨ ਔਕਾਫ ਬੋਰਡ ਦੇ ਅਧਿਕਾਰੀ ਹਾਜ਼ਰ ਸਨ।

ਪੀ.ਜੀ.ਪੀ.ਸੀ. ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਮੁਤਾਬਕ ਇਹ ਪੁਸਤਕ ਅਤੇ ਵੈੱਬਸਾਈਟ ਔਕਾਫ ਬੋਰਡ ਅਤੇ ਪੀ.ਜੀ.ਪੀ.ਸੀ. ਵੱਲੋਂ ਤਿਆਰ ਕੀਤੀ ਗਈ ਹੈ। ਸਮਾਗਮ ਦੌਰਾਨ ਪੀ.ਜੀ.ਪੀ.ਸੀ. ਦੇ ਪ੍ਰਧਾਨ ਸਤਵੰਤ ਸਿੰਘ ਤੇ ਹੋਰ ਸਿੱਖ ਆਗੂਆਂ ਨੇ ਆਖਿਆ ਕਿ ਇਸ ਨਾਲ ਪਾਕਿਸਤਾਨ ਵਿਚ ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹ ਮਿਲੇਗਾ।

ਇਸ ਮੌਕੇ ਸੰਸਦ ਮੈਂਬਰ ਅਤੇ ਸੰਸਦੀ ਸਕੱਤਰ ਅਫਤਾਬ ਜਹਾਂਗੀਰ, ਔਕਾਫ ਬੋਰਡ ਦੇ ਚੈਅਰਮੈਨ ਡਾ. ਆਮਿਰ ਅਹਿਮਦ, ਕਿੰਗ ਐਡਵਰਡ ਮੈਡੀਕਲ ਕਾਲਜ ਦੇ ਉਪ ਕੁਲਪਤੀ ਡਾ. ਖਾਲਿਦ ਮਸੂਦ ਸਮੇਤ ਸਿੱਖ ਆਗੂ ਆਮੀਰ ਸਿੰਘ, ਮਹਿੰਦਰ ਪਾਲ ਸਿੰਘ ਅਤੇ ਰਮੇਸ਼ ਸਿੰਘ ਅਰੋੜਾ ਹਾਜ਼ਰ ਸਨ।



ਪੰਜਾਬ ਟਾਈਮਜ਼

ਸਨਿਚਰਵਾਰ, 26 ਸਤੰਬਰ 2020

# ਮੋਦੀ ਸਰਕਾਰ ਖਿਲਾਫ ਰੋਹ

ਰੋਕਣ ਦੇ ਲੱਖ ਯਤਨਾਂ ਦੇ ਬਾਵਜੂਦ ਮੋਦੀ ਸਰਕਾਰ ਖਿਲਾਫ ਰੋਹ ਸੜਕਾਂ ‘ਤੇ ਆ ਗਿਆ ਹੈ। ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦਾ ਅੰਦੋਲਨ ਉਸ ਮੁਕਾਮ ‘ਤੇ ਪਹੁੰਚ ਗਿਆ ਹੈ, ਜਿਸ ਨੂੰ ਹੁਣ ਆਰ-ਪਾਰ ਦੀ ਲੜਾਈ ਆਖਿਆ ਜਾ ਰਿਹਾ ਹੈ। ਪੂਰਾ ਮੁਲਕ ਤਾਂ ਪਹਿਲਾਂ ਹੀ ਮੰਦੀ ਦੀ ਮਾਰ ਹੇਠ ਸੀ, ਪਰ ਮਾਰਚ ਦੇ ਆਖਰੀ ਦਿਨਾਂ ਤੋਂ ਲੈ ਕੇ ਹੁਣ ਤਕ ਕਰੋਨਾ ਮਹਾਮਾਰੀ ਦੇ ਬਹਾਨੇ ਸਰਕਾਰ ਨੇ ਜਿਸ ਤਰ੍ਹਾਂ ਲੌਕਡਾਊਨ ਜਾਂ ਹੋਰ ਪਾਬੰਦੀਆਂ ਨਾਲ ਲੋਕ ਰੋਹ ਨੂੰ ਦਰੜਨ ਦੀ ਕੋਸ਼ਿਸ਼ ਕੀਤੀ, ਉਹ ਫੇਲ੍ਹ ਸਾਬਤ ਹੋਈ ਹੈ। ਪਹਿਲਾਂ-ਪਹਿਲ ਤਾਂ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ, ਜੋ ਕੇਂਦਰ ਸਰਕਾਰ ਦੇ ਲਿਆਂਦੇ ਖੇਤੀ ਆਰਡੀਨੈਂਸਾਂ ਖਿਲਾਫ ਹੋਣ ਦਾ ਦਾਅਵਾ ਕਰਦੀ ਸੀ ਅਤੇ ਇਸ ਨੇ ਪੰਜਾਬ ਵਿਧਾਨ ਸਭਾ ਵਿਚ ਇਨ੍ਹਾਂ ਆਰਡੀਨੈਂਸਾਂ ਖਿਲਾਫ ਮਤਾ ਵੀ ਪਾਸ ਕਰਵਾਇਆ, ਵੀ ਕਿਸਾਨਾਂ ਦੇ ਰੋਹ ਨੂੰ ਡੱਕਣ ਦੀ ਕੋਸ਼ਿਸ਼ ਕਰਦੀ ਰਹੀ। ਅਸਲ ਵਿਚ ਕੈਪਟਨ ਸਰਕਾਰ ਦੇ ਆਪਣੇ ਸਿਆਸੀ ਨਿਸ਼ਾਨੇ ਸਨ। ਇਨ੍ਹਾਂ ਨਿਸ਼ਾਨਿਆਂ ਤਹਿਤ ਹੀ ਇਸ ਨੇ ਆਪਣੀਆਂ ਮੰਗਾਂ ਦੇ ਹੱਕ ਵਿਚ ਧਰਨੇ ਲਾਉਣ ਵਾਲਿਆਂ ਖਿਲਾਫ ਕੇਸ ਦਰਜ ਕਰ ਲਏ, ਪਰ ਹੁਣ ਮਘੇ ਕਿਸਾਨ ਸੰਘਰਸ਼ ਨੇ ਕੈਪਟਨ ਸਰਕਾਰ ਨੂੰ ਕਿਸਾਨਾਂ ਖਿਲਾਫ ਦਰਜ ਕੇਸ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ। ਹੋਰ ਤਾਂ ਹੋਰ, ਜਿਹੜਾ ਸ਼੍ਰੋਮਣੀ ਅਕਾਲੀ ਦਲ ਅੱਖਾਂ ਮੀਚ ਕੇ ਮੋਦੀ ਸਰਕਾਰ ਦੇ ਹਰ ਫੈਸਲੇ ਦੀ ਹਮਾਇਤ ਕਰ ਰਿਹਾ ਸੀ, ਦੀ ਵਜ਼ੀਰ ਹਰਸਿਮਰਤ ਕੌਰ ਬਾਦਲ ਅਸਤੀਫਾ ਦੇ ਕੇ ਸਰਕਾਰ ਤੋਂ ਬਾਹਰ ਆ ਗਈ ਅਤੇ ਕਿਸਾਨਾਂ ਦੇ ਹੱਕ ਵਿਚ ਅਵਾਜ਼ ਉਠਾਉਣ ਦਾ ਐਲਾਨ ਕਰ ਦਿੱਤਾ। ਹਰਿਆਣਾ ਦੇ ਕਿਸਾਨ ਅਤੇ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਖੇਤੀ ਕਾਨੂੰਨਾਂ ਖਿਲਾਫ ਰੋਹ ਵੀ ਨਿੱਤ ਦਿਨ ਵਧ ਰਿਹਾ ਹੈ।

ਇਕ ਤੱਥ ਤਾਂ ਐਨ ਸਪਸ਼ਟ ਹੈ ਕਿ ਪਿਛਲੇ ਛੇ ਸਾਲ ਤੋਂ ਮੋਦੀ ਸਰਕਾਰ ਆਪਣੀ ਮਰਜ਼ੀ ਕਰ ਰਹੀ ਹੈ ਅਤੇ ਲੋਕ ਮਸਲਿਆਂ ਨੂੰ ਬੁਰੀ ਤਰ੍ਹਾਂ ਦਰੜ ਕੇ ਆਪਣਾ ਹਿੰਦੂਤਵੀ ਏਜੰਡਾ ਕਰ ਰਹੀ ਹੈ; ਹੁਣ ਇਸ ਨੇ ਆਪਣੀ ਬਹੁਮਤ ਦੇ ਸਿਰ ‘ਤੇ ਤਿੰਨੇ ਖੇਤੀ ਬਿੱਲ ਵੀ ਸੰਸਦ ਦੇ ਦੋਹਾਂ ਸਦਨਾਂ ਵਿਚੋਂ ਪਾਸ ਕਰਵਾ ਲਏ ਹਨ। ਰਾਸ਼ਟਰਪਤੀ ਦੇ ਦਸਤਖਤਾਂ ਦੀ ਦੇਰ ਹੈ ਕਿ ਇਹ ਤਿੰਨੇ ਕਾਨੂੰਨ ਲਾਗੂ ਹੋ ਜਾਣੇ ਹਨ। ਸਰਕਾਰ ਇਹ ਦਾਅਵਾ ਵਾਰ-ਵਾਰ ਕਰ ਰਹੀ ਹੈ ਕਿ ਇਹ ਕਾਨੂੰਨ ਖੇਤੀ ਖੇਤਰ ਦੇ ਸੁਧਾਰ ਲਈ ਹਨ, ਜਦੋਂ ਕਿ ਹਕੀਕਤ ਇਹ ਹੈ ਕਿ ਇਨ੍ਹਾਂ ਕਾਨੂੰਨਾਂ ਨਾਲ ਖੇਤੀ, ਸਿੱਧੀ ਕਾਰਪੋਰੇਟ ਕਬਜ਼ੇ ਅਧੀਨ ਲਿਆਂਦੀ ਜਾ ਰਹੀ ਹੈ। ਮੁਲਕ ਦੀ 60-70 ਫੀਸਦ ਵਸੋਂ ਸਿੱਧੇ-ਅਸਿੱਧੇ ਢੰਗ ਨਾਲ ਖੇਤੀ ਉਤੇ ਨਿਰਭਰ ਹੈ। ਇਕ ਹੋਰ ਅਹਿਮ ਤੱਥ ਗੌਲਣ ਵਾਲਾ ਇਹ ਹੈ ਕਿ ਪਿਛਲੇ ਸਮੇਂ ਵਿਚ ਪਈ ਮੰਦੀ ਅਤੇ ਕਰੋਨਾ ਕਾਰਨ ਡਾਵਾਂਡੋਲ ਹੋਈ ਆਰਥਕਤਾ ਦੌਰਾਨ ਸਿਰਫ ਖੇਤੀ ਹੀ ਅਜਿਹਾ ਖੇਤਰ ਹੈ, ਜੋ ਵਿਕਾਸ ਦਿਖਾ ਰਿਹਾ ਹੈ; ਹੋਰ ਸਾਰੇ ਖੇਤਰ ਨਿਘਾਰ ਵਲ ਜਾ ਰਹੇ ਹਨ। ਇਹ ਅਸਲ ਵਿਚ ਮੋਦੀ ਦੀਆਂ ਨੀਤੀਆਂ ਕਾਰਨ ਹੋ ਰਿਹਾ ਹੈ। ਨੋਟਬੰਦੀ ਅਤੇ ਕਾਹਲੀ ਵਿਚ ਕੀਤੇ ਜੀ. ਐਸ. ਟੀ. ਵਰਗੇ ਫੈਸਲਿਆਂ ਨਾਲ ਆਰਥਕਤਾ ਗੋਡਿਆਂ ਪਰਨੇ ਤਾਂ ਹੋਈ ਹੀ, ਇਸ ਨੂੰ ਮੁੜ ਲੀਹ ਉਤੇ ਪਾਉਣ ਲਈ ਕੋਈ ਚਾਰਾਜੋਈ ਨਹੀਂ ਕੀਤੀ ਗਈ। ਹੋਰ ਤਾਂ ਹੋਰ, ਇਹ ਵੀ ਨਹੀਂ ਮੰਨਿਆ ਜਾ ਰਿਹਾ ਕਿ ਸਰਕਾਰ ਦੇ ਇਹ ਫੈਸਲੇ ਬੇਹੱਦ ਆਤਮਘਾਤੀ ਸਨ।

ਖੈਰ! ਕਿਸਾਨਾਂ ਦੇ ਉਠੇ ਵਿਦਰੋਹ ਨੇ ਦਰਸਾ ਦਿੱਤਾ ਹੈ ਕਿ ਕੋਈ ਵੀ ਸਰਕਾਰ ਜਾਂ ਕਿਲ੍ਹਾ ਅਜਿੱਤ ਨਹੀਂ ਹੁੰਦਾ। ਸਰਕਾਰ ਨੇ ਭਾਵੇਂ ਇਨ੍ਹਾਂ ਖੇਤੀ ਕਾਨੂੰਨਾਂ ਤੋਂ ਪਿਛਾਂਹ ਹਟਣ ਦੇ ਅਜੇ ਤਕ ਕੋਈ ਸੰਕੇਤ ਨਹੀਂ ਦਿੱਤੇ ਹਨ, ਪਰ ਜੇ ਇਹ ਕਿਸਾਨ ਅੰਦੋਲਨ ਸਿਆਸੀ ਹਮਾਇਤ ਜੁਟਾਉਣ ਵਿਚ ਕਾਮਯਾਬ ਹੋ ਗਿਆ ਤਾਂ ਮੋਦੀ ਸਰਕਾਰ ਨੂੰ ਲੈਣੇ ਦੇ ਦੇਣੇ ਪੈ ਸਕਦੇ ਹਨ। ਹੁਣ ਪਹਿਲਾ ਮਸਲਾ ਤਾਂ ਇਹੀ ਹੈ ਕਿ ਕਿਸਾਨ ਅੰਦੋਲਨ ਦਾ ਅਗਲਾ ਰੁਖ ਕੀ ਹੋਵੇਗਾ? ਕਿਸਾਨਾਂ ਦਾ ਇਹ ਰੁਖ ਹੀ ਸੰਘਰਸ਼ ਦੀ ਅਗਲੀ ਰੂਪ-ਰੇਖਾ ਘੜਨ ਵਿਚ ਮਦਦ ਕਰੇਗਾ। ਦੂਜਾ, ਪਰ ਵੱਡਾ ਮਸਲਾ ਤੇ ਸਵਾਲ ਇਹ ਹੈ ਕਿ ਵਿਰੋਧੀ ਧਿਰ ਕਿਸਾਨਾਂ ਦੇ ਇਸ ਅੰਦੋਲਨ ਦਾ ਮੂੰਹ ਮੋਦੀ ਦੀ ਮਨਮਾਨੀ ਵਾਲੀ ਸਿਆਸਤ ਵੱਲ ਮੋੜ ਸਕੇਗੀ ਕਿ ਨਹੀਂ। ਤਾਨਾਸ਼ਾਹ ਰੁਚੀਆਂ ਵਾਲੇ ਨਰਿੰਦਰ ਮੋਦੀ ਵਰਗੇ ਆਗੂ ਨਾਲ ਨਜਿੱਠਣ ਲਈ ਬੇਹੱਦ ਤਕੜੇ ਨੈਤਿਕ ਪੈਂਤੜਿਆਂ ਦੀ ਲੋੜ ਹੁੰਦੀ ਹੈ, ਜਿਸ ਦੀ ਘਾਟ ਵਿਰੋਧੀ ਧਿਰਾਂ ਵਿਚ ਅਕਸਰ ਰੜਕਦੀ ਰਹੀ ਹੈ। ਜੇ ਅਜਿਹਾ ਨਾ ਹੁੰਦਾ ਤਾਂ ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਖੋਹਣ ਮੌਕੇ ਹੀ ਵਿਰੋਧੀ ਧਿਰ ਵੱਖਰਾ ਅੰਦੋਲਨ ਛੇੜ ਸਕਦੀ ਸੀ। ਹੁਣ ਵਾਲਾ ਅੰਦੋਲਨ ਵੀ ਕਿਸਾਨਾਂ ਵਲੋਂ ਅਰੰਭ ਹੋਇਆ ਹੈ, ਜੋ ਸਿੱਧੇ ਰੂਪ ਵਿਚ ਕਿਸੇ ਸੱਤਾਵਾਦੀ ਜਾਂ ਵੋਟ-ਬਟੋਰੂ ਸਿਆਸਤ ਨਾਲ ਸਬੰਧਤ ਨਹੀਂ ਹਨ। ਇਸ ਦਾ ਮਤਲਬ ਇਹੀ ਬਣਦਾ ਹੈ ਕਿ ਅੱਜ ਦੀ ਰਵਾਇਤੀ ਲੀਡਰਸ਼ਿਪ ਮੋਦੀ ਸਰਕਾਰ ਦੇ ਵੱਟ ਕੱਢਣ ਵਿਚ ਨਾਕਾਮ ਹੀ ਰਹੀ ਹੈ, ਜਦੋਂ ਕਿ ਕਿਸਾਨਾਂ ਨੇ ਆਪਣੇ ਵੱਖ-ਵੱਖ ਪੈਂਤੜਿਆਂ ਅਤੇ ਸਰਕਾਰ ਦੀ ਹਰ ਪਾਬੰਦੀ ਦਾ ਟਕਰਾ ਕਰਦਿਆਂ ਆਪਣਾ ਅੰਦੋਲਨ ਭਖਾ ਲਿਆ ਹੈ। ਇਕ ਗੱਲ ਹੋਰ ਸਪਸ਼ਟ ਕਰਨ ਵਾਲੀ ਹੈ ਕਿ ਅੰਦੋਲਨਕਾਰੀਆਂ ਦਾ ਮੁਕਾਬਲਾ ਆਮ ਸਰਕਾਰ ਨਾਲ ਨਹੀਂ ਹੈ। ਇਹ ਉਹ ਸਰਕਾਰ ਹੈ, ਜੋ ਹਰ ਹੀਲੇ ਆਪਣੀ ਮਨਮਰਜ਼ੀ ਕਰਨ ਲਈ ਬਦਨਾਮ ਹੈ। ਪਿਛਲੇ ਸਮੇਂ ਦੌਰਾਨ ਇਸ ਨੇ ਅਜਿਹੀ ਸਿਆਸਤ ਸਾਹਮਣੇ ਲਿਆਂਦੀ ਹੈ, ਜਿਸ ਵਿਚ ਬਾਂਹ ਮਰੋੜ ਕੇ ਹਮਾਇਤ ਜੁਟਾਉਣਾ ਵੀ ਸ਼ਾਮਿਲ ਹੈ। ਇਸ ਸੂਰਤ ਵਿਚ ਕਿਸਾਨ ਅੰਦੋਲਨ ਦੀ ਅਗਵਾਈ ਕਰ ਰਹੇ ਲੀਡਰਾਂ ਅਤੇ ਜਥੇਬੰਦੀਆਂ ਨੂੰ ਬਹੁਤ ਤਹੱਮਲ ਤੋਂ ਕੰਮ ਲੈਣਾ ਪਵੇਗਾ। ਸਰਕਾਰ ਦੀ ਕੋਸ਼ਿਸ਼ ਤਾਂ ਇਹੀ ਹੋਵੇਗੀ ਕਿ ਕਿਸੇ ਨਾ ਕਿਸੇ ਤਰ੍ਹਾਂ ਇਸ ਅੰਦੋਲਨ ਨੂੰ ਤਾਰਪੀਡੋ ਕੀਤਾ ਜਾਵੇ। ਇਸੇ ਲਈ ਹੁਣ ਇਸ ਅੰਦੋਲਨ ਨੂੰ ਸਿਰੇ ਲਾਉਣ ਦੀ ਸਮੁੱਚੀ ਜ਼ਿੰਮੇਵਾਰੀ ਅੰਦੋਲਨ ਦੇ ਲੀਡਰਾਂ ਉਤੇ ਹੈ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਹ ਆਪਣੇ ਅੰਦੋਲਨ ਨੂੰ ਕਿੰਨਾ ਕੁ ਵਸੀਹ ਕਰ ਸਕਣਗੇ, ਪਰ ਇਕ ਗੱਲ ਸਪਸ਼ਟ ਹੋ ਗਈ ਹੈ ਕਿ ਮੋਦੀ ਸਰਕਾਰ ਦੀਆਂ ਮਨਮਾਨੀਆਂ ਅਜਿਹੇ ਅੰਦੋਲਨਾਂ ਨਾਲ ਹੀ ਡੱਕੀਆਂ ਜਾ ਸਕਦੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ‘ਬੰਬ’ ਹੋਇਆ ਠੁੱਸ!

ਜਦੋਂ ਤੋਂ ਅਕਾਲੀ ਦਲ ਬਣਿਆ ‘ਬਾਦਲ ਦਲ’, ਆਪਣੇ ਸਿਧਾਂਤ ਦੀ ਹੀ ਲੀਹੋਂ ਥੱਲੇ ਲਹਿ ਗਿਆ।
ਮਾਨਵੀ ਹੱਕਾਂ ਲਈ ਕਦੇ ਜੂਝਦਾ ਰਿਹਾ ਸੀ ਦਲ, ਫਾਸ਼ੀਵਾਦੀਆਂ ਦੇ ਅੱਗੇ ਗੋਡੇ ਟੇਕ ਢਹਿ ਗਿਆ।
ਮੰਗੂ ਮੱਠ, ਗੋਦੜੀ ਗਿਆਨ ਗੁਰਧਾਮ ਢੁਹਾਏ, ਲੰਗਰਾਂ ‘ਤੇ ਲੱਗਿਆ ‘ਜਜੀਆ’ ਵੀ ਸਹਿ ਗਿਆ।
ਗਲਾ ਘੁੱਟ ਹੁੰਦਾ ਘੱਟਗਿਣਤੀਆਂ ਦਾ ਦੇਖ ਕੇ ਵੀ, ਬਿੱਲੀ ਦੇਖ ਵਾਂਗਰਾਂ ਕਬੂਤਰਾਂ ਦੇ ਛਹਿ ਗਿਆ।
ਆਰਡੀਨੈਂਸਾਂ ਦੇ ਸੋਹਲੇ ਗਾਈ ‘ਭਰਦਾਨ’ ਗਿਆ, ਦੇਖ ਕੇ ਹਾਲਾਤ ਝੱਟ ਝੱਗ ਵਾਂਗੂੰ ਬਹਿ ਗਿਆ।
ਦੇ ਕੇ ਅਸਤੀਫਾ ਚਿੱਤੋਂ ਆਪਣੇ ਚਲਾਇਆ ‘ਬੰਬ’, ਮੀਡੀਏ ‘ਚ ਆਉਂਦਿਆਂ ਠੁੱਸ ਹੋ ਕੇ ਰਹਿ ਗਿਆ।

# ਸੰਕਟਾਂ ਨਾਲ ਜੂਝ ਰਿਹਾ ਪੰਜਾਬ ਅਤੇ ਸਿਆਸੀ ਪਾਰਟੀਆਂ

***ਪੰਜਾਬ ਦੀਆਂ ਸੱਤਾ ਦੀਆਂ ਦਾਅਵੇਦਾਰ ਪਾਰਟੀਆਂ ਪੰਜਾਬ ਦੀ ਹੋਣੀ ਨਾਲ ਜੁੜੇ ਬੁਨਿਆਦੀ ਸਵਾਲਾਂ ਕਰ ਕੇ ਲੜਾਈ ਨਹੀਂ ਲੜ ਰਹੀਆਂ, ਸਗੋਂ 2022 ਦੀਆਂ ਵਿਧਾਨ ਸਭਾ ਚੋਣਾਂ ਹੀ ਉਨ੍ਹਾਂ ਦਾ ਸਭ ਤੋਂ ਵੱਡਾ ਸੁਪਨਾ ਹੈ। ਮੌਜੂਦਾ ਸਮੇਂ ਮਿਸ਼ਨ-22 ਭੁਲਾ ਕੇ ਪੰਜਾਬ ਦੇ ਸਿਆਸਤਦਾਨਾਂ ਨੂੰ ਇਕ ਮੰਚ ਉਤੇ ਆ ਕੇ ਪੰਜਾਬ ਨੂੰ ਬਚਾਉਣ ਦੀ ਲੜਾਈ ਲੜਨ ਦੀ ਲੋੜ ਹੈ।***



**ਹਮੀਰ ਸਿੰਘ**

ਹਾਲ ਹੀ ਵਿਚ ਬਣਾਏ ਤਿੰਨ ਖੇਤੀ ਕਾਨੂੰਨਾਂ ਤਹਿਤ ਖੇਤੀ ਦੇ ਕਿੱਤੇ ਨੂੰ ਕਾਰਪੋਰੇਟ ਹਵਾਲੇ ਕਰਨ ਦਾ ਮਾਮਲਾ ਕੇਵਲ ਕਿਸਾਨਾਂ ਤੱਕ ਸੀਮਤ ਨਹੀਂ, ਬਲਕਿ ਇਹ ਪਹਿਲਾਂ ਹੀ ਚੌਤਰਫਾ ਸੰਕਟ ਵਿਚ ਘਿਰੇ ਪੰਜਾਬ ਦੇ ਕਿਸਾਨ ਅਤੇ ਪੰਜਾਬ ਦੀ ਹੋਂਦ ਨਾਲ ਸਬੰਧਤ ਹੈ। ਕੁਦਰਤੀ ਦਾਤਾਂ ਦੇ ਤੌਰ ‘ਤੇ ਸਭ ਤੋਂ ਖੂਬਸੂਰਤ ਖਿੱਤੇ ਦਾ ਪਾਣੀ ਮੁੱਕ ਰਿਹਾ ਹੈ। ਮਿੱਟੀ ਜ਼ਹਿਰੀਲੀ ਅਤੇ ਆਬੋ-ਹਵਾ ਖਰਾਬ ਹੋ ਚੁੱਕੀ ਹੈ। ਕਿਸਾਨ-ਮਜ਼ਦੂਰ ਕਰਜ਼ੇ ਕਾਰਨ ਖੁਦਕੁਸ਼ੀਆਂ ਕਰ ਰਹੇ ਹਨ। ਨਸ਼ੇ ਨੇ ਨੌਜਵਾਨੀ ਦੇ ਵੱਡੇ ਹਿੱਸੇ ਨੂੰ ਗ੍ਰਿਫਤ ਵਿਚ ਲਿਆ ਹੋਇਆ ਹੈ। ਲਗਭਗ ਪੰਜ ਲੱਖ ਨੌਜਵਾਨ ਓਟ ਕੇਂਦਰਾਂ ਅੱਗੇ ਰੋਜ਼ਾਨਾ ਗੋਲੀਆਂ ਲੈਣ ਲਈ ਦਿਨ ਭਰ ਖੜ੍ਹਨ ਲਈ ਮਜਬੂਰ ਹਨ। ਵੱਡੀ ਗਿਣਤੀ ਨੌਜਵਾਨਾਂ ਦਾ ਇੱਥੇ ਜੀਅ ਲੱਗਣੋਂ ਹਟ ਗਿਆ ਹੈ, ਇਸੇ ਕਰ ਕੇ ਉਚ ਵਿੱਦਿਅਕ ਸੰਸਥਾਵਾਂ ਦੀ ਜਗ੍ਹਾ ਆਈਲੈਟਸ ਦੀਆਂ ਦੁਕਾਨਾਂ ਨੇ ਲੈ ਲਈ ਹੈ। ਗੁਰੂਆਂ ਦੇ ਨਾਮ ਉਤੇ ਵੱਸਣ ਵਾਲਾ ਪੰਜਾਬ ਹੁਣ ਨੌਜਵਾਨਾਂ ਦੇ ਸੁਪਨਿਆਂ ਦਾ ਪੰਜਾਬ ਨਹੀਂ ਰਿਹਾ। ਵੱਡੀ ਗਿਣਤੀ ਵਿਚ ਪੜ੍ਹਾਈ ਦੇ ਨਾਂ ’ਤੇ ਵਿਦੇਸ਼ਾਂ ਵਿਚ ਦਿਹਾੜੀ ਕਰਨ ਵਾਲਿਆਂ ਦਾ ਵਧ ਰਿਹਾ ਰੁਝਾਨ ਪੰਜਾਬ ਦੀ ਰੂਹ ਨੂੰ ਆਏ ਦਿਨ ਜ਼ਖਮੀ ਕਰ ਰਿਹਾ ਹੈ। ਚੰਗੇ ਮੌਕਿਆਂ ਲਈ ਵਿਦੇਸ਼ ਜਾਣਾ ਗਲਤ ਨਹੀਂ ਪਰ ਇਹ ਜ਼ਬਰਦਸਤੀ ਦਾ ਉਜਾੜਾ ਹੈ। ਇਸ ਉਜਾੜੇ ਬਾਰੇ ਅਜੇ ਅਸੀਂ ਚਿੰਤਾ ਅਤੇ ਚਿੰਤਨ ਸ਼ੁਰੂ ਨਹੀਂ ਕੀਤਾ ਤੇ ਫਿਲਹਾਲ ਇਹ ਸਿਆਸੀ ਏਜੰਡੇ ਦਾ ਹਿੱਸਾ ਨਹੀਂ ਹੈ।

ਲਗਭਗ ਤਿੰਨ ਦਹਾਕਿਆਂ ਬਾਅਦ 2014 ਵਿਚ ਕਿਸੇ ਪਾਰਟੀ (ਭਾਰਤੀ ਜਨਤਾ ਪਾਰਟੀ) ਨੂੰ ਕੇਂਦਰ ਵਿਚ ਬਹੁਮਤ ਮਿਲਿਆ ਸੀ। ਨੋਟਬੰਦੀ, 45 ਸਾਲਾਂ ਵਿਚ ਸਭ ਤੋਂ ਵੱਧ ਬੇਰੁਜ਼ਗਾਰੀ, ਕੁੱਲ ਘਰੇਲੂ ਪੈਦਾਵਾਰ ਵਿਚ ਆ ਰਹੀ ਗਿਰਾਵਟ, ਜੀ.ਐਸ.ਟੀ. ਲਾਗੂ ਕਰਨ ਤੋਂ ਬਾਅਦ ਹੋਈ ਪ੍ਰੇਸ਼ਾਨੀ ਸਮੇਤ ਬਹੁਤ ਸਾਰੇ ਫੈਸਲਿਆਂ ਦੇ ਬਾਵਜੂਦ 2019 ਵਿਚ ਹਜੂਮੀ ਮਾਨਸਿਕਤਾ ਦੇ ਸਹਾਰੇ ਪਾਰਟੀ ਦੋ-ਤਿਹਾਈ ਬਹੁਮਤ ਨਾਲ ਸੱਤਾ ਵਿਚ ਆਈ। ਇਸ ਮੌਕੇ ਨੂੰ ਲੰਮੇ ਸਮੇਂ ਤੋਂ ਬਹੁਗਿਣਤੀਵਾਦ ਦੀ ਵਿਚਾਰਧਾਰਕ ਸਮਝ ਨੂੰ ਹਕੀਕਤ ਵਿਚ ਉਤਾਰਨ ਲਈ ਵਿਸ਼ੇਸ਼ ਅਧਿਕਾਰ ਪ੍ਰਾਪਤ ਜੰਮੂ ਕਸ਼ਮੀਰ ਨੂੰ ਦੋ ਟੁਕੜਿਆਂ ਵਿਚ ਵੰਡ ਕੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੱਕ ਸੀਮਤ ਕਰ ਦਿੱਤਾ। ਇਹ ਫੈਡਰਲ ਢਾਂਚੇ ਉਤੇ ਵੱਡਾ ਹਮਲਾ ਸੀ। ਨਾਗਰਿਕ ਸੋਧ ਬਿਲ ਰਾਹੀਂ ਇਕ ਵੱਡੀ ਘੱਟਗਿਣਤੀ ਨੂੰ ਅਲੱਗ-ਥਲੱਗ ਕਰਨ ਦਾ ਸੰਦੇਸ਼ ਦਿੰਦਿਆਂ ਪਹਿਲਾਂ ਹੀ ਲਵ ਜਹਾਦ, ਗਊ ਮਾਸ ਖਾਣ ਜਾਂ ਨਾ ਖਾਣ ਆਦਿ ਮੁੱਦਿਆਂ ਰਾਹੀਂ ਬਣਾਈ ਹਜੂਮੀ ਹਿੰਸਾ ਵਾਲੇ ਮਾਹੌਲ ਨੂੰ ਹੋਰ ਜ਼ਰਖੇਜ਼ ਬਣਾਉਣ ਵਲ ਕਦਮ ਉਠਾਏ। ਅਦਾਲਤ ਰਾਹੀਂ ਮਿਲੇ ਫੈਸਲੇ ਪਿੱਛੋਂ ਪ੍ਰਧਾਨ ਮੰਤਰੀ ਵਲੋਂ ਕੋਵਿਡ-19 ਦੌਰਾਨ ਹੀ 5 ਅਗਸਤ ਨੂੰ ਰਾਮ ਮੰਦਿਰ ਦਾ ਭੂਮੀ ਪੂਜਨ ਕਰਨਾ ਹਿੰਦੂਤਵੀ ਵਿਚਾਰਧਾਰਕ ਮਾਨਸਿਕਤਾ ਦਾ ਹਿੱਸਾ ਹੈ। ਪੰਜ ਅਗਸਤ 2019 ਵਾਲੇ ਦਿਨ ਹੀ ਜੰਮੂ ਕਸ਼ਮੀਰ ਦਾ ਫੈਸਲਾ ਕੀਤਾ ਗਿਆ ਸੀ। ਦੇਸ਼ ਵਿਚੋਂ ਵਿਚਾਰਧਾਰਕ ਤੌਰ ‘ਤੇ ਇਸ ਅਗਨ ਰੱਥ ਨੂੰ ਥੰਮ੍ਹਣ ਦੀ ਹੈਸੀਅਤ ਵਾਲੀ ਵਿਰੋਧੀ ਧਿਰ ਬੇਹੱਦ ਕਮਜ਼ੋਰ ਹੋ ਚੁੱਕੀ ਹੈ।

ਕੋਵਿਡ-19 ਦੌਰਾਨ ਹੀ 5 ਜੂਨ 2020 ਨੂੰ ਖੇਤੀ ਨਾਲ ਸਬੰਧਿਤ ਕਿਸਾਨ ਉਪਜ ਵਪਾਰ ਅਤੇ ਵਣਜ (ਤਰੱਕੀ ਅਤੇ ਸਹੂਲਤ) ਆਰਡੀਨੈਂਸ-2020, ਕੀਮਤ ਭਰੋਸੇ ਬਾਰੇ ਕਿਸਾਨ (ਸਸ਼ਕਤੀਕਰਨ ਅਤੇ ਸੁਰੱਖਿਆ) ਸਮਝੌਤਾ ਅਤੇ ਫਾਰਮ ਸੇਵਾਵਾਂ ਆਰਡੀਨੈਂਸ-2020 ਅਤੇ ਜ਼ਰੂਰੀ ਵਸਤਾਂ (ਸੋਧ) ਆਰਡੀਨੈਂਸ-2020 ਜਾਰੀ ਕਰ ਦਿੱਤੇ। ਬਿਜਲੀ (ਸੋਧ) ਬਿਲ-2020, ਵਾਤਾਵਰਨ ਮਾਮਲੇ ਵਿਚ ਨੋਟੀਫਿਕੇਸ਼ਨ, ਨਵੀਂ ਵਿੱਦਿਅਕ ਨੀਤੀ ਸਮੇਤ ਅਨੇਕ ਫੈਸਲੇ ਫੈਸਲੇ ਢਾਂਚੇ ਨੂੰ ਹੋਰ ਕਮਜ਼ੋਰ ਕਰਨ ਵਾਲੇ ਅਤੇ ਕਾਰਪੋਰੇਟ ਮੁਨਾਫੇ ਲਈ ਰਾਹ ਖੋਲ੍ਹਣ ਵਾਲੇ ਹਨ। ਇਹ ਨੀਤੀਗਤ ਫੈਸਲੇ ਕੋਈ ਨਵੇਂ ਨਹੀਂ ਹਨ ਬਲਕਿ ਦੁਨੀਆ ਭਰ ਵਿਚ ਕਾਰਪੋਰੇਟ ਵਿਕਾਸ ਮਾਡਲ ਤਹਿਤ ਕੁਦਰਤ ਅਤੇ ਮਨੁੱਖੀ ਬਰਾਬਰੀ ਨਾਲ ਖਿਲਵਾੜ ਕਰਨ ਦੀ ਵੱਧ ਤੋਂ ਵੱਧ ਮੁਨਾਫਾ ਕਮਾਉਣ ਦੀ ਧਾਰਨਾ ਨੂੰ ਹੋਰ ਅੱਗੇ ਵਧਾਉਣ ਵਾਲੇ ਹਨ। ਹਥਿਆਰ, ਡਰੱਗਜ਼ ਅਤੇ ਖੁਰਾਕ ਮੁਨਾਫੇ ਦੇ ਵੱਡੇ ਸਰੋਤ ਮੰਨੇ ਜਾਂਦੇ ਹਨ। ਇਸੇ ਕਰ ਕੇ ਖੁਰਾਕੀ ਮੰਡੀ ਵਿਚ ਵੀ ਕਾਰਪੋਰੇਟ ਘਰਾਣੇ ਤੇਜ਼ੀ ਨਾਲ ਅੱਗੇ ਵਧ ਰਹੇ ਹਨ। ਦੁਨੀਆ ਭਰ ਵਿਚ ਵਿਕਾਸ ਨੂੰ ਦੇਖਣ ਅਤੇ ਸਮਝਾਉਣ ਵਾਲੇ ਬਹੁਤ ਸਾਰੇ ਅਰਥ-ਸ਼ਾਸਤਰੀ ਇਸ ਵਿਚਾਰ ਦੇ ਹਨ ਅਤੇ ਇਹ ਸੁਝਾਅ ਅੱਜ ਵੀ ਦੇ ਰਹੇ ਹਨ ਕਿ ਖੇਤੀ ਵਿਚੋਂ ਬੰਦੇ ਕੱਢਣੇ ਹੀ ਪੈਣਗੇ। ਕਿਸਾਨਾਂ ਅਤੇ ਆਮ ਲੋਕਾਂ ਦੇ ਹਮਦਰਦ ਅਰਥ-ਸ਼ਾਸਤਰੀਆਂ ਦਾ ਇੰਨਾ ਹੀ ਕਹਿਣਾ ਹੈ ਕਿ ਇਸ ਪੜਾਅ ਨੂੰ ਘੱਟ ਦੁਖਦਾਈ ਕਿਵੇਂ ਬਣਾਇਆ ਜਾਵੇ, ਇਸ ਉਤੇ ਸੋਚਣ ਦੀ ਲੋੜ ਹੈ। ਕਾਰਪੋਰੇਟ-ਪੱਖੀ ਅਰਥ-ਸ਼ਾਸਤਰੀਆਂ ਸਾਹਮਣੇ ਮੁਨਾਫੇ ਦੇ ਮੁਕਾਬਲੇ ਸਾਧਾਰਨ ਲੋਕਾਂ ਦੀਆਂ ਮੌਤਾਂ ਜਾਂ ਭੁੱਖਮਰੀ ਕੋਈ ਮਾਇਨੇ ਨਹੀਂ ਰੱਖਦੀ।

ਦੂਜੇ ਬੰਨੇ, ਵੱਖ-ਵੱਖ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਜਾ ਰਹੇ। ਮਸਨੂਈ ਬੌਧਿਕਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਕਾਰਨ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰ ਵਿਚ ਰੁਜ਼ਗਾਰ ਸੁੰਗੜ ਰਹੇ ਹਨ। ਪਹਿਲਿਆਂ ਦਾ ਹੀ ਉਥੇ ਟਿਕਣਾ ਮੁਸ਼ਕਿਲ ਹੋ ਰਿਹਾ ਹੈ। ਖੇਤੀ ਵਿਚੋਂ ਕਰੋੜਾਂ ਲੋਕ ਕੱਢ ਕੇ ਕਿੱਥੇ ਲਿਜਾਣੇ ਹਨ? ਕਰੋੜਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਰੋਜ਼ੀ-ਰੋਟੀ ਦਾ ਜੁਗਾੜ ਹੋਰ ਕਿਸ ਖੇਤਰ ਵਿਚ ਹੈ? ਜੇ ਅਜੇ ਤੱਕ ਇਸ ਦਾ ਕੋਈ ਜਵਾਬ ਨਹੀਂ ਹੈ ਤਾਂ ਖੇਤੀ ਖੇਤਰ ਨੂੰ ਹੀ ਲਾਹੇਵੰਦਾ ਬਣਾਉਣ ਲਈ ਆਰਥਿਕ ਮਾਹਿਰਾਂ ਅਤੇ ਸਰਕਾਰਾਂ ਦਾ ਧਿਆਨ ਕੇਂਦਰਿਤ ਕਿਉਂ ਨਹੀਂ ਹੋ ਰਿਹਾ? ਇਕ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਛੋਟੀਆਂ ਜੋਤਾਂ ਦੇ ਮੁਕਾਬਲੇ ਆਧੁਨਿਕ ਤਕਨੀਕ ਨਾਲ ਖੇਤੀ ਲਾਗਤ ਘਟ ਜਾਵੇਗੀ। ਇਸ ਵਾਸਤੇ ਵੱਡੇ ਖੇਤ ਚਾਹੀਦੇ ਹਨ। ਯੂਰਪ, ਅਮਰੀਕਾ, ਕੈਨੇਡਾ ਅਤੇ ਹੋਰ ਵਿਕਸਤ ਦੇਸ਼ਾਂ ਨੇ ਇਹ ਤਰੀਕਾ ਅਪਨਾਇਆ ਹੈ। ਅਰਬਾਂ ਡਾਲਰਾਂ ਦੀਆਂ ਸਬਸਿਡੀਆਂ ਤੋਂ ਬਿਨਾ ਉਥੇ ਦੋ ਤੋਂ ਪੰਜ ਫੀਸਦੀ ਕਿਸਾਨ ਵੀ ਖੇਤੀ ਦੇ ਧੰਦੇ ਵਿਚ ਰਹਿਣ ਦੀ ਸਥਿਤੀ ਵਿਚ ਨਹੀਂ ਹੈ। ਇਸ ਦਾ ਸਾਫ ਅਰਥ ਪੂਰਾ ਵਿਕਾਸ ਦਾ ਮਾਡਲ ਅਤੇ ਨੀਤੀਗਤ ਢਾਂਚਾ ਖੇਤੀ ਖੇਤਰ ਅਤੇ ਕਿਸਾਨਾਂ ਦੇ ਖਿਲਾਫ ਹੈ। ਜੇ ਤਕਨੀਕ ਅਤੇ ਪ੍ਰਬੰਧ ਦੇ ਸਹਾਰੇ ਕਾਰਪੋਰੇਟ ਹੋਰ ਵਧੀਆ ਖੇਤੀ ਕਰਵਾ ਲਵੇਗਾ ਤਾਂ ਖੇਤੀ ਉਤੇ ਨਿਰਭਰ ਕਰੋੜਾਂ ਮਨੁੱਖਾਂ ਦਾ ਕੀ ਕਰਨਾ ਹੈ? ਇਸ ਸਵਾਲ ਦਾ ਜਵਾਬ ਵੀ ਮੋਦੀ ਜਾਂ ਉਸ ਦੇ ਰਾਹ ਚੱਲਣ ਵਾਲਿਆਂ ਨੂੰ ਦੇਣਾ ਪਵੇਗਾ।

ਖੇਤੀ ਨਾਲ ਸਬੰਧਤ ਤਿੰਨੋਂ ਬਿਲ ਪਾਸ ਹੋ ਚੁੱਕੇ ਹਨ ਅਤੇ ਰਾਸ਼ਟਰਪਤੀ ਦੇ ਦਸਤਖਤ ਹੁੰਦਿਆਂ ਹੀ ਕਾਨੂੰਨ ਬਣ ਜਾਣਗੇ। ਕਿਸਾਨਾਂ ਦੇ ਅੰਦੋਲਨ ਦੇ ਦਬਾਅ ਹੇਠ ਭਾਜਪਾ ਨੂੰ ਛੱਡ ਕੇ ਸਿਆਸੀ ਧਿਰਾਂ ਇਨ੍ਹਾਂ ਕਾਨੂੰਨਾਂ ਦੇ ਵਿਰੋਧ ਵਿਚ ਖੜ੍ਹੀਆਂ ਦਿਖਾਈ ਦੇ ਰਹੀਆਂ ਹਨ। ਲੰਮੇ ਸਮੇਂ ਬਾਅਦ ਪੰਜਾਬ ਦੀਆਂ ਸਿਆਸੀ ਧਿਰਾਂ ਇਕ ਪਾਲੇ ਵਿਚ ਆਈਆਂ ਹਨ। ਇਹ ਵੀ ਸਮਝਣ ਦੀ ਲੋੜ ਹੈ ਕਿ ਇਹ ਮੁੱਦਾ ਕੇਵਲ ਕਿਸਾਨੀ ਦਾ ਨਹੀਂ ਅਤੇ ਨਾ ਹੀ ਇਕੱਲੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਤੱਕ ਸੀਮਤ ਹੈ। ਇਹ ਦਲੀਲ ਠੀਕ ਹੈ ਕਿ ਹੁਣ ਐਮ.ਐਸ.ਪੀ. ਉਤੇ ਕਣਕ-ਝੋਨੇ ਦੀ ਖਰੀਦ ਦੀ ਗਰੰਟੀ ਹੀ ਨਹੀਂ, ਸਾਰੀਆਂ 23 ਜਿਣਸਾਂ ਦੀ ਖਰੀਦ ਦੀ ਗਰੰਟੀ ਲਈ ਕਾਨੂੰਨ ਬਣਨਾ ਚਾਹੀਦਾ ਹੈ। ਕੇਂਦਰੀ ਨੀਤੀ ਇਸ ਨੂੰ ਮੰਨਣ ਦੇ ਪੱਖ ਵਿਚ ਨਹੀਂ ਪਰ ਜੇ ਇਹ ਮੰਨ ਵੀ ਲਿਆ ਜਾਵੇ ਤਾਂ ਮਾਮਲਾ ਇੰਨੇ ਨਾਲ ਵੀ ਹੱਲ ਨਹੀਂ ਹੋਣਾ। ਰਾਜਾਂ ਦੇ ਅੰਦਰ ਖੇਤੀ ਮੰਡੀਕਰਨ ਦਾ ਮੁੱਦਾ ਸੂਬਾ ਸਰਕਾਰਾਂ ਦਾ ਵਿਸ਼ਾ ਹੈ। ਇਸੇ ਕਰ ਕੇ ਉਹ ਟੈਕਸ ਲਗਾਉਣ ਦੀ ਹੈਸੀਅਤ ਰੱਖਦੀਆਂ ਹਨ। ਜਿਸ ਤਰ੍ਹਾਂ ਜੀ.ਐਸ.ਟੀ. ਨੂੰ ਖੁਸ਼ੀ-ਖੁਸ਼ੀ ਮਨਜ਼ੂਰੀ ਦੇ ਕੇ ਸੂਬਿਆਂ ਨੇ ਹੱਥ ਵਢਾ ਲਏ, ਉਸੇ ਤਰ੍ਹਾਂ ਖੇਤੀ ਖੇਤਰ ਦੇ ਟੈਕਸ ਲਗਾਉਣ ਦਾ ਹੱਕ ਖੋਹ ਲਿਆ ਗਿਆ ਹੈ। ਇਸ ਨਾਲ ਮੰਡੀ-ਤੰਤਰ, ਦਿਹਾਤੀ ਵਿਕਾਸ, ਆੜ੍ਹਤ, ਸ਼ੈਲਰਾਂ ਸਮੇਤ ਸਭ ਦੇ ਉਜਾੜੇ ਨੂੰ ਕਿਵੇਂ ਰੋਕਿਆ ਜਾਵੇਗਾ। ਜਖੀਰੇਬਾਜ਼ੀ ਦਾ ਅਧਿਕਾਰ ਦੇ ਕੇ ਅਸਥਾਈ ਮਹਿੰਗਾਈ ਦੇ ਖਦਸ਼ੇ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾ ਸਕੇਗਾ?



ਪੰਜਾਬ ਦੀਆਂ ਸੱਤਾ ਦੀਆਂ ਦਾਅਵੇਦਾਰ ਪਾਰਟੀਆਂ ਪੰਜਾਬ ਦੀ ਹੋਣੀ ਨਾਲ ਜੁੜੇ ਬੁਨਿਆਦੀ ਸਵਾਲਾਂ ਕਰ ਕੇ ਲੜਾਈ ਨਹੀਂ ਲੜ ਰਹੀਆਂ ਬਲਕਿ 2022 ਦੀਆਂ ਵਿਧਾਨ ਸਭਾ ਚੋਣਾਂ ਹੀ ਉਨ੍ਹਾਂ ਦਾ ਸਭ ਤੋਂ ਵੱਡਾ ਸੁਪਨਾ ਹੈ। ਮੌਜੂਦਾ ਸਮੇਂ ਮਿਸ਼ਨ-22 ਭੁਲਾ ਕੇ ਪੰਜਾਬ ਦੇ ਸਿਆਸਤਦਾਨਾਂ ਨੂੰ ਇਕ ਮੰਚ ਉਤੇ ਆ ਕੇ ਪੰਜਾਬ ਨੂੰ ਬਚਾਉਣ ਦੀ ਲੜਾਈ ਲੜਨ ਦੀ ਲੋੜ ਹੈ। ਕੇਂਦਰੀਕਰਨ ਦੀ ਇਸ ਦੌੜ ਵਿਚ ਕੋਈ ਵੀ ਪਾਰਟੀ ਪੰਜਾਬ ਦੀ ਸੱਤਾ ਉਤੇ ਆਵੇਗੀ ਤਾਂ ਉਸ ਕੋਲ ਕਾਨੂੰਨ ਵਿਵਸਥਾ, ਟੈਕਸ ਪ੍ਰਣਾਲੀ ਤੋਂ ਲੈ ਕੇ ਕਿਸੇ ਵੀ ਖੇਤਰ ਵਿਚ ਅਧਿਕਾਰ ਨਹੀਂ ਹੋਣਗੇ ਅਤੇ ਉਹ ਕੇਂਦਰ ਦੀ ਕਠਪੁਤਲੀ ਤੋਂ ਵੱਧ ਕੁਝ ਨਹੀਂ ਹੋਵੇਗੀ। ਇਸ ਲਈ ਲੰਮੇ ਸਮੇਂ ਦੀ ਲੜਾਈ ਫੈਡਰਲਿਜ਼ਮ ਅਤੇ ਲੋਕਾਂ ਦੇ ਸ਼ਕਤੀਕਰਨ ਨਾਲ ਜੁੜੀ ਹੋ ਸਕਦੀ ਹੈ। ਜੀ.ਐਸ.ਟੀ. ਸਮੇਤ ਹੋਰ ਬਹੁਤ ਸਾਰੇ ਮੁੱਦਿਆਂ ਉਤੇ ਦੇਸ਼ ਦੇ ਸੂਬੇ ਅਤੇ ਖਾਸ ਤੌਰ ‘ਤੇ ਖੇਤਰੀ ਪਾਰਟੀਆਂ ਪ੍ਰੇਸ਼ਾਨ ਹਨ। ਫਿਲਹਾਲ, ਅਕਾਲੀ, ਕਾਂਗਰਸੀ ਅਤੇ ਆਪ ਇੱਕ ਦੂਜੇ ਨੂੰ ਗਾਲੀ ਗਲੋਚ ਅਤੇ ਇਲਜ਼ਾਮਤਰਾਸ਼ੀ ਉਤੇ ਲੱਗੇ ਹੋਏ ਹਨ। ਦਾਮਨ ਕਿਸੇ ਦਾ ਵੀ ਸਾਫ ਨਹੀਂ। ਹਰਸਿਮਰਤ ਕੌਰ ਬਾਦਲ ਅਜੇ ਵੀ ਇਹ ਕਹਿਣ ਦੀ ਹਿੰਮਤ ਨਹੀਂ ਜੁਟਾ ਰਹੀ ਕਿ ਉਹ ਅਤੇ ਉਨ੍ਹਾਂ ਦੀ ਪਾਰਟੀ ਦੀ ਸਮਝ ਹੈ ਕਿ ਖੇਤੀ ਬਿਲ ਕਿਸਾਨਾਂ ਅਤੇ ਪੰਜਾਬ

(ਬਾਕੀ ਅਗਲੇ ਸਫੇ ’ਤੇ)

# ਮਾਓਵਾਦੀ ਰਾਜਸੀ ਕੈਦੀ ਦਾ ਸੀਤਾਰਾਮ ਯੇਚੁਰੀ ਨੂੰ ਖੁੱਲ੍ਹਾ ਖਤ

***ਇਹ ਖਤ ਜੇਲ੍ਹ ਵਿਚੋਂ ਉਸ ਸਮੇਂ ਲਿਖਆ ਗਿਆ ਸੀ ਜਦੋਂ ਮੀਡੀਆ ਨੇ ਸੀ.ਪੀ.ਐਮ. ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਦੀ ਤੁਰੰਤ ਗ੍ਰਿਫਤਾਰੀ ਦਾ ਕਿਆਸ ਲਗਾਇਆ ਸੀ, ਜਿਸ ਨੂੰ ਬਾਅਦ ਵਿਚ ਦਿੱਲੀ ਪੁਲਿਸ ਨੇ ਨਕਾਰ ਦਿੱਤਾ, ਪਰ ਵਿਦਿਆਰਥੀ ਆਗੂ ਉਮਰ ਖਾਲਿਦ ਸਮੇਤ ਕਈ ਹੋਰ ਕਾਰਕੁਨਾਂ ਨੂੰ ਉਸੇ ਦੋਸ਼ ਵਿਚ ਗ੍ਰਿਫਤਾਰ ਕਰ ਕੇ ਹਿਰਾਸਤ ਵਿਚ ਲਿਆ ਗਿਆ। ਪੁਲਿਸ ਮਹਾਮਾਰੀ ਦੀ ਇਸ ਸਥਿਤੀ ਦੀ ਆੜ ਵਿਚ ਕਈ ਪ੍ਰਮੁੱਖ ਕਾਰਕੁਨਾਂ ਅਤੇ ਜਮਹੂਰੀ ਲੋਕਾਂ ਨੂੰ ਝੂਠੇ ਮਾਮਲਿਆਂ ਵਿਚ ਫਸਾ ਰਹੀ ਹੈ।***

**ਪਿਆਰੇ ਕਾਮਰੇਡ ਸੀਤਾਰਾਮ ਯੇਚੁਰੀ**
**ਲਾਲ ਸਲਾਮ,**

ਮੈਂ ਇੱਕ ਅੰਡਰਟਰਾਇਲ ਕੈਦੀ ਹਾਂ ਜੋ ਇਸ ਸਮੇਂ ਮਾਓਵਾਦੀ ਗਤੀਵਿਧੀਆਂ ਦੇ ਦੋਸ਼ ਵਿਚ ਕੇਰਲ ਦੀ ਜੇਲ੍ਹ ਵਿਯੂਰ (ਤ੍ਰਿਸੂਰ) ਵਿਚ ਬੰਦ ਹੈ। ਮੈਨੂੰ ਆਂਧਰਾ ਪ੍ਰਦੇਸ਼ ਸਪੈਸ਼ਲ ਇੰਟੈਲੀਜੈਂਸ ਬਿਊਰੋ ਨੇ ਤਾਮਿਲਨਾਡੂ ਦੇ ਕੋਇੰਬਟੂਰ ਸ਼ਹਿਰ ਨੇੜੇ 4 ਮਈ 2015 ਨੂੰ ਮੇਰੀ ਪਤਨੀ ਅਤੇ ਤਿੰਨ ਹੋਰਨਾਂ ਸਮੇਤ ਗ੍ਰਿਫਤਾਰ ਕੀਤਾ ਸੀ। ਇਸ ਤੋਂ ਬਾਅਦ ਸਾਨੂੰ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ। ਮੈਂ 5 ਸਾਲ ਨਾਲੋਂ ਵੱਧ ਸਮੇਂ ਤੋਂ ਨਿਆਇਕ ਹਿਰਾਸਤ ਅਧੀਨ ਨਜ਼ਰਬੰਦ ਰਿਹਾ ਹਾਂ। ਮੈਨੂੰ ਕੇਰਲ ਪੁਲਿਸ ਦੁਆਰਾ ਯੂ.ਏ.ਪੀ.ਏ. ਦੇ 26 ਮਾਮਲਿਆਂ ਵਿਚ ਫਸਾਇਆ ਗਿਆ ਹੈ। ਇਸ ਦੌਰਾਨ ਸੈਸ਼ਨ ਕੋਰਟ ਵਲੋਂ ਇਹ ਮੰਨਦੇ ਹੋਏ ਕਿ



ਸੀਤਾਰਾਮ ਯੇਚੁਰੀ



ਕੇਰਲ ਦਾ ਮੁੱਖ ਮੰਤਰੀ ਪੀਨਾਰਈ ਵਿਜਯਨ

ਮੇਰੇ ਵਿਰੁਧ ਲਗਾਏ ਗਏ ਸਾਰੇ ਅਪਰਾਧਾਂ ਦੀ ਕਿਸਮ ਪੂਰੀ ਤਰ੍ਹਾਂ ਨਾਲ ਸਿਆਸੀ ਹੈ, ਮੈਨੂੰ ਕਾਨੂੰਨੀ ਤੌਰ 'ਤੇ ਸਿਆਸੀ ਕੈਦੀ ਵਜੋਂ ਸ਼੍ਰੇਣੀਬੱਧ ਕੀਤਾ ਗਿਆ।

ਇੱਕ ਪਿੰਜਰੇ ਵਰਗੀ ਜੇਲ੍ਹ (ਇਹ ਕੇਰਲ ਦੀਆਂ ਜੇਲ੍ਹਾਂ ਵਿਚ ਉਚ ਸੁਰੱਖਿਆ ਵਾਲੇ ਆਂਡਾ ਸੈੱਲ ਹਨ) ਵਿਚੋਂ ਇਹ ਖਤ ਲਿਖਣ ਦਾ ਮੇਰਾ ਮਕਸਦ ਤੁਹਾਡੇ ਵਲੋਂ ਕਠੋਰ ਕਾਲੇ ਕਾਨੂੰਨ ਯੂ.ਏ.ਪੀ.ਏ. ਦੇ ਖਿਲਾਫ ਅਤੇ ਵੱਖ-ਵੱਖ ਭਾਰਤੀ ਜੇਲ੍ਹਾਂ ਵਿਚ ਬੰਦ ਸਾਰੇ ਸਿਆਸੀ ਕੈਦੀਆਂ, ਖਾਸਕਰ ਕੋਵਿਡ-19 ਤੋਂ ਬਾਅਦ ਗ੍ਰਿਫਤਾਰ ਹੋਏ ਸਿਆਸੀ ਕੈਦੀਆਂ ਦੀ ਰਿਹਾਈ ਲਈ ਭਾਰਤ ਪੱਧਰ ਦੀ ਮੁਹਿੰਮ ਵਿੱਢਣ ਲਈ ਮੇਰਾ ਦਿਲੋਂ ਸਲਾਮ ਦੇਣਾ ਹੈ। ਇੱਕ ਸਿਆਸੀ ਕੈਦੀ ਹੋਣ ਅਤੇ ਬਿਨਾ ਮੁਕੱਦਮੇ ਦੇ ਪਿਛਲੇ 5 ਸਾਲਾਂ ਤੋਂ ਕੈਦ ਹੋਣ ਕਾਰਨ ਇਹ ਮੁਹਿੰਮ ਮੇਰੇ ਜੀਵਨ ਦੇ ਇਸ ਸਭ ਤੋਂ ਮੁਸ਼ਕਿਲ ਸਮੇਂ ਨੂੰ ਪਾਰ ਕਰਨ ਲਈ ਨਿਸ਼ਚਿਤ ਤੌਰ 'ਤੇ ਅਥਾਹ ਵਿਸ਼ਵਾਸ ਪੈਦਾ ਕਰਦੀ ਹੈ।

ਜਮਹੂਰੀ ਤਾਕਤਾਂ ਦਾ ਇਸ ਉਪਰ ਨਿਰਵਿਰੋਧ ਇੱਕਮੱਤ ਹੈ ਕਿ ਯੂ.ਏ.ਪੀ.ਏ. ਭਾਰਤੀ ਅਪਰਾਧਿਕ ਨਿਆਂ ਪ੍ਰਣਾਲੀ ਵਿਚ ਸਭ ਤੋਂ ਕਠੋਰ ਕਾਨੂੰਨ ਹੈ। ਇਤਿਹਾਸਕ ਤੌਰ 'ਤੇ ਯੂ.ਏ.ਪੀ.ਏ. ਕਾਨੂੰਨ 'ਅਰਾਜਕਤਾਵਾਦੀ ਅਤੇ ਇਨਕਲਾਬੀ ਅਪਰਾਧ ਕਾਨੂੰਨ' (ਜੋ ਰੌਲਟ ਐਕਟ ਦੇ ਨਾਮ ਨਾਲ ਮਸ਼ਹੂਰ ਹੈ) ਦਾ ਵਿਸਥਾਰ ਹੈ। ਇਹ 1947 ਤੋਂ ਬਾਅਦ ਦੇ ਸਮੇਂ ਦੌਰਾਨ ਵੱਖ-ਵੱਖ ਨਾਵਾਂ ਜਿਵੇਂ ਕਿ ਯੂ.ਏ.ਪੀ.ਏ. 1964, ਟਾਡਾ, ਪੋਟਾ ਆਦਿ ਦੇ ਰੂਪ ਵਿਚ ਘੜਿਆ ਗਿਆ। ਬਸਤੀਵਾਦੀਆਂ ਦਾ ਉਦੇਸ਼ ਦੇਸ਼ਭਗਤੀ ਦੇ ਵਿਚਾਰ ਨੂੰ ਅਪਰਾਧਿਤ ਕਰਨਾ ਅਤੇ ਬਸਤੀਵਾਦੀ ਸ਼ੋਸ਼ਣ ਅਤੇ ਜ਼ੁਲਮ ਵਿਰੁਧ ਉਠ ਰਹੀਆਂ ਆਵਾਜ਼ਾਂ ਨੂੰ ਕੁਚਲਣਾ ਸੀ। ਇਤਿਹਾਸ ਗਵਾਹ ਹੈ ਕਿ ਭਾਰਤ ਦੇ ਲੋਕ ਇਹਨਾਂ ਕਠੋਰ ਅੱਤਿਆਚਾਰੀ ਕਾਨੂੰਨਾਂ ਵਿਰੁਧ ਲੜਨ ਲਈ ਸੜਕਾਂ 'ਤੇ ਉਤਰੇ ਸਨ। ਜਲ੍ਹਿਆਂਵਾਲਾ ਬਾਗ ਦਾ ਸਾਕਾ ਅਤੇ ਉਸ ਤੋਂ ਬਾਅਦ ਦੇ ਘਟਨਾਕ੍ਰਮ, ਉਸ ਕਠੋਰ ਰੌਲਟ ਐਕਟ ਵਿਰੁਧ ਭਾਰਤੀ ਜਨਤਾ ਦੇ ਸੰਘਰਸ਼ ਦੀਆਂ ਇਤਿਹਾਸਕ ਉਦਾਹਰਣਾਂ ਹਨ।

ਫਿਰ ਮਗਰੋਂ ਭਾਰਤ ਦੀਆਂ ਜਮਹੂਰੀ ਤਾਕਤਾਂ ਨੇ ਟਾਡਾ ਅਤੇ ਪੋਟਾ ਖਿਲਾਫ ਲੜਾਈ ਲੜੀ ਜਿਸ ਕਾਰਨ ਹਾਕਮ ਜਮਾਤਾਂ ਇਹਨਾਂ ਅੱਤਿਆਚਾਰੀ ਕਾਨੂੰਨਾਂ ਨੂੰ ਰੱਦ ਕਰਨ ਲਈ ਮਜਬੂਰ ਹੋ ਗਈਆਂ। ਹਾਲਾਂਕਿ ਵੱਡੀ ਗਿਣਤੀ ਵਿਚ ਪਿਛਲੇ ਕੇਸ ਸੁਲਝਾਏ ਨਹੀਂ ਗਏ ਸਨ। 2004, 2008 ਅਤੇ 2019 ਦੀਆਂ ਸੋਧਾਂ ਤੋਂ ਬਾਅਦ ਯੂ.ਏ.ਪੀ.ਏ. ਦਾ ਉਦੇਸ਼ ਵੀ ਉਹੀ ਹੈ: ਵਿਰੋਧੀ ਵਿਚਾਰਾਂ ਦਾ ਅਪਰਾਧੀਕਰਨ ਕਰਨਾ ਅਤੇ ਕਿਸੇ ਵੀ ਕਿਸਮ ਦੇ ਸੰਘਰਸ਼ ਨੂੰ ਰਾਜ ਦਹਿਸ਼ਤਗਰਦੀ ਰਾਹੀਂ ਕੁਚਲਣਾ ਹੈ। ਯੂ.ਏ.ਪੀ.ਏ. ਦੇ ਅਧੀਨ 'ਅਸੰਤੋਸ਼' (ਭਾਰਤ ਵਿਰੁਧ) ਸ਼ਬਦ ਅਕਸਰ ਕਿਸੇ ਵੀ ਜਾਇਜ਼ ਅਤੇ ਹੱਕੀ ਵਿਰੋਧ ਪ੍ਰਦਰਸ਼ਨ ਨੂੰ 'ਗੈਰਕਾਨੂੰਨੀ ਗਤੀਵਿਧੀ' ਜਾਂ 'ਅਤਿਵਾਦੀ ਕਾਰਵਾਈ' ਸਾਬਤ ਕਰਨ ਲਈ ਵਰਤਿਆ ਜਾਂਦਾ ਹੈ। ਦਰਅਸਲ ਇਸ ਦੇ ਨਤੀਜੇ ਵਜੋਂ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਆਦਿਵਾਸੀਆਂ, ਕਿਸਾਨਾਂ, ਕਾਮਰੇਡਾਂ, ਵਿਦਿਆਰਥੀਆਂ, ਘੱਟਗਿਣਤੀ ਨਾਲ ਸੰਬੰਧਤ ਅਤੇ ਵੱਖ-ਵੱਖ ਕੌਮੀਅਤਾਂ ਦੇ ਲੋਕਾਂ ਅਤੇ ਉਘੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਕੈਦ ਕੀਤਾ ਗਿਆ ਹੈ। ਯੂ.ਏ.ਪੀ.ਏ. ਦੀ ਹਾਲ ਹੀ ਵਿਚ ਹੋਈ 2019 ਸੋਧ ਨੇ ਭਾਰਤ ਦੇ ਸੰਵਿਧਾਨ ਵਿਚ ਦਰਜ ਬੁਨਿਆਦੀ ਅਧਿਕਾਰਾਂ ਉਪਰ ਹੋਰ ਕੁਹਾੜਾ ਚਲਾ ਦਿੱਤਾ ਹੈ। ਇਹ ਪੁਲਿਸ ਨੂੰ ਅਦਾਲਤ ਦੇ ਦਖਲ ਤੋਂ ਬਿਨਾ ਹੀ ਕਿਸੇ ਵੀ ਵਿਅਕਤੀ ਨੂੰ ਅਤਿਵਾਦੀ ਸਾਬਤ ਕਰਨ ਦੀ ਤਾਕਤ ਦਿੰਦਾ ਹੈ।

ਅਜਿਹੀ ਨਿਰਾਸ਼ਾਜਨਕ ਸਥਿਤੀ ਵਿਚ ਸੀ.ਪੀ.ਐਮ. ਕੇਂਦਰੀ ਕਮੇਟੀ ਦੀ ਯੂ.ਏ.ਪੀ.ਏ. ਦੇ ਖਿਲਾਫ ਅਤੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਚਲਾਈ ਮੁਹਿੰਮ ਸ਼ਲਾਘਾਯੋਗ ਹੈ। ਯਕੀਨਨ ਇਹ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਸਿਆਸੀ ਕੈਦੀਆਂ ਨੂੰ ਬਹੁਤ ਜ਼ਿਆਦਾ ਵਿਸ਼ਵਾਸ ਅਤੇ ਉਮੀਦ ਦਿੰਦੀ ਹੈ। ਇੱਕ ਵਾਰ ਫਿਰ ਤੋਂ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਵਿਚ ਸਮੇਂ ਸਿਰ ਅਜਿਹੀ ਸਿਆਸੀ ਦਖਲਅੰਦਾਜ਼ੀ ਕਰਨ ਲਈ ਇੱਕ ਵੱਡਾ ਸਲਾਮ।

ਕੇਰਲ ਜੋ ਖੱਬੇ ਪੱਖੀ ਸਰਕਾਰ ਵਾਲਾ ਇਕਲੌਤਾ ਸੂਬਾ ਹੈ ਅਤੇ ਜਿੱਥੇ ਸੀ.ਪੀ.ਐਮ. ਦੇ ਆਗੂ ਪੀ.ਬੀ. ਪੀਨਾਰਈ ਵਿਜਯਨ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਹਨ, ਅਜਿਹੇ ਸੂਬੇ ਵਿਚ ਯੂ.ਏ.ਪੀ.ਏ. ਦੀ ਧੜਾਧੜ ਵਰਤੋਂ ਨੂੰ ਚਿੰਨ੍ਹਤ ਕਰਾਉਣ ਲਈ ਮੈਨੂੰ ਮੁਆਫ ਕਰਨਾ। ਮੈਂ ਆਪਣਾ ਤਜਰਬਾ ਬਿਆਨ ਕਰ ਰਿਹਾ ਹਾਂ।

ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਮੈਨੂੰ ਯੂ.ਡੀ.ਐਫ. ਦੀ ਪਿਛਲੀ ਸਰਕਾਰ ਦੁਆਰਾ ਯੂ.ਏ.ਪੀ.ਏ. ਦੇ 26 ਮਾਮਲਿਆਂ ਵਿਚ ਫਸਾਇਆ ਗਿਆ ਹੈ। ਸ਼ੁਰੂ ਵਿਚ ਮੈਨੂੰ ਯੂ.ਏ.ਪੀ.ਏ. ਦੇ ਤੁਲਨਾਤਮਕ ਤੌਰ 'ਤੇ ਘੱਟ ਸਜ਼ਾ ਯੋਗ ਜੁਰਮਾਂ ਵਿਚ ਫਸਾਇਆ ਗਿਆ ਸੀ, ਜਿਵੇਂ ਧਾਰਾ 10 ਅਤੇ 13। ਪਰ ਸੀ.ਪੀ.ਐਮ. ਦੀ ਅਗਵਾਈ ਵਾਲੇ ਗੱਠਜੋੜ ਐਲ.ਡੀ.ਐਫ. ਦੇ ਸੱਤਾ ਵਿਚ ਆਉਣ ਤੋਂ ਬਾਅਦ, ਯੂ.ਏ.ਪੀ.ਏ. ਦੀਆਂ ਇਹਨਾਂ ਧਾਰਾਵਾਂ ਵਿਚ ਤਬਦੀਲੀ ਕੀਤੀ ਗਈ ਅਤੇ ਜ਼ਿਆਦਾ ਸਜ਼ਾ ਯੋਗ ਧਾਰਾਵਾਂ ਜਿਵੇਂ ਯੂ.ਏ.ਪੀ.ਏ. ਦੀ ਧਾਰਾ 20, 38 ਅਤੇ 39 ਲਗਾ ਦਿੱਤੀਆਂ। ਸਾਬਕਾ ਸੰਸਦ ਮੈਂਬਰ ਅਤੇ ਯੂ.ਏ.ਪੀ.ਏ. ਵਿਰੁਧ ਨਿਰੰਤਰ ਪ੍ਰਚਾਰਕ ਹੋਣ ਕਾਰਨ ਤੁਸੀਂ ਸਪੱਸ਼ਟ ਤੌਰ 'ਤੇ ਜਾਣਦੇ ਹੋਵੋਗੇ ਕਿ ਤੁਹਾਡੇ ਰਾਜ ਸਭਾ ਮੈਂਬਰ ਹੋਣ ਦੌਰਾਨ 2008 ਸੋਧ ਰਾਹੀਂ ਸ਼ਾਮਲ ਕੀਤੀ ਗਈ ਯੂ.ਏ.ਪੀ.ਏ. ਦੀ ਧਾਰਾ 45 ਪੁਲਿਸ ਦੀ ਬੇਲਗਾਮ ਸ਼ਕਤੀ ਦੀ ਜਾਂਚ ਕਰਨ ਲਈ ਅਤੇ ਸਿਆਸੀ ਕੈਦੀਆਂ ਵਿਰੁਧ ਹੋਛੀਆਂ ਅਤੇ ਸਖਤ ਕਾਨੂੰਨੀ ਕਾਰਵਾਈਆਂ ਕਰਨ ਤੋਂ ਬਚਣ ਲਈ ਇੱਕ ਕਾਨੂੰਨੀ ਅਧਿਕਾਰ ਸ਼ਕਤੀ ਕੋਲੋਂ ਜਾਇਜ਼ ਮਨਜ਼ੂਰੀ ਨੂੰ ਲਾਜ਼ਮੀ ਕਰਦਾ ਹੈ। ਇਹ ਪੁਲਿਸ ਦੀਆਂ ਮਨਮਾਨੀਆਂ ਦੇ ਵਿਰੁਧ ਕਾਰਜ ਪ੍ਰਣਾਲੀ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਹੈ। ਇਹ ਜਾਂਚ ਏਜੰਸੀ ਉਪਰ ਯੂ.ਏ.ਪੀ.ਏ. ਦੀ ਧਾਰਾ 45 ਵਿਚ ਨਿਰਧਾਰਤ ਪ੍ਰਕਿਰਿਆਵਾਂ ਨੂੰ ਸਖਤੀ ਨਾਲ ਪਾਲਣਾ ਨੂੰ ਲਾਗੂ ਕਰਦਾ ਹੈ। ਇਹ ਤੱਥ ਹੈ ਕਿ ਯੂ.ਏ.ਪੀ.ਏ. ਦੀ ਧਾਰਾ 45 ਨੂੰ ਕਮਜ਼ੋਰ ਕਰਨ ਦੀ ਕੋਈ ਵੀ ਕੋਸ਼ਿਸ਼ ਉਸ ਕਾਨੂੰਨ ਨੂੰ ਹੋਰ ਵਧੇਰੇ ਨਿਰਦਈ ਅਤੇ ਕਠੋਰ ਬਣਾ ਦੇਵੇਗੀ ਅਤੇ ਇਹ ਯੂ.ਏ.ਪੀ.ਏ. ਦੀ ਧਾਰਾ 45 ਦੀ ਪ੍ਰਸਤਾਵਨਾ ਦੌਰਾਨ ਸੰਸਦੀ ਬਹਿਸ ਦੇ ਪੱਤਰ ਅਤੇ ਭਾਵਨਾ ਦੇ ਵਿਰੁਧ ਹੋਵੇਗਾ, ਜਿਸ ਵਿਚ ਤੁਸੀਂ ਵੀ ਸਰਗਰਮੀ ਨਾਲ ਹਿੱਸਾ ਲਿਆ ਸੀ।

ਇੱਕ ਆਮ ਆਦੇਸ਼ ਦੇ ਜ਼ਰੀਏ ਕੇਰਲ ਹਾਈ ਕੋਰਟ ਨੇ ਮੈਨੂੰ ਤਿੰਨ ਕੇਸਾਂ ਵਿਚੋਂ ਬਰੀ ਕਰ ਦਿੱਤਾ ਹੈ। ਇਸ ਨੇ ਦੁਹਰਾਇਆ ਕਿ ਹਾਲਾਂਕਿ ਮੰਗ ਤਾਂ ਸੰਵਿਧਾਨਿਕ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਯੂ.ਏ.ਪੀ.ਏ. ਨੂੰ ਪੂਰੀ ਤਰ੍ਹਾਂ ਰੱਦ ਕਰਨ ਦੀ ਹੈ, ਇਸ ਜਿਹੇ ਕਠੋਰ ਕਾਨੂੰਨਾਂ ਵਿਚ ਜ਼ਾਬਤਾ ਸੁਰੱਖਿਆ ਦੀ ਪਾਲਣਾ ਕਰਨੀ ਲਾਜ਼ਮੀ ਹੈ, ਜਿਵੇਂ ਧਾਰਾ 45 ਵਿਚ ਦਿੱਤਾ ਗਿਆ ਹੈ, ਕਿਉਂਕਿ ਇਹ ਇਸ ਕਾਨੂੰਨ ਅਧੀਨ ਕੈਦ ਸਿਆਸੀ ਕੈਦੀਆਂ ਨੂੰ ਕੁੱਝ ਘੱਟੋ-ਘੱਟ ਸੁਰੱਖਿਆ ਪ੍ਰਦਾਨ ਕਰੇਗਾ।

ਬਦਕਿਸਮਤੀ ਨਾਲ ਪੀਨਾਰਈ ਵਿਜਯਨ ਦੇ ਅਧੀਨ ਰਾਜ ਪੁਲਿਸ ਨੇ ਯੂ.ਏ.ਪੀ.ਏ. ਦੇ ਅੰਦਰ ਜਾਂਚ ਅਤੇ ਸੰਤੁਲਨ ਨੂੰ ਮਜ਼ਬੂਤ ਕਰਨ ਦੇ ਉਪਲਬਧ ਮੌਕੇ ਦੀ ਵਰਤੋਂ ਕਰਨ ਦੀ ਬਜਾਏ ਸੁਪਰੀਮ ਕੋਰਟ 'ਚ ਮੈਨੂੰ ਬਰੀ ਕਰਨ ਦੇ ਆਦੇਸ਼ਾਂ ਖਿਲਾਫ ਅਪੀਲ ਦਰਜ ਕਰਨ ਦਾ ਫੈਸਲਾ ਕੀਤਾ ਹੈ।

ਅਫਸੋਸ, ਸਦੀਆਂ ਪੁਰਾਣਾ ਸਵਾਲ "ਤੁਸੀਂ ਕਿਸ ਪਾਸੇ ਹੋ?" ਅੱਜ ਵੀ ਢੁੱਕਵਾਂ ਹੈ। ਪੁਲਿਸ ਦਾ ਮੁੱਖ ਡਰ ਇਹ ਹੈ ਕਿ ਜੇ ਕੇਰਲ ਹਾਈ ਕੋਰਟ ਆਪਣਾ ਫੈਸਲਾ ਰੋਕਦੀ ਹੈ ਤਾਂ ਯੂ.ਏ.ਪੀ.ਏ. ਅਧੀਨ ਨਜ਼ਰਬੰਦ ਮੈਂ ਅਤੇ ਬਾਕੀ ਹੋਰ ਕੈਦੀਆਂ ਨੂੰ ਅਜਿਹੇ ਕਠੋਰ ਕਾਨੂੰਨਾਂ ਤੋਂ ਰਾਹਤ ਮਿਲ ਜਾਵੇਗੀ। ਪੁਲਿਸ ਦੀ ਨੀਅਤ ਸਾਫ ਹੈ। ਇਹ ਨਾ ਸਿਰਫ ਇਸ ਬੇਰਹਿਮ, ਕਠੋਰ ਯੂ.ਏ.ਪੀ.ਏ. ਕਾਨੂੰਨ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ ਬਲਕਿ ਇਸ ਦੀ ਪ੍ਰਕਿਰਿਆ ਵਿਚ ਧਾਰਾ 45 ਦੇ ਕਿਸੇ ਵੀ ਤਰ੍ਹਾਂ ਦੇ ਅੜਿੱਕੇ ਤੋਂ ਵੀ ਬਚਣਾ ਚਾਹੁੰਦੀ ਹੈ।

ਦਿਲਚਸਪ ਗੱਲ ਇਹ ਹੈ ਕਿ ਕੇਰਲ ਪੁਲਿਸ ਨੇ ਸੁਪਰੀਮ ਕੋਰਟ ਵਿਚ ਇਹ ਅਪੀਲ ਕੋਵਿਡ-19 ਮਹਾਮਾਰੀ ਦੇ ਫੈਲਣ ਤੋਂ ਮਗਰੋਂ ਕੀਤੀ ਸੀ। ਮਹਾਮਾਰੀ ਦੇ ਕਾਰਨ ਸੁਪਰੀਮ ਕੋਰਟ ਦਾ ਨਿਯਮਿਤ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਹ ਸਿਰਫ ਮਹੱਤਵਪੂਰਨ ਮਾਮਲਿਆਂ ਦੀ ਸੁਣਵਾਈ ਕਰ ਰਹੀ ਹੈ। ਸਪੱਸ਼ਟ ਹੈ ਕਿ ਸੁਪਰੀਮ ਕੋਰਟ ਦੀ ਸਾਧਾਰਨ ਕਾਰਵਾਈ ਚਾਲੂ ਹੋਣ ਤੱਕ ਇੰਤਜ਼ਾਰ ਕਰਨਾ ਪਵੇਗਾ ਪਰ ਪੁਲਿਸ ਕੋਲ ਇੰਤਜ਼ਾਰ ਕਰਨ ਦਾ ਸਬਰ ਨਹੀਂ ਸੀ। ਇਸ ਨੇ ਕੇਰਲ ਦੇ ਐਡਵੋਕੇਟ ਜਨਰਲ (ਪੱਤਰ ਮਿਤੀ 13/08/2020) ਨੂੰ ਸੁਪਰੀਮ ਕੋਰਟ ਅੱਗੇ ਅੰਤਰਿਮ ਰੋਕ ਨੂੰ ਤਰਜੀਹ ਦੇਣ ਲਈ ਮਜਬੂਰ ਕੀਤਾ। ਐਡਵੋਕੇਟ ਜਨਰਲ ਜੋ ਕਾਨੂੰਨ ਮੰਤਰਾਲੇ ਦੇ ਅਧਿਨ ਹੈ (ਸੀ.ਪੀ.ਐਮ. ਕੇਂਦਰੀ ਕਮੇਟੀ ਮੈਂਬਰ ਏ.ਕੇ. ਬਾਲਨ ਦੀ ਅਗਵਾਈ ਹੇਠ) ਰਾਜ ਦੇ ਪੁਲਿਸ ਮੁਖੀ (ਜੋ ਖੁਦ ਸੀ.ਪੀ.ਐਮ. ਦਾ ਸਮਰਥਕ ਹੈ) ਕੋਲੋਂ ਸੂਚਨਾ ਲੈਣ ਤੋਂ ਬਾਅਦ ਇਹ ਮਾਮਲਾ ਸੁਪਰੀਮ ਕੋਰਟ ਦੇ ਮਹਿੰਗੇ ਨਿੱਜੀ ਵਕੀਲ, ਸਟੈਂਡਿੰਗ ਕੌਂਸਲ ਕੋਲ ਉਠਾਇਆ ਅਤੇ ਤੁਰੰਤ ਇੱਕ ਵਾਰਤਾਕਾਰ ਬਿਨੈ-ਪੱਤਰ ਦਾਇਰ ਕਰਨ ਦੇ ਨਿਰਦੇਸ਼ ਦਿੱਤੇ (ਪੱਤਰ ਨੰਬਰ ਐਸ.ਸੀ. 2 ਸੀ ਆਰ ਪੀ 732/19, ਮਿਤੀ 19/08/2020) ਉਹ ਵੀ ਕੋਵਿਡ-19 ਦੇ ਖਤਰਨਾਕ ਫੈਲਾਅ ਦੌਰਾਨ ਜਦੋਂ ਕੇਰਲ ਸਭ ਤੋਂ ਮੁਸ਼ਕਿਲ ਦੌਰ ਦਾ ਸਾਹਮਣਾ ਕਰ ਰਿਹਾ ਹੈ ਅਤੇ ਸਰਕਾਰ ਫੰਡਾਂ ਦੀ ਘਾਟ ਨੂੰ ਪੂਰਾ ਕਰਨ ਲਈ ਦਿਹਾੜੀਦਾਰਾਂ ਅਤੇ ਭਿਖਾਰੀਆਂ ਤੱਕ ਤੋਂ ਵੀ ਹਰ ਸੰਭਵ ਫੰਡ ਇਕੱਤਰ ਕਰਨ ਲਈ ਮਜਬੂਰ ਹੈ।

ਇਕੱਲੇ ਪੁਲਿਸ ਮੁਖੀ, ਜੋ ਐਨ.ਆਈ.ਏ. ਦਾ ਤਤਕਾਲੀ ਡਿਪਟੀ ਚੀਫ ਸੀ ਅਤੇ ਮੰਨਦਾ ਹੈ ਕਿ ਉਹ ਕਮਿਊਨਿਸਟ ਨਹੀਂ ਹੈ, ਨੂੰ ਛੱਡ ਕੇ ਇਹਨਾਂ ਤਿੰਨ ਸੀਨੀਅਰ ਕਮਿਊਨਿਸਟਾਂ ਬਾਰੇ ਕੀ? ਕੀ ਉਹ ਸਚਮੁੱਚ ਯੂ.ਏ.ਪੀ.ਏ. ਦੇ ਵਿਰੁਧ ਮੁਹਿੰਮ ਦਾ ਹਿੱਸਾ ਹਨ? ਜਾਂ ਕੇਰਲ ਨੂੰ ਮੁਹਿੰਮ ਤੋਂ ਪਾਸੇ ਰੱਖਿਆ ਗਿਆ ਹੈ?

ਦਿਲਚਸਪ ਗੱਲ ਇਹ ਹੈ ਕਿ ਮੈਂ ਹਾਲ ਹੀ ਵਿਚ 'ਇੰਡੀਅਨ ਐਕਸਪ੍ਰੈਸ' ਵਿਚ 6/8/2020 ਨੂੰ ਮੁੱਖ ਪੰਨੇ ਦੀ ਖਬਰ ਦੇਖੀ ਜਿਸ ਦਾ ਸਿਰਲੇਖ ਸੀ- 'ਸੂਬੇ ਵਿਚ ਅਪਰਾਧੀਆਂ ਨਾਲ ਨਜਿੱਠਣ ਲਈ ਮਕੋਕਾ ਜਿਹਾ ਕਾਨੂੰਨ ਬਣਾਇਆ ਜਾਣਾ ਹੈ'। ਇਹ ਦੱਸਿਆ ਗਿਆ ਸੀ ਕਿ 'ਗ੍ਰਹਿ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਟੀ. ਐਨ. ਆਈ. ਈ. ਨੂੰ ਦੱਸਿਆ ਕਿ ਮੁੱਖ ਮੰਤਰੀ ਪੀਨਾਰਈ ਵਿਜਯਨ ਨੇ ਸੰਗਠਿਤ ਅਪਰਾਧੀਆਂ ਨਾਲ ਨਜਿੱਠਣ ਲਈ ਨਵਾਂ ਕਾਨੂੰਨ ਬਣਾਉਣ ਲਈ ਮਨਜ਼ੂਰੀ ਦੇ ਦਿੱਤੀ ਹੈ... ਅਧਿਕਾਰੀਆਂ ਦੀ ਇੱਕ ਕਮੇਟੀ ਜਿਸ ਵਿਚ ਉਚ ਪੱਧਰੀ ਪੁਲਿਸ ਅਧਿਕਾਰੀ ਅਤੇ ਖੁਫੀਆ ਵਿਭਾਗ ਸ਼ਾਮਲ ਹਨ, ਨੇ ਮੁੱਖ ਮੰਤਰੀ ਨੂੰ ਸੰਗਠਿਤ ਜੁਰਮਾਂ ਨਾਲ ਨਜਿੱਠਣ ਲਈ ਕਾਨੂੰਨ ਬਣਾਉਣ ਦੀ ਲੋੜ ਬਾਰੇ ਯਕੀਨ ਦਿਵਾਇਆ ਹੈ'।

ਇਸ ਦਾ ਕੀ ਅਰਥ ਹੈ? ਮੈਂ ਜਾਣਦਾ ਹਾਂ ਕਿ ਸੀ.ਪੀ.ਐਮ. ਘੱਟੋ-ਘੱਟ ਮਹਾਰਾਸ਼ਟਰ ਵਿਚ ਮਕੋਕਾ, ਕਸ਼ਮੀਰ ਅਤੇ ਆਂਧਰਾ ਪ੍ਰਦੇਸ਼ ਵਿਚ ਜਨ ਸੁਰੱਖਿਆ ਕਾਨੂੰਨ ਅਤੇ ਕਰਨਾਟਕ ਵਿਚ ਕਕੋਕਾ ਕਾਨੂੰਨ ਦੇ ਵਿਰੁਧ ਸੀ। ਫਿਰ ਇਹ ਦੋਗਲਾਪਣ ਕਿਉਂ? ਤਾਂ ਫਿਰ, ਮੋਦੀ-ਸ਼ਾਹ ਦੇ ਪ੍ਰਸ਼ਾਸਨ ਅਤੇ ਪੀਨਾਰਈ ਵਿਜਯਨ ਦੇ ਪ੍ਰਸ਼ਾਸਨ ਵਿਚ ਕੀ ਫਰਕ ਹੈ? ਦੋਵੇਂ ਹਮੇਸ਼ਾ ਪੁਲਿਸ/ਰੱਖਿਆ ਬਲਾਂ ਦੇ ਮਨੋਬਲ ਨੂੰ ਵਧਾਉਣ ਬਾਰੇ ਚਿੰਤਤ ਰਹਿੰਦੇ ਹਨ ਅਤੇ ਮੁੱਖ ਰੂਪ ਵਿਚ ਕਠੋਰ ਕਾਨੂੰਨਾਂ 'ਤੇ ਨਿਰਭਰ ਕਰਦੇ ਹਨ?

ਮੈਂ ਦੇਖਿਆ ਹੈ ਕਿ ਪੀਨਾਰਈ ਵਿਜੇਯਨ ਦੇ ਅਧੀਨ ਪੁਲਿਸ ਨੇ ਬਹੁਤ ਸਾਰੇ ਕੈਦੀਆਂ ਨੂੰ ਸਿਰਫ ਕੁਝ ਪਰਚੇ ਵੰਡਣ ਜਾਂ ਪੋਸਟਰ ਚਿਪਕਾਉਣ ਲਈ ਹੀ ਯੂ.ਏ.ਪੀ.ਏ. ਜਿਹੇ ਕਾਨੂੰਨ ਦੇ ਤਹਿਤ ਗ੍ਰਿਫਤਾਰ ਕਰ ਕੇ ਕੈਦ ਕੀਤਾ ਹੋਇਆ ਹੈ। ਐਲਨ ਅਤੇ ਥਵਾਹਾ, ਜਿਹਨਾਂ ਨੂੰ ਪੀਨਾਰਈ ਪ੍ਰਸ਼ਾਸਨ ਨੇ ਕੁਝ ਪਰਚੇ ਰੱਖਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਸੀ, ਹੁਣ ਜ਼ਮਾਨਤ 'ਤੇ ਰਿਹਾਅ ਕਰ ਦਿੱਤੇ ਗਏ ਹਨ, ਜਦੋਂ ਅਦਾਲਤ ਨੇ ਉਹਨਾਂ ਨੂੰ ਗ੍ਰਿਫਤਾਰ ਕਰਨ ਲਈ ਪੇਸ਼ ਕੀਤੇ ਸਬੂਤਾਂ ਨੂੰ ਨਾਕਾਫੀ ਦੱਸਿਆ। ਸਵਾਲ ਇਹ ਹੈ ਕਿ ਭਾਜਪਾ ਜਾਂ ਕਾਂਗਰਸ ਦੁਆਰਾ ਬਣਾਈ ਗਲਤ ਨੀਤੀ ਕੇਰਲ ਵਿਚ ਸੀ.ਪੀ.ਐਮ. ਦੀ ਅਗਵਾਈ ਵਾਲੀ ਸਰਕਾਰ ਅਧੀਨ ਸਹੀ ਕਿਵੇਂ ਹੋ ਸਕਦੀ ਹੈ? ਪੀਨਾਰਈ ਵਿਜਯਨ ਦੇ ਅਧਿਨ ਪੁਲਿਸ ਵਲੋਂ ਪਿਛਲੇ ਚਾਰ ਸਾਲਾਂ ਵਿਚ ਗੋਲੀ ਨਾਲ ਮਾਰੇ ਗਏ ਸੱਤ ਸ਼ਹੀਦ ਮੈਨੂੰ ਯੂ.ਏ.ਪੀ.ਏ. ਦੇ ਵਿਰੁਧ ਤੁਹਾਡੀ ਭਾਰਤ ਪੱਧਰ ਦੀ ਮੁਹਿੰਮ ਤੋਂ ਉਮੀਦ ਲਗਾਉਣ ਲਈ ਮੁਆਫ ਕਰ ਦੇਣ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਇਸ ਸਮੇਂ ਢੁਕਵੀਂ ਮੁਹਿੰਮ ਹੈ ਹਾਲਾਂਕਿ ਤੁਹਾਡੀ ਪਾਰਟੀ ਨੇ ਸਮੇਂ ਸਮੇਂ 'ਤੇ ਸੂਬਿਆਂ ਵਿਚ ਆਪਣੇ ਦੋਹਰੇ ਮਾਪਦੰਡ ਸਾਬਤ ਕੀਤੇ ਹਨ, ਜਿੱਥੇ ਉਹ ਸੱਤਾ ਵਿਚ ਆਈ ਹੈ। ਇੱਕ ਵਾਰ ਫਿਰ ਮੈਂ ਯੂ.ਏ.ਪੀ.ਏ. ਦੇ ਵਿਰੁਧ ਅਤੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਤੁਹਾਡੀ ਮੁਹਿੰਮ ਪਿਛਲੇ ਨੇਕ ਇਰਾਦਿਆਂ ਨੂੰ ਸਲਾਮ ਕਰਦਾ ਹਾਂ।

**ਇਨਕਲਾਬੀ ਸ਼ੁੱਭਕਾਮਨਾਵਾਂ ਦੇ ਨਾਲ**
**ਰੂਪੇਸ਼।**



ਮਾਓਵਾਦੀ ਆਗੂ ਰੂਪੇਸ਼ ਜੋ ਅੱਜਕੱਲ੍ਹ ਕੇਰਲ ਦੀ ਇਕ ਜੇਲ੍ਹ ਵਿਚ ਬੰਦ ਹੈ।

# ਸੰਕਟਾਂ ਨਾਲ ਜੂਝ ਰਿਹਾ ਪੰਜਾਬ ਅਤੇ ਸਿਆਸੀ ਪਾਰਟੀਆਂ

*(ਪਿਛਲੇ ਸਫੇ ਦੀ ਬਾਕੀ)*

ਦੇ ਵਿਰੋਧੀ ਹਨ। ਅਕਾਲੀ ਦਲ ਅਜੇ ਵੀ ਐਨ.ਡੀ.ਏ. ਵਿਚ ਸ਼ਾਮਿਲ ਹੈ। ਕੈਪਟਨ ਅਮਰਿੰਦਰ ਸਿੰਘ ਉਤੇ ਘਰ-ਘਰ ਰੁਜ਼ਗਾਰ ਦੇਣ, ਕਿਸਾਨਾਂ ਦੇ ਸਮੁੱਚੇ ਕਰਜ਼ੇ ਅਤੇ ਨਸ਼ਾ ਚਾਰ ਹਫਤਿਆਂ ਅੰਦਰ ਬੰਦ ਕਰਨ ਦੇ ਕਿੰਨੇ ਹੀ ਸਵਾਲ ਜਵਾਬ ਦੀ ਮੰਗ ਕਰਦੇ ਹਨ। ਆਮ ਆਦਮੀ ਪਾਰਟੀ ਉਤੇ ਫੈਡਰਲਿਜ਼ਮ ਦੀਆਂ ਧੱਜੀਆਂ ਉਡਾਉਂਦਿਆਂ ਜੰਮੂ ਕਸ਼ਮੀਰ ਅਤੇ ਨਾਗਰਿਕ ਸੋਧ ਬਿਲ ਦੇ ਪੱਖ ਵਿਚ ਵੋਟਾਂ ਪਾਉਣ ਸਮੇਤ ਅਨੇਕ ਸਵਾਲ ਹੋ ਸਕਦੇ ਹਨ। ਇਨ੍ਹਾਂ ਪਾਰਟੀਆਂ ਨੂੰ ਲੋਕਾਂ ਦੀ ਕਚਹਿਰੀ ਵਿਚ ਜਵਾਬ ਦੇਣੇ ਪੈਣਗੇ ਪਰ ਫਿਲਹਾਲ ਇਨ੍ਹਾਂ ਤੋਂ ਵੀ ਗੰਭੀਰ ਸਮੱਸਿਆ ਨਾਲ ਨਜਿੱਠਣ ਵਾਸਤੇ ਇੱਕਜੁੱਟ ਹੋਣ ਦੀ ਲੋੜ ਹੈ।

ਜਮਹੂਰੀ ਪ੍ਰਬੰਧ ਵਿਚ ਚੋਣਾਂ ਲੋਕਾਂ ਦੀ ਰਾਏ ਜਾਨਣ ਦਾ ਮਹੱਤਵਪੂਰਨ ਸਾਧਨ ਹੁੰਦੀਆਂ ਹਨ ਪਰ ਚੋਣਾਂ ਤੋਂ ਅੱਗੇ ਫਿਰ ਪੰਜ ਸਾਲਾਂ ਬਾਅਦ ਸੋਚਣਾ ਹੀ ਜਮਹੂਰੀਅਤ ਨਹੀਂ ਹੁੰਦੀ। ਸਮਾਜ ਵਿਚ ਹੱਕਾਂ ਲਈ ਹਰ ਰੋਜ਼ ਹੋ ਰਿਹਾ ਸੰਘਰਸ਼ ਜਮਹੂਰੀਅਤ ਨੂੰ ਜਾਨਦਾਰ ਬਣਾਉਂਦਾ ਹੈ। ਪਾਰਟੀਆਂ ਨੂੰ ਸੰਜੀਦਾ ਤਰੀਕੇ ਨਾਲ ਆਪਣੇ ਅੰਦਰ ਅਤੇ ਸਰਬ-ਦਲੀ ਸੰਵਾਦ ਰਚਾਉਣ ਦੀ ਲੋੜ ਹੈ। ਹਰ ਸਮੇਂ ਮੌਕਾਪ੍ਰਸਤ ਸਿਆਸਤ ਕਾਮਯਾਬ ਨਹੀਂ ਹੁੰਦੀ। ਖਾਸ ਹਾਲਾਤ ਵਿਚ ਖਾਸ ਤਰ੍ਹਾਂ ਦੀ ਪਹਿਲਕਦਮੀ ਕਰਨ ਦੀ ਲੋੜ ਪੈਂਦੀ ਹੈ। ਪੰਜਾਬ ਦੇ ਲੋਕ ਕਈ ਸਾਲਾਂ ਤੋਂ ਕਿਸੇ ਅਜਿਹੀ ਲੀਡਰਸ਼ਿਪ ਦੀ ਤਲਾਸ਼ ਵਿਚ ਹਨ ਜੋ ਉਨ੍ਹਾਂ ਨੂੰ ਇਸ ਮੰਝਧਾਰ ਵਿਚੋਂ ਕੱਢ ਸਕੇ। ਜ਼ਮੀਰ ਅਤੇ ਜ਼ਮੀਨ ਨਾਲ ਜੁੜੇ ਤੋਂ ਬਿਨਾ ਪੰਜਾਬ ਦੀ ਡੁੱਬਦੀ ਬੇੜੀ ਨੂੰ ਪਾਰ ਲਾਉਣ ਦੀ ਹੈਸੀਅਤ ਪੈਦਾ ਹੋਣੀ ਸੰਭਵ ਨਹੀਂ ਹੈ।

ਇਸ ਦੇ ਨਾਲ ਹੀ ਕਾਰਪੋਰੇਟ ਵਿਕਾਸ ਮਾਡਲ ਅਤੇ ਭਾਜਪਾ ਦੇ ਬਹੁਗਿਣਤੀਵਾਦ ਦੇ ਸਹਾਰੇ ਹਜੂਮੀ ਮਾਨਸਿਕਤਾ ਪੈਦਾ ਕਰਨ ਦੇ ਮੁਕਾਬਲੇ ਕੁਦਰਤ ਤੇ ਮਨੁੱਖ-ਪੱਖੀ ਵਿਕਾਸ ਮਾਡਲ ਅਤੇ ਸਿਆਸੀ ਮਿਜ਼ਾਜ ਵਾਲੇ ਬਦਲਵੇਂ ਏਜੰਡੇ ਦੀ ਦਰਕਾਰ ਹੈ। ਲੋਕਾਂ ਨੂੰ ਫੈਸਲਾ ਕਰਨ ਦੀ ਪ੍ਰਕਿਰਿਆ ਵਿਚ ਹਿੱਸੇਦਾਰ ਬਣਾਉਣਾ ਇਸ ਦਾ ਬੁਨਿਆਦੀ ਅਸੂਲ ਹੋਣਾ ਚਾਹੀਦਾ ਹੈ।

# ਲੁੱਟਣ ਤੋਂ ਕਿਰਤ ਲੁੱਟ ਤੱਕ ਦੀ ਸੂਝ ਉਤਪਤੀ ਦਾ ਬਿਰਤਾਂਤ

***ਸਰਮਾਏਦਾਰਾਂ, ਧਨਾਢਾਂ ਹੱਥੋਂ ਕਿਰਤੀਆਂ-ਕਿਸਾਨਾਂ ਦੀ ਲੁੱਟ ਨੇ ਸਮਾਜਕ ਨਾਬਰਾਬਰੀ ਵਿਚਲੇ ਪਾੜੇ ਨੂੰ ਨਾ-ਪੂਰੇ ਜਾਣ ਦੀ ਹਾਲਤ ਤੱਕ ਪੁੱਜਦਾ ਕਰ ਦਿੱਤਾ ਹੈ। ਉਤੋਂ ਸਰਕਾਰਾਂ ਦੀਆਂ ਲੋਕ-ਮਾਰੂ ਨੀਤੀਆਂ ਨੇ "ਦੋ ਧੜਿਆਂ ਵਿਚ ਖਲਕਤ ਵੰਡੀ, ਇੱਕ ਲੋਕਾਂ ਦਾ, ਇੱਕ ਜੋਕਾਂ ਦਾ" ਦੇ ਸੱਚ ਜਿਹੀ ਪਾੜ-ਪਾਊ ਨੀਤੀ ਬਰਕਰਾਰ ਰੱਖਣ ਲਈ ਕਾਰਪੋਰੇਟ ਘਰਾਣਿਆਂ ਨੂੰ ਖੱਲ੍ਹੇ ਗੱਫੇ ਦੇਣ ਅਤੇ ਮਹਿੰਗਾਈ, ਟੈਕਸਾਂ, ਨਵੇਂ ਕਾਨੂੰਨਾਂ ਆਦਿ ਜ਼ਰੀਏ ਮੱਧਵਰਗੀ ਲੋਕਾਂ ਦੀ ਲੁੱਟ ਨੂੰ ਯਕੀਨੀ ਬਣਾਈ ਰੱਖਣ 'ਤੇ ਜ਼ੋਰ ਲਾਇਆ ਹੋਇਆ ਹੈ। ਇਸ ਲੇਖ ਵਿਚ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ ਇਹ ਸਭ ਜੰਜ਼ੀਰਾਂ ਤੋੜਨ ਲਈ ਮਿਹਨਤਕਸ਼ਾਂ ਨੂੰ ਇੱਕਜੁੱਟ ਹੋ ਕੇ ਕਿਰਤ ਦੀ ਹੋ ਰਹੀ ਲੁੱਟ ਖਿਲਾਫ ਹੰਭਲਾ ਮਾਰਨ ਦੀ ਗੱਲ ਕਹੀ ਹੈ। -ਸੰਪਾਦਕ***

ਉਦੋਂ ਦੂਜੀ 'ਚ ਪੜ੍ਹਦਾ ਸਾਂ, ਜਦੋਂ ਚੌਦਵੀਂ 'ਚ ਪੜ੍ਹਦੇ ਮੇਰੇ ਵੱਡੇ ਮਸੇਰ ਨੇ ਪੁੱਛਿਆ, "ਤੂੰ ਵੱਡਾ ਹੋ ਕੇ ਕੀ ਕਰਿਆ ਕਰੇਂਗਾ?"

ਸਪਾਟ, ਸਿੱਧਾ ਜਵਾਬ ਦਿੱਤਾ, "ਭਾਰ ਢੋਇਆ ਕਰਾਂਗਾ ਤੇ ਪੈਸੇ ਲੁੱਟਿਆ ਕਰਾਂਗਾ, ਹੋਰ ਕੀ!"

ਉਹ ਖਿੜ ਖਿੜਾ ਕੇ ਹੱਸਿਆ ਤੇ ਮੁੜ ਸਵਾਲ ਕੀਤਾ, "ਉਹ ਕਿਵੇਂ?"

"ਬੱਸ ਭਾਜੀ, ਸਟੇਸ਼ਨ 'ਤੇ ਕੁਲੀ ਭਾਰ ਢੋਂਹਦੇ ਵੇਖੀਦੇ ਨੇ, ਕਿੰਨੇ ਸਾਰੇ ਪੈਸੇ ਲੁੱਟ ਲੈਂਦੇ ਨੇ।" ਉਹਦੇ ਹੱਸਣ ਤੋਂ ਕੱਚਾ ਜਿਹਾ ਹੋ ਗਿਆ। ਹੱਸਣ ਦੀ ਸਮਝ ਨਾ ਲੱਗੀ। ਭੋਲੇਪਨ 'ਚ ਚੁੱਪ ਕਰ ਗਿਆ।



ਪ੍ਰਿੰ. ਬਲਕਾਰ ਸਿੰਘ ਬਾਜਵਾ
balkarbajwa1935@gmail.com
ਫੋਨ: 647-402-2170

ਬਚਪਨ 'ਚ ਮਿਲੀ/ਲੱਭੀ ਆਨਾ-ਦੁਆਨੀ ਵੇਖ ਹਾਣੀ ਪੁੱਛਦੇ, "ਯਾਰਾ ਕਿੱਥੋਂ ਲੁੱਟੀ ਆ!" ਉਹ ਆਨਾ-ਦੁਆਨੀ ਆਪਣੀ ਲੱਗਦੀ। ਪੂਰੀ ਦੀ ਪੂਰੀ ਆਪਣੀ! ਉਹਨੂੰ ਖਰਚਣ ਦੀ ਪੂਰੀ ਖੁੱਲ੍ਹ ਹੁੰਦੀ। ਦੂਜੀ ਵੱਡੀ ਜੰਗ ਦਾ ਸਮਾਂ ਸੀ। ਮਹਿੰਗਾਈ ਸਿਖਰਾਂ 'ਤੇ ਸੀ। ਪੈਸਾ ਵੀ ਉਦੋਂ ਲੋਕਾਂ ਕੋਲ ਬਹੁਤ ਘੱਟ ਸੀ। ਲੈਣ-ਦੇਣ ਵਿਚ ਜਿਨਸ ਵਟਾਂਦਰਾ ਚੱਲਦਾ। ਉਸ ਵਰੇਸ 'ਚ ਸਟੇਸ਼ਨਾਂ 'ਤੇ ਗੱਡੀ ਉੱਤਰਦਿਆਂ, ਚੜ੍ਹਦਿਆਂ ਵੇਖਣਾ ਕਿ ਲਾਲ ਵਰਦੀ ਵਾਲੇ ਕੁਲੀ/ਹਾਤੋ ਲੋਕਾਂ ਦਾ ਸਾਮਾਨ ਗੱਡੀਓਂ ਉਤਾਰਨ, ਚੜ੍ਹਾਉਣ ਪਿੱਛੋਂ ਵਾਹਵਾ ਪੈਸੇ ਮਾਠ ਲੈਂਦੇ। ਮਨ 'ਚ ਲਾਲਸਾ ਜਿਹੀ ਪੈਦਾ ਹੁੰਦੀ, ਇਹ ਕੰਮ ਕਿੰਨਾ ਵਧੀਆ ਏ। ਇਹ ਵਾਹਵਾ ਪੈਸੇ ਲੁੱਟ ਰਹੇ ਨੇ। ਬੱਸ ਭਾਰ ਢੋਇਆ ਤੇ ਪੈਸੇ ਲੁੱਟ ਲਏ। ਹੁਣ ਉਹ ਜੋ ਮਰਜ਼ੀ ਖਰੀਦਣ ਤੇ ਖਾਣ-ਪੀਣ: ਬੱਤੇ, ਕੁਲਫੀਆਂ, ਲੱਡੂ, ਬਰਫੀ...। ਉਦੋਂ ਮੈਨੂੰ ਏਦਾਂ ਮਜ਼ਦੂਰੀ ਨਾਲ ਕਮਾਇਆ ਪੈਸਾ ਲੁੱਟ ਹੀ ਲੱਗਦਾ। ਸੋਚ ਦਾ ਦਾਇਰਾ ਹੀ ਏਡਾ ਕੁ ਸੀ।

ਪਿੰਡਾਂ 'ਚ ਬਰਾਤਾਂ ਦੇ ਆਉਣ ਅਤੇ ਡੋਲੀ ਦੇ ਤੁਰਨ ਵੇਲੇ ਘਰ ਵਾਲੇ ਭਾਨ ਦੀਆਂ ਚੰਗੀਆ ਸੋਟਾਂ ਕਰਦੇ। ਮੁੰਡੀਰ ਪਿਛਲਖੁਰੀ ਤੁਰਦੀ ਪੈਸਿਆਂ ਮੁੱਠ ਸੁੱਟੇ ਜਾਣ ਦੀ ਝਾਕ 'ਚ ਹੁੰਦੇ। ਜ਼ਮੀਨ 'ਤੇ ਪੈਸੇ ਡਿੱਗਦਿਆਂ ਹੀ ਸਭ ਘੱਟੇ ਮਿੱਟੀ 'ਚੋਂ ਪੈਸੇ ਲੱਭਣ ਲੱਗ ਪੈਂਦੇ। ਪਿੱਛੋਂ ਗਿਣਦੇ ਤੇ ਇੱਕ ਦੂਜੇ ਨੂੰ ਦੱਸਦੇ ਕਿ ਉਨ੍ਹੇ ਅੱਜ ਕਿੰਨੇ ਲੁੱਟੇ ਹਨ।

ਉਸ ਉਮਰੇ ਘਰੋਂ ਖਾਣ-ਪੀਣ ਲਈ ਮਿਲਦਾ ਸਭ ਕੁਝ ਮੁਫਤ ਹੁੰਦਾ। ਜੋ ਆਪਣੀ ਮਰਜ਼ੀ ਨਾਲ ਖਰਚਣ ਵਾਲਾ ਹੁੰਦਾ, ਉਹ ਹੀ ਆਪਣਾ ਲੱਗਦਾ। ਫੁੱਫੜ/ਮਾਸੜ ਦੇ ਆਏ 'ਤੇ ਬੱਚੇ ਚਾਅ ਨਾਲ ਅੰਦਰ ਬਾਹਰ ਚਾਂਬੜਾਂ ਪਾਉਂਦੇ ਫਿਰਦੇ। ਸ਼ਾਇਦ ਭੂਆ/ਮਾਸੀ ਜਾਂ ਹੋਰਨਾਂ ਨੂੰ ਅਸਲੀਅਤ 'ਚ ਕੋਈ ਖੁਸ਼ੀ ਹੁੰਦੀ ਹੋਵੇ, ਪਰ ਬੱਚੇ ਕਾਹਤੋਂ ਚਾਂਬੜਾਂ ਪਾਉਂਦੇ ਫਿਰਦੇ ਨੇ! ਕੋਲੋਂ ਲੰਘਦਾ ਲੰਬੜ ਬੁੱਢਾ ਸਿੰਘ ਹੱਸ ਕੇ ਕਹਿੰਦਾ, "ਇਹ ਤਾਂ ਖੁਸ਼ ਨੇ ਕਿ ਅੱਜ ਵਾਹਵਾ ਮਿੱਠਾ ਪਲਾ, ਸੇਵੀਆਂ, ਕੜਾਹ, ਖੀਰ ਬਣੇਗੀ। ਤਾਂ ਹੀ ਖੁਸ਼ੀ 'ਚ ਟੱਪਦੇ ਫਿਰਦੇ ਨੇ।" ਉਨ੍ਹਾਂ ਦੇ ਵਿਦਾ ਹੋਣ ਵੇਲੇ ਵੀ ਭਤੀਜੇ/ਭਾਣਜੇ ਅੱਗੇ-ਪਿੱਛੇ ਮੋਰਾਂ ਵਾਂਗ ਪੈਲਾਂ ਪਾਉਂਦੇ ਫਿਰਦੇ। ਉਨ੍ਹਾਂ ਨੂੰ ਆਸ ਹੁੰਦੀ, ਕੁਝ ਮਿਲੇਗਾ ਜ਼ਰੂਰ। ਜੇ ਤਾਂ ਰੁਪਏ ਮਿਲਦੇ ਤਾਂ ਬਹੁਤਾ ਖੁਸ਼ ਨਾ ਹੁੰਦੇ। ਉਹ ਤਾਂ ਬੇਬੇ, ਭੂਆ, ਮਾਸੀ ਨੇ ਫੜ ਲੈਣੇ ਨੇ। ਉਨ੍ਹਾਂ ਨੂੰ ਤਾਂ ਆਨਾ-ਦੁਆਨੀ ਮਿਲੀ ਹੀ ਚੰਗੀ ਲੱਗਦੀ। ਉਹਨੇ ਹੀ ਉਨ੍ਹਾਂ ਦੀ ਆਪਣੀ ਹੋਣਾ ਸੀ।

ਬਚਪਨ ਦਾ ਉਹ ਸਮਾਂ ਵੀ ਕਦੀ ਨਹੀਂ ਭੁੱਲਦਾ, ਜਦੋਂ ਨਾਨਕੀਂ ਬਾਣੀਆਂ ਦੇ ਇੱਕ ਉਦਮੀ ਬੰਦੇ ਨੇ ਪਿੰਡ 'ਚ ਇੱਟਾਂ ਦਾ ਇੱਕ ਛੋਟਾ ਜਿਹਾ ਭੱਠਾ ਲਾਉਣ ਦਾ ਜੁਗਾੜ ਆ ਵਿੱਢਿਆ। ਤਮਾਸ਼ਬੀਨਾਂ ਵਾਂਗ ਭੱਠੇ ਦੁਆਲੇ ਇਕੱਠੀ ਹੋਈ ਮੁੰਡੀਰ ਨੂੰ ਉਸ ਦੇ ਮੁਨਸ਼ੀ ਨੇ ਕਿਹਾ, "ਲਿਆਓ ਓਏ ਮੁੰਡਿਓ, ਔਹ ਪਾਥੀਆਂ ਚੁੱਕ ਚੁੱਕ...ਪੈਸੇ ਮਿਲਣਗੇ।" ਅਸੀਂ ਭੱਜ ਭੱਜ ਕੇ ਪਾਥੀਆਂ ਕਾਰੀਗਰਾਂ ਨੂੰ ਫੜਾਉਣ ਲੱਗ ਪਏ। ਕੁਝ ਵੱਡੇ ਬੰਦੇ ਟੋਕਰੇ/ਟੋਕਰੀਆਂ ਵਿਚ ਬਾਲਣ ਢੋ ਰਹੇ ਸੀ। ਦਿਨ ਡੁੱਬਣ 'ਤੇ ਪੈਸਿਆਂ ਵਾਲੀ ਗੁਥਲੀ ਫੜ ਉਹਨੇ ਸਾਨੂੰ ਕਤਾਰ 'ਚ ਖੜ੍ਹਾ ਕਰ ਦੁਆਨੀ-ਦੁਆਨੀ ਦਿੱਤੀ। ਟੋਕਰਿਆਂ/ਟੋਕਰੀਆਂ ਵਾਲਿਆਂ ਨੂੰ ਸ਼ਾਇਦ ਰੁਪਈਆ/ਅਠਿਆਨੀ ਦਿੱਤੀ ਹੋਵੇ। ਬੱਚੇ ਬੜੇ ਖੁਸ਼ ਹੋਏ ਤੇ ਵਛੇਰਿਆਂ ਵਾਂਗ ਟੀਟਨੇ ਮਾਰਦੇ ਘਰਾਂ ਨੂੰ ਭੱਜੇ। ਰਾਤ ਨੂੰ ਮੈਂ ਵੀ ਉਹ ਦੁਆਨੀ ਕਈ ਵਾਰੀ ਜੇਬ 'ਚੋਂ ਕੱਢ ਕੱਢ ਵੇਖੀ। ਇਹ ਮੇਰੀ ਪਹਿਲੀ ਲੁੱਟ ਸਮਝੋ ਚਾਹੇ ਕਮਾਈ। ਉਹ ਮੈਨੂੰ ਬੜੀ ਪਿਆਰੀ ਤੇ ਆਪਣੀ ਲੱਗੀ। ਸਵੇਰੇ ਹੱਟੀਆਂ ਤੋਂ, ਜੋ ਚਿੱਤ ਆਇਆ ਖਾਵਾਂਗਾ, ਸੁਪਨੇ ਲੈਂਦਾ ਸੌਂ ਗਿਆ।

ਬੱਚਿਆਂ ਦੀ ਸੋਚ ਦਾ ਦਾਇਰਾ ਉਸ ਜੱਟ ਵਰਗਾ ਸੀ, ਜਿਸ ਨੇ ਫੌਜ ਦੀ ਰੰਗਰੂਟੀ ਵੇਲੇ ਸੁਭਾਵਕ ਹੀ ਆਪਣੇ ਹੌਲਦਾਰ ਕੋਲੋਂ ਪੁੱਛ ਲਿਆ, "ਬਈ ਸਾਹਿਬ, ਵੱਡੇ ਸਾਹਿਬ, ਕਰਨੈਲ ਸਾਹਿਬ ਨੂੰ ਭਲਾ ਕਿੰਨੇ ਕੁ ਪੈਸੇ ਮਿਲਦੇ ਹੋਣਗੇ?"

ਦੱਸਿਆ ਗਿਆ, "ਇਹੀ ਕੋਈ 15 ਕੁ ਸੌ।"

ਬੁੱਲਾਂ 'ਤੇ ਜੀਬ ਫੇਰ ਸੁਆਦ ਜਿਹਾ ਮਹਿਸੂਸ ਕਰਦਿਆਂ ਮੂੰਹੋਂ ਆਪ ਮੁਹਾਰੇ ਨਿਕਲਿਆ, "ਤਾਂ ਤੇ ਬਈ ਉਹ ਰੱਜ ਕੇ ਗੁੜ ਖਾਂਦਾ ਹੋਊ!"

ਸੁਣ ਕੇ ਆਸੇ-ਪਾਸੇ ਦੇ ਸਿਪਾਹੀ ਹੱਸ ਪਏ। ਸਿਪਾਹੀ ਨੂੰ ਉਦੋਂ 9 ਕੁ ਰੁਪਏ ਮਿਲਦੇ ਸਨ। ਏਦਾਂ ਦੇ ਪ੍ਰਤੀਕਰਮ ਸਾਡੀ ਸੋਚ, ਸਮਝ, ਸੂਝ ਦੇ ਦਾਇਰੇ 'ਚੋਂ ਹੀ ਉਪਜਦੇ ਹਨ। ਮਸੇਰ ਨੂੰ ਦਿੱਤਾ ਜਵਾਬ 'ਭਾਰ ਢੋਇਆ ਕਰਾਂਗੇ ਤੇ ਪੈਸੇ ਲੁੱਟਿਆ ਕਰਾਂਗੇ' ਵੀ ਏਸੇ ਸੋਚ 'ਚੋਂ ਉਪਜਿਆ ਸੀ।




ਜਦੋਂ ਬਚਪਨ ਦੇ ਕੁਝ ਸਿਆਲ ਹੁਨਾਲ ਲੰਘ ਗਏ ਹਨ। ਮਨ 'ਚ ਸਵਾਲ ਉੱਠਣ ਲੱਗੇ ਕਿ ਪੜ੍ਹਾਈ ਕਿਉਂ ਜ਼ਰੂਰੀ ਹੈ, ਪਾਸ ਹੋਣਾ ਈ ਕਾਫੀ ਹੈ ਜਾਂ ਵੱਧ ਨੰਬਰ ਲੈਣੇ ਜ਼ਰੂਰੀ ਹਨ, ਬੇਰੁਜ਼ਗਾਰੀ ਕਿਉਂ ਹੈ, ਨੌਕਰੀ ਕਿਵੇਂ ਤਲਾਸ਼ਣੀ ਹੈ, ਆਦਿ ਇਤਿਆਦਿ? ਜਿਵੇਂ ਜਿਵੇਂ ਗਿਆਨ ਤੇ ਤਰਕ ਦੀ ਲੋਅ ਹੁੰਦੀ ਗਈ, ਸਮਝ ਵਿਗਸਣ ਲੱਗੀ। ਹੁਣ ਤੱਕ ਸੋਚ ਉਪਰਲੇ ਸਾਦਾ, ਸਿੱਧੇ ਤੇ ਸਧਾਰਨ ਜਿਹੇ ਸਵਾਲਾਂ ਨਾਲ ਹੀ ਜੂਝਦੀ ਰਹੀ ਸੀ। ਇਨ੍ਹਾਂ ਦੇ ਹੱਲ ਹੋਣ ਨਾਲ ਹੀ ਗੱਲ ਮੁੱਕ ਜਾਂਦੀ। ਹੋਰ ਅਗਾਂਹ ਫਿਰ ਸਵਾਲ ਕੁਝ ਉਚੇਰੀ ਤੇ ਚਿੰਤਨਸ਼ੀਲ ਪੱਧਰ ਵੱਲ ਵਧੇ। ਕੌਣ ਮਾਲਕ ਤੇ ਕੌਣ ਮਹਿਕੂਮ ਹੁੰਦੈ? ਮਾਲਕ ਕੌਣ ਤੇ ਮਜ਼ਦੂਰ ਕੌਣ? ਬਹੁਤੇ ਲੋਕ ਕਿਉਂ ਗਰੀਬ ਹਨ? ਬੇਇਨਸਾਫੀ ਕਿਉਂ ਹੋ ਰਹੀ ਹੈ? ਸਮਾਜ ਵਿਚ ਨਾਬਰਾਬਰੀ ਕਿਉਂ ਹੈ? ਇਹ ਕਾਣੀ ਵੰਡ ਤੇ ਲੁੱਟ-ਚੋਂਗ ਦਾ ਸਿਲਸਿਲਾ ਕਿਵੇਂ ਹੋਂਦ 'ਚ ਆਇਆ? ਫਿਰ ਰੱਬ ਕੀ ਹੈ, ਮੌਤ ਪਿੱਛੋਂ ਕੀ, ਧਰਮ ਕੀ ਹੈ, ਏਨੇ ਧਰਮ ਕਿਉਂ ਹਨ ਆਦਿ ਸਵਾਲ ਜ਼ਿਹਨ 'ਚ ਉੱਠੇ ਅਤੇ ਸ਼ਹਿਦ ਦੀਆਂ ਮੱਖੀਆਂ ਵਾਂਗ ਭਿਣਭਿਣਾਉਣ ਲੱਗੇ।

ਜਿਵੇਂ ਜਿਵੇਂ ਅੱਗੇ ਪੜ੍ਹਦਾ-ਪੜ੍ਹਾਉਂਦਾ ਗਿਆ, ਗੁੜ੍ਹਦਾ, ਸੁਣਦਾ-ਸੁਣਾਉਂਦਾ ਤੇ ਵਿਚਾਰਦਾ ਗਿਆ, ਗੋਸ਼ਟੀਆਂ ਵਿਚ ਸ਼ਾਮਲ ਹੋਣ ਲੱਗਾ, ਮੈਨੂੰ ਆਪਣੀ 'ਭਾਰ ਢੋਇਆ ਕਰਾਂਗਾ ਤੇ ਪੈਸੇ ਲੁੱਟਿਆ ਕਰਾਂਗਾ' ਗੱਲ ਯਾਦ ਆਉਂਦੀ

ਹੌਲੀ ਹੌਲੀ ਮਸੇਰ ਦੇ ਹਾਸੇ ਪਿੱਛੇ ਛੁਪੀ ਸੂਝ ਦੀ ਝਲਕ ਮਹਿਸੂਸ ਹੋਣ ਲੱਗ ਪਈ। ਮਸੇਰ ਇੱਕ ਸਮਾਜਕ ਵਿਗਿਆਨਕ ਸੂਝ ਦਾ ਧਨੀ ਸੀ। ਸਮਾਜ 'ਚ ਹੁੰਦੀ ਲੁੱਟ ਦਾ ਹੀਜ-ਪਾਜ ਜਾਣਦਾ ਸੀ। ਮੇਰੀ ਗੱਲ 'ਤੇ ਉਹਦਾ ਹੱਸਣਾ ਕੁਦਰਤੀ ਸੀ। ਜਿਵੇਂ ਭੋਲੇ ਜਾਟ ਸਿਪਾਹੀ ਦੀ ਰੱਜ ਕੇ ਗੁੜ ਖਾਣ ਵਾਲੀ ਗੱਲ ਨੇ ਉਹਦੇ ਉਸਤਾਦ ਤੇ ਸਾਥੀਆਂ ਨੂੰ ਹੱਸਣ ਲਾਇਆ ਸੀ। ਅੱਜ ਮੈਨੂੰ ਕਮਾਈ ਉਹ ਦੁਆਨੀ ਤੋਂ ਵੱਧ ਬਣਦੇ ਪੈਸੇ ਦੀ ਹੋਈ ਲੁੱਟ ਦੀ ਸੂਝ ਦਿੱਸਣ, ਵਿਗਸਣ ਲੱਗ ਪਈ ਐ। ਉਹ ਦੁਆਨੀ ਤਾਂ ਇੱਕ ਨਿਗੂਣਾ ਜਿਹਾ ਗੁਜ਼ਾਰਾ ਵੇਤਨ ਹੀ ਸੀ।



ਆਲਮ ਦੇ ਮਹਾਨ ਚਿੰਤਕ ਕਾਰਲ ਮਾਰਕਸ ਨੇ ਸਰਮਾਏਦਾਰੀ ਦੇ ਵਧਣ-ਫੁੱਲਣ ਦਾ ਸਰੋਤ 'ਵਾਧੂ ਮੁੱਲ' (ਸਰਪਲੱਸ ਵੈਲਯੂ) ਦੇ ਵਿਗਿਆਨਕ ਤਰਕ 'ਤੇ ਆਧਾਰਤ ਕੀਤਾ। ਕਿਸੇ ਵਸਤੂ ਦਾ ਮੁੱਲ ਉਸ ਨੂੰ ਪੈਦਾ ਕਰਨ ਵਿਚ ਲੱਗੀ ਕਿਰਤ ਨਿਰਧਾਰਤ ਕਰਦੀ ਹੈ। ਵਸਤੂ ਦੇ ਪੈਦਾ ਕਰਨ ਵਿਚ ਲੱਗੀ ਪੂੰਜੀ, ਜ਼ਮੀਨ 'ਤੇ ਪ੍ਰਬੰਧ ਦੇ ਜੋਖਮ ਅਤੇ ਲਾਭ ਤੇ ਖਰਚਿਆਂ ਦਾ ਹਿੱਸਾ ਕੱਢਣ ਪਿੱਛੋਂ ਵਸਤੂ ਦਾ ਬਾਕੀ ਸਾਰਾ ਮੁੱਲ ਕਿਰਤ ਦੀ ਹੀ ਕਮਾਈ ਹੁੰਦੀ ਹੈ, ਪਰ ਕਿਰਤ ਨੂੰ ਉਸ ਦਾ ਨਿਆਇਕ ਹਿੱਸਾ ਕਦੀ ਨਹੀਂ ਮਿਲਦਾ। ਸਗੋਂ ਉਸ ਨੂੰ ਤਾਂ ਇਹਦਾ ਇੱਕ ਨਿਗੂਣਾ ਜਿਹਾ ਭਾਗ ਦਿੱਤਾ ਜਾਂਦੈ, ਤਾਂ ਜੋ ਉਸ ਦਾ ਗੁਜ਼ਾਰਾ ਚੱਲਦਾ ਰਹੇ ਅਤੇ ਉਹ ਜਿਉਂਦਾ ਰਹੇ ਅਤੇ ਹੋਰ ਲੇਬਰ ਪੈਦਾ ਕਰਦਾ ਰਹੇ। ਇਸ ਸੱਚ ਨੂੰ ਕਦੀ ਵੀ ਝੁਠਲਾਇਆ ਨਹੀਂ ਜਾ ਸਕਦਾ। ਇਹ ਹਰ ਯੁੱਗ ਦਾ ਸੱਚ ਸੀ, ਹੁਣ ਵੀ ਹੈ ਅਤੇ ਰਹੇਗਾ। ਫਰੈਡਰਿਕ ਨੇ ਇਸ ਸੱਚ ਨੂੰ ਏਦਾਂ ਵਰਣਿਤ ਕੀਤਾ, "ਮਨੁੱਖੀ ਸਰੀਰ ਅਤੇ ਇਸ ਦੀ ਕਿਰਤ ਦੀ ਸ਼ਕਤੀ ਸਰਮਾਏਦਾਰੀ ਵੱਲੋਂ ਖੋਜੀ ਬਿਹਤਰੀਨ ਮਸ਼ੀਨ ਹੈ।"

ਬੱਸ ਇਸ ਵਾਧੂ ਮੁੱਲ 'ਚੋਂ ਹੀ ਕਿਰਤ ਦੀ ਲੁੱਟ-ਚੋਂਗ ਦਾ ਬਾਨਣੂ ਬੱਝਦੈ। ਇਸ ਵਾਧੂ ਮੁੱਲ ਨੂੰ ਆਪਣੇ ਨਫੇ ਦਾ ਨਾਮ ਦੇ ਕੇ ਇਕੱਲਾ ਸਰਮਾਏਦਾਰ ਹੀ ਹੜੱਪ ਜਾਂਦੈ; ਅਤੇ ਨਫਾ ਵਧਾਉਣ ਲਈ ਉਤਪਾਦਨ ਦੇ ਵਾਧੇ ਵਿਚ ਮੁੜ ਨਿਵੇਸ਼ ਕਰ ਦਿੰਦਾ। ਇਸ ਤਰ੍ਹਾਂ ਅੱਗੋਂ ਪੂੰਜੀ ਦੇ ਵੱਡੇ ਵੱਡੇ ਅਡੰਬਰ, ਉਸਰਨੇ ਅਰੰਭ ਹੋ ਜਾਂਦੇ ਹਨ। ਨਫੇ ਹੋਰ ਵਧੀ ਤੁਰੀ ਜਾਂਦੇ ਹਨ। ਪੈਦਾਵਰ ਵਧੀ ਤੁਰੀ ਜਾਂਦੀ ਹੈ, ਵੱਧਦੀ ਪੈਦਾਵਾਰ ਉਸ ਦੇ ਮੁਨਾਫੇ, ਚੌਧਰ ਤੇ ਹਉਮੈ ਨੂੰ ਸਿਖਰ 'ਤੇ ਲੈ ਜਾਂਦੀ ਹੈ। ਉਹ ਸਭ ਤੋਂ ਅਮੀਰ ਤੇ ਤਾਕਤਵਰ ਵਿਅਕਤੀ ਬਣ ਜਾਂਦੈ। ਭਾਵੇਂ ਉਸ ਨੂੰ ਸੌਣ ਲੱਗਿਆਂ ਨੀਂਦ ਦੀਆਂ ਗੋਲੀਆਂ ਦਾ ਫੱਕਾ ਹੀ ਕਿਉਂ ਨਾ ਮਾਰਨਾ ਪਏ, ਪਰ ਉਹਦੀ ਹਵਸ ਰੱਜਦੀ ਨਹੀਂ, ਜੋ ਇੱਕ ਪੁੱਠਾ ਭਾਂਡਾ ਹੁੰਦੀ ਹੈ। ਕਦੀ ਭਰਦੀ ਨਹੀਂ। ਇਹ ਹੀ ਇਹਦਾ ਬੁਨਿਆਦੀ ਖਾਸਾ ਹੈ। ਇਸ ਨੇ ਸਭ ਧਨਾਢਾਂ ਨੂੰ ਹਲਕਾ ਦਿੱਤਾ ਹੋਇਐ। ਹਲਕਿਆ ਕੁੱਤਾ ਖਾਣ ਲਈ ਨਹੀਂ ਵੱਢਦਾ, ਪਰ ਹਲਕਾ 'ਚ ਅੰਨ੍ਹਾ ਹੋਇਆ, ਜੋ ਵੀ ਸਾਹਮਣੇ ਆਇਆ, ਚੱਕ ਮਾਰਦਾ ਤੁਰਿਆ ਜਾਂਦੈ।

ਦੂਜੇ ਪਾਸੇ ਮੁੱਲ ਪੈਦਾ ਕਰਨ ਵਾਲਾ ਕਿਰਤੀ ਗੁਰਬਤ ਦੀ ਦਲ-ਦਲ ਵਿਚ ਹੀ ਦਿਨ ਕੱਟੀ ਕਰਨ 'ਤੇ ਮਜਬੂਰ ਹੁੰਦੈ। ਕਿਉਂਕਿ ਉਹ ਸਾਧਨਾਂ ਦਾ ਮਾਲਕ ਨਹੀਂ। ਉਸ ਦੀ ਮਾਲਕੀ ਕੇਵਲ ਤੇ ਕੇਵਲ ਉਸ ਦੀ ਲੇਬਰ ਸ਼ਕਤੀ ਹੁੰਦੀ ਹੈ, ਜਿਸ ਨੂੰ ਉਹ ਮੰਡੀ ਵਿਚ ਸਸਤੀ ਮਹਿੰਗੀ ਵੇਚਣ ਲਈ ਮਜਬੂਰ ਹੁੰਦੈ। ਸ਼ਾਮ ਤੱਕ ਉਹਨੇ ਤਾਂ ਪਰਿਵਾਰ ਲਈ ਪੀਪੇ 'ਚ ਆਟਾ ਲੈ ਕੇ ਮੁੜਨਾ ਹੁੰਦੈ। ਜੋ ਵੀ ਮਿਲਦੈ, ਉਹ ਉਸ ਨਾਲ ਹੀ ਸਬਰ ਕਰਨ 'ਤੇ ਮਜਬੂਰ ਹੁੰਦੈ। ਏਦਾਂ ਸਮਾਜ ਵਿਚ ਨਾਬਰਾਬਰੀ ਦੇ ਬੀਜ ਓਪਜਣੇ, ਵਿਗਸਣੇ, ਫਲਣੇ-ਫੁਲਣੇ ਅਰੰਭ ਹੋ ਜਾਂਦੇ ਹਨ, ਜੋ ਸਮਾਜ ਨੂੰ ਅੱਗੋਂ ਕਈ ਵਰਗਾਂ ਵਿਚ ਵੰਡ ਧਰਦੇ ਹਨ।

ਇਨ੍ਹਾਂ ਕਾਰਪੋਰੇਟਾਂ ਨੂੰ ਧਨ ਦੀ ਲਿਸ਼ਕ ਨੇ ਅੰਨ੍ਹਾ ਕੀਤਾ ਹੁੰਦੈ। ਇਸ ਪੈਸੇ ਨਾਲ ਉਹ ਰੱਬ ਨੂੰ ਵਾਹਵਾ ਚੜ੍ਹਾਵੇ ਚੜ੍ਹਾ ਆਪਣੀ ਲੁੱਟ ਦਾ ਵਕੀਲ ਬਣਾਉਣ ਲਈ ਖਰੀਦ ਰੱਖਦੈ। ਉਸ ਦਾ ਇਹ ਦਿਖਾਵਾ ਲੋਕਾਂ 'ਚ ਭੁਲੇਖੇ ਪਾਉਣ ਦਾ ਇੱਕ ਵੱਖਰਾ ਹੀ ਚੱਕਰ ਚਲਾ ਦਿੰਦੈ। ਹੁਣ ਉਸ ਨੂੰ ਕਿਸੇ ਦਾ ਡਰ ਭਓ ਨਹੀਂ। ਸਰਕਾਰਾਂ ਤਾਂ ਪਹਿਲਾਂ ਹੀ ਉਹਦੀਆਂ ਦਾਸੀਆਂ ਹਨ। ਜਿਵੇਂ ਉਹਨੂੰ ਸੂਤ ਬੈਠਦਾ, ਉਹ ਉਹੋ ਜਿਹੇ ਕਾਨੂੰਨ ਬਣਵਾ ਲੈਂਦਾ ਹੈ। ਚੋਣਾਂ ਤਾਂ ਲੋਕਾਂ ਲਈ ਇੱਕ ਛਲਾਵਾ, ਇੱਕ ਛਲੇਡਾ ਬਣ ਪੰਜ ਸਾਲ ਬਾਅਦ ਰੂਪਮਾਨ ਜ਼ਰੂਰ ਹੁੰਦੀਆਂ ਹਨ। ਵੋਟ ਪਰਚੀ ਹੱਥ ਫੜ ਬੰਦਾ ਇੱਕ ਵਾਰੀ ਤਾਂ ਬੜਾ ਆਜ਼ਾਦ ਤੇ ਵੱਡਾ ਮਹਿਸੂਸ ਕਰਦੈ, ਪਰ ਉਸ ਦੀ ਸੋਚ ਆਜ਼ਾਦ ਨਹੀਂ। ਉਹਨੂੰ ਸਾਮ, ਦਾਮ, ਦੰਡ, ਭੇਦ ਨੇ ਗੁਲਾਮ ਬਣਾ ਦਿੱਤਾ ਹੋਇਐ। ਉਹਦੀ ਸੋਚ ਆਪਣੀ ਨਹੀਂ ਹੁੰਦੀ। ਆਪਣੀ ਸੋਚ ਤਾਂ ਬਣੇ ਜੇ ਉਸ ਨੂੰ ਕੁਝ ਸੋਚਣ, ਪੜ੍ਹਨ, ਗੁੜ੍ਹਨ ਦਾ ਵਿਹਲ ਹੋਵੇ। ਉਹਨੂੰ ਤਾਂ ਸਿਰਫ ਏਨਾ ਹੀ ਦਿੱਤਾ ਜਾਂਦਾ ਹੈ, ਜਿਸ ਨਾਲ ਉਹ ਸਾਹ ਲੈਂਦਾ ਰਹੇ ਤੇ ਬੱਚੇ ਪੈਦਾ ਕਰਦਾ ਰਹੇ।

ਰਹਿੰਦੀ ਕਸਰ ਜ਼ਰਖਰੀਦ ਮੀਡੀਏ ਦੇ ਅੰਨ੍ਹੇ ਪਸਾਰ, ਪ੍ਰਚਾਰ ਅਤੇ ਕਾਰਪੋਰੇਟੀ ਨਿਜ਼ਾਮ ਦੇ ਅਮਨ ਕਾਨੂੰਨ ਦੇ ਰਖਵਾਲਿਆਂ ਦੇ ਡਰ ਸਹਿਮ ਕੱਢ ਦਿੰਦੇ ਹਨ। ਅਸਲੀਅਤ 'ਚ ਉਹਦੀ ਸੋਚ ਚੰਗੀ ਪਾਰਟੀ/ਉਮੀਦਵਾਰ ਦੀ ਚੋਣ ਕਰਨ ਲਈ ਨਾ ਤਾਂ ਆਜ਼ਾਦ ਹੁੰਦੀ ਹੈ ਅਤੇ ਨਾ ਹੀ ਸੋਚ ਸਕਣ ਦੇ ਕਾਬਲ ਹੁੰਦੀ ਹੈ। ਵੋਟ ਵੇਲੇ ਭਾਵੇਂ ਉਹਦਾ ਹੱਥ ਆਜ਼ਾਦ ਵਿਖਾ ਦਿੱਤਾ ਜਾਂਦੈ। ਇਸ ਸਾਰੇ 'ਤੇ ਭਰਮਾਂ ਦਾ ਮੁਲੱਮਾ ਪਖੰਡੀ ਸਾਧ, ਬਾਬੇ, ਪੀਰ, ਪੈਗੰਬਰ ਚਾੜ੍ਹ ਲੋਕਾਂ ਨੂੰ ਮੂਰਖ ਬਣਾਉਂਦੇ ਰਹਿੰਦੇ ਹਨ, ਜੋ ਮਲਕ ਭਾਗੋਆਂ ਦੇ ਢੰਡੋਰਚੀ ਹੁੰਦੇ ਹਨ।

ਕਾਰਪੋਰੇਟ ਦਾ ਰੱਬ ਹੁੰਦਾ ਹੈ ਪੈਸਾ। ਵੱਧ ਉਤਪਾਦਨ, ਵੱਧ ਮੁਨਾਫਾ; ਹੋਰ ਉਤਪਾਦਨ, ਹੋਰ ਮੁਨਾਫਾ। ਇਹ ਵਿਹੁ ਚੱਕਰ ਤੇਜ਼ ਬੂਮ ਨੂੰ ਸਿਖਰ 'ਤੇ ਲੈ ਜਾਂਦੈ, ਜਿੱਥੇ ਉਤਪਾਦਨ ਦਾ ਹੜ੍ਹ ਆ ਜਾਂਦੈ। ਵੇਅਰ ਹਾਊਸ ਵਸਤੂਆਂ ਨਾਲ ਨੱਕੋ ਨੱਕ ਭਰ ਜਾਂਦੇ ਹਨ। ਮਾਲ ਦੀ ਓਨੀ ਖਪਤ ਨਈਂ ਹੁੰਦੀ, ਜਿੰਨੀ ਪੈਦਾਵਰ ਦੀ ਸਮਰੱਥਾ ਬਣ ਚੁਕੀ ਹੁੰਦੀ ਹੈ। ਫਿਰ ਸ਼ੁਰੂ ਹੋ ਜਾਂਦੀ ਹੈ, ਕਾਮਿਆਂ ਦੀ ਛਾਂਟੀ, ਕੰਮ ਤੋਂ ਛੁੱਟੀ। ਇਸ ਤਰ੍ਹਾਂ ਲੋਕ ਮੰਦੀ ਦੇ ਕੁੰਭੀ ਨਰਕ 'ਚ ਧੱਕ ਦਿੱਤੇ ਜਾਂਦੇ ਹਨ। ਮੌਰਗੇਜਾਂ ਫੇਲ੍ਹ ਹੋ ਜਾਂਦੀਆਂ ਹਨ। ਇੰਸ਼ੋਰੈਂਸਾਂ ਦੀਆਂ ਅਦਾਇਗੀਆਂ ਟੁੱਟ ਜਾਂਦੀਆਂ ਹਨ। ਰੋਜ਼ਾਨਾ ਲੋੜਾਂ ਲਈ ਤਰਲੋਮੱਛੀ ਹੋਣਾ ਪੈਂਦੈ। ਸਰਮਾਏਦਾਰ ਨੂੰ ਕਿਹੜਾ ਆਪਣੀ ਦਾਲ ਰੋਟੀ ਤੇ ਕੱਪੜੇ ਦਾ ਫਿਕਰ ਹੈ। ਉਸ ਦੀਆਂ ਮਹਿਲ ਮਾੜੀਆਂ, ਐਸ਼ੋ-ਇਸ਼ਰਤ ਦੇ ਸਾਧਨ ਪਹਿਲਾਂ ਹੀ ਬੇਅੰਤ ਹਨ।

ਮਰਦਾ ਕੌਣ ਹੈ? ਗਰੀਬ ਕਿਰਤੀ ਤੇ ਕਾਮਾ, ਜੋ ਨਿਮਾਣਾ ਤੇ ਨਿਤਾਣਾ ਵਰਗ ਹੁੰਦਾ ਹੈ। ਜੋ ਸਮੇਤ ਪਰਿਵਾਰ ਦਿਨ ਰਾਤ ਜੂਝ ਕੇ ਮਸੀਂ ਆਪਣਾ ਜੀਵਨ ਤੋਰਦੈ। ਨੌਕਰੀ ਗਈ, ਫਾਕਾਕਸ਼ੀ ਨੇ ਦਰ ਆ ਮੱਲਿਆ। ਜਿਸ ਕੋਲ ਆਪਣੀ ਮਜ਼ਦੂਰੀ ਵੇਚਣ ਵਾਲੀ ਇੱਕੋ ਇੱਕ ਵਸਤੂ ਹੁੰਦੀ ਹੈ, ਪਰ ਮੰਦੀ 'ਚ ਉਸ ਦਾ ਵੀ ਕੋਈ ਗਾਹਕ ਨਹੀਂ ਹੁੰਦਾ। ਇੱਕ ਮਿਸਾਲ ਇਸ ਸੱਚ ਨੂੰ ਪੇਸ਼ ਕਰਦੀ ਹੈ, "ਬੇਬੇ ਚੁੱਲ੍ਹਾ ਕਿਉਂ ਨਈਂ ਬਾਲਦੀ? ਕਿਉਂਕਿ ਸਾਡੇ ਕੋਲ ਲਕੜੀ ਨਹੀਂ। ਸਾਡੇ ਘਰ ਲਕੜੀ ਕਿਉਂ ਨਹੀਂ? ਕਿਉਂਕਿ ਤੇਰੇ ਬਾਪੂ ਦੀ ਕੰਮ ਤੋਂ ਛਾਂਟੀ ਹੋ ਚੁਕੀ ਹੈ। ਉਸ ਦੀ ਛਾਂਟੀ ਕਿਉਂ ਹੋਈ ਹੈ? ਕਿਉਂਕਿ ਲਕੜੀ ਬਹੁਤੀ ਹੋ ਗਈ ਐ...।"

ਸਮੁੱਚੇ ਕਿਰਤੀ ਵਰਗ ਦੀ ਤਾਕਤ ਤਾਂ ਓੜਕਾਂ ਦੀ ਹੈ! ਪਰ ਇਸ ਨੂੰ ਵੀ ਕਈ ਵਰਗਾਂ 'ਚ ਵੰਡ ਦਿੱਤਾ ਗਿਆ ਹੋਇਐ। ਬੱਸ ਇੱਥੇ ਹੀ ਸਵਾਲ ਉੱਠਦਾ ਹੈ। ਮਜ਼ਦੂਰ ਕੌਣ ਹੈ? ਇਹ ਇੱਕ ਬੁਨਿਆਦੀ ਸਵਾਲ ਬਣ ਜਾਂਦੈ। ਇਸ ਦੀ ਸਮਝ ਬਿਨਾ ਗੱਲ ਅੱਗੇ ਕਿਵੇਂ ਤੁਰੇ! ਸਰਲ ਜਿਹੀ ਵਿਆਖਿਆ ਨਾਲ ਸ਼ਾਇਦ ਕੁਝ ਸਮਝ ਪੈ ਜਾਵੇ। ਜੇ ਮਜ਼ਦੂਰ ਆਪਣੇ ਹੱਥਾਂ ਪੈਰਾਂ, ਜਿਸਮ ਦੀ ਤਾਕਤ ਦਾ ਮਾਲਕ ਹੈ, ਜਿਹਨੂੰ ਨਿਚੋੜ ਨਿਚੋੜ ਪਹਿਲਾਂ ਹੀ ਅਧਮੋਇਆ ਕਰ ਰੱਖਿਆ ਗਿਆ ਹੈ, ਉੱਥੇ ਉਸ ਤੋਂ ਅਗਲਾ ਵਰਗ ਕੁਝ ਗਿਆਨ, ਹੁਨਰਾਂ ਦਾ ਮਾਲਕ ਹੋਣ ਕਰਕੇ ਮਜ਼ਦੂਰ ਨਾਲੋਂ ਉੱਚਾ ਤੇ ਵੱਖਰਾ ਜਿਹਾ ਮਹਿਸੂਸ ਕਰਦੈ; ਪਰ ਉਸ ਦੀ ਸੋਚ ਵਿਚ ਇੱਕ ਦਕਿਆਨੂਸੀ ਭਰਮ ਵੜਿਆ ਹੁੰਦੈ। ਉਹ ਆਪਣੇ ਆਪ ਨੂੰ ਮਜ਼ਦੂਰ ਨਹੀਂ ਸਮਝਦਾ। ਵੈਸੇ ਵਿਦੇਸ਼ਾਂ ਦੇ ਇਸ ਵਰਗ ਦੇ ਲੋਕ ਜਦੋਂ ਡੇਢ ਕੁ ਸ਼ਿਫਟ ਲਾ ਘਰ ਪਹੁੰਚਦੇ ਹਨ ਤਾਂ ਕਹਿ ਜ਼ਰੂਰ ਦਿੰਦੇ ਹਨ ਕਿ ਦਿਹਾੜੀ ਲਾ ਕੇ ਆਏ ਆਂ। ਪਰ ਸਮਝ ਵਿਚ ਮਜ਼ਦੂਰਾਂ ਨਾਲੋਂ ਥੋੜ੍ਹਾ ਵੱਖਰਾ ਜਿਹਾ ਮਹਿਸੂਸ ਕਰਦੇ ਹਨ।

ਅਗਲਾ ਵਰਗ ਚਿੱਟ ਕਪੜੀਏ ਬਾਬੂ (ਵੱਡੇ ਸਿਵਲ ਕਰਮਚਾਰੀ), ਅਧਿਆਪਕ, ਪ੍ਰੋਫੈਸਰ ਵਰਗ ਆ ਜਾਂਦੈ। ਉਸ ਨੂੰ ਵੀ ਉਜਰਤ, ਵੇਤਨ, ਤਨਖਾਹ ਦਿਨਾਂ ਦੇ ਹਿਸਾਬ ਨਾਲ ਹੀ ਮਿਲਦੀ ਹੈ, ਪਰ ਉਹ ਆਪਣੇ ਆਪ ਨੂੰ ਮਜ਼ਦੂਰ ਕਦੀ ਵੀ ਨਹੀਂ ਸਮਝਦੇ। ਗੱਲ ਦੀ ਰੈਲ ਨੂੰ ਵਲਦਿਆਂ ਨਤੀਜਾ ਇਹ ਨਿਕਲਦਾ ਹੈ ਕਿ ਜੋ ਵੀ ਨਿਸ਼ਚਿਤ ਘੰਟੇ ਜਾਂ ਦਿਨ ਦੇ ਹਿਸਾਬ ਨਾਲ ਵੇਤਨ ਲੈਂਦਾ ਹੈ, ਉਹ ਅਸਲੀਅਤ ਵਿਚ ਮਜ਼ਦੂਰ ਹੈ। ਉਹਨੂੰ ਵੀ ਮਹਿੰਗਾਈ, ਹਰ ਕਿਸਮ ਦੇ ਬੀਮਿਆਂ ਤੇ ਮੌਰਗੇਜਾਂ ਦੀਆਂ ਉੱਚੀਆਂ ਦਰਾਂ ਚੁੱਭਦੀਆਂ ਹਨ। ਉਹ ਵੀ ਮਜ਼ਦੂਰ ਜਥੇਬੰਦੀਆਂ ਵਾਂਗ ਸੜਕਾਂ 'ਤੇ ਮੁਜਾਹਰੇ ਕਰਨ ਤੇ ਹੜਤਾਲਾਂ ਕਰਨ ਲਈ ਮਜਬੂਰ ਹੋ ਜਾਂਦੈ। ਅਸਲੀਅਤ ਵਿਚ ਹੁੰਦੇ ਸਭ ਲੋਕ ਮਿਹਨਤਕਸ਼ ਮਜ਼ਦੂਰ ਹੀ ਹਨ।


ਇਸੇ ਤਰ੍ਹਾਂ ਕਿਸਾਨੀ ਵਿਚ ਹੀ ਵੰਡੀਆਂ ਪਈਆਂ ਹੋਈਆਂ ਹਨ। ਜੇ ਕਿਤੇ ਇਹ ਇੱਕ ਵੱਡੀ ਜਥੇਬੰਦੀ ਵਿਚ ਜੁੜ ਜਾਣ ਤਾਂ ਵੇਖਿਓ, ਇਨਕਲਾਬ ਇਨ੍ਹਾਂ ਕਾਰਪੋਰੇਟਸ ਨੂੰ ਭੱਜਣ 'ਤੇ ਮਜਬੂਰ ਕਰ ਦੇਵੇਗਾ। ਮਾਰਕਸ ਦਾ ਕਥਨ "ਦੁਨੀਆਂ ਭਰ ਦੇ ਮਿਹਨਤਕਸ਼ੋ! ਇੱਕ ਹੋ ਜਾਓ; ਤੁਹਾਡਾ ਕੁਝ ਨਹੀਂ ਗੁਆਚੇਗਾ; ਤੁਹਾਡੀਆਂ ਜੰਜ਼ੀਰਾਂ ਟੁੱਟ ਜਾਣਗੀਆਂ" ਯਾਦ ਆ ਜਾਂਦੈ। ਇਹ ਭਾਵੇਂ ਮੇਰਾ ਇੱਕ ਸੁਪਨਾ ਸਮਝੋ, ਪਰ ਤਰਕ ਦੀ ਸਾਨ 'ਤੇ ਕਾਰਪੋਰੇਟਸ ਦੀ ਗੁਲਾਮੀ ਤੋਂ ਮੁਕਤੀ ਦਾ ਇਹ ਹੀ ਇੱਕੋ ਇੱਕ ਸ਼ਾਹਰਾਹ ਹੈ। ਸੋਚ ਬੱਸ ਏਥੇ ਆ ਖਲੋਂਦੀ ਹੈ, ਜੋ ਆਪਣੇ ਭੋਲੇਪਨ ਵਿਚ ਸਮਝਦੀ ਹੁੰਦੀ ਸੀ ਕਿ ਭਾਰ ਢੋਇਆ ਕਰਾਂਗੇ ਅਤੇ ਪੈਸੇ ਲੁੱਟਿਆ ਕਰਾਂਗੇ। ਅਸਲ ਵਿਚ ਹੁਣ ਮੰਨਣ ਲੱਗ ਪਈ ਹੈ ਕਿ ਤੂੰ, ਤੁਸੀਂ ਤੇ ਅਸੀਂ ਸਭ (ਸਿਵਾਏ ਕਾਰਪੋਰੇਟ ਸਰਮਾਏਦਾਰਾਂ ਦੇ) ਲੁੱਟੇ ਹੀ ਜਾ ਰਹੇ ਹਾਂ। ਸਮਾਜ ਦੇ ਦੋ ਹੀ ਵਰਗ ਹਨ-ਇੱਕ ਲੁੱਟੇ ਜਾ ਰਹੇ ਅਤੇ ਦੂਜੇ ਲੋਟੂ। ਇੱਕ ਮਜ਼ਦੂਰ ਤੇ ਦੂਜੇ ਮਾਲਕ। ਇੱਕ ਭੋਏਂ ਮਾਲਕ, ਦੂਜੇ ਖੇਤ ਮਜ਼ਦੂਰ। ਵੈਸੇ ਤਾਂ ਆਮ ਜੱਟ ਕਿਸਾਨ ਦੀ ਅੱਜ ਜਿਹੜੀ ਅਰਥ ਹਾਲਤ ਹੈ, ਉਸ ਦਾ ਅੰਦਾਜ਼ਾ ਤਾਂ ਉਨ੍ਹਾਂ ਦੀਆਂ ਖੁਦਕੁਸ਼ੀਆਂ ਤੋਂ ਸਹਿਜੇ ਹੀ ਲੱਗ ਜਾਂਦੈ। ਪਰ ਕਿੱਲਾ (ਜੱਟ ਮਾਨਸਿਕਤਾ) ਉਸ ਨੂੰ ਹਾਲੀ ਆਪਣੇ ਆਪ ਨੂੰ ਵੱਖਰੇ ਤੇ ਉੱਚੇ ਪੌਡੇ ਤੋਂ ਥੱਲੇ ਨਹੀਂ ਉਤਰਨ ਦਿੰਦਾ। ਪ੍ਰੋਫੈਸਰ ਮੋਹਨ ਸਿੰਘ ਦੇ ਸ਼ੇਅਰ ਨਾਲ ਹੀ ਗੱਲ ਮੁੱਕਦੀ ਐ,

ਦੋ ਟੋਟਿਆਂ ਵਿਚ ਭੋਂ ਟੁੱਟੀ,
ਇੱਕ ਮਹਿਲਾਂ ਦਾ, ਇੱਕ ਢੋਕਾਂ ਦਾ।
ਦੋ ਧੜਿਆਂ ਵਿਚ ਖਲਕਤ ਵੰਡੀ,
ਇੱਕ ਲੋਕਾਂ ਦਾ, ਇੱਕ ਜੋਕਾਂ ਦਾ।

# ਪੰਜਾਬ ਦਾ ਸੁਪਨਦਰਸ਼ੀ ਮੁੱਖ ਮੰਤਰੀ-ਪ੍ਰਤਾਪ ਸਿੰਘ ਕੈਰੋਂ

***ਪ੍ਰਤਾਪ ਸਿੰਘ ਕੈਰੋਂ ਕਰੀਬ ਅੱਠ-ਸਾਢੇ ਅੱਠ ਸਾਲ ਪੰਜਾਬ ਦਾ ਮੁੱਖ ਮੰਤਰੀ ਰਿਹਾ। ਉਸ ਦੇ ਸਮੇਂ ਦੌਰਾਨ ਜਿੰਨੀ ਤੇਜ਼ੀ ਨਾਲ ਪੰਜਾਬ ਦਾ ਜੋ ਨਕਸ਼ਾ ਬਣਿਆ-ਵਿਗਸਿਆ, ਉਸ ਤੋਂ ਬਾਅਦ ਕਿਸੇ ਵੀ ਮੁੱਖ ਮੰਤਰੀ ਦੇ ਸਮੇਂ ਦੌਰਾਨ ਨਹੀਂ ਬਦਲਿਆ। ਉਹ ਅਮਰੀਕਾ ਤੋਂ ਪੜ੍ਹ ਕੇ ਆਇਆ ਸੀ ਅਤੇ ਉਸ ਕੋਲ ਵਿਕਾਸ ਦਾ ਇਕ ਨੁਕਤਾ-ਨਜ਼ਰ ਸੀ। ਉਸ ਦੀ ਸ਼ਖਸੀਅਤ ਬਾਰੇ ਕਈ ਅਣਛੋਹੀਆਂ ਅਤੇ ਦਿਲਚਸਪ ਗੱਲਾਂ ਉਸ ਬਾਰੇ ਛਪੀ ਕਿਤਾਬ 'ਪ੍ਰਤਾਪ ਸਿੰਘ ਕੈਰੋਂ - ਏ ਵੀਜ਼ਨਰੀ' ਵਿਚ ਕੀਤੀਆਂ ਗਈਆਂ ਹਨ।***


ਆਜ਼ਾਦੀ ਤੋਂ ਬਾਅਦ ਦੇ ਅਣਵੰਡੇ ਪੰਜਾਬ ਦੀ ਕਿਸੇ ਵੀ ਵੱਡੀ ਸੰਸਥਾ ਦਾ ਨਾਂ ਲਵੋ- ਭਾਖੜਾ ਡੈਮ (ਨੰਗਲ), ਚੰਡੀਗੜ੍ਹ ਸ਼ਹਿਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਲੁਧਿਆਣਾ), ਪੰਜਾਬੀ ਯੂਨੀਵਰਸਿਟੀ (ਪਟਿਆਲਾ), ਕੁਰੁਕਸ਼ੇਤਰ ਯੂਨੀਵਰਸਿਟੀ (ਕੁਰੁਕਸ਼ੇਤਰ), ਪੀ.ਜੀ.ਆਈ. (ਚੰਡੀਗੜ੍ਹ), ਮੈਡੀਕਲ ਕਾਲਜ (ਰੋਹਤਕ), ਵੇਰਕਾ ਮਿਲਕ ਪਲਾਂਟ (ਵੇਰਕਾ), ਐਸਕਾਰਟ ਟ੍ਰੈਕਟਰਜ਼ (ਫਰੀਦਾਬਾਦ), ਐਚ.ਐਮ.ਟੀ. (ਪਿੰਜੌਰ)- ਇਨ੍ਹਾਂ ਸਭਨਾਂ ਦਾ ਸੰਸਥਾਪਕ ਇੱਕੋ ਸ਼ਖਸ ਸੀ-ਸਰਦਾਰ ਪ੍ਰਤਾਪ ਸਿੰਘ ਕੈਰੋਂ, ਜੋ 23 ਜਨਵਰੀ 1956 ਤੋਂ 21 ਜੂਨ 1964 ਤੀਕ, ਅੱਠ ਸਾਲ ਤੋਂ ਵੀ ਵੱਧ ਸਮਾਂ ਤਤਕਾਲੀਨ ਪੰਜਾਬ (ਵਰਤਮਾਨ ਪੰਜਾਬ, ਹਰਿਆਣਾ



**ਸੁਭਾਸ਼ ਪਰਿਹਾਰ**
**ਫੋਨ: +91-98728-22417**

ਤੇ ਹਿਮਾਚਲ ਪ੍ਰਦੇਸ਼ ਦੇ ਕੁਝ ਭਾਗ) ਦਾ ਮੁੱਖ ਮੰਤਰੀ ਰਿਹਾ। ਪੰਜਾਬ ਦਾ ਇੱਕੋ-ਇੱਕ ਸੁਪਨਦਰਸ਼ੀ ਮੁੱਖ ਮੰਤਰੀ ਜਿਸ ਦਾ ਸੁਪਨਾ ਸੀ ਪੰਜਾਬ ਨੂੰ ਹਰ ਤਰ੍ਹਾਂ ਨਾਲ ਮੁਲਕ ਦੀ ਉਤਮ ਸਟੇਟ ਬਣਾਉਣਾ। ਉਸ ਦਾ ਕਹਿਣਾ ਸੀ: "ਮੈਂ ਪੰਜਾਬ ਨੂੰ ਜਰਮਨੀ ਬਣਾ ਦਿਆਂਗਾ।" ਇਹ ਉਸ ਦੀ ਫੋਕੀ ਫੜ੍ਹ ਨਹੀਂ ਸੀ ਸਗੋਂ ਸੱਚੀਂ ਹੀ ਉਸ ਦਾ ਸੁਪਨਾ ਸੀ। ਇਸ ਨੂੰ ਪੰਜਾਬ ਦੀ ਬਦਕਿਸਮਤੀ ਕਹਿ ਲਓ ਕਿ ਰਾਜਨੀਤਕ ਖਹਿਬਾਜ਼ੀ ਵਿਚ ਇਸ ਨੇ ਕੈਰੋਂ ਵਰਗਾ ਮੁੱਖ ਮੰਤਰੀ ਗੁਆ ਲਿਆ ਅਤੇ ਇਸ ਤੋਂ ਬਾਅਦ ਪੰਜਾਬ ਨੂੰ ਦੁਬਾਰਾ ਉਸ ਵਰਗਾ ਲੀਡਰ ਨਹੀਂ ਮਿਲਿਆ। ਗਰਕਦਾ ਗਰਕਦਾ ਪੰਜਾਬ ਅੱਜ ਦੀ ਸ਼ਰਮਨਾਕ ਹਾਲਤ ਵਿਚ ਪਹੁੰਚ ਗਿਆ ਹੈ ਜਿਸ ਦੇ ਨੇਤਾ ਮੌਕਾਪ੍ਰਸਤ ਹਨ ਅਤੇ ਹਰ ਹੀਲੇ ਅਥਾਹ ਧਨ ਇੱਕਠਾ ਕਰਨ ਦੀ ਚੂਹਾ-ਦੌੜ ਵਿਚ ਲੱਗੇ ਹੋਏ ਹਨ; ਉਨ੍ਹਾਂ ਨੂੰ ਪੰਜਾਬ ਅਤੇ ਪੰਜਾਬ ਦੇ ਲੋਕਾਂ ਦੀ ਕੋਈ ਫਿਕਰ ਨਹੀਂ।

ਮੈਂ ਅਰਸੇ ਤੋਂ ਮਹਿਸੂਸ ਕਰ ਰਿਹਾ ਸੀ ਕਿ ਸਰਦਾਰ ਕੈਰੋਂ ਵਰਗੀ ਕੱਦਾਵਰ ਸ਼ਖਸੀਅਤ ਬਿਹਤਰੀਨ ਜੀਵਨੀ ਦੀ ਹੱਕਦਾਰ ਹੈ ਪਰ ਅੱਜ ਦੇ ਸਮਿਆਂ ਵਿਚ ਲੇਖਕ ਵੀ ਸੇਵਾ ਦਾ ਤੁਰੰਤ ਮੇਵਾ ਭਾਲਦੇ ਹਨ ਅਤੇ ਪ੍ਰਾਪਤ ਕਰ ਵੀ ਲੈਂਦੇ ਹਨ। ਅਜਿਹੇ ਸਮਿਆਂ ਵਿਚ ਕਿਸ ਨੂੰ ਵਿਹਲ ਕਿ ਆਰਕਾਈਵਜ਼ ਵਿਚ ਰਿਕਾਰਡ ਦੀ ਧੂੜ ਝਾੜਦਾ ਫਿਰੇ! ਆਖਰ ਨੂੰ ਆਪਣਾ ਸਿਰ ਆਪ ਹੀ ਗੁੰਦਣਾ ਪਿਆ। ਕੈਰੋਂ ਦੇ ਛੋਟੇ ਬੇਟੇ ਗੁਰਿੰਦਰ ਸਿੰਘ ਕੈਰੋਂ ਨੇ ਆਈ.ਏ.ਐਸ. ਅਫਸਰ ਲੇਖਕ ਮੀਤਾ ਰਾਜੀਵਲੋਚਨ ਅਤੇ ਪੰਜਾਬ ਯੂਨੀਵਰਸਿਟੀ ਦੇ ਇਤਿਹਾਸ ਦੇ ਪ੍ਰੋਫੈਸਰ ਐਮ. ਰਾਜੀਵਲੋਚਨ ਨਾਲ ਮਿਲ ਕੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਜੀਵਨੀ ਲਿਖੀ ਹੈ ਜੋ ਅੰਗਰੇਜ਼ੀ ਭਾਸ਼ਾ ਵਿਚ ਹੈ। ਪ੍ਰਸਿੱਧ ਪੁਸਤਕ ਪ੍ਰਕਾਸ਼ਕ ਰੂਪਾ (ਦਿੱਲੀ) ਨੇ ਇਸ ਨੂੰ




**ਪ੍ਰਤਾਪ ਸਿੰਘ ਕੈਰੋਂ ਬਾਰੇ ਛਪੀ ਕਿਤਾਬ 'ਪ੍ਰਤਾਪ ਸਿੰਘ ਕੈਰੋਂ - ਏ ਵੀਜ਼ਨਰੀ' ਦਾ ਮੁਖੜਾ**



**ਅਮਰੀਕਾ 'ਚ ਵਿਦਿਆਰਥੀ ਜੀਵਨ ਦੌਰਾਨ ਪ੍ਰਤਾਪ ਸਿੰਘ ਕੈਰੋਂ**

ਖੂਬਸੂਰਤ ਦਿੱਖ ਵਿਚ ਛਾਪਿਆ ਹੈ।

ਸਰਦਾਰ ਪ੍ਰਤਾਪ ਸਿੰਘ ਕੈਰੋਂ ਮਾਝੇ ਦੇ ਪਿੰਡ ਕੈਰੋਂ (ਵਰਤਮਾਨ ਜ਼ਿਲ੍ਹਾ ਤਰਨ ਤਾਰਨ) ਦੇ ਚੇਤੰਨ ਪਰਿਵਾਰ ਦਾ ਜੰਮਪਲ ਸੀ। ਪਿਤਾ ਸ. ਨਿਹਾਲ ਸਿੰਘ (1863-1927) ਵਿਦਿਆ ਦਾ ਮਹੱਤਵ ਜਾਣਦਾ ਸੀ। ਇਸ ਲਈ ਉਸ ਨੇ ਆਪਣੇ ਬੇਟੇ ਨੂੰ ਪੜ੍ਹਨ ਲਈ ਪਹਿਲੇ ਕੋਲੋਨਲ ਬ੍ਰਾਊਨ ਕੈਂਬ੍ਰਿਜ ਸਕੂਲ (ਦੇਹਰਾਦੂਨ), ਫਿਰ ਖਾਲਸਾ ਕਾਲਜ (ਅੰਮ੍ਰਿਤਸਰ) ਅਤੇ ਇਸ ਮਗਰੋਂ ਉਚ ਸਿੱਖਿਆ ਲਈ ਅਮਰੀਕਾ ਭੇਜਿਆ ਜਿਥੋਂ ਉਹ ਯੂਨੀਵਰਸਿਟੀ ਆਫ ਕੈਲੀਫੋਰਨੀਆ ਐਟ ਬਰਕਲੇ ਤੋਂ ਐਮ.ਏ. (ਇਕਨਾਮਿਕਸ) ਅਤੇ ਯੂਨੀਵਰਸਿਟੀ ਆਫ ਮਿਸ਼ੀਗਨ ਤੋਂ ਐਮ.ਏ. (ਪੁਲੀਟੀਕਲ ਸਾਇੰਸ) ਦੀਆਂ ਡਿਗਰੀਆਂ ਪ੍ਰਾਪਤ ਕਰ ਕੇ 1929 ਵਿਚ ਮੁੜਿਆ।

ਇੱਥੇ ਆ ਕੇ ਉਸ ਨੇ ਅੰਮ੍ਰਿਤਸਰ ਤੋਂ ਹਫਤਾਵਾਰੀ ਅੰਗਰੇਜ਼ੀ ਮੈਗਜ਼ੀਨ 'ਨਿਊ ਇਰਾ' (New Era) ਕੱਢਣਾ ਸ਼ੁਰੂ ਕੀਤਾ। ਕੁਝ ਸਮੇਂ ਮਗਰੋਂ ਸਿਵਲ ਨਾ-ਫਰਮਾਨੀ ਅੰਦੋਲਨ ਵਿਚ ਹਿੱਸਾ ਲੈਣ ਕਾਰਨ 5 ਸਾਲ ਦੀ ਜੇਲ੍ਹ ਹੋ ਗਈ। 1937 ਵਿਚ ਅਕਾਲੀ ਦਲ ਵਿਚ ਸ਼ਾਮਿਲ ਹੋ ਗਿਆ ਪਰ 1941 ਵਿਚ ਕਾਂਗਰਸੀ ਬਣ ਗਿਆ। 1942 ਵਿਚ ਭਾਰਤ ਛੱਡੋ ਅੰਦੋਲਨ ਵਿਚ ਭਾਗ ਲੈਣ ਕਾਰਨ ਫਿਰ ਜੇਲ੍ਹ ਹੋਈ।

1947 ਨੂੰ ਬ੍ਰਿਟਿਸ਼ ਹਾਕਮਾਂ ਤੋਂ ਆਜ਼ਾਦ ਹੋਣ ਮਗਰੋਂ ਦਿੱਲੀ ਦੇ ਉਤਰ-ਪੱਛਮ ਦਾ ਸਾਰਾ ਇਲਾਕਾ ਅਸਤ-ਵਿਅਸਤ ਸੀ। ਇੱਧਰ ਦਾ ਜਿੰਨਾ ਇਲਾਕਾ ਬ੍ਰਿਟਿਸ਼ ਹਕੂਮਤ ਦੇ ਸਿੱਧੇ ਤੌਰ 'ਤੇ ਥੱਲੇ ਸੀ, ਉਸ ਨੂੰ 'ਪੰਜਾਬ' ਦਾ ਨਾਂ ਦਿੱਤਾ ਗਿਆ ਅਤੇ 1948 ਵਿਚ ਮਾਲਵੇ ਦੇ ਰਾਜਿਆਂ ਦੇ ਰਾਜ ਮਿਲਾ ਕੇ 'ਪੈਪਸੂ' ਨਾਂ ਦਾ ਸੂਬਾ ਬਣਾ ਦਿੱਤਾ ਗਿਆ ਜੋ 1956 ਤੀਕ ਹੋਂਦ ਵਿਚ ਰਿਹਾ ਅਤੇ ਇਸ ਮਗਰੋਂ ਇਸ ਨੂੰ ਵੀ ਪੰਜਾਬ ਵਿਚ ਮਿਲਾ ਦਿੱਤਾ ਗਿਆ।

ਆਜ਼ਾਦ ਮੁਲਕ ਦੀ ਪਹਿਲੀ ਸਰਕਾਰ ਵਿਚ ਕੈਰੋਂ ਮੁੜ-ਵਸੇਬਾ ਮੰਤਰੀ ਬਣਿਆ। ਇਹ ਬਹੁਤ ਨਾਜ਼ੁਕ ਦੌਰ ਸੀ। ਪਾਕਿਸਤਾਨ ਤੋਂ 30 ਲੱਖ ਸ਼ਰਨਾਰਥੀ ਆਪਣਾ ਘਰ-ਘਾਟ ਗੁਆ ਕੇ ਭਾਰਤ ਵਿਚ ਆ ਗਏ ਸਨ। ਇਨ੍ਹਾਂ ਨੂੰ ਭਾਰਤੀ ਪੰਜਾਬ ਵਿਚ ਮੁੜ-ਵਸਾਉਣ ਦਾ ਮੁਸ਼ਕਿਲ ਕੰਮ ਕੈਰੋਂ ਦੇ ਜ਼ਿੰਮੇ ਲੱਗਿਆ, ਜੋ ਉਸ ਨੇ ਸ. ਤ੍ਰਿਲੋਕ ਸਿੰਘ ਅਤੇ ਮਹਿੰਦਰ ਸਿੰਘ ਰੰਧਾਵਾ ਵਰਗੇ ਸੁਘੜ ਅਫਸਰਾਂ ਦੀ ਮਦਦ ਨਾਲ ਸਫਲਤਾਪੂਰਵਕ ਸਿਰੇ ਲਾ ਦਿੱਤਾ। ਡਾ. ਮਹਿੰਦਰ ਸਿੰਘ ਰੰਧਾਵਾ ਆਪਣੀ ਸਵੈ-ਜੀਵਨੀ 'ਆਪ-ਬੀਤੀ' ਵਿਚ ਲਿਖਦਾ ਹੈ ਕਿ ਸਿਆਸੀ ਲੀਡਰਾਂ ਵਿਚੋਂ ਸਰਦਾਰ ਪ੍ਰਤਾਪ ਸਿੰਘ ਕੈਰੋਂ, ਸ. ਦਰਬਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਸ਼ਰਨਾਰਥੀਆਂ ਦੇ ਮਾਮਲਿਆਂ ਵਿਚ ਭਾਰੀ ਦਿਲਚਸਪੀ ਲੈਂਦੇ ਸਨ। ਜਿੱਥੇ ਕਿਤੇ ਬੇਇਨਸਾਫੀ ਵੇਖਦੇ, ਇਹ ਸ਼ਰਨਾਰਥੀਆਂ ਦੀਆਂ ਅਰਜ਼ੀਆਂ ਮੇਰੇ ਪਾਸ ਲੈ ਆਉਂਦੇ।

1953-55 ਦੌਰਾਨ ਕੈਰੋਂ ਪੰਜਾਬ ਦਾ ਵਿਕਾਸ ਮੰਤਰੀ ਬਣ ਗਿਆ। ਡਾ. ਰੰਧਾਵਾ ਨੂੰ ਉਸ ਨੇ ਆਪਣੇ ਨਾਲ ਵਿਕਾਸ ਕਮਿਸ਼ਨਰ ਲਾਇਆ। ਸਵੈ-ਜੀਵਨੀ ਵਿਚ ਰੰਧਾਵਾ ਲਿਖਦਾ ਹੈ: "ਇਕ ਦਿਨ ਕੈਰੋਂ ਨੇ ਆਪਣੇ ਘਰ ਰਾਤ ਦੇ ਖਾਣੇ 'ਤੇ ਸੱਦਿਆ। ਮੈਂ ਵੇਖਿਆ ਕਿ ਉਹ ਥਾਲੀ ਜਿਸ ਵਿਚ ਮਾਂਹ ਦੀ ਦਾਲ ਅਤੇ ਇਕ ਸਬਜ਼ੀ ਸੀ, ਚੁੱਕ ਕੇ ਮੇਰੇ ਲਈ ਆਪ ਲੈ ਆਇਆ। ਉਸ ਦੀ ਨਿਮਰਤਾ ਦਾ ਮੇਰੇ ਉਪਰ ਬੜਾ ਅਸਰ ਹੋਇਆ। ਲੋਕਾਂ ਵਿਚ ਤਾਂ ਆਮ ਇਹੀ ਮਸ਼ਹੂਰ ਸੀ ਕਿ ਕੈਰੋਂ ਬਹੁਤ ਕੌੜਾ ਆਦਮੀ ਹੈ ਤੇ ਅਫਸਰਾਂ ਨਾਲ ਅੱਛਾ ਸਲੂਕ ਨਹੀਂ ਕਰਦਾ ਪਰ ਅਜਿਹਾ ਉਹ ਨਾਲਾਇਕ ਅਤੇ ਬੇਈਮਾਨ ਅਫਸਰਾਂ ਨਾਲ ਕਰਦਾ ਸੀ। ਦਰਅਸਲ ਕੈਰੋਂ ਚਾਹੁੰਦਾ ਸੀ ਕਿ ਪੰਜਾਬ ਦੇ ਅਫਸਰ ਫੁਰਤੀ ਨਾਲ ਕੰਮ ਕਰਨ ਤੇ ਸਟੇਟ ਜਲਦੀ ਤਰੱਕੀ ਕਰੇ।" ਰੰਧਾਵਾ ਮੁਤਾਬਿਕ, "ਕੈਰੋਂ ਇੰਨਾ ਮਸਰੂਫ ਰਹਿੰਦਾ ਸੀ ਕਿ ਉਸ ਨੂੰ ਆਪਣੇ ਘਰ ਦੀ ਸੁਧ ਨਹੀਂ ਸੀ।"

23 ਜਨਵਰੀ 1956 ਨੂੰ ਕੈਰੋਂ ਮੁੱਖ ਮੰਤਰੀ ਬਣ ਗਿਆ।

1956 ਦਾ ਪੰਜਾਬ ਬਹੁਤ ਵੱਡੀ ਸਟੇਟ ਸੀ। ਧਾਰਮਿਕ ਆਧਾਰ ਵਾਲੇ ਅਕਾਲੀ ਦਲ ਨੂੰ ਲੱਗਾ ਕਿ ਇਸ ਸਟੇਟ ਵਿਚ ਕਦੇ ਵੀ ਉਨ੍ਹਾਂ ਦੀ ਸਰਕਾਰ ਬਣਨ ਦੀ ਸੰਭਾਵਨਾ ਨਾਂਹ ਦੇ ਬਰਾਬਰ ਸੀ। ਧਰਮ ਨੂੰ ਛੱਡ ਕੇ ਇਸ ਪਾਰਟੀ ਕੋਲ ਕਦੇ ਕੋਈ ਹੋਰ ਪ੍ਰੋਗਰਾਮ ਹੋਇਆ ਹੀ ਨਹੀਂ ਜਿਸ 'ਤੇ ਇਹ ਚੋਣ ਲੜ ਕੇ ਜਿੱਤ ਸਕਣ। ਇਸ ਲਈ ਉਨ੍ਹਾਂ ਨੇ ਪੰਜਾਬੀ ਭਾਸ਼ਾ ਦਾ ਭਾਵੁਕ ਮੁੱਦਾ ਲੈ ਕੇ ਮੰਗ ਕੀਤੀ ਕਿ ਇਸ ਭਾਸ਼ਾ ਦੀ ਤਰੱਕੀ ਲਈ 'ਪੰਜਾਬੀ ਸੂਬਾ' ਬਣਨਾ ਚਾਹੀਦਾ ਹੈ। ਹਾਲੇ 1947 ਵਿਚ ਪੰਜਾਬ ਦੀ ਵੰਡ ਹੋਈ ਨੂੰ ਇੱਕ ਦਹਾਕਾ ਵੀ ਨਹੀਂ ਸੀ ਹੋਇਆ ਜਿਸ ਵਿਚ 10 ਲੱਖ ਲੋਕ ਮਾਰੇ ਗਏ ਸਨ ਅਤੇ ਲੱਖਾਂ ਲੋਕ ਸ਼ਰਨਾਰਥੀ ਬਣ ਗਏ ਸਨ। 47 ਸਾਲ ਦੇ ਕੈਰੋਂ ਨੇ ਇਹ ਸਭ ਅੱਖੀਂ ਵੇਖਿਆ ਸੀ। ਉਹ ਕਿਵੇਂ ਚਾਹ ਸਕਦਾ ਸੀ ਕਿ ਪੰਜਾਬ ਨੂੰ ਭਾਸ਼ਾ ਦੇ ਆਧਾਰ 'ਤੇ ਇੱਕ ਵਾਰ ਫਿਰ ਵੰਡਿਆ ਜਾਵੇ?

ਦੂਜੇ ਪਾਸੇ ਕੁਝ ਤੁਅੱਸਬੀ ਅੰਸ਼ ਸਾਰੇ ਪੰਜਾਬ 'ਤੇ ਹਿੰਦੀ ਭਾਸ਼ਾ ਥੋਪਣਾ ਚਾਹੁੰਦੇ ਸਨ ਜੋ ਭਾਰਤ ਵਰਗੇ ਬਹੁਭਾਸ਼ੀ ਮੁਲਕ ਵਿਚ ਸੰਭਵ ਹੀ ਨਹੀਂ ਹੈ। ਕੈਰੋਂ ਪੰਜਾਬੀ ਭਾਸ਼ਾ ਦਾ ਦੁਸ਼ਮਣ ਨਹੀਂ ਸੀ। ਪੰਜਾਬੀ ਦੇ ਵਿਕਾਸ ਲਈ ਉਸ ਨੇ ਪਟਿਆਲੇ ਵਿਚ ਪੰਜਾਬੀ ਯੂਨੀਵਰਸਿਟੀ ਬਣਾ ਦਿੱਤੀ ਸੀ। ਉਹ ਹਿੰਦੀ ਥੋਪਣ ਵਾਲੀ ਫਿਰਕਾਪ੍ਰਸਤ ਸੋਚ ਦਾ ਵੀ ਓਨਾ ਹੀ ਵਿਰੋਧੀ ਸੀ ਪਰ ਅਕਾਲੀਆਂ ਦੀ ਮੰਗ ਬਹੁਤ ਪਾਰਦਰਸ਼ੀ ਸੀ ਜਿਸ ਪਿੱਛੇ ਅਸਲ ਮੰਤਵ ਸਾਫ ਦਿਸਦਾ ਸੀ। ਕੈਰੋਂ ਦੀ ਕਾਫੀ ਤਾਕਤ ਅਕਾਲੀਆਂ ਨਾਲ ਨਜਿੱਠਣ 'ਤੇ ਖਰਚ ਹੋ ਗਈ।

ਕੈਰੋਂ ਨੇ ਭਾਖੜਾ ਡੈਮ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾ ਦਿੱਤਾ। ਇਸ ਲਈ ਪੈਸਾ ਚਾਹੀਦਾ ਸੀ। ਇਸ ਦੇ ਪਾਣੀ ਤੋਂ ਜਿਨ੍ਹਾਂ ਕਿਸਾਨਾਂ ਨੂੰ ਲਾਭ ਮਿਲਿਆ, ਉਨ੍ਹਾਂ 'ਤੇ ਕੁਝ ਟੈਕਸ ਲਾ ਦਿੱਤਾ ਤਾਂ ਕਾਮਰੇਡਾਂ ਨੇ ਐਜੀਟੇਸ਼ਨਾਂ ਸ਼ੁਰੂ ਕਰ ਦਿੱਤੀਆਂ। ਕਾਮਰੇਡਾਂ ਨੂੰ ਪਤਾ ਨਹੀਂ ਸੀ ਕਿ ਲੈਨਿਨ ਕੈਰੋਂ ਦਾ ਰੋਲ ਮਾਡਲ ਰਿਹਾ ਸੀ ਪਰ ਜ਼ਮੀਨੀ ਸੱਚਾਈਆਂ ਤੋਂ ਵੀ ਮੂੰਹ ਕਿਵੇਂ ਮੋੜਿਆ ਜਾ ਸਕਦਾ ਸੀ?

ਇਨ੍ਹਾਂ ਦੇ ਨਾਲ ਹੀ ਕਾਂਗਰਸ ਪਾਰਟੀ ਵਿਚ ਅੰਦਰੂਨੀ ਵਿਰੋਧ ਵੀ ਸੀ। ਇਹ ਸਭ ਕੁਝ ਹੋਣ ਦੇ ਬਾਵਜੂਦ ਕੈਰੋਂ ਨੇ ਪੰਜਾਬ ਲਈ ਜੋ ਕੁਝ ਕੀਤਾ, ਹਰ ਪੱਖੋਂ ਕਾਬਿਲ-ਏ-ਤਾਰੀਫ ਸੀ। ਸ਼ਰਮਨਾਕ ਤਾਂ ਇਹ ਸੀ ਕਿ ਰਾਮ ਕਿਸ਼ਨ ਦੀ ਚੀਫ ਮਨਿਸਟਰੀ ਸਮੇਂ ਤਤਕਾਲੀਨ ਸਿੱਖਿਆ ਮੰਤਰੀ ਪ੍ਰਬੋਧ ਚੰਦਰ ਨੇ ਸਕੂਲਾਂ ਦੀਆਂ ਪਾਠ-ਪੁਸਤਕਾਂ ਵਿਚੋਂ ਕੈਰੋਂ ਦਾ ਜ਼ਿਕਰ ਬਿਲਕੁਲ ਮਨਫੀ ਕਰਵਾ ਦਿੱਤਾ।

ਹੋਰ ਖੇਤਰਾਂ ਦੇ ਨਾਲ-ਨਾਲ ਕੈਰੋਂ ਦੀ ਪੰਜਾਬ ਨੂੰ ਸਭ ਤੋਂ ਵੱਡੀ ਦੇਣ ਸੀ-ਜ਼ਮੀਨਾਂ ਦੀ ਮੁਰੱਬਾਬੰਦੀ। ਇਸ ਤੋਂ ਪਹਿਲੇ ਕਿਸਾਨਾਂ ਦੀਆਂ ਜ਼ਮੀਨਾਂ ਬੇਢਬੇ ਟੁਕੜਿਆਂ ਵਿਚ ਵੰਡੀਆਂ ਹੋਈਆਂ ਸਨ। ਕੋਈ ਵੱਟ ਸਿੱਧੀ ਨਹੀਂ ਸੀ। ਇੱਕ ਕਿਸਾਨ ਦੀਆਂ ਜ਼ਮੀਨਾਂ ਦੇ ਟੋਟੇ ਵੱਖ-ਵੱਖ ਥਾਵਾਂ 'ਤੇ ਸਨ। ਅੰਗਰੇਜ਼ਾਂ ਨੇ ਲਾਇਲਪੁਰ, ਮਿੰਟਗੁਮਰੀ ਅਤੇ ਸ਼ੇਖੂਪੁਰੇ ਦੇ ਖਾਲੀ ਪਏ ਇਲਾਕਿਆਂ ਨੂੰ ਖੇਤੀਯੋਗ ਬਣਾ ਕੇ ਜੋ ਨਹਿਰੀ ਕਾਲੋਨੀਆਂ ਵਸਾਈਆਂ ਸਨ, ਉਨ੍ਹਾਂ ਦੀ ਵਿਉਂਤਬੰਦੀ ਬਹੁਤ ਵਧੀਆ ਸੀ। ਇਸ ਵਿਚ 25-25 ਕਿੱਲਿਆਂ ਦੇ, ਮਤਲਬ 200-200 ਕਨਾਲ ਦੇ ਚੌਰਸ ਮੁਰੱਬੇ ਸਨ। ਹਰ ਮੁਰੱਬੇ ਦਾ, ਹਰ ਕਿੱਲੇ ਦਾ ਆਪਣਾ-ਆਪਣਾ ਨੰਬਰ ਸੀ।




**ਇਕ ਮੇਲੇ ਦੌਰਾਨ ਸ. ਕੈਰੋਂ ਤੇ ਚੌਧਰੀ ਦੇਵੀ ਲਾਲ ਊਠ ਦੀ ਸਵਾਰੀ ਕਰਦੇ ਹੋਏ**

ਕੈਰੋਂ ਨੇ ਸਾਰੇ ਪੰਜਾਬ ਵਿਚ ਜ਼ਮੀਨਾਂ ਦੀ ਮੁਰੱਬੇਬੰਦੀ ਕਰਵਾ ਕੇ ਹਰ ਕਿਸਾਨ ਦੀ ਜ਼ਮੀਨ ਇੱਕਠੀ ਇੱਕ ਥਾਂ ਕਰ ਦਿੱਤੀ। ਜਿੱਥੇ ਕਿਸੇ ਜ਼ਿਮੀਂਦਾਰ ਦਾ ਵੱਧ ਤੋਂ ਵੱਧ ਰਕਬਾ ਹੈ, ਉਥੇ ਹੀ ਉਸ ਦਾ ਚੱਕ ਬਣਾ ਦਿੱਤਾ। ਹਰ ਖੇਤ ਨੂੰ ਨਹਿਰੀ ਖਾਲ ਲੱਗਦਾ ਕਰ ਦਿੱਤਾ। ਪਿੰਡਾਂ ਵਿਚ ਸਕੂਲ, ਹਸਪਤਾਲ ਤੇ ਹੋਰ ਜ਼ਰੂਰੀ ਸਾਂਝੇ ਕੰਮਾਂ ਲਈ ਜ਼ਮੀਨ ਛੱਡੀ ਗਈ। ਸਾਰੇ ਰਾਹ ਸਿੱਧੇ ਕਰ ਦਿੱਤੇ। ਇਸ ਸਭ ਪਿੱਛੇ ਡਾ. ਰੰਧਾਵਾ ਦਾ ਦਿਮਾਗ ਵੀ ਕੰਮ ਕਰ ਰਿਹਾ ਸੀ। ਭਾਖੜਾ ਡੈਮ ਨੂੰ ਅੰਗਰੇਜ਼ਾਂ ਕੋਲੋਂ ਪਾਸ ਕਰਵਾ ਕੇ ਭਾਵੇਂ ਚੌਧਰੀ ਛੋਟੂ ਰਾਮ ਨੇ ਜ਼ਮੀਨ ਅਲਾਟ ਕਰਵਾ ਲਈ ਸੀ ਪਰ ਇਸ ਦੀ ਉਸਾਰੀ ਕੈਰੋਂ ਨੇ ਕਾਰਵਾਈ ਸੀ। ਸਾਰੀ ਜ਼ਮੀਨ ਨੂੰ ਪਾਣੀ ਮਿਲਣ ਲੱਗਾ। ਜ਼ਮੀਨੀ ਪਾਣੀ ਦਾ ਪੱਧਰ ਉਚਾ ਹੋ ਗਿਆ।

ਮੁਰੱਬਾਬੰਦੀ ਵਿਚ ਪਟਵਾਰੀਆਂ ਦੀ ਤਾਕਤ ਦੀ ਦੁਰਵਰਤੋਂ ਹੋਣ ਦੀ ਪੂਰੀ ਸੰਭਾਵਨਾ ਸੀ। ਡਾ. ਰੰਧਾਵਾ ਲਿਖਦਾ ਹੈ, "ਕੈਰੋਂ ਨੇ ਆਪਣੀ ਖੁਫੀਆ ਏਜੰਸੀ ਬਣਾਈ ਹੋਈ ਸੀ ਜਿਸ ਦਾ ਮੋਢੀ ਮਾਸਟਰ ਚਰਨਜੀਤ ਸਿੰਘ ਇਕ ਕਾਂਗਰਸੀ ਸੋਸ਼ਲ ਵਰਕਰ ਸੀ। ਜਦ ਕੋਈ ਸ਼ਿਕਾਇਤ ਆਉਂਦੀ, ਚਰਨਜੀਤ ਅਤੇ ਉਸ ਦੇ ਸਾਥੀ ਸਾਧੂ ਦੇ ਭੇਸ ਵਿਚ ਉਥੇ ਪਹੁੰਚ ਜਾਂਦੇ ਅਤੇ ਪੁੱਛਗਿੱਛ ਕਰਦੇ। ਇਸ ਤੋਂ ਇਲਾਵਾ ਇੱਕ ਫਲਾਇੰਗ ਸਕੁਐਡ ਬਣਾਇਆ ਜਿਸ ਕੋਲ ਦੋ-ਤਿੰਨ ਮੋਟਰ-ਗੱਡੀਆਂ ਸਨ। ਇਸ ਸਕੁਐਡ ਵਿਚ ਅਜਿਹੇ ਅਫਸਰ ਰੱਖੇ ਜੋ ਇਮਾਨਦਾਰੀ ਲਈ ਮਸ਼ਹੂਰ ਸਨ। ਜਦ ਕੋਈ ਸ਼ਿਕਾਇਤ ਆਉਂਦੀ ਤਾਂ ਉਹ ਮੌਕੇ 'ਤੇ ਜਾ ਕੇ ਤਫਤੀਸ਼ ਕਰਦੇ। ਕੈਰੋਂ ਦੇ ਇਸ ਕਦਮ ਨੇ ਪੰਜਾਬ ਨੂੰ ਬਾਕੀ ਸੂਬਿਆਂ ਤੋਂ ਕਈ ਕਦਮ ਅੱਗੇ ਕਰ ਦਿੱਤਾ।" ਡਾ. ਰੰਧਾਵਾ ਕੈਰੋਂ ਨੂੰ 'ਉਹ ਜੋਤ' ਕਹਿੰਦਾ ਹੈ "ਜਿਸ ਨੇ ਪੰਜਾਬ ਦਾ ਨਾਂ ਭਾਰਤ ਵਿਚ ਉਜਾਗਰ ਕੀਤਾ।"

ਇਸ ਸਭ ਦੌਰਾਨ ਕੈਰੋਂ 'ਤੇ ਦੋਸ਼ ਲਗਦੇ ਰਹੇ ਪਰ ਕੋਈ ਸਿੱਧ ਨਾ ਹੋਇਆ। ਦਰਅਸਲ

*(ਬਾਕੀ ਸਫਾ 15 'ਤੇ)*






**ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਬੁੱਤ ਤੋਂ ਪਰਦਾ ਉਠਾਉਂਦੇ ਹੋਏ ਪ੍ਰਤਾਪ ਸਿੰਘ ਕੈਰੋਂ ਅਤੇ (ਸੱਜੇ) ਪ੍ਰਤਾਪ ਸਿੰਘ ਕੈਰੋਂ ਅਤੇ ਜਵਾਹਰਲਾਲ ਨਹਿਰੂ।**

# ਸੁਮੇਧ ਸੈਣੀ ਵਰਤਾਰਾ, ਮੁਲਤਾਨੀ ਕੇਸ ਅਤੇ ਬਦੀ ਦੀਆਂ ਜੜ੍ਹਾਂ ਦੀ ਤਲਾਸ਼

***ਪੰਜਾਬ ਦੇ ਸਾਬਕਾ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਅੱਜ ਕੱਲ੍ਹ ਕਰੀਬ ਤਿੰਨ ਦਹਾਕੇ ਪੁਰਾਣੇ ਬਲਵੰਤ ਸਿੰਘ ਮੁਲਤਾਨੀ ਕੇਸ ਵਿਚ ਫਸੇ ਹੋਏ ਹਨ। ਨਰਿੰਦਰ ਸਿੰਘ ਢਿੱਲੋਂ ਨੇ ਆਪਣੇ ਇਸ ਲੇਖ ਵਿਚ ਇਸ ਕੇਸ ਦਾ ਪਿਛੋਕੜ ਅਤੇ ਇਸ ਨਾਲ ਜੁੜੇ ਹੋਰ ਤੱਥ ਤਾਂ ਵਿਸਥਾਰ ਸਹਿਤ ਫਰੋਲੇ ਹੀ ਹਨ, ਨਾਲ ਹੀ ਇਹ ਸਵਾਲ ਵੀ ਛੱਡਿਆ ਹੈ ਕਿ ਸੁਮੇਧ ਸੈਣੀ ਵਰਗੇ ਅਫਸਰ ਆਖਿਰਕਾਰ ਕੌਣ ਪੈਦਾ ਕਰਦਾ ਹੈ ਅਤੇ ਇਹ ਕਿਵੇਂ ਇੰਨੇ ਤਾਕਤਵਰ ਹੋ ਨਿਬੜਦੇ ਹਨ? ਇਸ ਸਵਾਲ ਦੀਆਂ ਜੜ੍ਹਾਂ ਦੀ ਤਲਾਸ਼ ਕੀਤੇ ਬਗੈਰ ਅਜਿਹੇ ਜ਼ੁਲਮਾਂ ਤੋਂ ਖਹਿੜਾ ਛੁਡਵਾਉਣਾ ਮੁਸ਼ਕਿਲ ਹੈ। -ਸੰਪਾਦਕ***

ਪਿਛਲੇ ਕੁਝ ਸਮੇਂ ਤੋਂ ਪੰਜਾਬ ਦੇ ਸਾਬਕਾ ਡਾਇਰੈਕਟਰ ਜਨਰਲ ਆਫ ਪੁਲਿਸ ਸੁਮੇਧ ਸਿੰਘ ਸੈਣੀ ਫਿਰ ਮੀਡੀਆ ਦੀਆਂ ਸੁਰੱਖਿਆ ਵਿਚ ਹੈ। 1982 ਬੈਚ ਦਾ ਇਹ ਆਈ.ਪੀ.ਐਸ. ਅਧਿਕਾਰੀ ਪੰਜਾਬ ਦੇ ਛੇ ਜ਼ਿਲ੍ਹਿਆਂ ਵਿਚ ਬਤੌਰ ਐਸ.ਐਸ.ਪੀ. ਰਿਹਾ, ਵਿਜੀਲੈਂਸ ਬਿਊਰੋ ਦਾ ਮੁਖੀ ਰਿਹਾ ਅਤੇ ਕੁਝ ਸਮਾਂ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦਾ ਮੁਖੀ ਵੀ ਰਿਹਾ। ਮਾਰਚ 2012 ਵਿਚ ਅਕਾਲੀ ਭਾਜਪਾ ਸਰਕਾਰ ਨੇ ਇਸ ਨੂੰ ਡੀ.ਜੀ.ਪੀ. ਪੰਜਾਬ ਨਿਯੁਕਤ ਕੀਤਾ, ਭਾਵੇਂ ਪੰਜਾਬ ਸਰਕਾਰ ਵਿਚ ਭਾਈਵਾਲ ਭਾਜਪਾ ਨੇ ਦਬਵੀਂ ਸੁਰ ਵਿਚ ਇਸ ਫੈਸਲੇ ਦਾ ਵਿਰੋਧ ਕੀਤਾ ਅਤੇ ਸੈਣੀ ਦੀ ਨਿਯੁਕਤੀ ਨਾਲੋਂ ਆਪਣੇ ਆਪ ਨੂੰ ਵੱਖ ਕਰ ਲਿਆ ਪਰ ਅਕਾਲੀ ਦਲ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ। ਸੁਮੇਧ ਸਿੰਘ ਸੈਣੀ ਯੂ.ਟੀ. ਚੰਡੀਗੜ੍ਹ ਵਿਚ ਵੀ ਬਤੌਰ ਐਸ.ਐਸ.ਪੀ. ਰਿਹਾ। ਉਸ ਸਮੇਂ ਤੋਂ ਹੀ ਇਹ ਮੁਲਤਾਨੀ ਕੇਸ ਨਾਲ ਜੁੜਿਆ ਹੋਇਆ ਹੈ।

**ਨਰਿੰਦਰ ਸਿੰਘ ਢਿੱਲੋਂ**
**ਫੋਨ: 403-616-4032**

ਇਹ ਮੁਲਤਾਨੀ ਕੇਸ ਕੀ ਹੈ? ਪਹਿਲਾਂ ਪਾਠਕਾਂ ਨਾਲ ਇਹ ਜਾਣਕਾਰੀ ਸਾਂਝੀ ਕਰਦੇ ਹਾਂ।

ਅਗਸਤ 1991 ਵਿਚ ਸੁਮੇਧ ਸੈਣੀ ਐਸ.ਐਸ.ਪੀ. ਚੰਡੀਗੜ੍ਹ ਸੀ। 29 ਅਗਸਤ, 1991 ਨੂੰ ਚੰਡੀਗੜ੍ਹ ਵਿਚ ਉਸ ਦੇ ਕਾਫਲੇ 'ਤੇ ਬੰਬ ਸੁੱਟ ਕੇ ਮਾਰੂ ਹਮਲਾ ਕੀਤਾ ਗਿਆ ਸੀ ਜਿਸ ਵਿਚ ਉਸ ਦੇ ਤਿੰਨ ਅੰਗ ਰੱਖਿਅਕ ਮਾਰੇ ਗਏ ਸਨ। ਇੱਕ ਦੀ ਇੱਕ ਲੱਤ ਬਾਂਹ ਤੇ ਅੱਖ ਉਡ ਗਈ ਸੀ ਅਤੇ ਸੈਣੀ ਸਮੇਤ ਕਈ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ। ਇਸ ਹਮਲੇ ਦੀ ਤਫਤੀਸ਼ ਸੈਣੀ ਨੇ ਆਪ ਹੀ ਕੀਤੀ ਸੀ ਤੇ ਅੱਠ ਦੋਸ਼ੀ ਨਾਮਜ਼ਦ ਕੀਤੇ ਗਏ ਸਨ ਜਿਨ੍ਹਾਂ ਵਿਚੋਂ ਇੱਕ ਆਈ.ਏ.ਐਸ. ਅਫਸਰ ਦਰਸ਼ਨ ਸਿੰਘ ਮੁਲਤਾਨੀ ਦਾ ਲੜਕਾ ਬਲਵੰਤ ਸਿੰਘ ਮੁਲਤਾਨੀ ਵਾਸੀ ਮੁਹਾਲੀ ਵੀ ਸ਼ਾਮਿਲ ਸੀ। ਉਹ 'ਸਟਿਕੋ' (ਚੰਡੀਗੜ੍ਹ ਇੰਡਸਟਰੀਅਲ ਐਂਡ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ) ਵਿਚ ਜੂਨੀਅਰ ਇੰਜਨੀਅਰ ਸੀ। ਇਨ੍ਹਾਂ ਨਾਮਜ਼ਦ ਮੁਲਜ਼ਮਾਂ ਉਤੇ 302, 307, ਵਿਸਫੋਟਕ ਐਕਟ ਆਦਿ ਧਾਰਾਵਾਂ ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਸੀ ਅਤੇ ਬਲਵੰਤ ਸਿੰਘ ਮੁਲਤਾਨੀ ਨੂੰ 11 ਦਸੰਬਰ, 1991 ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਗ੍ਰਿਫਤਾਰ ਕਰ ਕੇ ਉਸ ਨੂੰ ਚੰਡੀਗੜ੍ਹ ਦੇ ਇੱਕ ਥਾਣੇ ਵਿਚ ਲਿਜਾਇਆ ਗਿਆ ਜਿੱਥੇ ਉਸ ਉਤੇ ਕਥਿਤ ਅੰਨ੍ਹਾ ਤਸ਼ੱਦਦ ਕੀਤਾ ਗਿਆ। ਮੌਕੇ ਦੇ ਗਵਾਹਾਂ ਮੁਤਾਬਕ ਇਹ ਤਸ਼ੱਦਦ ਇਸ ਕਦਰ ਸੀ ਕਿ ਮਾਰਨ ਕੁੱਟਣ ਤੋਂ ਬਾਅਦ ਉਸ ਦੇ ਪਿੱਛੋਂ ਦੀ ਡੰਡਾ ਧੱਕਿਆ ਗਿਆ ਅਤੇ ਠੁੱਡੇ ਮਾਰੇ ਗਏ ਜਿਸ ਨਾਲ ਉਹ ਲਹੂ ਲੁਹਾਨ ਹੋ ਕੇ ਬੇਹੋਸ਼ ਹੋ ਗਿਆ ਤੇ ਬਾਅਦ ਵਿਚ ਉਸ ਦੀ ਮੌਤ ਹੋ ਗਈ ਅਤੇ ਉਸ ਦੀ ਲਾਸ਼ ਖੁਰਦ ਬੁਰਦ ਕਰ ਦਿੱਤੀ ਗਈ। ਤਸ਼ੱਦਦ ਸੈਣੀ ਦੀ ਹਾਜ਼ਰੀ ਵਿਚ ਉਸ ਦੇ ਹੁਕਮ 'ਤੇ ਹੋਇਆ। ਇਸ ਤੋਂ ਬਾਅਦ ਪੁਲਿਸ ਨੇ ਇਹ ਕਹਾਣੀ ਘੜ ਲਈ ਕਿ ਬਲਵੰਤ ਸਿੰਘ ਮੁਲਤਾਨੀ ਨੂੰ ਕਿਸੇ ਜਾਂਚ ਲਈ ਥਾਣਾ ਕਾਦੀਆਂ (ਗੁਰਦਾਸਪੁਰ) ਲਿਜਾਇਆ ਗਿਆ ਸੀ, ਜਿੱਥੋਂ ਉਹ ਪੁਲਿਸ ਕੋਲੋਂ ਛੁੱਟ ਕੇ ਫਰਾਰ ਹੋ ਗਿਆ।

ਬਲਵੰਤ ਸਿੰਘ ਦੇ ਪਿਤਾ ਦਰਸ਼ਨ ਸਿੰਘ ਮੁਲਤਾਨੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਰਿੱਟ ਪਾਈ ਕਿ ਉਸ ਦੇ ਪੁੱਤਰ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਸੀ ਪਰ ਉਸ ਬਾਰੇ ਪੁਲਿਸ ਹੁਣ ਕੁਝ ਨਹੀਂ ਦੱਸ ਰਹੀ। ਜੁਆਬ ਵਿਚ ਚੰਡੀਗੜ੍ਹ ਪੁਲਿਸ ਨੇ ਹਾਈਕੋਰਟ ਨੂੰ ਦੱਸਿਆ ਕਿ ਬਲਵੰਤ ਸਿੰਘ ਮੁਲਤਾਨੀ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਗਿਆ ਹੈ ਅਤੇ ਪੁਲਿਸ ਉਸ ਨੂੰ ਭਗੌੜਾ ਐਲਾਨਣ ਲਈ ਕਾਰਵਾਈ ਸ਼ੁਰੂ ਕਰ ਰਹੀ ਹੈ। ਇਸ 'ਤੇ ਅਦਾਲਤ ਨੇ ਦਰਸ਼ਨ ਸਿੰਘ ਦੀ ਅਰਜ਼ੀ ਖਾਰਜ ਕਰ ਦਿੱਤੀ ਜਿਸ ਨਾਲ ਇੱਕ ਵਾਰ ਇਹ ਕੇਸ ਠੱਪ ਹੋ ਗਿਆ।

ਸੈਣੀ 'ਤੇ ਹਮਲੇ ਵਿਚ ਨਾਮਜ਼ਦ ਅੱਠ ਮੁਲਜ਼ਮਾਂ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਵੀ ਸ਼ਾਮਲ ਸੀ। ਇਸ ਦੌਰਾਨ ਪੁਲਿਸ ਨੇ ਦਵਿੰਦਰਪਾਲ ਭੁੱਲਰ ਦੇ ਪਿਤਾ ਨੂੰ ਬਠਿੰਡੇ ਤੋਂ ਅਤੇ ਉਸ ਦੇ ਮਾਸੜ ਨੂੰ ਦਿਆਲਪੁਰ ਭਾਈਕਾ ਤੋਂ ਚੁੱਕਿਆ ਜਿਨ੍ਹਾਂ ਦਾ ਅੱਜ ਤੱਕ ਪਤਾ ਨਹੀਂ ਲੱਗਾ ਕਿ ਉਨ੍ਹਾਂ ਨਾਲ ਕੀ ਬੀਤੀ। ਸੈਣੀ ਉਤੇ ਇਹ ਦੋਸ਼ ਵੀ ਲੱਗਦਾ ਹੈ ਕਿ ਉਸ ਨੇ ਦੋਹਾਂ ਨੂੰ ਮਰਵਾ ਕੇ ਲਾਸ਼ਾਂ ਖੁਰਦ ਬੁਰਦ ਕਰਵਾ ਦਿੱਤੀਆਂ, ਜਦ ਕਿ ਪੁਲਿਸ ਨੇ ਉਨ੍ਹਾਂ ਨੂੰ ਭਗੌੜੇ ਐਲਾਨਿਆ ਹੋਇਆ ਹੈ। ਪ੍ਰੋ. ਦਵਿੰਦਰਪਾਲ ਭੁੱਲਰ ਜਰਮਨੀ ਚਲਾ ਗਿਆ ਸੀ ਪਰ 1995 ਵਿਚ ਉਸ ਨੂੰ ਉਥੋਂ ਲਿਆਂਦਾ ਗਿਆ। ਉਸ ਉਤੇ ਸੈਣੀ 'ਤੇ ਹਮਲੇ ਦਾ ਕੇਸ ਚੱਲਿਆ ਜਿਸ ਵਿਚੋਂ 2006 ਵਿਚ ਉਹ ਬਰੀ ਹੋ ਗਿਆ। ਚੰਡੀਗੜ੍ਹ ਪੁਲਿਸ ਨੇ ਹਾਈ ਕੋਰਟ ਵਿਚ ਅਪੀਲ ਕੀਤੀ ਜੋ ਖਾਰਜ ਹੋ ਗਈ। ਇਸ ਤਰ੍ਹਾਂ ਪ੍ਰੋ. ਭੁੱਲਰ ਵਿਰੁਧ ਇਹ ਕੇਸ ਖਤਮ ਹੋ ਗਿਆ।

2007 ਵਿਚ ਬਲਵੰਤ ਮੁਲਤਾਨੀ ਦੇ ਪਿਤਾ ਦਰਸ਼ਨ ਸਿੰਘ ਮੁਲਤਾਨੀ ਨੇ ਫਿਰ ਹਾਈ ਕੋਰਟ ਵਿਚ ਹਲਫੀਆ ਬਿਆਨ ਦਿੱਤਾ ਕਿ ਉਸ ਦਾ ਲੜਕਾ ਭਗੌੜਾ ਨਹੀਂ, ਸੁਮੇਧ ਸੈਣੀ ਨੇ ਉਸ ਨੂੰ ਮਾਰ ਦਿੱਤਾ ਹੈ। ਸੈਣੀ ਨੇ ਆਪਣੇ 'ਤੇ ਹੋਏ ਹਮਲੇ ਦੀ ਜਾਂਚ ਖੁਦ ਹੀ ਕੀਤੀ ਸੀ ਜੋ ਕਾਨੂੰਨੀ ਤੌਰ 'ਤੇ ਗਲਤ ਹੋਣ ਕਰ ਕੇ ਅਦਾਲਤ ਨੇ ਇਹ ਜਾਂਚ ਰੱਦ ਕਰ ਦਿੱਤੀ ਅਤੇ ਜਾਂਚ ਸੀ.ਬੀ.ਆਈ. ਨੂੰ ਦੇ ਦਿੱਤੀ। ਪ੍ਰੋ. ਭੁੱਲਰ ਨੇ ਵੀ ਅਦਾਲਤ ਵਿਚ ਹਲਫੀਆ ਬਿਆਨ ਦਿੱਤਾ ਕਿ ਸੈਣੀ ਨੇ ਉਸ ਦੇ ਪਿਤਾ ਅਤੇ ਮਾਸੜ ਨੂੰ ਮਾਰ ਦਿੱਤਾ ਹੈ। ਸੀ.ਬੀ.ਆਈ. ਨੇ 9 ਮਹੀਨੇ ਜਾਂਚ ਕੀਤੀ, 70 ਗਵਾਹਾਂ ਦੇ ਬਿਆਨ ਦਰਜ ਕੀਤੇ ਅਤੇ ਸੈਣੀ ਵਿਰੁਧ ਐਫ.ਆਈ.ਆਰ. ਦਰਜ ਕੀਤੀ। ਜੁਲਾਈ 2008 ਵਿਚ ਬਾਦਲ ਦੀ ਅਗਵਾਈ ਵਾਲੀ ਅਕਾਲੀ ਭਾਜਪਾ ਸਰਕਾਰ ਨੇ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਪਾਈ ਕਿ ਸੁਮੇਧ ਸਿੰਘ ਸੈਣੀ ਅਪਰਾਈਟ (ਇਮਾਨਦਾਰ) ਅਫਸਰ ਹੈ, ਇਸ ਵਿਰੁਧ ਦੋਸ਼ ਬੇਬੁਨਿਆਦ ਹਨ। ਸੈਣੀ ਸੁਪਰੀਮ ਕੋਰਟ ਵਿਚ ਇਹ ਗੱਲ ਸਾਬਤ ਕਰਨ ਵਿਚ ਕਾਮਯਾਬ ਹੋ ਗਿਆ ਕਿ ਹਾਈਕੋਰਟ ਦੇ ਜੱਜ ਦੀ ਉਸ ਨਾਲ ਕੋਈ ਕਿੜ ਸੀ ਜਿਸ ਕਰ ਕੇ ਸੀ.ਬੀ.ਆਈ. ਨੂੰ ਜਾਂਚ ਦਿੱਤੀ ਗਈ। ਸੁਪਰੀਮ ਕੋਰਟ ਨੇ ਸੈਣੀ ਵਿਰੁਧ ਸੀ.ਬੀ.ਆਈ. ਜਾਂਚ ਰੱਦ ਕਰ ਦਿੱਤੀ ਅਤੇ ਪੀੜਤ ਧਿਰ ਨੂੰ ਕਾਨੂੰਨ ਅਨੁਸਾਰ ਪ੍ਰਕਿਰਿਆ ਮੁੜ ਸ਼ੁਰੂ ਕਰਨ ਦਾ ਅਧਿਕਾਰ ਦੇ ਦਿੱਤਾ। ਇਸ ਤਰ੍ਹਾਂ ਬਾਦਲ ਸਰਕਾਰ ਨੇ ਇੱਕ ਵਾਰ ਸੈਣੀ ਨੂੰ ਬਚਾ ਲਿਆ। ਇਹ ਫੈਸਲਾ ਦਸੰਬਰ 2011 ਵਿਚ ਹੋਇਆ ਅਤੇ ਮਾਰਚ 2012 ਵਿਚ ਸੈਣੀ ਡੀ.ਜੀ.ਪੀ. ਬਣ ਗਿਆ ਜਿਸ ਕਰ ਕੇ ਪੀੜਤ ਪਰਿਵਾਰ ਚੁੱਪ ਹੋ ਗਿਆ।


2014 ਵਿਚ ਦਰਸ਼ਨ ਸਿੰਘ ਮੁਲਤਾਨੀ ਦੀ ਮੌਤ ਹੋ ਗਈ। ਸੈਣੀ ਦੀ ਰਿਟਾਇਰਮੈਂਟ ਤੋਂ ਬਾਅਦ 6 ਮਈ 2020 ਨੂੰ ਬਲਵੰਤ ਸਿੰਘ ਮੁਲਤਾਨੀ ਦੇ ਭਰਾ ਪਲਵਿੰਦਰ ਸਿੰਘ ਨੇ ਫਿਰ ਪੁਲਿਸ ਨੂੰ ਦਰਖਾਸਤ ਦੇ ਕੇ ਸੈਣੀ ਵਿਰੁਧ ਕਾਰਵਾਈ ਦੀ ਮੰਗ ਕੀਤੀ। ਪੁਲਿਸ ਨੇ ਮਟੌਰ ਥਾਣੇ ਵਿਚ ਕੇਸ ਦਰਜ ਕਰ ਲਿਆ ਪਰ ਕਤਲ ਦੀ ਧਾਰਾ 302 ਆਈ.ਪੀ.ਸੀ. ਨਾ ਲਾਈ। ਸੈਣੀ ਦੇ ਨਾਲ ਜਿਨ੍ਹਾਂ ਹੋਰ ਪੁਲਿਸ ਮੁਲਾਜ਼ਮਾਂ 'ਤੇ ਕੇਸ ਦਰਜ ਹੋਇਆ, ਉਨ੍ਹਾਂ ਵਿਚ ਘਬਰਾਹਟ ਤੇ ਅਫਰਾ-ਤਫਰੀ ਮੱਚਣੀ ਹੀ ਸੀ; ਇਨ੍ਹਾਂ ਵਿਚੋਂ ਇੰਸਪੈਕਟਰ ਜਗੀਰ ਸਿੰਘ ਅਤੇ ਕੁਲਦੀਪ ਸਿੰਘ ਨੇ ਇਹ ਸੋਚ ਕੇ ਕਿ ਸੈਣੀ ਨੇ ਜੋ ਜੁਰਮ ਕੀਤੇ ਹਨ, ਉਹ ਆਪ ਭੁਗਤੇ, ਉਸ ਦੀ ਕਬਰ ਵਿਚ ਅਸੀਂ ਕਿਉਂ ਪਈਏ, ਕੇਸ ਵਿਚ ਵਾਅਦਾ-ਮੁਆਫ ਗਵਾਹ ਬਣਨ ਲਈ ਅਦਾਲਤ ਨੂੰ ਬੇਨਤੀ ਕੀਤੀ, ਜੋ ਅਦਾਲਤ ਨੇ ਪ੍ਰਵਾਨ ਕਰ ਲਈ।

ਪਾਠਕਾਂ ਨੂੰ ਪਤਾ ਹੀ ਹੋਵੇਗਾ ਕਿ ਜੋ ਵਿਅਕਤੀ ਵਾਅਦਾ-ਮੁਆਫ ਗਵਾਹ ਬਣਦਾ ਹੈ, ਕੇਸ ਦਾ ਸੱਚ ਦੱਸਣ 'ਤੇ ਕਾਨੂੰਨ ਉਸ ਨੂੰ ਗੁਨਾਹਗਾਰ ਹੋਣ 'ਤੇ ਵੀ ਮੁਆਫ ਕਰਦਾ ਹੈ। ਬਲਵੰਤ ਮੁਲਤਾਨੀ ਦੇ ਤਸ਼ੱਦਦ ਦੀ ਪਿੱਛੇ ਦੱਸੀ ਕਹਾਣੀ ਜਗੀਰ ਸਿੰਘ ਨੇ ਹੀ ਬਿਆਨ ਕੀਤੀ ਸੀ ਅਤੇ ਇਹ ਵੀ ਦੱਸਿਆ ਕਿ ਕਾਦੀਆਂ (ਗੁਰਦਾਸਪੁਰ) ਉਸ ਨੂੰ ਹੀ ਭੇਜਿਆ ਗਿਆ ਸੀ ਅਤੇ ਬਲਵੰਤ ਮੁਲਤਾਨੀ ਦੇ ਫਰਾਰ ਹੋਣ ਦੀ ਝੂਠੀ ਐਫ.ਆਈ.ਆਰ. ਉਸ ਨੇ ਹੀ ਦਰਜ ਕਰਵਾਈ ਸੀ। ਕੁਲਦੀਪ ਸਿੰਘ ਨੇ ਦੱਸਿਆ ਕਿ ਸੈਣੀ ਨੇ ਜਾਅਲੀ ਕਾਗਜ਼ ਤਿਆਰ ਕਰ ਕੇ ਉਸ ਦੇ ਦਸਤਖਤ ਕਰਵਾਏ ਸਨ। ਇਸ ਉਪਰੰਤ ਅਦਾਲਤ ਨੇ ਕਤਲ ਦੀ ਧਾਰਾ 302 ਲਾ ਦਿੱਤੀ।

ਸੁਮੇਧ ਸਿੰਘ ਸੈਣੀ ਦੀ ਅੰਤਿਮ ਜ਼ਮਾਨਤ ਪਹਿਲੀ ਸਤੰਬਰ ਤੱਕ ਹੀ ਸੀ, ਉਹ ਇਸ ਤੋਂ ਪਹਿਲਾਂ ਹੀ ਰੂਪੋਸ਼ ਹੋ ਗਿਆ। ਹਾਈਕੋਰਟ ਨੇ ਵੀ ਉਸ ਵਿਰੁਧ ਸਖਤ ਟਿੱਪਣੀਆਂ ਕਰ ਕੇ ਉਸ ਦੀ ਜ਼ਮਾਨਤ ਅਤੇ ਪੰਜਾਬ ਤੋਂ ਬਾਹਰ ਦੀ ਕਿਸੇ ਏਜੰਸੀ ਤੋਂ ਜਾਂਚ ਕਰਾਉਣ ਦੀਆਂ ਦੋਵੇਂ ਅਰਜ਼ੀਆਂ ਰੱਦ ਕਰ ਦਿੱਤੀਆਂ। ਇਸ ਤੋਂ ਬਾਅਦ ਸੁਪਰੀਮ ਕੋਰਟ ਵਿਚ ਅਪੀਲ ਕਰਨ 'ਤੇ ਅਦਾਲਤ ਨੇ ਉਸ ਦੀ ਗ੍ਰਿਫਤਾਰੀ 'ਤੇ ਆਰਜ਼ੀ ਤੌਰ 'ਤੇ ਰੋਕ ਲਗਾ ਦਿੱਤੀ ਅਤੇ ਪੰਜਾਬ ਸਰਕਾਰ ਨੂੰ ਆਪਣਾ ਪੱਖ ਰੱਖਣ




*ਬਲਵੰਤ ਸਿੰਘ ਮੁਲਤਾਨੀ*



*ਸੁਮੇਧ ਸਿੰਘ ਸੈਣੀ*

ਲਈ 14 ਦਿਨ ਦਾ ਸਮਾਂ ਦਿੱਤਾ ਹੈ। ਪੁਲਿਸ ਉਸ ਨੂੰ ਗ੍ਰਿਫਤਾਰ ਕਰ ਕੇ ਹੋਰ ਜਾਂਚ ਤੋਂ ਇਲਾਵਾ ਇਹ ਪਤਾ ਕਰਨਾ ਚਾਹੁੰਦੀ ਹੈ ਕਿ ਬਲਵੰਤ ਸਿੰਘ ਮੁਲਤਾਨੀ ਦੀ ਲਾਸ਼ ਕਿੱਥੇ ਖੁਰਦ ਬੁਰਦ ਕੀਤੀ ਗਈ।

ਸਰਕਾਰੀ ਵਕੀਲ ਸੁਰਤੇਜ ਸਿੰਘ ਨਰੂਲਾ ਨੇ ਇੱਕ ਇੰਟਰਵਿਊ ਵਿਚ ਇਹ ਟਿੱਪਣੀ ਕੀਤੀ ਹੈ ਕਿ ਬਾਦਲ ਸਰਕਾਰ ਹੀ ਉਸ ਨੂੰ ਬਚਾਉਂਦੀ ਰਹੀ ਹੈ। ਇੱਥੇ ਇਹ ਪ੍ਰਸ਼ਨ ਉਠਦਾ ਹੈ ਕਿ ਪੁਲਿਸ ਵਿਚ ਸਹੀ ਅਤੇ ਲੋਕ ਪੱਖੀ ਢਾਂਚਾ ਕਿਉਂ ਨਹੀਂ ਉਸਾਰਿਆ ਗਿਆ? ਸੇਵਾ ਮੁਕਤ ਸੀਨੀਅਰ ਪੁਲਿਸ ਅਫਸਰ ਇਕਬਾਲ ਸਿੰਘ ਲਾਲਪੁਰਾ ਨੇ ਠੀਕ ਹੀ ਕਿਹਾ ਹੈ ਕਿ ਜੇ ਪੁਲਿਸ ਅਫਸਰਾਂ ਦੀ ਪੇਸ਼ੇਵਰਾਨਾ ਪਹੁੰਚ ਹੁੰਦੀ ਤਾਂ ਬਹਿਬਲ ਕਲਾਂ ਘਟਨਾ ਵਾਪਰ ਹੀ ਨਹੀਂ ਸਕਦੀ ਸੀ। ਪੁਲਿਸ ਅਫਸਰ ਜੋ ਮਰਜ਼ੀ ਕਰਨ, ਬੱਸ ਰਾਜਨੀਤਕ ਆਗੂਆਂ ਦੇ ਪੈਰੀਂ ਪੈਣਾ ਜਾਣਦੇ ਹੋਣ ਤਾਂ ਉਨ੍ਹਾਂ ਦਾ ਵਾਲ ਵਿੰਗਾ ਨਹੀਂ ਹੋ ਸਕਦਾ। ਇਹੀ ਕਾਰਨ ਹੈ ਕਿ ਸੁਮੇਧ ਸਿੰਘ ਸੈਣੀ ਨੇ ਨਿੱਤ ਨਵੇਂ ਵਿਵਾਦ ਸਹੇੜੇ, ਕਦੇ ਇਹ ਸੁਣਨ ਵਿਚ ਨਹੀਂ ਆਇਆ ਕਿ ਵਿਭਾਗ ਨੇ ਉਸ ਦੀ ਜਵਾਬ ਤਲਬੀ ਕੀਤੀ ਹੋਵੇ। 1994 ਵਿਚ ਚੰਡੀਗੜ੍ਹ ਵਿਚ ਸੈਣੀ ਇੱਕ ਫੌਜੀ ਲੈਫਟੀਨੈਂਟ ਨਾਲ ਉਲਝਿਆ ਸੀ ਅਤੇ ਉਸ ਨੂੰ ਥਾਣੇ ਬੰਦ ਕਰ ਦਿੱਤਾ ਸੀ। ਜਦ ਫੌਜੀ ਅਫਸਰਾਂ ਨੂੰ ਪਤਾ ਲੱਗਾ ਤਾਂ ਵੱਡੀ ਗਿਣਤੀ ਵਿਚ ਫੌਜ ਨੇ ਥਾਣਾ ਘੇਰ ਲਿਆ। ਉਸ ਵੇਲੇ ਕੇ.ਪੀ.ਐਸ. ਗਿੱਲ ਅਤੇ ਮੁੱਖ ਮੰਤਰੀ ਬੇਅੰਤ ਸਿੰਘ ਨੇ ਦਖਲ ਦੇ ਕੇ ਮਾਮਲਾ ਸ਼ਾਂਤ ਕੀਤਾ ਸੀ। ਤਕਰੀਬਨ 24-25 ਸਾਲ ਤੋਂ ਸੈਣੀ ਉਤੇ ਲੁਧਿਆਣਾ ਦੇ ਕਾਰੋਬਾਰੀ ਵਿਨੋਦ ਕੁਮਾਰ, ਉਸ ਦੇ ਜੀਜੇ ਅਸ਼ੋਕ ਕੁਮਾਰ ਅਤੇ ਡਰਾਇਵਰ ਮੁਖਤਿਆਰ ਸਿੰਘ ਨੂੰ ਅਗਵਾ ਕਰਨ ਦਾ ਕੇਸ ਚੱਲ ਰਿਹਾ ਹੈ। ਕਿਹਾ ਜਾਂਦਾ ਹੈ ਕਿ ਇਹ ਕੇਸ ਹਾਈਕੋਰਟ ਦੇ ਜਸਟਿਸ ਝਾਂਜੀ ਕੋਲ ਸੀ ਜਿਸ ਨੂੰ ਨਿਹੰਗ ਪੂਹਲੇ ਰਾਹੀਂ ਡਰਾਇਆ ਧਮਕਾਇਆ ਗਿਆ ਸੀ। ਉਹ ਕੇਸ ਹੁਣ ਦਿੱਲੀ ਅਦਾਲਤ ਵਿਚ ਹੈ ਅਤੇ ਅਦਾਲਤ ਨੇ ਸੈਣੀ ਨੂੰ 12 ਅਕਤੂਬਰ 2020 ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦਾ ਨੋਟਿਸ ਭੇਜਿਆ ਹੈ। ਬਠਿੰਡੇ ਐਸ.ਐਸ.ਪੀ. ਹੁੰਦਿਆਂ ਇੱਕ ਪਾਰਟੀ ਵਿਚ ਇਹ ਇੱਕ ਇੰਜੀਨੀਅਰ ਨਾਲ ਉਲਝਿਆ ਸੀ। ਸੈਣੀ ਦੀਆਂ ਅੜਬਪੁਣੇ ਅਤੇ ਅਹਿਮਕਪੁਣੇ ਦੀਆਂ ਅਜਿਹੀਆਂ ਅਨੇਕਾਂ ਮਿਸਾਲਾਂ ਹਨ।

ਸੈਣੀ ਦੇ ਰੂਪੋਸ਼ ਹੋਣ ਤੋਂ ਬਾਅਦ ਲੋਕਾਂ ਵਿਚ ਨਵੀਂ ਚਰਚਾ ਚੱਲ ਪਈ ਸੀ ਕਿ ਪੰਜਾਬ ਸਰਕਾਰ 'ਤੇ ਕੇਂਦਰ ਸਰਕਾਰ ਦਾ ਦਬਾਅ ਹੈ ਜਿਸ ਕਰ ਕੇ ਪੁਲਿਸ ਸੈਣੀ ਨੂੰ ਗ੍ਰਿਫਤਾਰ ਕਰਨ ਲਈ ਸੰਜੀਦਾ ਨਹੀਂ। ਲੁਧਿਆਣਾ ਸਿਟੀ ਸੈਂਟਰ ਘੁਟਾਲੇ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਬਚ ਨਿਕਲਣ ਤੋਂ ਰੋਕਣ ਦੀ ਕੋਸ਼ਿਸ਼ ਸੁਮੇਧ ਸੈਣੀ ਨੇ ਕੀਤੀ ਸੀ ਜਿਸ ਕਰ ਕੇ ਪੰਜਾਬ ਸਰਕਾਰ ਉਸ ਨੂੰ ਗ੍ਰਿਫਤਾਰ ਕਰਨਾ ਚਾਹੇਗੀ ਪਰ ਮੁੱਖ ਮੰਤਰੀ ਕੁਝ ਗੱਲਾਂ ਕਰ ਕੇ ਕੇਂਦਰ ਸਾਹਮਣੇ ਮਜਬੂਰ ਹੈ ਜਿਸ ਕਰ ਕੇ ਸੰਜੀਦਗੀ ਨਾਲ ਉਸ ਦੀ ਭਾਲ ਨਹੀਂ ਹੋ ਰਹੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੈਣੀ ਨੇ ਬਹੁਤ ਸਾਰੇ ਵਿਵਾਦ ਆਪ ਸਹੇੜੇ, ਇਹ ਵੀ ਸੱਚ ਹੈ ਕਿ ਕੁਝ ਕੇਸਾਂ ਵਿਚ ਉਹ ਖੁਦ ਮੁਲਜ਼ਮ ਹੈ ਅਤੇ ਉਹ ਜ਼ਾਲਮਾਂ ਵਾਲੀ ਬਿਰਤੀ ਰੱਖਦਾ ਹੈ, ਫਿਰ ਵੀ ਵੱਡੀ ਗਿਣਤੀ ਵਿਚ ਲੋਕ ਉਸ ਦੇ ਸਮਰਥਕ ਵੀ ਹਨ। ਅਜਿਹਾ ਕਿਉਂ ਹੈ, ਇਹ ਵੀ ਵਿਚਾਰਨ ਦੀ ਲੋੜ ਹੈ।

ਸਾਲ 2002 ਵਿਚ ਕੈਪਟਨ ਦੇ ਮੁੱਖ ਮੰਤਰੀ ਬਣਨ ਪਿਛੋਂ ਜਦ ਇਹ ਪੰਜਾਬ ਵਿਜੀਲੈਂਸ ਬਿਊਰੋ ਦਾ ਮੁਖੀ ਸੀ ਤਾਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੁਖੀ ਰਵੀ ਸਿੱਧੂ ਦੇ ਕਰੋੜਾਂ ਰੁਪਿਆਂ ਦੀ ਕੁਰੱਪਸ਼ਨ ਕਰ ਕੇ ਇਸੇ ਨੇ ਫੜ ਕੇ ਉਸ ਨੂੰ ਜੇਲ੍ਹ ਭੇਜਿਆ ਸੀ। ਸੈਣੀ ਨੇ ਕੁਝ ਜੱਜਾਂ ਦੀ ਕੁਰੱਪਸ਼ਨ ਵੀ ਨੰਗੀ ਕੀਤੀ ਸੀ। ਸਾਨੂੰ ਯਾਦ ਹੈ ਕਿ ਉਸ ਸਮੇਂ ਕਿਵੇਂ ਸੈਣੀ ਦੀ ਜੈ-ਜੈਕਾਰ ਹੋ ਗਈ ਸੀ। ਇਹ ਵੱਖਰੀ ਗੱਲ ਹੈ ਕਿ ਉਹ ਆਪਣੇ ਜ਼ੋਰ ਨਾਲ ਇਤਨਾ ਤੇਜ਼ ਦੌੜਿਆ ਕਿ ਆਪਣੇ ਆਪ ਮੂਧੇ-ਮੂੰਹ ਡਿਗ ਪਿਆ। ਉਦੋਂ ਤੋਂ ਹੀ ਇਸ ਦੇ ਕੈਪਟਨ ਨਾਲ ਸਬੰਧ ਤਣਾਅ ਵਾਲੇ ਰਹੇ ਹਨ। ਉਧਰ, ਅਜੇ ਵੀ ਸੈਣੀ ਨਾਲ ਨਰਮ ਗੋਸ਼ਾ ਰੱਖਣ ਵਾਲੀਆਂ ਧਿਰਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਸਾਲ 1980 ਤੋਂ 92-94 ਤੱਕ ਜਿਵੇਂ ਕਾਲਾ ਦੌਰ ਰਿਹਾ ਹੈ, ਪਾਕਿਸਤਾਨ ਤੋਂ ਅਸਲਾ ਪ੍ਰਾਪਤ ਕਰ ਕੇ ਅਤਿਵਾਦੀਆਂ ਨੇ ਜਿਵੇਂ ਅਤਿ ਚੁੱਕੀ ਹੋਈ ਸੀ ਅਤੇ ਜਿਵੇਂ ਉਨ੍ਹਾਂ ਦਾ ਹੁਕਮ ਹੀ ਚੱਲਦਾ ਸੀ, ਪੰਜਾਬ ਪੁਲਿਸ ਦੇ ਵੱਡੀ ਗਿਣਤੀ ਵਿਚ ਅਫਸਰ ਸਾਹਸਹੀਣ ਹੋ ਚੁੱਕੇ ਸਨ। ਪੰਜਾਬ ਵਿਚ ਪਹਿਲਾਂ ਇੱਕ ਫਿਰਕੇ ਅਤੇ ਬਾਅਦ ਵਿਚ ਜਿਹੜਾ ਵੀ ਸਾਹਮਣੇ ਆਇਆ, ਕਤਲ ਕਰ ਦਿੱਤੇ ਗਏ। ਹਾਈ ਪ੍ਰੋਫਾਈਲ ਕਤਲ ਵੀ ਹੋਏ। ਅਖਬਾਰਾਂ ਕਤਲ ਦੀ ਜ਼ਿੰਮੇਵਾਰੀ ਲੈਣ ਅਤੇ ਚਿਤਾਵਨੀਆਂ ਨਾਲ ਭਰੀਆਂ ਹੁੰਦੀਆਂ ਸੀ। ਢਿਲਵਾਂ, ਮੁਕਤਸਰ, ਖੁੱਡਾ (ਹੁਸ਼ਿਆਰਪੁਰ) ਅਤੇ ਬਟਾਲਾ ਬੱਸ ਅਗਵਾ ਕਾਂਡਾਂ ਵਿਚ ਇੱਕ ਫਿਰਕੇ ਦੇ ਲੋਕਾਂ ਨੂੰ ਕਤਲ ਕੀਤਾ ਗਿਆ। ਸ਼ਾਮ 2-3 ਵਜੇ ਤੋਂ ਬਾਅਦ ਪੰਜਾਬ ਵਿਚ ਕਰਫਿਊ ਵਰਗੇ ਹਾਲਾਤ ਹੁੰਦੇ ਸਨ। ਸੈਣੀ ਅਤੇ ਕੁਝ ਹੋਰ ਅਫਸਰ ਡਰੇ ਨਹੀਂ ਬਲਕਿ ਜਿੱਥੇ ਵੀ ਇਨ੍ਹਾਂ ਦੀ ਡਿਊਟੀ ਹੁੰਦੀ, ਗੈਰ-ਸਮਾਜੀ ਅਨਸਰ ਜੂਹਾਂ ਛੱਡ ਜਾਂਦੇ ਸਨ। ਜਦ ਇਸ ਨੂੰ ਚੰਡੀਗੜ੍ਹ ਐਸ.ਐਸ.ਪੀ. ਲਾਇਆ ਗਿਆ ਸੀ, ਉਸ ਵੇਲੇ ਚੰਡੀਗੜ੍ਹ ਵਿਚ ਅੰਨ੍ਹੀ ਪਈ ਹੋਈ ਸੀ। ਅਤਿਵਾਦੀਆਂ ਨੇ ਸਿੱਖਿਆ ਸੰਸਥਾਵਾਂ ਅਤੇ ਨਿੱਜੀ ਥਾਵਾਂ 'ਤੇ ਛੁਪਣਗਾਹਾਂ ਬਣਾ ਲਈਆਂ ਸਨ। ਚੰਡੀਗੜ੍ਹ ਤੇ ਪੰਜਾਬ ਵਿਚ ਜਨਤਕ ਥਾਵਾਂ 'ਤੇ ਬੰਬ ਫਿੱਟ ਕਰ ਕੇ ਲੋਕ ਕਤਲ ਕੀਤੇ ਜਾ ਰਹੇ ਸਨ। ਸੈਣੀ ਦੀ ਸਰਗਰਮੀ ਕਰ ਕੇ ਚੰਡੀਗੜ੍ਹ ਵਿਚ ਅਤਿਵਾਦੀਆਂ ਦੀਆਂ ਛੁਪਣਗਾਹਾਂ ਖਤਮ ਕੀਤੀਆਂ ਗਈਆਂ ਅਤੇ ਲੋਕਾਂ ਸੁੱਖ ਦਾ ਸਾਹ ਲਿਆ ਸੀ। ਇਸ ਕਰ ਕੇ ਉਹ ਲੋਕ ਉਸ ਦੇ ਸਮਰਥਕ ਹਨ ਜੋ ਅਜਿਹੇ ਅਤਿਵਾਦ ਤੋਂ ਦੁਖੀ ਸਨ। ਗੰਦ ਸਾਰਾ ਰਾਜਨੀਤਕ ਲੋਕ ਪੁਆਉਂਦੇ ਹਨ, ਪਰ ਸਫਾਈ ਦਾ ਕੰਮ ਜਦੋਂ ਬਾਅਦ ਵਿਚ ਪੁਲਿਸ ਨੂੰ ਸੌਂਪ ਦਿਤਾ ਜਾਂਦਾ ਹੈ ਤਾਂ ਚੰਦ ਫਿਰ ਹਰ ਥਾਂ ਇਸੇ ਤਰ੍ਹਾਂ ਦੇ ਹੀ ਚੜ੍ਹਦੇ ਹਨ।

ਸੁਰੱਖਿਆ ਏਜੰਸੀਆਂ, ਭਾਵ ਪੁਲਿਸ ਆਦਿ ਨੂੰ ਜਦ ਸਿਆਸੀ ਹਿੱਤਾਂ ਲਈ ਵਰਤਿਆ ਜਾਂਦਾ ਹੈ ਤਾਂ ਇਸ ਨਾਲ ਜਿੱਥੇ ਅਮਲੇ ਵਿਚ ਡਿਸਿਪਲਨ ਨੂੰ ਖੋਰਾ ਲੱਗਦਾ ਹੈ, ਉਥੇ ਕਾਨੂੰਨੀ ਕਾਰਜਸ਼ੈਲੀ ਪ੍ਰਭਾਵਿਤ ਹੋਣ ਦੇ ਨਾਲ-ਨਾਲ ਅਫਸਰਾਂ ਵਿਚ ਗੁੱਟਬੰਦੀ ਵੀ ਪੈਦਾ ਹੁੰਦੀ ਹੈ। ਸਿਆਸੀ ਨੇਤਾਵਾਂ ਦੇ ਵੱਧ ਨੇੜੇ ਹੋਣ ਲਈ ਅਫਸਰ ਇੱਕ ਦੂਜੇ ਨੂੰ ਠਿੱਬੀ ਵੀ ਲਾਉਂਦੇ ਹਨ। ਪੰਜਾਬ ਪੁਲਿਸ ਵਿਚ ਇਹ ਗੁੱਟਬੰਦੀ ਕਦੇ-ਕਦੇ ਨਸ਼ਰ ਵੀ ਹੁੰਦੀ ਹੈ। ਅਕਾਲੀ ਭਾਜਪਾ ਸਰਕਾਰ ਸਮੇਂ ਸੁਮੇਧ ਸਿੰਘ ਸੈਣੀ ਵਲੋਂ ਮਹਾਰਾਸ਼ਟਰ ਦੇ ਡੀ.ਜੀ.ਪੀ. ਐਸ.ਐਸ. ਵਿਰਕ ਨੂੰ ਮਹਾਰਾਸ਼ਟਰ ਹਾਊਸ ਦਿੱਲੀ ਵਿਚੋਂ ਗ੍ਰਿਫਤਾਰ ਕਰਨਾ ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਦੀ ਕੜੀ ਦਾ ਹੀ ਹਿੱਸਾ ਸੀ। ਲੋਕਾਂ ਵਿਚ ਚਰਚਾ ਸੀ ਕਿ ਐਸ.ਐਸ. ਵਿਰਕ ਨੂੰ ਸਿਰਫ ਪ੍ਰੇਸ਼ਾਨ ਕਰਨ ਲਈ ਝੂਠਾ ਕੇਸ ਬਣਾਇਆ ਗਿਆ।

ਸੁਮੇਧ ਸੈਣੀ ਲਈ ਹੁਣ ਇੱਕ ਹੋਰ ਝਟਕਾ ਸਾਹਮਣੇ ਹੈ। ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਬਣੀ ਸਿੱਟ ਦੇ ਮੁੱਖ ਮੈਂਬਰ ਕੰਵਰ ਵਿਜੇ ਪ੍ਰਤਾਪ ਸਿੰਘ ਨੇ ਫਰੀਦਕੋਟ ਅਦਾਲਤ ਵਿਚ ਬਿਆਨ ਦਰਜ ਕਰਵਾਇਆ ਹੈ ਕਿ ਇਸ ਗੋਲੀ ਕਾਂਡ ਪਿੱਛੇ ਸੁਮੇਧ ਸੈਣੀ ਅਤੇ ਪਰਮਰਾਜ ਸਿੰਘ ਉਮਰਾਨੰਗਲ ਦੀ ਸਾਜ਼ਿਸ਼ ਸੀ ਅਤੇ ਇੰਸਪੈਕਟਰ ਪ੍ਰਦੀਪ ਸਿੰਘ ਇਸ ਦਾ ਵਾਅਦਾ ਮੁਆਫ ਗਵਾਹ ਬਣਨ ਲਈ ਰਾਜ਼ੀ ਹੋ ਗਿਆ ਹੈ। ਇਹ ਕੇਸ ਅੱਗੋਂ ਕੀ ਕਰਵਟ ਲਵੇਗਾ, ਸਮਾਂ ਹੀ ਦੱਸੇਗਾ।

ਅਸੀਂ ਸੁਮੇਧ ਸਿੰਘ ਸੈਣੀ ਅਤੇ ਅਜਿਹੇ ਹੋਰ ਪੁਲਿਸ ਅਫਸਰਾਂ ਦੀਆਂ ਜ਼ਾਲਮਾਨਾ ਅਤੇ ਗੈਰ ਕਾਨੂੰਨੀ ਕਾਰਵਾਈਆਂ ਨੂੰ ਬਿਲਕੁਲ ਪ੍ਰਵਾਨ ਨਹੀਂ ਕਰਦੇ ਲੇਕਿਨ ਅਸੀਂ ਇਹ ਜ਼ਰੂਰ ਪੜਚੋਲ ਕਰਨੀ ਚਾਹੁੰਦੇ ਹਾਂ ਕਿ ਇਨ੍ਹਾਂ ਕਾਰਵਾਈਆਂ ਦੀ ਜ਼ਰਖੇਜ਼ ਭੂਮੀ ਕਿਹੜੀ ਹੈ, ਉਸ ਨੂੰ ਦਰੁਸਤ ਕਰਨ ਦੀ ਲੋੜ ਹੈ।

ਹਕੀਕਤ ਇਹ ਹੈ ਕਿ ਪੰਜਾਬ ਪੁਲਿਸ ਵਿਚ ਉਸਾਰੂ ਢਾਂਚਾ ਵਿਕਸਿਤ ਹੀ ਨਹੀਂ ਕੀਤਾ ਗਿਆ। ਜੁਰਮ ਲਗਾਤਾਰ ਵਧ ਰਹੇ ਹਨ। ਇਨ੍ਹਾਂ ਦਾ ਮੁਕਾਬਲਾ ਕਰਨ ਲਈ ਪੁਲਿਸ ਵਿਚ ਉਪਰ ਤੋਂ ਲੈ ਕੇ ਹੇਠਾਂ ਤੱਕ ਸੁਧਾਰ ਕਰਨ ਅਤੇ ਅਮਲੇ ਨੂੰ ਤਿਆਰ ਕਰਨ ਦੀ ਲੋੜ ਹੈ। ਵੱਡੀ ਗਿਣਤੀ ਵਿਚ ਪੁਲਿਸ ਅਫਸਰ ਸਿਆਸੀ ਨੇਤਾਵਾਂ ਨਾਲ ਘਿਉ ਖਿਚੜੀ ਹਨ ਅਤੇ ਕੁਰੱਪਸ਼ਨ ਨਾਲ ਗਲ-ਗਲ ਤੱਕ ਲਿੱਬੜੇ ਹੋਏ ਹਨ। ਜੋ ਅਫਸਰ ਰਿਸ਼ਵਤਖੋਰ ਨਹੀਂ, ਉਹ ਦਿਨ-ਕਟੀ ਕਰ ਰਹੇ ਹਨ। ਥਾਂ-ਥਾਂ ਵੱਖ-ਵੱਖ ਮੁੱਦਿਆਂ 'ਤੇ ਹਿੰਸਾ ਵਧਣ ਦਾ ਮਾਹੌਲ ਬਣ ਰਿਹਾ ਹੈ ਜਿਸ ਦਾ ਮੁਕਾਬਲਾ ਕਰਨ ਲਈ ਪੰਜਾਬ ਪੁਲਿਸ ਦੀ ਪੇਸ਼ੇਵਰ ਪਹੁੰਚ ਨਹੀਂ ਹੈ। ਸਿਆਸੀ ਦਖਲਅੰਦਾਜ਼ੀ ਕਾਰਨ ਪੁਲਿਸ ਵਿਚ ਜੁਆਬਦੇਹੀ ਅਤੇ ਜਨਤਕ ਵਿਹਾਰ ਵਿਚ ਵਾਜਬੀਅਤ ਖਤਮ ਹੋ ਚੁੱਕੀ ਹੈ। ਬਹੁਤੇ ਪੁਲਿਸ ਮੁਲਾਜ਼ਮ/ਅਫਸਰ ਲੋਕਾਂ ਜਾਂ ਮੁਲਜ਼ਮਾਂ ਨਾਲ ਗੱਲਬਾਤ ਕਰਦਿਆਂ ਗੰਦੀਆਂ ਗਾਲਾਂ ਦੀ ਵਰਤੋਂ ਕਰਦੇ ਹਨ। ਮੈਂ ਔਰਤ ਪੁਲਿਸ ਮੁਲਾਜ਼ਮਾਂ ਵਲੋਂ ਕੁਝ ਲੋਕਾਂ ਨੂੰ ਮਰਦਾਂ ਵਾਂਗ ਗਾਲਾਂ ਕੱਢਦੇ ਵੀ ਸੁਣਿਆ ਹੈ। ਪੁਲਿਸ ਮੁਲਾਜ਼ਮਾਂ ਅਤੇ ਅਫਸਰਾਂ ਵਿਚ ਮੁਲਜ਼ਮ ਨੂੰ ਫੜਨ ਲਈ ਕੋਈ ਗੁਪਤ ਨੀਤੀ ਨਹੀਂ ਹੈ। ਜੁਰਮ ਹੋਣ ਤੋਂ ਬਾਅਦ ਪੁਲਿਸ ਅਫਸਰ ਆਪ ਹੀ ਇਹ ਜਨਤਕ ਕਰ ਦਿੰਦੇ ਹਨ ਕਿ ਉਹ ਕਿੱਥੇ-ਕਿੱਥੇ ਛਾਪਾ ਮਾਰਨ ਲਈ ਤਿਆਰੀ ਕਰ

***(ਬਾਕੀ ਅਗਲੇ ਸਫੇ 'ਤੇ)***

# ਫਸੇ ਹੋਣ ਦੇ ਬਾਵਜੂਦ ਬਾਦਲਾਂ ਲਈ ਭਾਜਪਾ ਨੂੰ ਛੱਡਣਾ ਔਖਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੀ ਰਾਜਨੀਤੀ ਇੱਕ ਨਵਾਂ ਮੋੜ ਕੱਟ ਗਈ ਹੈ। ਕੇਂਦਰ ਸਰਕਾਰ ਦੇ ਕਿਸਾਨੀ ਜਿਨਸਾਂ ਬਾਰੇ ਆਰਡੀਨੈਂਸਾਂ ਨੂੰ ਕਿਸਾਨਾਂ ਦੇ ਭਲੇ ਵਾਲੇ ਕਹਿੰਦੇ-ਕਹਿੰਦੇ ਬਾਦਲ ਅਕਾਲੀ ਦਲ ਦੇ ਆਗੂ ਇਹ ਮੰਨਣ ਲਈ ਮਜਬੂਰ ਹੋ ਗਏ ਕਿ ਇਨ੍ਹਾਂ ਨਾਲ ਕਿਸਾਨਾਂ ਦਾ ਭਲਾ ਨਹੀਂ ਹੋ ਸਕਦਾ ਅਤੇ ਇਸੇ ਲਈ ਉਨ੍ਹਾਂ ਨੇ ਕੇਂਦਰ ਸਰਕਾਰ ਵਿਚੋਂ ਹਰਸਿਮਰਤ ਕੌਰ ਬਾਦਲ ਦਾ ਅਸਤੀਫਾ ਦਿਵਾਉਣ ਦਾ ਫੈਸਲਾ ਲੈ ਲਿਆ। ਜਾਣਕਾਰ ਦੱਸਦੇ ਹਨ ਕਿ






ਕੁਰਸੀ ਦੇ ਮੋਹ ਕਾਰਨ ਬੀਬੀ ਹਰਸਿਮਰਤ ਕੌਰ ਅਜੇ ਵੀ ਗੱਦੀ ਨਹੀਂ ਸੀ ਛੱਡਣਾ ਚਾਹੁੰਦੀ, ਪਰ ਚੁਫੇਰਿਉਂ ਪਏ ਦਬਾਅ ਤੇ ਪਿੰਡ ਬਾਦਲ ਵਿਚ ਹਵੇਲੀ ਅੱਗੇ ਕਿਸਾਨਾਂ ਦਾ ਧਰਨਾ ਲੱਗਣ ਨੇ ਉਨ੍ਹਾਂ ਨੂੰ ਕੰਬਣ ਲਾ ਦਿੱਤਾ ਸੀ। ਪੁੱਤਰ ਅਤੇ ਨੂੰਹ ਦੇ ਦਬਾਅ ਹੇਠ ਇੱਕ ਵੀਡੀਓ ਜਾਰੀ ਕਰਨ ਤੇ ਕੇਂਦਰ ਦੇ ਬਿੱਲਾਂ ਨੂੰ ਕਿਸਾਨਾਂ ਦੇ ਭਲੇ ਵਾਲੇ ਦੱਸਣ ਵਾਲਾ ਬਾਪੂ ਬਾਦਲ ਪੰਜਾਬ ਤੋਂ ਖਿਸਕ ਕੇ ਹਰਿਆਣੇ ਵਿਚਲੇ ਬਾਲਾਸਰ ਵਾਲੇ ਫਾਰਮ ਉੱਤੇ ਜਾ ਬੈਠਾ ਤੇ ਆਮ ਅਕਾਲੀ ਆਗੂ ਲੋਕਾਂ ਵਿਚ ਜਾਣ ਤੋਂ ਪਾਸ ਵੱਟਣ ਲੱਗੇ ਸਨ। ਇਸ ਤਰ੍ਹਾਂ ਜਿਸ ਹਾਲਾਤ ਵਿਚ ਅਕਾਲੀ ਦਲ ਉਲਝ ਗਿਆ ਸੀ, ਉਸ ਕੋਲ ਅਸਤੀਫੇ ਤੋਂ ਸਿਵਾ ਕੋਈ ਹੋਰ ਰਾਹ ਵੀ ਨਹੀਂ ਬਚਦਾ, ਪਰ ਅਸਤੀਫਾ ਦੇਣ ਪਿੱਛੋਂ ਵੀ ਜੋ ਕੁਝ ਬਾਦਲ ਜੋੜੀ ਨੇ ਕਿਹਾ ਹੈ, ਉਹ ਸਾਫ ਨੀਅਤ ਵਾਲਾ ਨਹੀਂ ਜਾਪਦਾ।

ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ-ਦੋਹਾਂ ਨੇ ਫਿਰ ਕਿਹਾ ਹੈ ਕਿ ਬਿੱਲ ਤਾਂ ਕਿਸਾਨਾਂ ਦੇ ਹਿੱਤ ਵਾਲੇ ਹੀ ਸਨ, ਅਸੀਂ ਕਿਸਾਨਾਂ ਨੂੰ ਇਹ ਗੱਲ ਸਮਝਾ ਨਹੀਂ ਸਕੇ। ਦੂਜੀ ਗੱਲ ਇਹ ਕਿ ਉਨ੍ਹਾਂ ਨੇ ਕੇਂਦਰ ਸਰਕਾਰ ਛੱਡੀ ਹੈ, ਭਾਜਪਾ ਗੱਠਜੋੜ ਦੀ ਸਾਂਝ ਹਾਲੇ ਵੀ ਨਹੀਂ ਛੱਡੀ, ਤੇ ਸਮਝਿਆ ਜਾਂਦਾ ਹੈ ਕਿ ਛੱਡਣੀ ਵੀ ਉਨ੍ਹਾਂ ਲਈ ਸੌਖੀ ਨਹੀਂ। ਜੇ ਭਾਜਪਾ ਨੂੰ ਛੱਡ ਦੇਣ ਤਾਂ ਪੰਜਾਬ ਵਿਚ ਉਨ੍ਹਾਂ ਦੇ ਨਾਲ ਤੁਰਨ ਵਾਲਾ ਵੀ ਕੌਣ ਬਚਿਆ ਹੈ! ਇਸ ਲਈ ਉਹ ਸਾਂਝ ਰੱਖਣ ਦਾ ਯਤਨ ਕਰਨਗੇ। ਭਾਜਪਾ ਦੇ ਲੀਡਰਾਂ ਨੇ ਵੀ ਇਸ ਮਸਲੇ ਬਾਰੇ ਕੋਈ ਓਹਲਾ ਰੱਖਣ ਦੀ ਥਾਂ ਸਾਫ ਕਿਹਾ ਹੈ ਕਿ ਹਰਸਿਮਰਤ ਕੌਰ ਦਾ ਕੇਂਦਰ ਸਰਕਾਰ ਛੱਡਣਾ ਸਿਰਫ ਇੱਕ ਸਿਆਸੀ ਫੈਸਲਾ ਹੈ, ਉਂਜ ਉਹ ਭਾਜਪਾ ਗੱਠਜੋੜ ਦਾ ਹਿੱਸਾ ਹੀ ਹਨ। ਅਸਲ ਗੱਲ ਵੀ ਇਹੋ ਹੈ।

ਅਕਾਲੀ ਦਲ ਇਸ ਵੇਲੇ ਬੜੀ ਬੁਰੀ ਤਰ੍ਹਾਂ ਫਸ ਗਿਆ ਹੈ। ਉਸ ਦੀ ਮੁਸ਼ਕਿਲ ਰਾਜਸੀ ਖੇਤਰ ਵਿਚ ਇਨ੍ਹਾਂ ਕਿਸਾਨ ਵਿਰੋਧੀ ਬਿੱਲਾਂ ਨੇ ਸਿਖਰ ਤੱਕ ਪੁਚਾਈ ਪਈ ਹੈ ਤੇ ਧਾਰਮਿਕ ਖੇਤਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਗਾਇਬ ਹੋਣ ਦਾ ਮਾਮਲਾ ਉਨ੍ਹਾਂ ਲਈ ਸ਼ਰਮਿੰਦਗੀ ਦਾ ਕਾਰਨ ਬਣਿਆ ਪਿਆ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਜਿਨ੍ਹਾਂ ਸਿੰਘ ਸਾਹਿਬਾਨ ਨੂੰ ਸ਼੍ਰੋਮਣੀ ਕਮੇਟੀ ਨਿਯੁਕਤ ਕਰਦੀ ਹੈ, ਉਨ੍ਹਾਂ ਹੀ ਪੰਜਾਂ ਸਿੰਘ ਸਾਹਿਬਾਨ ਨੂੰ ਇਸ ਸ਼੍ਰੋਮਣੀ ਕਮੇਟੀ ਦੀ ਸਾਰੀ ਐਗਜ਼ੈਕਟਿਵ ਕਮੇਟੀ, ਜਿਸ ਨੂੰ ਅੰਤ੍ਰਿਮ ਕਮੇਟੀ ਕਿਹਾ ਜਾਂਦਾ ਹੈ, ਨੂੰ ਕਟਹਿਰੇ ਵਿਚ ਖੜਾ ਕਰਨਾ ਅਤੇ ਤਨਖਾਹ ਲਾਉਣੀ ਪਈ ਹੈ। ਇਸ ਕਾਰਵਾਈ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਭਾਸ਼ਾ ਗਰਮ, ਪਰ ਸਜ਼ਾ ਵਿਚ ਅਜੇ ਵੀ ਨਰਮੀ ਦੱਸਦੀ ਹੈ ਕਿ ਸਾਰਾ ਕੁਝ ਪਹਿਲਾਂ ਤੈਅ ਕੀਤਾ ਹੋਇਆ ਸੀ। ਇਸ ਦਾ ਕਾਰਨ ਇਹ ਸੀ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਗੁੰਮ ਹੋਣ ਦੇ ਮਾਮਲੇ ਦੀ ਜਾਂਚ ਵਿਚ ਜੋ ਕੁਝ ਬਾਹਰ ਆ ਚੁਕਾ ਸੀ, ਉਸ ਪਿੱਛੋਂ ਸ੍ਰੀ ਅਕਾਲ ਤਖਤ ਤੋਂ ਜਾਰੀ ਹੋਏ ਆਦੇਸ਼ ਦੇ ਮੁਤਾਬਕ ਮੁਢਲੇ ਤੌਰ 'ਤੇ ਖੁਦ ਕੀਤੇ ਗਏ ਫੈਸਲਿਆਂ ਤੋਂ ਵੀ ਸ਼੍ਰੋਮਣੀ ਕਮੇਟੀ ਵਾਲੇ ਲੀਡਰ ਭੱਜ ਖੜੋਤੇ ਸਨ ਤੇ ਇਸ ਦੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਦਫਤਰ ਅੱਗੇ ਵੀ ਧਰਨਾ ਲੱਗਾ ਪਿਆ ਸੀ। ਏਦਾਂ ਵਧਿਆ ਦਬਾਅ ਹੋਰ ਕਿਸੇ ਤਰ੍ਹਾਂ ਜਦੋਂ ਟਾਲਣਾ ਮੁਸ਼ਕਿਲ ਸੀ ਤਾਂ ਪਹਿਲਾਂ ਤੈਅ ਫਾਰਮੂਲੇ ਦੇ ਮੁਤਾਬਕ ਸਹਿੰਦੀ-ਸਹਿੰਦੀ ਤਨਖਾਹ ਲਾਉਣ ਦੀ ਕਾਰਵਾਈ ਸ੍ਰੀ ਅਕਾਲ ਤਖਤ ਦੇ ਜਥੇਦਾਰ ਤੋਂ ਕਰਵਾ ਕੇ ਡੰਗ ਸਾਰਨ ਦਾ ਯਤਨ ਕੀਤਾ ਗਿਆ ਹੈ।

ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਜਿਹੜੀ ਗੱਲ ਅਜੇ ਤੱਕ ਲੁਕੀ ਸੀ, ਉਸ ਬਾਰੇ ਗੁਰੂ ਗ੍ਰੰਥ ਸਾਹਿਬ ਛਾਪਣ ਦੀ ਸੇਵਾ ਤੋਂ ਵਿਹਲੇ ਹੋਏ ਕੰਵਲਜੀਤ ਸਿੰਘ ਨੇ ਇੱਕ ਦਿਨ ਪਹਿਲਾਂ ਇੱਕ ਵੀਡੀਓ ਜਾਰੀ ਕਰ ਕੇ ਜਾਹਰ ਕਰ ਦਿੱਤੀ ਤੇ ਕਈ ਵੱਡੇ ਲੋਕ ਫਸਾ ਦਿੱਤੇ ਸਨ। ਉਸ ਨੇ ਇਸ ਵੀਡੀਓ ਵਿਚ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਦੇ ਆਗੂਆਂ ਅਤੇ ਅਫਸਰਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਲਈ ਪਰਚੀਆਂ ਆਉਂਦੀਆਂ ਸਨ ਕਿ ਫਲਾਣੇ ਨੂੰ ਦੇ ਦਿਓ ਤੇ ਰਿਕਾਰਡ ਵਿਚ ਦਰਜ ਨਹੀਂ ਕਰਨੇ। ਉਸ ਨੇ ਕਿਹਾ ਕਿ ਏਦਾਂ ਦੀ ਅਣ-ਅਧਿਕਾਰਤ ਕੱਚੀਆਂ ਪਰਚੀਆਂ ਉਸ ਨੇ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਸ ਵੀਡੀਓ ਨਾਲ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਵਿਚ ਭਾਜੜ ਪੈ ਗਈ ਕਿ ਪਰਚੀਆਂ ਜਿਨ੍ਹਾਂ ਨੇ ਭੇਜੀਆਂ ਸਨ, ਜਦੋਂ ਫਸਣ ਲੱਗੇ ਤਾਂ ਕੰਵਲਜੀਤ ਸਿੰਘ ਵਾਂਗ ਉਨ੍ਹਾਂ ਲੋਕਾਂ ਨੇ ਵੀ ਅੱਗੋਂ ਅਕਾਲੀ ਦਲ ਦੀ ਲੀਡਰਸ਼ਿਪ ਵੱਲ ਉਂਗਲਾਂ ਕਰ ਦੇਣੀਆਂ ਸਨ।

ਇਸ ਦੌਰਾਨ ਇੱਕ ਤੀਸਰੇ, ਪਰ ਇਨ੍ਹਾਂ ਸਾਰਿਆਂ ਤੋਂ ਪਹਿਲਾਂ ਦੇ ਮਾਮਲੇ ਨੇ ਵੀ ਅਕਾਲੀ ਦਲ ਲਈ ਫਿਕਰੰਦੀ ਦਾ ਨਵਾਂ ਮੁੱਦਾ ਪੇਸ਼ ਕਰ ਦਿੱਤਾ ਹੈ। ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਇਸ ਟੀਮ ਦੇ ਸੀਨੀਅਰ ਅਧਿਕਾਰੀ ਨੇ ਅਦਾਲਤ ਵਿਚ ਇਹ ਗੱਲ ਕਹਿ ਦਿੱਤੀ ਹੈ ਕਿ ਗੋਲੀ ਕਾਂਡ ਦੀ ਸਾਜਿਸ਼ ਉਸ ਵੇਲੇ ਦੇ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਨੇ ਰਚੀ ਸੀ ਤੇ ਇਸ ਵਿਚ ਇੱਕ ਵੱਡੇ ਸਿਆਸੀ ਆਗੂ ਦਾ ਨਾਂ ਵੀ ਆਉਂਦਾ ਹੈ। ਉਹ ਵੱਡਾ ਸਿਆਸੀ ਆਗੂ ਕੌਣ ਹੈ, ਮੂੰਹੋਂ ਭਾਵੇਂ ਕੋਈ ਨਹੀਂ ਬੋਲਦਾ, ਪਰ ਸਭ ਨੂੰ ਪਤਾ ਹੈ ਕਿ ਉਦੋਂ ਪੰਜਾਬ ਦੀ ਸਰਕਾਰ ਅਤੇ ਪੁਲਿਸ ਕਿਹੜੇ ਵੱਡੇ ਸਿਆਸੀ ਆਗੂ ਦੇ ਇਸ਼ਾਰੇ ਉੱਤੇ ਚਲਦੀ ਹੁੰਦੀ ਸੀ। ਅਦਾਲਤ ਵਿਚ ਵਿਸ਼ੇਸ਼ ਜਾਚ ਟੀਮ ਦੇ ਡਿਪਟੀ ਚੀਫ ਵੱਲੋਂ ਕਹੀ ਇਸ ਗੱਲ ਪਿਛੋਂ ਇਹ ਸਮਝਿਆ ਜਾ ਰਿਹਾ ਹੈ ਕਿ ਜਾਂਚ ਟੀਮ ਉਸ ਵੱਡੇ ਲੀਡਰ ਨੂੰ ਕਿਸੇ ਵਕਤ ਵੀ ਇਸ ਕੇਸ ਵਿਚ ਸੱਦ ਕੇ ਬਿਆਨ ਲੈਣ ਨੂੰ ਕਹਿ ਸਕਦੀ ਹੈ ਜਾਂ ਫਿਰ ਅਦਾਲਤ ਤੋਂ ਉਸ ਨੂੰ ਫੜਨ ਲਈ ਵਾਰੰਟ ਲੈਣ ਲਈ ਅਰਜ਼ੀ ਪੇਸ਼ ਕਰ ਸਕਦੀ ਹੈ। ਪਿਛਲਾ ਤਜਰਬਾ ਇਹੋ ਦੱਸਦਾ ਹੈ ਕਿ ਏਦਾਂ ਦੀ ਅਰਜ਼ੀ ਉੱਤੇ ਅਦਾਲਤ ਨੂੰ ਵੀ ਕੋਈ ਬਹੁਤਾ ਇਤਰਾਜ਼ ਨਹੀਂ ਹੋਣਾ ਅਤੇ ਉਸ ਹਾਲਤ ਵਿਚ ਅਕਾਲੀ ਲੀਡਰਸ਼ਿਪ ਹੋਰ ਵੀ ਫਸ ਜਾਵੇਗੀ।

ਏਦਾਂ ਦੇ ਹਾਲਾਤ ਵਿਚ ਪੰਜਾਬ ਦੀ ਇੱਕ ਵੀ ਸਿਆਸੀ ਧਿਰ ਅਕਾਲੀ ਦਲ ਦੇ ਨਾਲ ਖੜੋਣ ਵਾਲੀ ਨਹੀਂ ਲੱਭਦੀ ਤੇ ਇੱਕੋ ਆਸਰਾ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਚਲਾ ਰਹੇ ਪ੍ਰਧਾਨ ਮੰਤਰੀ ਵੱਲੋਂ ਬਚਦਾ ਹੈ। ਭਾਜਪਾ ਲੀਡਰਸ਼ਿਪ ਅਜੇ ਤੱਕ ਇਸ ਸਾਰੇ ਕੇਸ ਤੋਂ ਨਿਰਲੇਪ ਬੈਠੀ ਜਾਪਦੀ ਹੈ, ਪਰ ਅੰਦਰੋਂ ਸਿਰਸੇ ਡੇਰੇ ਦੇ ਮੁਖੀ ਨਾਲ ਸਾਂਝ ਪਾਲਣ ਅਤੇ ਬਹੁਤੇ ਫਸਦੇ ਵੇਖ ਕੇ ਅਕਾਲੀਆਂ ਤੋਂ ਤਰਲੇ ਕਢਾਉਣ ਪਿੱਛੋਂ ਉਨ੍ਹਾਂ ਦੀ ਮਦਦ ਕਰਨ ਲਈ ਆ ਸਕਦੀ ਹੈ। ਅੱਜ ਨਹੀਂ ਤਾਂ ਕੱਲ੍ਹ-ਕਲੋਤਰ ਨੂੰ ਅਕਾਲੀ ਲੀਡਰਸ਼ਿਪ ਨੂੰ ਇਹ ਲੋੜ ਪੈ ਸਕਦੀ ਹੈ, ਜਿਸ ਦਾ ਖਿਆਲ ਕਰ ਕੇ ਅਕਾਲੀ ਲੀਡਰਸ਼ਿਪ ਨੇ ਇਸ ਵੇਲੇ ਕੇਂਦਰ ਦੀ ਸਰਕਾਰ ਬੇਸ਼ੱਕ ਛੱਡ ਦਿੱਤੀ ਹੈ, ਭਾਜਪਾ ਗੱਠਜੋੜ ਛੱਡਣ ਦਾ ਫੈਸਲੇ ਲੈਣੋਂ ਤ੍ਰਹਿਕਦੀ ਹੈ। ਪਾਰਟੀ ਦੇ ਅੰਦਰੋਂ ਲੀਡਰਸ਼ਿਪ ਉੱਤੇ ਦਬਾਅ ਵਧ ਰਿਹਾ ਹੈ ਕਿ ਭਾਜਪਾ ਗੱਠਜੋੜ ਛੱਡ ਦੇਣਾ ਬਿਹਤਰ ਹੈ, ਪਰ ਤਿੰਨਾਂ ਲੀਡਰਾਂ ਦੀ ਹਾਈ ਕਮਾਨ ਗਿਣਿਆ ਜਾਂਦਾ ਬਾਦਲ ਪਰਿਵਾਰ ਇਸ ਬਾਰੇ ਸੋਚਦਾ ਜਾਪਦਾ ਹੈ ਕਿ ਜੇ ਮੋਦੀ ਦੀ ਮਿਹਰ ਨਾ ਰਹੀ ਤਾਂ ਉਨ੍ਹਾਂ ਦਾ ਬਣੇਗਾ ਕੀ? ਇਸ ਕਰ ਕੇ ਬਹੁਤੀ ਸੰਭਾਵਨਾ ਇਹੋ ਹੈ ਕਿ ਵਕਤੀ ਤੌਰ ਉੱਤੇ ਅਕਾਲੀ ਲੀਡਰਸ਼ਿਪ ਬੇਸ਼ਕ ਭਾਜਪਾ ਨੂੰ 'ਮੈਚ ਫਿਕਸਿੰਗ' ਕਰ ਕੇ ਲੋੜ ਜੋਗਾ ਭੰਡਦੀ ਵੀ ਰਹੇ, ਅਮਲ ਵਿਚ ਉਸ ਦਾ ਪੱਲਾ ਨਹੀਂ ਛੱਡਣ ਲੱਗੀ।

# ਸੁਮੇਧ ਸੈਣੀ ਵਰਤਾਰਾ, ਮੁਲਤਾਨੀ ਕੇਸ ਅਤੇ ਬਦੀ ਦੀਆਂ ਜੜ੍ਹਾਂ ਦੀ ਤਲਾਸ਼

*(ਪਿਛਲੇ ਸਫੇ ਦੀ ਬਾਕੀ)*

ਰਹੇ ਹਨ ਤੇ ਪੁਲਿਸ ਟੀਮਾਂ ਕਿੱਧਰ-ਕਿੱਧਰ ਜਾ ਰਹੀਆਂ ਹਨ। ਇਸ ਨਾਲ ਦੋਸ਼ੀ ਆਸਾਨੀ ਨਾਲ ਬਚ ਜਾਂਦੇ ਹਨ।

ਪੁਲਿਸ ਅਫਸਰਾਂ ਵਲੋਂ ਸਿਆਸੀ ਨੇਤਾਵਾਂ ਨੂੰ ਕਿਵੇਂ ਮਹੀਨਾ ਭਰਿਆ ਜਾਂਦਾ ਹੈ ਅਤੇ ਥਾਣੇ ਕਿਵੇਂ ਨਿਲਾਮ ਹੁੰਦੇ ਹਨ, ਇਹ ਚਰਚਾ ਵੀ ਲੋਕਾਂ ਵਿਚ ਚੱਲਦੀ ਰਹਿੰਦੀ ਹੈ। ਕੁਝ ਸਮਾਂ ਪਹਿਲਾਂ ਚੰਡੀਗੜ੍ਹ ਤੋਂ ਛਪਦੇ ਇਕ ਪੰਜਾਬੀ ਅਖਬਾਰ ਨੇ ਇਹ ਖਬਰ ਛਾਪੀ ਸੀ ਕਿ ਕਿਵੇਂ ਥਾਣੇ ਤੋਂ ਪੈਸੇ ਇਕੱਠੇ ਹੋ ਕੇ ਉਚ ਪੁਲਿਸ ਅਫਸਰਾਂ ਤੱਕ ਪਹੁੰਚਦੇ ਹਨ। ਕਿਸੇ ਵੀ ਪੁਲਿਸ ਅਫਸਰ ਨੇ ਉਸ ਖਬਰ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਸੀ ਦਿਖਾਈ।

ਪੰਜਾਬ ਪੁਲਿਸ ਅਦਾਲਤ ਤੋਂ ਪਹਿਲਾਂ ਜਾਂਚ ਕੇਸਾਂ ਵਿਚ ਪੇਸ਼ੇਵਰ ਵਿਹਾਰ ਤੋਂ ਬਿਲਕੁਲ ਕੋਰੀ ਹੈ। ਸਿਆਸੀ ਨੇਤਾਵਾਂ ਨੇ ਪੁਲਿਸ ਨੂੰ ਇੰਨੀ ਕਠਪੁਤਲੀ ਬਣਾ ਲਿਆ ਹੈ ਕਿ ਵੱਡੇ ਤੋਂ ਵੱਡਾ ਜੁਰਮ ਵੀ ਹੋ ਜਾਵੇ ਤਾਂ ਇਹ ਰਾਜ ਕਰਦੀ ਪਾਰਟੀ ਦੇ ਵਿਧਾਇਕ ਜਾਂ ਹਲਕਾ ਇੰਚਾਰਜ ਦੀ ਇੱਛਾ ਅਨੁਸਾਰ ਕਾਰਵਾਈ ਕਰਦੀ ਹੈ। ਜਨਤਾ ਦੀ ਗੱਲ ਹੌਸਲੇ ਨਾਲ ਸੁਣਨਾ ਅਤੇ ਸੱਚ 'ਤੇ ਖੜ੍ਹ ਕੇ ਠੀਕ ਕਾਰਵਾਈ ਕਰਨਾ ਪੰਜਾਬ ਪੁਲਿਸ ਦੇ ਹਿੱਸੇ ਨਹੀਂ ਹੈ। ਜੋ ਮੁਲਾਜ਼ਮ ਕਾਨੂੰਨ ਮੁਤਾਬਕ ਠੀਕ ਕਾਰਵਾਈ ਕਰਦੇ ਹਨ, ਉਨ੍ਹਾਂ ਨੂੰ ਇਸ ਦਾ ਮੁੱਲ ਤਾਰਨਾ ਪੈਂਦਾ ਹੈ। ਇਨ੍ਹਾਂ ਸਾਰੀਆਂ ਬਿਮਾਰੀਆਂ ਦੀ ਜੜ੍ਹ ਸਿਆਸੀ ਦਖਲਅੰਦਾਜ਼ੀ ਹੈ। ਇਸੇ ਕਰ ਕੇ ਰਿਸ਼ਵਤਖੋਰੀ ਵਧ ਰਹੀ ਹੈ। ਪੈਸੇ ਦੇ ਲਾਲਚ ਵਿਚ ਸਿਆਸੀ ਨੇਤਾਵਾਂ, ਉਚ ਪੁਲਿਸ ਅਫਸਰਾਂ ਤੇ ਵੱਖ-ਵੱਖ ਤਰ੍ਹਾਂ ਦੇ ਤਸਕਰਾਂ, ਬਲੈਕ ਮਾਰਕੀਟੀਆਂ, ਵੱਖ-ਵੱਖ ਤਰ੍ਹਾਂ ਦਾ ਮਾਫੀਆ ਦਾ ਗਠਜੋੜ ਬਣਿਆ ਰਹਿੰਦਾ ਹੈ। ਇਹੋ ਜਿਹੇ ਵਾਤਾਵਰਨ ਵਿਚੋਂ ਹੀ ਫਿਰ ਲੋਕਾਂ ਨਾਲ ਧੱਕੇਸ਼ਾਹੀ ਕਰਨ ਵਾਲੇ ਅਤੇ ਜਾਬਰ ਰੁਚੀ ਵਾਲੇ ਅਫਸਰ ਪੈਦਾ ਹੁੰਦੇ ਹਨ।

ਫਿਰ ਵੀ ਸਵਾਲਾਂ ਦਾ ਸਵਾਲ ਤਾਂ ਇਹੀ ਰਹੇਗਾ ਕਿ ਸੁਮੇਧ ਸੈਣੀ ਨੂੰ ਪਿਆ ਘੇਰਾ ਜਿਵੇਂ ਦਿਨੋ-ਦਿਨ ਤੰਗ ਹੋ ਰਿਹਾ ਹੈ, ਸੰਭਵ ਹੈ ਕਿ ਆਖਿਰ 'ਬਦੀ' ਨੂੰ ਪਿੰਜਰੇ ਵਿਚ ਪਾ ਹੀ ਲਿਆ ਜਾਵੇ ਪਰ ਕੀ ਇਸ ਨਾਲ ਸਚੁਮੱਚ ਹੀ ਬਦੀ ਖਤਮ ਹੋ ਜਾਵੇਗੀ। ਜੋ ਰਾਜਸੀ ਨਿਜ਼ਾਮ ਸੈਣੀ ਵਰਗੇ ਲੋਕਾਂ ਨੂੰ ਜਨਮ ਦਿੰਦਾ ਹੈ, ਉਸ ਨੂੰ ਕੌਣ ਬਦਲੇਗਾ? ਪੰਜਾਬ ਵਿਚ ਦਹਿਸ਼ਤੀ ਦੌਰ ਦੌਰਾਨ ਸੈਣੀ ਦਾ ਗੌਡਫਾਦਰ ਜੱਗ ਜਾਣਦਾ ਹੈ ਕਿ ਕੇ.ਪੀ.ਐਸ. ਗਿੱਲ ਸੀ ਪਰ ਦਹਿਸ਼ਤ ਦੇ ਖਾਤਮੇ ਪਿਛੋਂ ਅਖੌਤੀ ਪੰਥਕ ਸਰਕਾਰ ਨੇ ਉਸ ਨੂੰ ਆਪਣਾ ਲਾਡਲਾ ਕਿਉਂ ਬਣਾਇਆ? ਇਸ ਦਾ ਜਵਾਬ ਕਿਹੜੀ ਅਦਾਲਤ ਦੇਵੇਗੀ? ਬੇਸ਼ਕ ਕੇ.ਪੀ.ਐਸ. ਗਿੱਲ ਦੀਆਂ ਗੈਰ ਕਾਨੂੰਨੀ ਤੇ ਜ਼ਾਲਮਾਨਾ ਕਾਰਵਾਈਆਂ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਪਰ 90ਵਿਆਂ ਦੇ ਅਖੀਰ ਵਿਚ ਬਾਦਲਾਂ ਦੀ ਸਰਕਾਰ ਬਣਦਿਆਂ ਹੀ ਕੇ.ਪੀ.ਐਸ. ਗਿੱਲ ਨੇ 'ਨਾਈਟਸ ਆਫ ਫਾਲਸਹੁੱਡ' (ਝੂਠ ਦੇ ਸ਼ਹਿਨਸ਼ਾਹ) ਸਿਰਲੇਖ ਹੇਠ ਆਪਣੀ ਕਿਤਾਬ ਲਿਖ ਕੇ ਉਨ੍ਹਾਂ ਦੀ ਦੋਹਰੀ ਰਾਜਨੀਤੀ ਨੂੰ ਨੰਗਿਆਂ, ਜਿਹੜੇ ਦੋਸ਼ ਲਗਾ ਕੇ ਕੀਤਾ ਸੀ, ਉਨ੍ਹਾਂ ਵਿਚੋਂ ਕਿਸੇ ਇੱਕ ਦਾ ਜਵਾਬ ਵੀ ਕਦੇ ਇਨ੍ਹਾਂ ਜਾਂ ਇਨ੍ਹਾਂ ਦੇ ਪੈਰੋਕਾਰਾਂ ਵਲੋਂ ਕਦੇ ਦਿੱਤਾ ਜਾਵੇਗਾ? ਆਪਣੀ ਕਿਤਾਬ ਵਿਚ ਉਹ ਸ਼ਰੇਆਮ ਕਹਿ ਰਿਹਾ ਹੈ ਕਿ ਬਾਦਲ ਹੋਰੀਂ ਦਿਨਾਂ ਨੂੰ ਖਾੜਕੂਆਂ ਦੇ ਭੋਗਾਂ 'ਤੇ ਜਾ ਕੇ ਅਤਿਵਾਦ ਨੂੰ ਹਵਾ ਦਿੰਦੇ ਸਨ ਅਤੇ ਰਾਤਾਂ ਨੂੰ ਅਕਸਰ ਹੀ ਉਸ ਦੇ ਘਰੇ ਆ ਕੇ ਹਾੜ੍ਹੇ ਕੱਢਦੇ ਸਨ ਕਿ ਇਸ ਅੱਗ ਨੂੰ ਜਿਵੇਂ ਵੀ ਬੁਝਦੀ ਹੈ, ਬੁਝਾਉ।

ਸਿਆਸੀ ਅਤੇ ਪੁਲਿਸ ਅਫਸਰਾਂ ਦਾ ਗਠਜੋੜ ਲੋਕਾਂ ਨੂੰ ਇਨਸਾਫ ਲੈਣ ਦੇ ਰਾਹ ਵਿਚ ਵੱਡੀ ਰੁਕਾਵਟ ਹੈ। 2007 ਵਿਚ ਬਾਦਲ ਸਰਕਾਰ ਆਉਣ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਨੇ ਇਹ ਐਲਾਨ ਕੀਤਾ ਸੀ ਕਿ ਜੇ ਉਸ ਦੀ ਸਰਕਾਰ ਬਣੀ ਤਾਂ ਉਹ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਕਰਵਾਉਣਗੇ ਅਤੇ ਦੋਸ਼ੀ ਪੁਲਿਸ ਅਫਸਰਾਂ ਨੂੰ ਸਜ਼ਾ ਦਿਵਾਉਣਗੇ। ਸਰਕਾਰ ਬਣਦਿਆਂ ਹੀ ਉਨ੍ਹਾਂ ਸੀਨੀਅਰ ਪੁਲਿਸ ਅਫਸਰ ਬੀ.ਪੀ. ਪਾਂਡੇ ਦੀ ਅਗਵਾਈ ਵਿਚ ਜਾਂਚ ਕਮੇਟੀ ਬਣਾ ਦਿੱਤੀ। ਉਨ੍ਹਾਂ ਦਿਨਾਂ ਵਿਚ ਜਲੰਧਰ ਵਿਚ ਕਿਸੇ ਥਾਂ 'ਤੇ ਉਚ ਪੁਲਿਸ ਅਫਸਰਾਂ ਨੇ ਬਾਦਲ ਨਾਲ ਮੀਟਿੰਗ ਕਰ ਕੇ ਇਸ ਜਾਂਚ ਦਾ ਕਰੜਾ ਵਿਰੋਧ ਕੀਤਾ। ਪਾਂਡੇ ਨੇ ਜੋ ਜਾਂਚ ਰਿਪੋਰਟ ਦਿੱਤੀ, ਉਹ ਅੱਜ ਤੱਕ ਸਾਹਮਣੇ ਨਹੀਂ ਆਈ। ਬਾਦਲ ਨੇ ਇੰਝ ਪੁਲਿਸ ਅਫਸਰਾਂ ਨਾਲ ਗਠਜੋੜ ਧਰਮ ਨਿਭਾਇਆ।

ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਸੁਮੇਧ ਸੈਣੀ ਨਾਲ ਕੀ ਬੀਤਦੀ ਹੈ। ਪੰਜਾਬ ਸਰਕਾਰ ਅਤੇ ਉਚ ਪੁਲਿਸ ਅਫਸਰ ਸਾਹਮਣੇ ਆਉਂਦੀਆਂ ਖਾਮੀਆਂ ਤੋਂ ਸਬਕ ਸਿੱਖ ਕੇ ਪੁਲਿਸ ਵਿਚ ਕੋਈ ਸੁਧਾਰ ਕਰਦੇ ਹਨ ਕਿ ਨਹੀਂ; ਪੰਜਾਬ ਪੁਲਿਸ ਨੂੰ ਸਿਆਸੀ ਚੁੰਗਲ ਵਿਚੋਂ ਆਜ਼ਾਦ ਕੀਤਾ ਜਾਵੇਗਾ ਕਿ ਨਹੀਂ?

ਮੇਰਾ ਵਿਚਾਰ ਹੈ ਕਿ ਜੁਰਮ ਕੋਈ ਵੀ ਹੋਵੇ, ਪੀੜਤ ਨੂੰ ਇਨਸਾਫ ਅਤੇ ਦੋਸ਼ੀ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਉਹ ਵੀ ਜਲਦੀ। ਇਨਸਾਫ ਹਰ ਨਾਗਰਿਕ ਦਾ ਅਧਿਕਾਰ ਹੈ, ਇਸ 'ਤੇ ਕਿਸੇ ਵੀ ਵਿੰਗੇ ਟੇਢੇ ਢੰਗ ਨਾਲ ਛਾਪਾ ਨਹੀਂ ਮਾਰਨਾ ਚਾਹੀਦਾ। ਜਲਦੀ ਇਨਸਾਫ ਲਈ ਸਰਕਾਰ ਨੂੰ ਅਦਾਲਤੀ ਸਿਸਟਮ ਵਿਚ ਜੋ ਘਾਟਾਂ ਹਨ, ਉਹ ਵੀ ਦੂਰ ਕਰਨੀਆਂ ਚਾਹੀਦੀਆਂ ਹਨ। ਮੁਲਤਾਨੀ ਕੇਸ 29 ਸਾਲ ਪੁਰਾਣਾ ਹੈ, ਦੇਖਦੇ ਹਾਂ, ਇਸ ਦੀ ਪ੍ਰਗਤੀ ਕਿਸ ਪਾਸੇ ਜਾਂਦੀ ਹੈ।

> ***ਸੁਮੇਧ ਸਿੰਘ ਸੈਣੀ ਦੀ ਅੰਤਿਮ ਜ਼ਮਾਨਤ ਪਹਿਲੀ ਸਤੰਬਰ ਤੱਕ ਹੀ ਸੀ, ਉਹ ਇਸ ਤੋਂ ਪਹਿਲਾਂ ਹੀ ਰੂਪੋਸ਼ ਹੋ ਗਿਆ।...ਇਸ ਤੋਂ ਬਾਅਦ ਸੁਪਰੀਮ ਕੋਰਟ ਵਿਚ ਅਪੀਲ ਕਰਨ 'ਤੇ ਅਦਾਲਤ ਨੇ ਉਸ ਦੀ ਗ੍ਰਿਫਤਾਰੀ 'ਤੇ ਆਰਜ਼ੀ ਤੌਰ 'ਤੇ ਰੋਕ ਲਗਾ ਦਿੱਤੀ ਅਤੇ ਪੰਜਾਬ ਸਰਕਾਰ ਨੂੰ ਆਪਣਾ ਪੱਖ ਰੱਖਣ ਲਈ 14 ਦਿਨ ਦਾ ਸਮਾਂ ਦਿੱਤਾ ਹੈ। ਪੁਲਿਸ ਉਸ ਨੂੰ ਗ੍ਰਿਫਤਾਰ ਕਰ ਕੇ ਹੋਰ ਜਾਂਚ ਤੋਂ ਇਲਾਵਾ ਇਹ ਪਤਾ ਕਰਨਾ ਚਾਹੁੰਦੀ ਹੈ ਕਿ ਬਲਵੰਤ ਸਿੰਘ ਮੁਲਤਾਨੀ ਦੀ ਲਾਸ਼ ਕਿੱਥੇ ਖੁਰਦ ਬੁਰਦ ਕੀਤੀ ਗਈ।***

# ਪੰਜਾਬ ਦਾ ਸੁਪਨਦਰਸ਼ੀ ਮੁੱਖ ਮੰਤਰੀ-ਪ੍ਰਤਾਪ ਸਿੰਘ ਕੈਰੋਂ

*(ਸਫਾ 13 ਦੀ ਬਾਕੀ)*

ਕੈਰੋਂ ਦੀ ਸ਼ਕਤੀ ਦਾ ਆਧਾਰ ਜਵਾਹਰਲਾਲ ਨਹਿਰੂ ਸੀ ਅਤੇ ਦੋਹੇਂ ਮੁਲਕ ਲਈ ਸੁਨਹਿਰੀ ਭਵਿੱਖ ਦਾ ਸੁਪਨਾ ਵੇਖਦੇ ਸਨ। ਆਖਰ ਦਾਸ ਕਮਿਸ਼ਨ ਬੈਠਾ ਤਾਂ ਕੈਰੋਂ 'ਤੇ ਇਹ ਮਾਮੂਲੀ ਦੋਸ਼ ਸਾਬਿਤ ਕਰ ਸਕਿਆ ਕਿ ਉਹ ਸ਼ੂਗਰ ਦਾ ਮਰੀਜ਼ ਹੋਣ ਕਾਰਨ 1956 ਦੇ ਚੋਣ ਦੌਰਿਆਂ ਦੌਰਾਨ ਅਸਿਸਟੈਂਟ ਸਰਜਨ ਡਾ. ਢਿੱਲੋਂ ਨੂੰ ਆਪਣੇ ਨਾਲ ਰੱਖਦਾ ਸੀ ਜਿਸ ਨੇ ਆਪਣੇ ਦਫਤਰੋਂ ਛੁੱਟੀ ਨਹੀਂ ਸੀ ਲਈ। 27 ਮਈ 1964 ਦੇ ਦਿਨ ਪੰਡਤ ਨਹਿਰੂ ਦੀ ਮੌਤ ਹੋ ਗਈ। 21 ਜੂਨ 1964 ਨੂੰ ਕੈਰੋਂ ਨੇ ਅਸਤੀਫਾ ਦੇ ਦਿੱਤਾ। ਲਾਲ ਬਹਾਦਰ ਸ਼ਾਸਤਰੀ ਨਵਾਂ ਪ੍ਰਧਾਨ ਮੰਤਰੀ ਬਣ ਗਿਆ। ਉਸ ਨੂੰ ਮਿਲ ਕੇ 6 ਫਰਵਰੀ 1965 ਨੂੰ ਜਦ ਕੈਰੋਂ ਦਿੱਲੀ ਤੋਂ ਚੰਡੀਗੜ੍ਹ ਵਾਪਸ ਆ ਰਿਹਾ ਸੀ ਤਾਂ ਜੀ.ਟੀ.ਰੋਡ 'ਤੇ ਸੋਨੀਪਤ ਜ਼ਿਲ੍ਹੇ ਦੇ ਪਿੰਡ ਰਸੋਈ ਨੇੜੇ ਘਾਤ ਲਾ ਕੇ ਬੈਠੇ ਚਾਰ ਕਾਤਲਾਂ ਨੇ ਉਸ ਨੂੰ ਗੋਲੀਆਂ ਨਾਲ ਹਲਾਕ ਕਰ ਦਿੱਤਾ। ਚਾਰੇ ਹਮਲਾਵਰ ਫੜੇ ਗਏ। ਸਾਰੀ ਜਾਂਚ ਮਗਰੋਂ ਸਰਕਾਰ ਇਸ ਸਿੱਟੇ 'ਤੇ ਹੀ ਪੁੱਜੀ ਕਿ ਪ੍ਰਤਾਪ ਸਿੰਘ ਕੈਰੋਂ ਦਾ ਕਤਲ ਵਿਅਕਤੀਗਤ ਰੰਜਿਸ਼ ਦਾ ਨਤੀਜਾ ਸੀ, ਭਾਵੇਂ ਜੀਵਨੀ ਵਿਚ ਲੇਖਕ ਸ਼ੱਕ ਕਰਦਾ ਹੈ ਕਿ ਕੈਰੋਂ ਨੂੰ ਕਤਲ ਕਰਵਾਉਣ ਪਿੱਛੇ ਉਸ ਦੇ ਵਿਰੋਧੀ ਕਾਂਗਰਸੀ ਸਿਆਸੀ ਆਗੂ ਦਾ ਹੱਥ ਹੋਣ ਦੀ ਸੰਭਾਵਨਾ ਨੂੰ ਟਾਲਿਆ ਨਹੀਂ ਜਾ ਸਕਦਾ। ਇਸ ਸ਼ੱਕ ਦਾ ਮੁੱਖ ਆਧਾਰ ਇਹ ਹੈ ਕਿ ਜਿੱਥੇ ਕੈਰੋਂ ਦੇ ਚਾਰ ਕਾਤਲਾਂ 'ਚੋਂ ਤਿੰਨਾਂ ਨੂੰ ਫਾਹੇ ਲਾ ਦਿੱਤਾ ਗਿਆ ਸੀ, ਚੌਥੇ ਕਾਤਲ ਦਯਾ ਸਿੰਘ ਨੂੰ ਉਸ ਸਿਆਸੀ ਆਗੂ ਦੇ ਕੇਂਦਰ ਵਿਚ ਸੱਤਾ ਵਿਚ ਆਉਣ 'ਤੇ ਰਿਹਾ ਕਰ ਦਿੱਤਾ ਗਿਆ ਸੀ।

ਕਿਤਾਬ ਬਹੁਤ ਸਾਦੀ ਸ਼ੈਲੀ ਵਿਚ ਲਿਖੀ ਗਈ ਹੈ। ਵਾਰਤਕ ਵਿਚ ਰਵਾਨੀ ਹੈ। ਪੰਜਾਬ ਦੇ ਇਤਿਹਾਸ ਵਿਚ ਰੁਚੀ ਰੱਖਣ ਵਾਲੇ ਹਰ ਪਾਠਕ ਨੂੰ ਇਹ ਕਿਤਾਬ ਪੜ੍ਹਨੀ ਚਾਹੀਦੀ ਹੈ। ਪੰਜਾਬ ਦੇ ਪਾਠਕਾਂ ਦੇ ਵਡੇਰੇ ਦਾਇਰੇ ਵਿਚ ਪਹੁੰਚਾਉਣ ਲਈ ਇਸ ਕਿਤਾਬ ਦਾ ਪੰਜਾਬੀ ਅਨੁਵਾਦ ਵੀ ਹੋਣਾ ਚਾਹੀਦਾ ਹੈ।

# ਪਿਆਰ ਦਾ ਪੈਗਾਮ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸ਼ਗਨਾਂ ਦੇ ਸ਼ਗਨ ਮਨਾਉਂਦਿਆਂ ਕਿਹਾ ਸੀ, "ਜਿਉਣਾ ਹੀ ਸ਼ਗਨ ਹੈ ਤਾਂ ਸ਼ਗਨ ਮਨਾਉਣ ਤੋਂ ਕਾਹਦੀ ਕੁਤਾਹੀ! ਦਰਅਸਲ ਸ਼ਗਨ ਮਨ ਵਿਚ ਹੋਵੇ ਤਾਂ ਮੌਸਮ, ਰੁੱਤਾਂ, ਤਿੱਥਾਂ ਜਾਂ ਦਿਨ-ਦਿਹਾਰ ਦੇ ਕੋਈ ਅਰਥ ਨਹੀਂ ਹੁੰਦੇ। ਹਰ ਦਿਨ ਹੀ ਸ਼ਗਨਾਂ ਭਰੀ ਚੰਗੇਰ ਬਣ ਬਰੂਹਾਂ ਟੱਪਦਾ ਅਤੇ ਥਿੰਧੀਆਂ ਬਰੂਹਾਂ ਨੂੰ ਆਪਣੀ ਅਉਧ ਤੇ ਆਸਥਾ ਉਤੇ ਮਾਣ ਹੁੰਦਾ।" ਉਨ੍ਹਾਂ ਸੁਚੇਤ ਕੀਤਾ ਸੀ ਕਿ ਕੁਝ ਕੁਸ਼ਗਨੇ ਲੋਕ ਵੀ ਹੁੰਦੇ, ਜੋ ਸ਼ਗਨਾਂ ਦੀ ਸੁਲੱਖਣੀ ਘੜੀ ਵਿਚੋਂ ਵੀ ਨਿੱਜੀ ਮੁਫਾਦ ਦੀ ਭਾਅ ਕਿਆਸਦੇ, ਜੜ੍ਹੀਂ ਤੇਲ ਦੇਣ ਤੋਂ ਬਾਜ ਨਹੀਂ ਆਉਂਦੇ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਪਿਆਰ ਦਾ ਪੈਗਾਮ ਦਿੰਦਿਆਂ ਕਿਹਾ ਹੈ ਕਿ ਪਿਆਰ ਵਿਚ ਹਿਸਾਬ-ਕਿਤਾਬ ਨਹੀਂ ਹੁੰਦਾ ਅਤੇ ਜਿਥੇ ਲੇਖਾ-ਜੋਖਾ ਹੁੰਦਾ ਹੈ, ਉਥੇ ਪਿਆਰ ਨਹੀਂ ਹੁੰਦਾ। ਉਹ ਕਹਿੰਦੇ ਹਨ, "ਪਿਆਰ ਦੇਣਾ ਅਤੇ ਕਰਨਾ ਸਭ ਤੋਂ ਅਹਿਮ। ਇਹ ਕਈ ਗੁਣਾ ਹੋ ਕੇ ਤੁਹਾਨੂੰ ਮਿਲਦਾ ਅਤੇ ਅਚੰਭਿਤ ਕਰਦਾ।...ਪਿਆਰ ਹੱਦਾਂ-ਸਰਹੱਦਾਂ ਤੋਂ ਨਾਬਰ। ਰੰਗ, ਨਸਲ, ਜਾਤ ਤੋਂ ਉਪਰ। ਧਰਮ, ਵੇਸ਼ਭੂਸ਼ਾ ਜਾਂ ਖਿੱਤਿਆਂ ਤੋਂ ਬੇਤੁਕੱਲਫ। ਉਮਰ, ਵਿਦਿਆ, ਰੁਤਬਿਆਂ ਦਾ ਨਹੀਂ ਮੁਥਾਜ਼। ਦੂਰੀਆਂ, ਵਲਗਣਾਂ, ਵਾੜਾਂ, ਵਿੱਥਾਂ ਜਾਂ ਦੀਵਾਰਾਂ ਦੀ ਕੈਦ ਤੋਂ ਮੁਕਤ।...ਪਿਆਰ ਵਿਚੋਂ ਹੀ ਕਾਇਨਾਤ ਸੁੱਚਮ ਤੇ ਉਚਮ ਨੂੰ ਨਿਹਾਰਿਆ ਜਾ ਸਕਦਾ।" ਉਹ ਕਹਿੰਦੇ ਹਨ ਕਿ ਪਿਆਰ ਤਾਂ ਬਹੁਤ ਕਰਦੇ ਨੇ ਦਿਖਾਵੇ ਲਈ, ਪਰ ਪਿਆਰ ਦਿਖਾਵਾ ਨਹੀਂ ਸਗੋਂ ਮਨ 'ਚ ਮਚਲਦੇ ਚਾਅ ਦਾ ਹੁੰਦਾ। -ਸੰਪਾਦਕ*

ਪਿਆਰ ਮਨ ਦੀਆਂ ਮੁਹਾਰਾਂ, ਆਵੇਸ਼, ਜਜ਼ਬਾ, ਵੇਗਮੱਤਾ ਪ੍ਰਵਾਹ-ਜਿਸ ਵਿਚੋਂ ਵੱਗਦੀ ਹੈ ਸੁੱਚਮ ਤੇ ਸੁਹਿਰਦਤਾ ਦੀ ਆਬਸ਼ਾਰ। ਪਿਆਰ ਪਾਕੀਜ਼ ਤੇ ਪੁਖਤਾ ਭਾਵਨਾਵਾਂ ਦੀ ਤਸ਼ਬੀਹ। ਆਤਮਕਤਾ ਵਿਚੋਂ ਨਿਕਲੀ ਹੂ ਅਤੇ ਰੂਹ ਦੀ ਪਰਵਾਜ਼ ਨੂੰ ਮਿਲਿਆ ਨਵੇਂ ਅੰਬਰਾਂ ਦਾ ਸਿਰਨਾਵਾਂ।

ਪਿਆਰ ਸੂਖਮ ਅਹਿਸਾਸਾਂ ਦੀ ਤੂੰਕਣੀ। ਵਿਚਾਰਾਂ ਦੀ ਸੁਖਨਤਾ ਤੇ ਸਕੂਨਤਾ ਨੂੰ ਮਿਲਿਆ ਹੁਲਾਰ ਅਤੇ ਨੈਣਾਂ ਵਿਚ ਪਿਆਰੇ ਦਾ ਦੀਦਾਰ। ਪਿਆਰ ਪਹੁਲ ਭਰੇ ਪਹਿਰਾਂ ਦੀ ਪੈੜਚਾਲ। ਨਿੰਮੀ ਨਿੰਮੀ ਸਰਘੀ ਦਾ ਧਰਤ ਦੇ ਹਨੇਰੇ ਨੂੰ ਹੂੰਝਣਾ। ਮਿੱਠੀ ਮਿੱਠੀ ਧੁੱਪ ਦਾ ਪੌੜੀਆਂ ਤੋਂ ਮਟਕ ਨਾਲ ਉਤਰਨਾ। ਫੁੱਲ-ਪੱਤੀਆਂ ਤੋਂ ਪ੍ਰਵਰਤਿੱਤ ਹੋ ਰਹੀ ਰੋਸ਼ਨੀ ਅਤੇ ਤ੍ਰੇਲ-ਤੁਪਕਿਆਂ ਵਿਚੋਂ ਛਣ ਕੇ ਆ ਰਹੀ ਰੰਗਾਂ ਦੀ ਧਾਰਾ।

ਪਿਆਰ ਦਾ ਅਲੋਕਾਰੀ ਅੰਦਾਜ਼। ਰੂਹ-ਰੱਤੀ ਅਵਾਜ਼ ਪੈਦਾ ਕਰਦਾ ਜੀਵਨ ਸਾਜ਼। ਸੁਤੇ ਸਿੱਧ ਭਾਵਨਾਵਾਂ ਦਾ ਅੱਥਰਾ ਪ੍ਰਵਾਹ ਅਤੇ ਜੀਵਨ ਨੂੰ ਮਿਲੀ ਜਿਉਣ-ਚਾਹਤ।

ਪਿਆਰ ਹੱਦਾਂ-ਸਰਹੱਦਾਂ ਤੋਂ ਨਾਬਰ। ਰੰਗ, ਨਸਲ, ਜਾਤ ਤੋਂ ਉਪਰ। ਧਰਮ, ਵੇਸ਼ਭੂਸ਼ਾ ਜਾਂ ਖਿੱਤਿਆਂ ਤੋਂ ਬੇਤੁਕੱਲਫ। ਉਮਰ, ਵਿਦਿਆ, ਰੁਤਬਿਆਂ ਦਾ ਨਹੀਂ ਮੁਥਾਜ਼। ਦੂਰੀਆਂ, ਵਲਗਣਾਂ, ਵਾੜਾਂ, ਵਿੱਥਾਂ ਜਾਂ ਦੀਵਾਰਾਂ ਦੀ ਕੈਦ ਤੋਂ ਮੁਕਤ।

ਪਿਆਰ ਪਛਾਣ 'ਚੋਂ ਪੈਦਾ ਹੁੰਦਾ। ਮਨ ਦੀ ਤਰੰਗਤਾ ਨੂੰ ਤੁਰੰਨਮ ਤੇ ਧੜਕਣ ਨੂੰ ਸੰਗੀਤ। ਸਾਹਾਂ ਦੀ ਅਵਾਗਵਣ ਨੂੰ ਨਿਰੰਤਰਤਾ ਅਤੇ ਸੁਰਬੱਧਤਾ।

ਪਿਆਰ ਬਹੁਪਰਤੀ, ਬਹੁਰੰਗਾਂ ਵਿਚ ਖੁਦ ਨੂੰ ਭਿਉਂਦਾ ਅਤੇ ਭਰਪੂਰ ਕਰਦਾ। ਅਸੀਮ ਨੁਹਾਰਾਂ, ਅਨੰਤ ਪਸਾਰ ਅਤੇ ਅਸੀਮਤ ਸਾਰਥਕਤਾਵਾਂ। ਪਿਆਰ ਦੇ ਵਿਸ਼ਾਲ ਅਰਥਾਂ ਨੂੰ ਵਸੀਹ ਦਾਇਰਿਆਂ ਵਿਚ ਵਿਸਥਾਰਿਆ ਜਾ ਸਕਦਾ। ਕਦੇ ਨਹੀਂ ਵਿਗਸਣ ਤੋਂ ਰੁਕਦਾ।

ਪਿਆਰ ਵਗਦੇ ਦਰਿਆਵਾਂ ਦੀ ਰਵਾਨੀ। ਅਮੋੜ ਵਹਿਣਾਂ ਦਾ ਵੇਗ। ਹਵਾਵਾਂ ਵਿਚਲੀਆਂ ਸਰਗੋਸ਼ੀਆਂ ਅਤੇ ਮਨ ਦੀਆਂ ਮਸਤ ਮਦਹੋਸ਼ੀਆਂ।

ਪਿਆਰ ਚੌਗਿਰਦੇ ਵਿਚਲੀ ਆਬੋਹਵਾ ਨੂੰ ਜਿਉਣ ਦਾ ਹੁਨਰ ਸਿਖਾਉਂਦੇ, ਵਾਤਾਵਰਣ ਨੂੰ ਸ਼ੁੱਧ ਬਣਾਉਂਦਾ, ਬੰਦੇ ਵਿਚਲੀ ਬੰਦਿਆਈ ਨੂੰ ਜਗਾਉਂਦਾ ਅਤੇ ਉਸ ਨੂੰ ਇਨਸਾਨੀਅਤ ਦੇ ਮਾਰਗ 'ਤੇ ਪਾਉਂਦਾ।

ਪਿਆਰ ਸਭ ਤੋਂ ਵੱਡਾ ਅਤੇ ਅਸਰਮਈ ਹਥਿਆਰ। ਅਮੋੜ ਵਿਚਾਰਾਂ ਨੂੰ ਸੇਧਤ ਕਰਦਾ। ਸੁਪਨ-ਉਡਾਣ ਲਈ ਨਵੇਂ ਦਿਸਹੱਦੇ। ਇਹ ਅਸੀਮਤ ਸੰਭਾਵਨਾਵਾਂ ਨੂੰ ਸਫਲਤਾਵਾਂ ਦੀ ਮੁਹਾਰ ਪਕੜਾਉਂਦਾ ਅਤੇ ਅਸੰਭਵ ਕਾਰਜਾਂ ਦੀ ਸੰਪੂਰਤਨਾ ਨੂੰ ਮਨ-ਮਸਤਕ 'ਤੇ ਖੁਣਵਾਉਂਦਾ। ਸਿਰਫ ਲੋੜ ਹੈ, ਪਿਆਰ ਦੇ ਮੰਤਰ ਦੀ ਮੁਹਾਰਨੀ ਨੂੰ ਜੀਅ-ਜਾਨ ਨਾਲ ਅੰਤਰੀਵ ਵਿਚ ਉਤਾਰਿਆ ਤੇ ਉਚਾਰਿਆ ਜਾਵੇ ਅਤੇ ਜੀਵਨ ਦਾ ਮੂਲ ਮੰਤਰ ਬਣਾਇਆ ਜਾਵੇ।

ਪਿਆਰ ਹੀ ਰੱਬ ਦਾ ਨਾਮ। ਪਿਆਰ ਹੀ ਪੂਜਣ ਸਮੱਗਰੀ। ਪਿਆਰ ਵਿਚੋਂ ਹੀ ਕਾਇਨਾਤ ਸੁੱਚਮ ਤੇ ਉਚਮ ਨੂੰ ਨਿਹਾਰਿਆ ਜਾ ਸਕਦਾ। ਇਸ ਦੀਆਂ ਬੇਅੰਤ ਨਿਆਮਤਾਂ ਤੇ ਬਖਸ਼ਿਸ਼ਾਂ ਨੂੰ ਸਤਿਕਾਰਿਆ ਜਾ ਸਕਦਾ। ਇਸ ਨੂੰ ਅਕੀਦਤ ਤੇ ਇਬਾਦਤ ਵਿਚ ਉਚਾਰਿਆ ਜਾ ਸਕਦਾ।

ਪਿਆਰ ਵਿਚੋਂ ਹੀ ਪਹਿਲਾਂ ਜਨਮ ਲੈਂਦੀਆਂ। ਪੇਸ਼ਕਦਮੀਆਂ ਨੂੰ ਨਵਾਂ ਹੁਲਾਰ ਮਿਲਦਾ। ਪ੍ਰਾਪਤੀਆਂ ਨੂੰ ਗਲੇ ਲਾਉਣ ਦੀ ਸੋਝੀ ਮਿਲਦੀ ਅਤੇ ਪਗਡੰਡੀਆਂ ਨੂੰ ਪੈੜਾਂ ਬਣਨ ਦਾ ਮਾਣ ਮਿਲਦਾ।

ਪਿਆਰ ਸੁਚਿਆਰੇ ਜੀਵਨ ਦੀ ਲੋੜ, ਲੱਭਤ ਅਤੇ ਲਾਹੇਵੰਦੀ ਲੋਚਾ। ਬਹੁਤ ਸਾਰੀਆਂ ਇੱਛਾਵਾਂ, ਆਸ਼ਾਵਾਂ ਅਤੇ ਦੁਆਵਾਂ ਦੀ ਪੂਰਤੀ ਹੁੰਦੀ।

ਪਿਆਰ ਦੀ ਬਹੁਰੰਗਤਾ, ਜੀਵਨ ਵਿਚ ਨਕਸ਼ ਚਿੱਤਰਦੀ। ਬਹੁਤ ਸਾਰੀਆਂ ਕਲਾ-ਕਿਰਤਾਂ ਨੂੰ ਜਨਮਦੀ ਅਤੇ ਇਸ ਦੀ ਅਮੀਰਤਾ ਅਤੇ ਸਦੀਵਤਾ ਨੂੰ ਚਾਰ ਚੰਨ ਲਾਉਂਦੀ।

ਪਿਆਰ ਸਦਾ ਅਮਰ ਤੇ ਸਦੀਵ। ਕਦੇ ਨਹੀਂ ਮਰਦਾ। ਸਿਰਫ ਇਸ ਦਾ ਰੂਪ ਬਦਲਦਾ। ਇਸ ਦੀ ਭਿੰਨਤਾ ਵਿਚੋਂ ਹੀ ਹੋਰ ਸੂਖਮਤਾਵਾਂ ਅਤੇ ਸਹਿਜਤਾਵਾਂ ਨੂੰ ਮੌਲਣ-ਵਿਗਸਣ ਦਾ ਮੌਕਾ ਤੇ ਮਹਾਨਤਾ ਮਿਲਦੀ।

ਪਿਆਰ ਜਦ ਉਦੇਸ਼, ਉਤਸ਼ਾਹ, ਉਦਮ, ਉਪਰਾਲਾ, ਉਪਕਾਰ ਜਾਂ ਉਸਤਤ, ਉਪਮਾ ਨਾਲ ਹੋਵੇ ਤਾਂ ਜੀਵਨ ਨੂੰ ਇਕ ਮਕਸਦ ਮਿਲਦਾ, ਜਿਸ ਵਿਚੋਂ ਜ਼ਿੰਦਗੀ ਨੂੰ ਨਵੇਂ ਅਰਥ ਦਿਤੇ ਜਾ ਸਕਦੇ।

ਪਿਆਰ ਜਦ ਅਦਬ, ਅਦੀਬ, ਆਸ, ਅਰਾਧਨਾ, ਅਹਿਦ, ਅਣਖ, ਆਸਥਾ, ਅਰਪਿਤਾ, ਅਰਥ, ਅਰਦਾਸ ਜਾਂ ਆਤਮਕਤਾ ਨਾਲ ਹੋਵੇ ਤਾਂ ਬੰਦਾ ਆਪਣੇ ਅੰਦਰ ਉਤਰਦਾ ਅਤੇ ਅੰਤਰੀਵੀ ਯਾਤਰਾ ਵਿਚੋਂ ਮਿਲੇ ਮਾਣਕ-ਮੋਤੀਆਂ ਨਾਲ ਖੁਦ ਨੂੰ ਮਾਲਾ-ਮਾਲ ਕਰਦਾ।

ਪਿਆਰ ਜਦ ਇੱਜਤ, ਇਤਬਾਰ, ਇਕਰਾਰ, ਇਕਮਿੱਕਤਾ, ਇਕਸੁਰਤਾ, ਇਕਸਾਰਤਾ, ਇਨਸਾਨੀਅਤ ਨਾਲ ਹੋਵੇ ਤਾਂ ਮਨੁੱਖ ਆਪਣੇ ਆਪ ਨਾਲ ਜੁੜਦਾ। ਆਪਣੇ ਵਿਚੋਂ ਇਕ ਅਜਿਹੇ ਮਨੁੱਖ ਨੂੰ ਤਲਾਸ਼ਦਾ, ਜਿਸ ਦੀ ਹੋਂਦ ਉਸ ਦਾ ਹਾਸਲ ਬਣਦੀ।

ਪਿਆਰ ਜਦ ਸਮਝ, ਸੂਹਜ, ਸਹਿਜ, ਸੰਗੀਤ, ਸੁੰਦਰਤਾ, ਸੁਪਨਾ, ਸਿਆਣਪ, ਸਾਦਗੀ, ਸੱਜਣ, ਸਮਰਪਣ, ਸਰੋਕਾਰਾਂ, ਸਾਰਥਕਤਾ, ਸੰਦੇਸ਼, ਸੰਵੇਦਨਾ, ਸਾਧਨਾ ਅਤੇ ਸੰਜੀਦਗੀ ਨਾਲ ਹੋਵੇ ਤਾਂ ਬੰਦੇ ਕੋਲ ਉਨ੍ਹਾਂ ਪਰਤਾਂ ਦੀ ਨਿਸ਼ਾਨਦੇਹੀ ਕਰਨ ਦਾ ਹੁਨਰ ਵੀ ਹੁੰਦਾ, ਜਿਨ੍ਹਾਂ ਨਾਲ ਚੰਨ-ਚਾਨਣੀ ਨੂੰ ਅੰਦਰ ਉਤਾਰਿਆ ਜਾ ਸਕਦਾ।

ਪਿਆਰ ਜਦ ਹੁਲਾਸ, ਹਸਮੁਖਤਾ, ਹਮਦਰਦੀ, ਹੁੰਗਾਰਾ, ਹਾਕ, ਹੰਭਲਾ, ਹੌਂਸਲਾ, ਹਿੰਮਤ, ਹੱਲਾਸ਼ੇਰੀ ਤੇ ਹਮਜੋਲਤਾ ਨਾਲ ਕਰੋਗੇ ਤਾਂ ਇਸ ਵਿਚੋਂ ਆਪਣੀਆਂ ਸੱਖਣੀਆਂ ਝੋਲੀਆਂ ਨੂੰ ਜੀਵਨ-ਦਾਤਾਂ ਨਾਲ ਭਰੋਗੇ।

ਕਿਤਾਬਾਂ, ਕਿਰਤ, ਕੁਦਰਤ, ਕਾਇਨਾਤ, ਕਲਾ, ਕਰਮ-ਯੋਗਤਾ ਨਾਲ ਪਿਆਰ ਕਰਨ ਵਾਲੇ ਦਰਅਸਲ ਆਪਣੀਆਂ ਅਸੀਮ ਭਾਵਨਾਵਾਂ ਵਿਚੋਂ ਕੁਦਰਤ ਦੀ ਸਦੀਵਤਾ ਨੂੰ ਕਿਆਸਣ ਅਤੇ ਕੁਦਰਤੀ ਪਿਆਰ ਨੂੰ ਵੰਡਣ-ਵੰਡਾਉਣ ਵਾਲੇ ਉਹ ਲੋਕ ਹੁੰਦੇ, ਜਿਨ੍ਹਾਂ ਦੀ ਰਹਿਬਰੀ ਵਿਚੋਂ ਮਨੁੱਖ ਨੂੰ ਮਨੁੱਖ ਬਣਨ ਅਤੇ ਮਨੁੱਖਤਾ ਦਾ ਪੱਲਾ ਫੜਨ ਦੀ ਤਮੰਨਾ ਮਨ ਵਿਚ ਤਾਰੀ ਹੁੰਦੀ।

ਪਿਆਰ ਜਦ ਖਬਤ, ਖੋਜ, ਖੁਸ਼ੀ, ਖਿਆਲ ਨਾਲ ਕਰਨ ਦਾ ਉਦਮ ਕਰੋਗੇ ਤਾਂ ਇਸ ਉਦਮ ਵਿਚੋਂ ਮਨਚਾਹੇ ਫਲਾਂ ਨੂੰ ਪ੍ਰਾਪਤ ਕਰਕੇ, ਸਮੁੱਚੀ ਮਨੁੱਖ ਜਾਤੀ ਦਾ ਮਾਣ ਵੀ ਬਣੋਗੇ ਅਤੇ ਜੀਵਨ ਦੀਆਂ ਅਨੰਤ ਦਾਤਾਂ ਨਾਲ ਵਰੋਸਾਏ ਵੀ ਜਾਵੋਗੇ।

ਪਿਆਰ ਜਦ ਗਰੀਬੀ, ਗੁੜਤੀ, ਗਿਆਨ ਜਾਂ ਗ੍ਰੰਥਾਂ ਨਾਲ ਪਾਵੋਗੇ ਤਾਂ ਇਨ੍ਹਾਂ ਵਿਚੋਂ ਮਿਲਣ ਵਾਲੀਆਂ ਨਿਆਮਤਾਂ ਨੂੰ ਅਪਨਾਉਗੇ। ਇਸ ਨੂੰ ਜੀਵਨ ਦਾ ਮੂਲ ਆਧਾਰ ਬਣਾ ਕੇ ਉਚਤਮ ਰਵਾਇਤਾਂ ਨੂੰ ਜੀਵਨ ਸ਼ੈਲੀ ਦੇ ਨਾਮ ਕਰੋਗੇ ਅਤੇ ਸਮਾਜਕ ਦਾਇਰੇ ਨੂੰ ਹੋਰ ਵਸੀਹਤਾ ਦਾ ਪ੍ਰਮਾਣ ਬਣਾਓਗੇ।

ਪਿਆਰ ਜਦ ਘਰ ਨਾਲ ਕਰੋਗੇ ਤਾਂ ਘਰ ਦੀਆਂ ਕੰਧਾਂ ਵਿਚੋਂ ਤੁਹਾਡੀ ਖੁਸ਼ਬੂ ਨੂੰ ਮਹਿਸੂਸਿਆ ਜਾ ਸਕੇਗਾ। ਇਹ ਘਰ ਦਾ ਪਿਆਰ ਹੀ ਹੁੰਦਾ ਕਿ ਅਸੀਂ ਵਿਦੇਸ਼ਾਂ ਵਿਚ ਰਹਿੰਦੇ ਵੀ ਆਪਣੇ ਪਿੰਡ ਵਿਚਲੇ ਘਰ ਨੂੰ ਪਰਤਣਾ ਲੋਚਦੇ ਹਾਂ ਅਤੇ ਇਨ੍ਹਾਂ ਵਿਚ ਬਿਤਾਈਆਂ ਬਚਪਨੀ ਯਾਦਾਂ ਵਿਚੋਂ ਆਪਣੇ ਬੀਤੇ ਨੂੰ ਮੋੜ ਲਿਆਣਾ ਚਾਹੁੰਦੇ ਹਾਂ। ਅਕਸਰ ਹੀ ਅਸੀਂ ਵਤਨ ਜਾ ਕੇ ਪਿੰਡ ਦੇ ਘਰ ਨੂੰ ਨਤਮਸਤਕ ਹੋਣਾ ਕਦੇ ਨਹੀਂ ਭੁੱਲਦੇ। ਘਰ ਇੱਟਾਂ-ਗਾਰਾ ਨਹੀਂ ਹੁੰਦੇ, ਸਗੋਂ ਅਹਿਸਾਸਾਂ ਤੇ ਸੁਪਨਿਆਂ ਦੀ ਕਰਮ-ਭੂਮੀ ਹੈ। ਸਾਡੀਆਂ ਜੜ੍ਹਾਂ ਦਾ ਚਸ਼ਮਦੀਦ ਗਵਾਹ। ਘਰ ਨਾਲ ਪਿਆਰ ਘਟਦਾ ਨਹੀਂ, ਸਗੋਂ ਸਮੇਂ ਦੇ ਬੀਤਣ ਨਾਲ ਵਧਦਾ ਹੀ ਹੈ।

ਪਿਆਰ ਜਦ ਚਾਹਤ, ਚੰਗਿਆਈ, ਚਾਹਨਾ, ਚੰਗੇਰਪਣ ਅਤੇ ਚਾਨਣੀ ਨਾਲ ਹੁੰਦਾ ਤਾਂ ਰਾਹਾਂ ਵਿਚ ਧੁੱਪਾਂ ਫੈਲ ਜਾਂਦੀਆਂ। ਚਾਨਣ ਭਰੀਆਂ ਰਾਹਾਂ ਵਿਚ ਜੀਵਨ-ਸਫਰ ਨੂੰ ਹੋਰ ਉਤਸ਼ਾਹ ਅਤੇ ਉਮਾਹ ਨਾਲ ਪੂਰਾ ਕਰਨ ਦਾ ਹੱਠ ਤੇ ਹੌਂਸਲਾ ਪੈਦਾ ਹੁੰਦਾ। ਜੀਵਨ ਵਿਚ ਨਵੀਆਂ ਪ੍ਰਾਪਤੀਆਂ ਕਰਨ ਦਾ ਅਹਿਦ ਹੁੰਦਾ।

ਪਿਆਰ ਛੱਤ ਨਾਲ ਜਰੂਰ ਕਰਨਾ ਭਾਵੇਂ ਇਹ ਕੱਖਾਂ-ਕਾਨਿਆਂ ਦੀ ਹੋਵੇ, ਬਾਲਿਆਂ ਤੇ ਸ਼ਤੀਰਾਂ ਦੀ ਹੋਵੇ, ਪੱਥਰ ਦੀ ਹੋਵੇ, ਇੱਟਾਂ ਦੀ ਹੋਵੇ ਜਾਂ ਅੰਬਰ ਦੇ ਤਾਰਿਆਂ ਦੀ ਹੋਵੇ। ਇਸ ਨੂੰ ਪਿਆਰ ਕਰੋਗੇ ਤਾਂ ਇਹ ਛੱਤ ਤੁਹਾਡੇ ਲਈ ਅਣਮੋਲ ਦਾਤਾਂ ਵਰਤਾਉਂਦੀ, ਤੁਹਾਡੇ ਸਮੁੱਚ ਨੂੰ ਆਪਣੇ ਆਗੋਸ਼ ਵਿਚ ਸਮਾ ਲਵੇਗੀ। ਦੁਨਿਆਵੀ ਛੱਤ ਰਾਹੀਂ ਅੰਦਰੂਨੀ ਛੱਤ ਵਿਚ ਝਾਕਣਾ ਅਤੇ ਇਸ ਦੀ ਸੁਰੱਖਿਆ ਦੀ ਅਹਿਮੀਅਤ ਦਾ ਅੰਦਾਜ਼ਾ ਹੋ ਜਾਵੇਗਾ।



ਪਿਆਰ ਜਜ਼ਬਾ, ਜਜ਼ਬਾਤ, ਜਰੂਰਤ, ਜੋਤ, ਜੋਸ਼, ਜਗਿਆਸਾ, ਜੜ੍ਹਾਂ, ਜਣਨੀ ਅਤੇ ਜਗਦੀਸ਼ਰ ਨਾਲ ਕਰੋਗੇ ਤਾਂ ਤੁਹਾਨੂੰ ਖੁਦ ਨੂੰ ਮਿਲਣ, ਆਪਣੀਆਂ ਲੋੜਾਂ ਤੇ ਥੋੜ੍ਹਾਂ ਨੂੰ ਸਮਝਣ ਅਤੇ ਪਲੇਠੀ ਤੇ ਪਾਰ-ਆਗਾਮੀ ਪਰਵਾਜ਼ ਭਰਨ ਦਾ ਹੀਆ ਮਿਲੇਗਾ। ਤੁਸੀਂ ਅਣਛੋਹੇ ਅੰਬਰਾਂ ਦੀ ਨਿਸ਼ਾਨਦੇਹੀ ਕਰਨ ਦੇ ਸਮਰੱਥ ਹੋਵੋਗੇ।

ਪਿਆਰ, ਜਦ ਕੋਈ ਤਰਸ-ਭਾਵਨਾ, ਤਤਪਰਤਾ, ਤਾਜ਼ਗੀ, ਤਾਂਘ, ਤੜਫਣਾ, ਤਲਾਸ਼, ਤਮੰਨਾ, ਤਕੜਾਈ, ਤੰਦਰੁਸਤੀ ਅਤੇ ਤੋਰ ਨੂੰ ਕਰਦਾ ਤਾਂ ਉਸ ਦੇ ਪੈਰਾਂ ਵਿਚ ਸਫਰ ਉਗਦਾ। ਸਫਰ, ਜੋ ਸੂਖਮ ਤੇ ਕਰਤਾਰੀ ਸ਼ਕਤੀਆਂ ਨੂੰ ਮਨੁੱਖ ਦੇ ਵੱਸ ਕਰਦਾ। ਜੀਵਨ ਦੀਆਂ ਦਾਤਾਂ ਤੇ ਦੁਆਵਾਂ ਨਾਲ ਲਬਰੇਜ਼ ਕਰਦਾ। ਕਿਸੇ ਦੇ ਦੁੱਖ ਵਿਚ ਪੀੜ ਪੀੜ ਹੋਣਾ, ਕਿਸੇ ਦੀਆਂ ਭਾਵਨਾਵਾਂ ਦੀ ਕਦਰ ਕਰਨਾ ਅਤੇ ਕਿਸੇ ਮਕਸਦ-ਲੋਚਾ ਵਿਚ ਤਾਰ ਤਾਰ ਹੋਣ ਵਾਲੇ ਲੋਕ ਬਹੁਤ ਵਿਰਲੇ ਹੁੰਦੇ, ਜਿਨ੍ਹਾਂ ਦੇ ਮਨਾਂ ਵਿਚ ਜਿਉਂਦਾ ਏ ਮਨੁੱਖ ਅਤੇ ਜਾਗਦੀ ਏ ਸੰਵੇਦਨਾ।

ਪਿਆਰ ਜਦ ਥਿਰਕਣ, ਥਪਕੀ, ਥਰਥਰਾਹਟ ਬਾਰੇ ਮਨ ਵਿਚ ਪੈਦਾ ਹੁੰਦਾ ਤਾਂ ਪੈਦਾ ਹੁੰਦਾ ਸੰਗੀਤ। ਸਮੁੱਚ ਵਿਚਲੀ ਤਾਂਘ ਨੱਚਣ ਲਾਉਂਦੀ। ਮਨ ਦੇ ਮੋਰ ਨੂੰ ਨੱਚਣ ਅਤੇ ਆਪਾ ਗਵਾਉਣ ਦੇ ਰਾਹ ਤੋਰਦੀ।

ਪਿਆਰ ਜਦ ਦਯਾ, ਦਰਦ, ਦਸਵੰਧ, ਦਰਿਆਦਿਲੀ, ਦਰਵੇਸ਼ਤਾ ਅਤੇ ਦੁੱਖ-ਹਰਨ ਨਾਲ ਕਰ ਲਿਆ ਜਾਵੇ ਤਾਂ ਮਨੁੱਖ ਨਹੀਂ ਜਰ ਸਕਦਾ ਕਿਸੇ ਦੇ ਮੁੱਖ 'ਤੇ ਹੰਝੂਆਂ ਦੀਆਂ ਘਰਾਲਾਂ, ਨਾਸੂਰਾਂ ਵਿਚੋਂ ਰਿਸਦੀ ਪੀੜਾ ਅਤੇ ਪੀੜਤਬੋਲਾਂ ਵਿਚ ਅਕਹਿ ਅਤੇ ਅਸਹਿ ਦੁੱਖ-ਦਰਿਆਵਾਂ ਦੀ ਛੱਲਾਂ। ਉਹ ਇਨ੍ਹਾਂ ਨੂੰ ਜੀਰਦਾ, ਕਿਸੇ ਲਈ ਮਰ੍ਹਮ, ਫਹਿਆ ਜਾਂ ਕੋਸੇ ਪਾਣੀ ਦੀ ਟਕੋਰ ਜਰੂਰ ਬਣਦਾ।

ਪਿਆਰ ਜਦ ਧਰਮ, ਧੀਰਜ ਜਾਂ ਧੜਕਣ ਨਾਲ ਹੁੰਦਾ ਤਾਂ ਉਹ ਧੜਕਣਾਂ ਦੇ ਨਾਵੇਂ ਭਾਵਨਾਵਾਂ ਕਰਦਾ। ਧਰਮ ਦੀ ਸਮੁੱਚਤਾ ਤੇ ਅਰਥ-ਪੂਰਨਤਾ ਨੂੰ ਲੋਕਾਈ ਦੇ ਨਾਮ ਕਰਦਾ, ਪਰਉਪਕਾਰੀ ਕਾਰਵਾਂ ਦਾ ਹਿੱਸਾ ਬਣ ਕੇ ਕਈ ਕੁੱਲਾਂ ਦਾ ਨਾਮ ਰੌਸ਼ਨ ਕਰਦਾ।

ਪਿਆਰ ਜਦ ਨਰਮਾਈ, ਨੇਕਨੀਤੀ, ਨਿਰਮਾਣਤਾ, ਨਿਗੂਣਾਪਣ, ਨਿਰ-ਸੁਆਰਥ ਅਤੇ ਨਿਰਵੈਰਤਾ ਨਾਲ ਕਰਦਾ ਤਾਂ ਬੰਦਾ ਮਨ ਵਿਚ ਬੈਠੀਆਂ ਉਨ੍ਹਾਂ ਸੋਚਾਂ ਨੂੰ ਕਰਮ-ਧਰਾਤਲ ਬਣਾਉਂਦਾ, ਜਿਨ੍ਹਾਂ ਦੀ ਬੇਰੁਖੀ ਕਾਰਨ ਮਨੁੱਖ ਖੁਦ ਤੋਂ ਦੂਰ ਹੋਈ ਜਾ ਰਿਹਾ ਹੈ। ਅਜਿਹਾ ਪਿਆਰ, ਮਨੁੱਖ ਤੋਂ ਮਨੁੱਖ ਤੀਕ ਦੇ ਫਾਸਲੇ ਨੂੰ ਘਟਾਉਣ ਵਿਚ ਅਹਿਮ ਤੇ ਪ੍ਰਮੁੱਖ ਰੋਲ ਅਦਾ ਕਰਦਾ।

ਪਿਆਰ, ਟੂੰਬਣ ਅਤੇ ਟਟੋਲਣ ਨਾਲ ਪਾਉਣ ਵਾਲਾ ਵਿਅਕਤੀ, ਖੋਜ-ਬਿਰਤੀ ਦਾ ਮਾਲਕ ਬਣਦਾ। ਆਲੇ-ਦੁਆਲੇ ਵਿਚ ਗੁਆਚੀ ਹੋਈ ਅਣਪੱਤ, ਮੋਹ ਅਤੇ ਮਮਤਾ ਨੂੰ ਤਲਾਸ਼ਦਾ। ਖੁਦ ਦੀ ਜਾਮਾ-ਤਲਾਸ਼ੀ ਕਰਦਾ ਅਤੇ ਬਾਹਰ ਤੋਂ ਸਵੈ ਦਾ ਸਫਰ ਕਰਦਾ। ਆਪਣੇ ਅੰਦਰ ਉਤਰ ਕੇ, ਨਿਰਮਾਣਤਾ ਅਤੇ ਨਿਰਮੂਲਤਾ ਨੂੰ ਸੋਚ-ਬਿਰਤੀ ਦੇ ਨਾਮ ਕਰਦਾ।

ਪਿਆਰ ਜਦ ਠਰੰਮੇ ਨਾਲ ਕੋਈ ਪਾਉਂਦਾ ਤਾਂ ਭਟਕਣ ਨੂੰ ਰਾਹਤ ਮਿਲਦੀ। ਪੈਰਾਂ ਵਿਚਲੀ ਭੱਜ-ਦੌੜ ਤੇ ਜ਼ਿੰਦਗੀ ਵਿਚਲੀ ਖਿੱਚੋਤਾਣ ਕਾਰਨ ਉਧੜਿਆ ਹੋਇਆ, ਖੁਦ ਨੂੰ ਟਾਕੀਆਂ ਲਾਉਣ ਅਤੇ ਲੀਰਾਂ ਨੂੰ ਸਿਉਣ ਵੰਨੀਂ ਅਹੁਲਦਾ।

ਪਿਆਰ ਜਦ ਡਗਰ, ਡੰਗੋਰੀ, ਨਾਲ ਹੁੰਦਾ ਤਾਂ ਮਾਂ-ਬਾਪ ਦੀ ਡੰਗੋਰੀ ਬਣਨ ਦਾ ਚਾਅ ਮਨ ਵਿਚ ਜਰੂਰ ਪੈਦਾ ਹੁੰਦਾ। ਫਿਰ ਬਜੁਰਗ ਮਾਪਿਆਂ ਨੂੰ ਕਿਸੇ ਬਿਰਧ ਆਸ਼ਰਮਾਂ ਵਿਚ ਲਾਵਾਰਸਾਂ ਵਰਗੀ ਜ਼ਿੰਦਗੀ ਜਿਉਣ ਦੀ ਮੁਥਾਜ਼ੀ ਨਹੀਂ ਹੰਢਾਉਣੀ ਪੈਂਦੀ। ਅਜਿਹੇ ਲੋਕ ਮਾਪਿਆਂ ਦੇ ਸਰਵਣ ਪੁੱਤਰ ਹੁੰਦੇ।

ਪਿਆਰ ਜਦ ਪਿਆਰੇ, ਪਾਕੀਜ਼ਗੀ, ਪਾਹੁਲ, ਪ੍ਰਗਟਾਵਾ, ਪ੍ਰਸੰਨਤਾ, ਪੇਸ਼ਕਦਮੀ, ਪੇਸ਼ਕਾਰੀ, ਪੇਸ਼ਕਸ਼, ਪ੍ਰਾਪਤੀ, ਪਰਵਾਜ਼, ਪ੍ਰਣ ਅਤੇ ਪਹਿਲਕਦਮੀ ਨਾਲ ਹੁੰਦਾ ਤਾਂ ਨਵੇਂ ਦਿਸਹੱਦਿਆਂ ਦੇ ਸਿਰਨਾਵੇਂ ਮਸਤਕ 'ਤੇ ਉਕਰੇ ਜਾਂਦੇ। ਇਨ੍ਹਾਂ ਵਿਚੋਂ ਹੀ ਜੀਵਨ ਦੇ ਉਨ੍ਹਾਂ ਸ਼ਿਲਾਲੇਖਾਂ ਦੀ ਕਲਾਕਾਰੀ ਹੁੰਦੀ, ਜੋ ਦੱਬੀਆਂ ਰੀਝਾਂ ਕਾਰਨ ਦੁੱਬਕੇ ਹੁੰਦੇ ਨੇ।

ਪਿਆਰ ਕਰੋ ਫੁੱਲਾਂ, ਫਰਮਾਇਸ਼, ਫੱਕਰਤਾ, ਫਰਮਾਬਰਦਾਰੀ, ਫਰਾਖਦਿਲੀ, ਫਿਰਦੋਸ਼ੀ ਨਾਲ ਤਾਂ ਕਿ ਤੁਹਾਡੀ ਰੂਹ ਵਿਚ ਕੁਦਰਤ ਨੂੰ ਮਨ ਵਿਚ ਵਸਾਉਣ ਅਤੇ ਇਸ ਦੀ ਨੇੜਤਾ ਨੂੰ ਮਾਣਨ ਦਾ ਵਲਵਲਾ ਸਦਾ ਕਾਇਮ ਰਹੇ। ਕੁਦਰਤ ਦੀ ਸਦੀਵਤਾ ਵਿਚੋਂ ਹੀ ਆਦਮੀ ਦੀ ਸਦੀਵਤਾ ਤੇ ਸਥਿਰਤਾ ਕਿਆਸੀ ਜਾ ਸਕਦੀ ਏ।

ਪਿਆਰ ਕਰੋ ਬੰਦੇ, ਬੰਦਿਆਈ, ਬੰਦਗੀ, ਬਿਰਖਾਂ, ਬਹਾਦਰੀ, ਬਖਸ਼ਿਸ਼, ਬੰਦਿਸ਼ਾਂ, ਬੇਲਾਗਤਾ ਅਤੇ ਬੇਲਿਹਾਜਤਾ ਨਾਲ ਤਾਂ ਕਿ ਤੁਹਾਡੀ ਸੋਚ ਵਿਚ ਵਖਰੇਵਾਂ, ਸਿੱਕਨ, ਰੰਜਿਸ਼, ਸੰਕੀਰਨਤਾ ਜਾਂ ਸੰਗਦਿਲੀ ਲਈ ਕੋਈ ਥਾਂ ਨਾ ਹੋਵੇ ਅਤੇ ਮਨ ਵਿਚ ਸਰਬੱਤ ਦੇ ਭਲੇ ਦਾ ਨਾਦ ਹਮੇਸ਼ਾ ਗੂੰਜਦਾ ਰਹੇ।

ਪਿਆਰ ਕਰੋ ਭਰਾਵਾਂ, ਭਰਾਤਰੀ ਭਾਵ, ਭਾਵਨਾ, ਭਗਤੀ ਅਤੇ ਭਵਿੱਖਮੁਖੀ ਸੋਚ ਨੂੰ ਤਾਂ ਕਿ ਚੇਤਨਾ ਵਿਚ ਸੁੰਦਰ ਤੇ ਸਾਰਥਕ ਭਵਿੱਖ ਦੀ ਕਲਪਨਾ ਅਤੇ ਕਰਮਯੋਗਤਾ ਦਾ ਰਿਆਜ਼ ਸਦਾ ਹੁੰਦਾ ਰਹੇ ਅਤੇ ਖੁਦ ਨੂੰ ਵਿਸਥਾਰਦੇ ਰਹੋ।

ਪਿਆਰ ਕਰੋ ਮਨੁੱਖ, ਮਾਪਿਆਂ, ਮਰਦਾਨਗੀ, ਮਾਨਤਾਵਾਂ, ਮਰਿਆਦਾਵਾਂ, ਮੌਲਿਕਤਾ, ਮੂਲਤਾ, ਮਹਾਨਤਾ ਅਤੇ ਮਹਾਤਮ ਨਾਲ ਤਾਂ ਕਿ ਮਨੁੱਖ ਨੂੰ ਮਨੁੱਖੀ ਗੁਣਾਂ ਦਾ ਗਿਆਨ ਹੁੰਦਾ ਰਹੇ, ਜਿਸ ਨੇ ਇਤਿਹਾਸ ਨੂੰ ਨਵੇਂ ਸਿਰਿਉਂ ਸਿਰਜਣਾ ਅਤੇ ਇਸ ਦੀ ਇਬਾਰਤ ਨੂੰ ਇਬਾਦਤ ਬਣਾਉਣਾ ਹੁੰਦਾ। ਅਜਿਹੇ ਲੋਕ ਹੀ ਲੋਕ-ਮਨਾਂ ਵਿਚ ਕਹਾਣੀਆਂ ਬਣ ਕੇ ਜਿਉਂਦੇ ਅਤੇ ਸਮੇਂ ਨੂੰ ਸੁਨਹਿਰੀ ਵਰਕਿਆਂ ਦੀ ਜਿਲਦ ਬਣਾਉਣ ਵਿਚ ਪੂਰਾ ਯੋਗਦਾਨ ਪਾਉਂਦੇ।

ਪਿਆਰ ਕਰੋ ਯਾਰਾਂ ਤੇ ਯਾਦਾਂ ਨਾਲ ਤਾਂ ਕਿ ਬੰਦੇ ਨੂੰ ਆਪਣਾ ਅਤੀਤ ਹਮੇਸ਼ਾ ਯਾਦ ਰਹੇ, ਕਿਉਂਕਿ ਯਾਰੀਆਂ ਕਿਸੇ ਰੁਤਬੇ, ਮਾਣ ਜਾਂ ਅਮੀਰੀ 'ਤੇ ਨਿਰਭਰ ਨਹੀਂ ਕਰਦੀਆਂ। ਕਦੇ ਕੱਚੀ ਦੇ ਕਲਾਸ ਵਾਲੇ ਮਿੱਤਰਾਂ ਨੂੰ ਮਿਲਣਾ, ਬਹੁਤ ਹੀ ਮਾਸੂਮ ਅਤੇ ਪਿਆਰੀਆਂ ਯਾਦਾਂ ਦਾ ਖਜਾਨਾ ਤੁਹਾਡਾ ਹਾਸਲ ਬਣੇਗਾ। ਕਦ ਮਿਲਦੀਆਂ ਨੇ ਪਾਕ ਪਲਾਂ ਅਤੇ ਅਣਛੋਹ ਰੁੱਤਾਂ ਦੀਆਂ ਇਹ ਯਾਰੀਆਂ ਜਿਹੀਆਂ ਅਣਮੋਲ ਤੇ ਅਮੁੱਲ ਸੁਗਾਤਾਂ। ਇਹਨੂੰ ਕਦੇ ਨਾ ਗਵਾਉਣਾ।

ਪਿਆਰ ਕਰੋ ਰੰਗਾਂ, ਰਹਿਬਰ, ਰੂਹ, ਰੰਗਰੇਜ਼ਤਾ, ਰੌਸ਼ਨਦਾਨਾਂ, ਰਵਾਨੀ, ਰੂਹਾਨੀਅਤ, ਰਮਜ਼ਾਂ, ਰਾਜ਼ਾਂ, ਰਹਿਤਲ, ਰਾਹਗੀਰੀ ਤੇ ਰਸਤਿਆਂ ਨਾਲ, ਕਿਉਂਕਿ ਇਹ ਰਸਤੇ ਤੇ ਰਹਿਬਰ ਹੀ ਹੁੰਦੇ, ਜਿਨ੍ਹਾਂ ਸਦਕਾ ਮਨੁੱਖ ਨਵੀਆਂ ਤੇ ਵਿਲੱਖਣ ਪੈੜਾਂ ਦਾ ਜਨਮਦਾਤਾ ਬਣਦਾ। ਉਸ ਦੀ ਸੋਚ ਵਿਚ ਨਵੇਂ ਤੇ ਅਨੂਠੇ ਫੁਰਨਿਆਂ ਦੀਆਂ ਤਤੀਰੀਆਂ ਫੁੱਟਦੀਆਂ।

ਪਿਆਰ ਕਰਨਾ ਹੀ ਚਾਹੀਦਾ ਲੋਕਾਂ, ਲੋਕਾਈ, ਲਹਿਰਾਂ, ਲੋਅ, ਲਾਟ, ਲੱਜ਼ਾ ਨਾਲ ਤਾਂ ਕਿ ਤੁਸੀਂ ਆਪਣਾ ਬਿੰਬ ਲੋਕਾਂ ਦੇ ਦੀਦਿਆਂ ਵਿਚੋਂ ਦੇਖ ਸਕੋ, ਕਿਉਂਕਿ ਤੁਸੀਂ ਉਹ ਨਹੀਂ ਹੁੰਦੇ, ਜੋ ਤੁਸੀਂ ਖੁਦ ਨੂੰ ਸਮਝਦੇ ਹੋ। ਸਗੋਂ ਤੁਸੀਂ ਉਹ ਹੁੰਦੇ ਹੋ, ਜੋ ਤੁਸੀਂ ਲੋਕਾਂ ਦੀਆਂ ਨਜ਼ਰਾਂ ਵਿਚ ਹੁੰਦੇ ਹੋ।

ਪਿਆਰ ਕਰੋ ਵੈਰਾਗਤਾ, ਵੱਖਰਤਾ, ਵੰਨਗੀ, ਵਹਿਣ, ਵਿਰਾਸਤ ਅਤੇ ਵਸੀਹਤਾ ਨੂੰ, ਕਿਉਂਕਿ ਤੁਸੀਂ ਆਪਣੇ ਬਜੁਰਗਾਂ ਦੀ ਮਲਕੀਅਤ ਨੂੰ ਨਵੀਆਂ ਦਿਸ਼ਾਵਾਂ ਅਤੇ ਸੇਧਾਂ ਨਾਲ ਵਿਸਥਾਰ, ਇਸ ਦੀ ਮੁੱਲਵਾਨਤਾ ਤੇ ਅਮੀਰਤਾ ਨੂੰ ਹੋਰ ਅਮੀਰ ਕਰਨਾ ਹੁੰਦਾ। ਬਜੁਰਗਾਂ ਦੇ ਨਾਮ ਨੂੰ ਚਾਰ ਚੰਨ ਲਾਉਣੇ ਹੁੰਦੇ। ਬਜੁਰਗਾਂ ਦੇ ਸਿਵੇ ਦੇ ਮੱਚਦਿਆਂ, ਕਦੇ ਜ਼ਮੀਨਾਂ ਦੀਆਂ ਵੰਡੀਆਂ ਨਾ ਪਾਉਣਾ। ਉਨ੍ਹਾਂ ਦੀ

*(ਬਾਕੀ ਅਗਲੇ ਸਫੇ 'ਤੇ)*

# ਕਲੀਰੇ ਬੰਨ੍ਹਣਾ ਅਤੇ ਵੰਡਣਾ

ਪੰਜਾਬੀ ਸਭਿਆਚਾਰ ਦੀ ਆਪਣੀ ਬੋਲੀ, ਪਹਿਰਾਵੇ, ਸੁਭਾਅ, ਸਮਾਜਕ ਕਦਰ ਪ੍ਰਣਾਲੀ ਤੇ ਰਸਮਾਂ ਰਿਵਾਜਾਂ ਕਾਰਨ ਵਿਸ਼ਵ ਵਿਚ ਵੱਖਰੀ ਪਛਾਣ ਹੈ। ਪਹਿਲੇ ਸਮਿਆਂ ਵਿਚ ਇਥੋਂ ਦੇ ਵਿਆਹਾਂ ਵਿਚ ਪ੍ਰਚਲਿਤ ਰਹੇ ਰੀਤੀ ਰਿਵਾਜਾਂ ਦੀਆਂ ਗੱਲਾਂ ਹੁਣ ਤੱਕ ਕੀਤੀਆਂ ਜਾਂਦੀਆਂ ਹਨ।

ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 91-98885-10185

ਕੁੜੀ ਦੇ ਵਿਆਹ ਦੇ ਮੌਕੇ ਵਿਆਹ ਵਾਲੀ ਕੁੜੀ ਨੂੰ ਕਲੀਰੇ ਬੰਨ੍ਹਣ ਤੇ ਉਸ ਪਿੱਛੋਂ ਕਲੀਰੇ ਵੰਡਣ ਦੀ ਰਸਮ ਬੜੀ ਪੁਰਾਣੀ ਹੈ। ਇਹ ਰਸਮ ਪੰਜਾਬੀ ਸਭਿਆਚਾਰ ਦਾ ਹਿੱਸਾ ਬਣੀ ਰਹੀ ਹੈ। ਕਲੀਰਾ ਨਾਰੀਅਲ ਤੇ ਗਿਰੀ ਗੋਲੇ ਦੀਆਂ ਠੂਠੀਆਂ ਨੂੰ ਸਜਾ ਕੇ ਲਾਲ ਸੂਤੀ ਡੋਰਾਂ ਵਿਚ ਪਰੋਇਆ/ਗੁੰਦਿਆ ਜਾਂਦਾ ਹੈ। ਕਲੀਰਿਆਂ ਨੂੰ ਸਜਾਉਣ ਲਈ ਲਾਲ ਸੂਤੀ ਮੌਲ਼ੀ ਦੇ ਧਾਗਿਆਂ ਵਿਚ ਕੌਡੀਆਂ ਪਰੋਈਆਂ ਜਾਂਦੀਆਂ ਹਨ। ਉਨ੍ਹਾਂ ਨੂੰ ਮਖਾਣਿਆਂ ਅਤੇ ਵਿਸ਼ੇਸ਼ ਤਰ੍ਹਾਂ ਦੀਆਂ ਫੁੱਲੀਆਂ ਨਾਲ ਸਜਾਇਆ ਜਾਂਦਾ ਹੈ ਤੇ ਕਲੀਰਿਆਂ ਨਾਲ ਬੰਨ੍ਹਿਆ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਘਰ ਦੀਆਂ, ਸਕੇ-ਸਬੰਧੀਆਂ, ਗਲੀ ਮੁਹੱਲੇ ਤੇ ਪਿੰਡ ਦੀਆਂ ਔਰਤਾਂ/ਕੁੜੀਆਂ ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਕੁੜੀ ਲਈ ਕਲੀਰੇ ਪਰੋ ਲੈਂਦੀਆਂ ਸਨ।

ਚਾਂਦੀ ਦੇ ਬਣੇ ਕਲੀਰਿਆਂ ਨੂੰ ਗਹਿਣਿਆਂ ਵਾਂਗ ਕੀਮਤੀ ਕਲੀਰੇ ਸਮਝਿਆ ਜਾਂਦਾ ਹੈ। ਉਨ੍ਹਾਂ ਵਿਚ ਨਿੱਕੀਆਂ ਗੋਲਾਈਦਾਰ ਕਟੋਰੀਆਂ ਤੇ ਘੁੰਗਰੂ ਲੱਗੇ ਹੁੰਦੇ ਹਨ। ਘੁੰਗਰੂਆਂ ਨਾਲ ਜੜੇ ਕਲੀਰਿਆਂ, ਫੁੱਲਾਂ ਵਾਲੇ ਕਲੀਰਿਆਂ, ਰੰਗ-ਬਰੰਗੇ ਧਾਗਿਆਂ ਦੇ ਕੰਮ ਵਾਲੇ ਕਲੀਰਿਆਂ, ਰੰਗਦਾਰ ਚਮਕੀਲੇ ਕਾਗਜ਼ਾਂ ਨਾਲ ਸਜਾਏ ਗਏ ਕਲੀਰਿਆਂ, ਭਾਰੇ ਜਾਂ ਹਲਕੇ ਝੂਮਰ ਵਾਲੇ ਕਲੀਰਿਆਂ ਦੀਆਂ ਵੰਨਗੀਆਂ ਨੂੰ ਕੁੜੀਆਂ ਵਧੇਰੇ ਪਸੰਦ ਕਰਦੀਆਂ ਹਨ। ਵਿਆਹ ਵਾਲੇ ਦਿਨ ਕੁੜੀ ਨੂੰ ਵਰੀ ਦਾ ਸੂਟ ਪਹਿਨਾਉਣ ਪਿੱਛੋਂ ਉਸ ਦੇ ਨੇੜਲੇ ਰਿਸ਼ਤੇਦਾਰ ਉਸ ਨੂੰ ਕਲੀਰੇ ਬੰਨ੍ਹਦੇ ਹਨ। ਕੁੜੀ ਨੂੰ ਚੂੜਾ ਪਹਿਨਾਉਣ ਪਿੱਛੋਂ ਉਸ ਨੂੰ ਕਲੀਰੇ ਬੰਨ੍ਹੇ ਜਾਂਦੇ ਹਨ। ਕੁੜੀ ਦੀ ਮਾਂ ਤੇ ਮਾਮਿਆਂ ਵੱਲੋਂ ਸਭ ਤੋਂ ਪਹਿਲਾਂ ਬੰਨ੍ਹੇ ਜਾਣ ਵਾਲੇ ਕਲੀਰਿਆਂ ਨੂੰ ਜੇਠੇ ਕਲੀਰੇ ਕਿਹਾ ਜਾਂਦਾ ਹੈ। ਫਿਰ ਬਾਕੀ ਰਿਸ਼ਤੇਦਾਰਾਂ, ਸ਼ਰੀਕੇ- ਭਾਈਚਾਰੇ ਦੀਆਂ ਔਰਤਾਂ/ਕੁੜੀਆਂ ਵੱਲੋਂ ਕੁੜੀ ਨੂੰ ਕਲੀਰੇ ਬੰਨ੍ਹੇ ਜਾਂਦੇ ਹਨ। ਵਿਆਹ ਵਾਲੀ ਕੁੜੀ ਆਪਣੀਆਂ ਦੋਹਾਂ ਬਾਹਾਂ ਦੀਆਂ ਕਲਾਈਆਂ ਉਤੇ ਕਲੀਰੇ ਬੰਨ੍ਹਦੀ ਹੈ।

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ ਇਸ ਨੂੰ 'ਸੁੱਖ ਮੰਗਲ ਦਾ ਸੂਚਕ' ਸਮਝਿਆ ਜਾਂਦਾ ਹੈ (ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 1060 )। ਕੁੜੀ ਦੀਆਂ ਕਲਾਈਆਂ ਨਾਲ ਲਟਕਦੇ ਚਾਂਦੀ ਦੇ ਕਲੀਰੇ, ਨਾਰੀਅਲ ਦੇ ਕਲੀਰੇ, ਕੌਡੀਆਂ ਆਦਿ ਨਾਲ ਸਜਾਏ ਗਏ ਕਲੀਰੇ ਬਹੁਤ ਸੁੰਦਰ ਲੱਗਦੇ ਹਨ। ਕੁੜੀ ਨੂੰ ਕਲੀਰੇ ਬੰਨ੍ਹਣ ਦੀ ਇਸ ਰਸਮ ਦਾ ਵਿਸ਼ੇਸ਼ ਮਹੱਤਵ ਹੈ ਤੇ ਇਸ ਨੂੰ ਸ਼ੁੱਭ ਸ਼ਗਨ ਸਮਝਿਆ ਜਾਂਦਾ ਹੈ।



ਕਲੀਰੇ ਵੰਡਣ ਦੀ ਰਸਮ ਕੁੜੀ ਦੀ ਡੋਲੀ ਤੁਰਨ ਤੋਂ ਪਹਿਲਾਂ ਹੁੰਦੀ ਹੈ। ਕੁੜੀ ਕੋਲ ਉਸ ਦੀਆਂ ਭੈਣਾਂ, ਭਾਬੀਆਂ, ਵੀਰਾਂ ਨੂੰ ਬੁਲਾਇਆ ਜਾਂਦਾ ਹੈ। ਬੰਨ੍ਹੇ ਗਏ, ਇਕੱਠੇ ਹੋਏ ਕਲੀਰਿਆਂ ਵਿਚੋਂ ਕੁਝ ਨੂੰ ਤੋੜ ਕੇ ਕੁੜੀ ਆਪਣੀਆਂ ਭੈਣਾਂ, ਭਰਾਵਾਂ, ਭਾਬੀਆਂ ਤੇ ਹੋਰ ਰਿਸ਼ਤੇਦਾਰਾਂ ਨੂੰ ਵੰਡਦੀ ਹੈ। ਇਸ ਰਸਮ ਨੂੰ ਵਿਆਹ ਪਿੱਛੋਂ ਘਰ ਵਿਚ ਪਿਆਰ, ਇਤਫਾਕ, ਖੁਸ਼ਹਾਲੀ, ਬਰਕਤਾਂ ਆਦਿ ਬਣੀਆਂ ਰਹਿਣ ਲਈ ਦੁਆ ਕਰਨ ਵਜੋਂ ਨਿਭਾਇਆ ਜਾਂਦਾ ਹੈ। ਘਰ ਵਿਚ ਖੁਸ਼ੀਆਂ ਨਾਲ ਭਰਪੂਰ ਤੇ ਸ਼ੁੱਭ ਕਾਰਜ ਹੁੰਦੇ ਰਹਿਣ ਲਈ ਵੀ ਦੁਆ ਕੀਤੀ ਜਾਂਦੀ ਹੈ। ਕਲੀਰੇ ਵੰਡਦਿਆਂ ਕੁੜੀ ਆਪਣੇ ਪੇਕੇ ਘਰ ਲਈ ਵੀ ਖੈਰ-ਸੁੱਖ ਮੰਗਦੀ ਹੈ। ਬਾਹਾਂ ਵਿਚ ਪਾਏ ਕਲੀਰਿਆਂ ਦੇ ਕੁਝ ਹਿੱਸੇ ਨੂੰ ਕੁੜੀ ਆਪਣੇ ਸਹੁਰੇ ਘਰ ਲੈ ਕੇ ਜਾਂਦੀ ਹੈ।

ਹੁਣ ਸਮਾਂ ਬਦਲ ਗਿਆ ਹੈ। ਹੁਣ ਬਣੇ-ਬਣਾਏ ਕਲੀਰੇ ਬਾਜ਼ਾਰ ਵਿਚੋਂ ਖਰੀਦੇ ਜਾ ਸਕਦੇ ਹਨ। ਉਨ੍ਹਾਂ ਬਣੇ-ਬਣਾਏ ਸੁੰਦਰ ਕਲੀਰਿਆਂ ਵਿਚੋਂ ਬੇਸ਼ੱਕ ਆਪਣੇਪਨ ਦਾ ਅਹਿਸਾਸ ਗੈਰਹਾਜ਼ਰ ਹੁੰਦਾ ਹੈ, ਪਰ ਬਦਲਦੇ ਸਮੇਂ ਨੇ ਚੀਜ਼ਾਂ ਦੇ ਵਿਕਲਪ ਦੀ ਤਲਾਸ਼ ਵੀ ਕਰਨੀ ਹੁੰਦੀ ਹੈ। ਕਲੀਰੇ ਬੰਨ੍ਹਣ ਤੇ ਵੰਡਣ ਦੀ ਰਸਮ ਹੁਣ ਬੇਸ਼ੱਕ ਘਟਦੀ ਜਾ ਰਹੀ ਹੈ, ਪਰ ਉਸ ਦਾ ਮਹੱਤਵ ਅਜੇ ਤੱਕ ਵੀ ਬਣਿਆ ਹੋਇਆ ਹੈ। ਪਹਿਲਾਂ ਜਿਹੜੇ ਸ਼ਗਨ-ਵਿਹਾਰ ਗਲੀ ਮੁਹੱਲਾ ਰਲ-ਮਿਲ ਕੇ ਕਰਦਾ ਸੀ, ਹੁਣ ਸਿਰਫ ਘਰ ਵਾਲਿਆਂ ਜਾਂ ਕੁਝ ਨਜ਼ਦੀਕੀ ਰਿਸ਼ਤੇਦਾਰਾਂ ਤੱਕ ਸਿਮਟ ਕੇ ਰਹਿ ਗਏ ਹਨ। ਕਲੀਰੇ ਬੰਨ੍ਹਣ ਤੇ ਵੰਡਣ ਦੀ ਰਸਮ ਦੇ ਮਹੱਤਵ ਨੂੰ ਵਿਸਾਰਿਆ ਨਹੀਂ ਜਾ ਸਕਦਾ। ਕਲੀਰਿਆਂ ਨਾਲ ਕਈ ਲੋਕ ਵਿਸ਼ਵਾਸ ਤੇ ਰਵਾਇਤਾਂ ਵੀ ਜੁੜੀਆਂ ਹੋਈਆਂ ਹਨ। ਕੁਝ ਵੀ ਹੋਵੇ ਪੰਜਾਬੀ ਸਭਿਆਚਾਰ ਵਿਚ ਕਲੀਰਿਆਂ ਦੇ ਮਹੱਤਵ ਨੇ ਆਪਣਾ ਸਥਾਨ ਬਣਾਈ ਰੱਖਣਾ ਹੈ।

# ਜੋ ਹਮੇਸ਼ਾ ਚੇਤੇ ਰਹਿੰਦੇ ਨੇ!

ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

ਕਈ ਦਿਨਾਂ ਤੋਂ ਜਸਟਿਸ ਰਜਿੰਦਰ ਸੱਚਰ ਬੜੇ ਯਾਦ ਆ ਰਹੇ ਨੇ। ਉਨ੍ਹਾਂ ਨਾਲ ਮੇਰੀ ਇਕੋ ਮਿਲਣੀ ਹੀ ਹੋਈ ਤੇ ਉਹ ਵੀ ਚੇਤੇ ਵਿਚ ਵੱਸ ਜਾਣ ਵਾਲੀ। ਉਹ ਹਰੀ-ਭਰੀ ਉਮਰ ਭੋਗ ਕੇ ਚਲੇ ਗਏ। ਜਸਟਿਸ ਸੱਚਰ ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਰਹੇ। ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਦੇ ਇਸ ਪੁੱਤਰ ਨੂੰ ਪੰਜਾਬ ਤੇ ਪੰਜਾਬੀ ਨਾਲ ਡਾਹਢਾ ਮੋਹ ਸੀ। ਜਦ ਵੀ ਮੈਂ ਫੋਨ ਕਰਨਾ ਜਾਂ ਉਨ੍ਹਾਂ ਦਾ ਫੋਨ ਆਉਣਾ, ਤਾਂ ਪਹਿਲਾਂ ਇਹੀਓ ਪੁੱਛਣਾ, "ਪੰਜਾਬ ਦਾ ਕੀ ਹਾਲ ਏ? ਕੀ ਬਣੇਗਾ ਪੰਜਾਬ ਦਾ...?" ਉਹ ਦਿੱਲੀ ਰਹਿੰਦਿਆਂ ਵੀ ਘਰ 'ਚ ਪੰਜਾਬੀ ਬੋਲਦੇ ਰਹੇ ਸਨ।

ਉਨ੍ਹੀਂ ਦਿਨੀਂ ਮੇਰੀ ਕਿਤਾਬ 'ਕਾਲੇ ਕੋਟ ਦਾ ਦਰਦ' ਦਾ ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ ਕੋਲ ਹਿੰਦੀ ਰੂਪ ਛਪ ਰਿਹਾ ਸੀ। ਜਦ ਮੈਂ ਨਿਊ ਫਰੈਂਡਜ਼ ਕਾਲੋਨੀ 19-ਨੰਬਰ ਉਨ੍ਹਾਂ ਨੂੰ ਮਿਲਣ ਗਿਆ। ਉਨ੍ਹਾਂ ਦਾ ਪੀ. ਏ. ਨਿਰੰਜਨ ਦਾਸ ਬੜੇ ਅਦਬ ਨਾਲ ਉਨ੍ਹਾਂ ਦੇ ਕਮਰੇ ਵਿਚ ਲੈ ਗਿਆ। ਉਹ ਲਿਖਣ-ਪੜ੍ਹਨ ਵਾਲੀ ਮੇਜ ਉਤੇ ਬੈਠੇ ਕੁਝ ਪੜ੍ਹ ਰਹੇ ਸਨ। ਗੋਰੇ ਚਿੱਟੇ ਬਿਰਧ ਚਿਹਰੇ ਉਤੇ ਮੁਸਕਰਾਹਟ ਆਈ, "ਜੀ ਆਇਆਂ ਨੂੰ ਬੱਚੇ, ਆ ਹੀ ਗਿਆ ਏਂ, ਫੋਨ ਉਤੇ ਤੇਰੀ ਅਵਾਜ਼ ਸੁਣੀਦੀ ਸੀ।"

ਆਪਣੇ ਕੋਲ ਬੈਠੇ ਦੋ ਮੁੰਡਿਆਂ ਤੇ ਇਕ ਕੁੜੀ ਨਾਲ ਮੇਰੀ ਜਾਣ-ਪਛਾਣ ਕਰਵਾਈ। ਉਹ ਮੁੰਡੇ ਤੇ ਕੁੜੀ ਅਗਾਂਹਵਧੂ ਸਮਾਜਕ ਕਾਰਕੁਨ ਸਨ ਤੇ ਉਨ੍ਹਾਂ ਪਾਸ ਅਕਸਰ ਆਉਂਦੇ-ਜਾਂਦੇ ਰਹਿੰਦੇ ਸਨ। ਉਨ੍ਹਾਂ ਨੂੰ ਉਹ ਆਖਣ ਲੱਗੇ ਕਿ ਇਸ ਲੜਕੇ ਦਾ ਫੋਨ ਨੰਬਰ ਲੈ ਲਵੋ, ਆਪਣੇ ਫੋਨ ਨੰਬਰ ਇਸ ਨੂੰ ਦੇ ਦੇਵੋ, ਸੰਪਰਕ ਵਿਚ ਰਹਿਣਾ, ਬੜਾ ਕੰਮ ਦਾ ਮੁੰਡਾ ਏ। ਅਸੀਂ ਫੋਨ ਨੰਬਰ ਵਟਾਏ। (ਉਹ ਤਿੰਨੋ ਮੇਰੇ ਸੰਪਰਕ ਵਿਚ ਰਹੇ ਤੇ ਜਦ ਫੋਨ ਸੈਟ ਬਦਲਿਆ ਤਾਂ ਉਨ੍ਹਾਂ ਦੇ ਨੰਬਰ ਵੀ ਗੁਆਚ ਗਏ) ਖੈਰ!

ਜਸਟਿਸ ਸੱਚਰ ਨੇ ਮੈਨੂੰ ਆਖਿਆ, "ਮਨੁੱਖ ਦੇ ਜੀਵਨ ਵਿਚ ਕਠਿਨ ਸਮਾਂ ਆਉਂਦਾ-ਜਾਂਦਾ ਰਹਿੰਦਾ ਏ, ਕਦੀ ਡੋਲਣਾ ਨਹੀਂ, ਬਸ ਜਿਵੇਂ ਧੁੱਪ ਤੇ ਛਾਂ ਆਉਂਦੀ ਏ। ਆਪਣਾ ਕੰਮ ਕਰਦੇ ਜਾਓ; ਤਰੱਕੀ ਕਰਨ ਵਾਲੇ ਬੱਚੇ ਓ ਤੁਸੀਂ।"

ਉਨ੍ਹਾਂ ਦੇ ਡਿਕਟੇਟ ਕਰਵਾਏ ਚਾਰ ਸ਼ਬਦ ਮੈਂ ਪੁਸਤਕ ਵਿਚ ਛਾਪਣ ਦਾ ਮਾਣ ਲਿਆ।

ਹੋਰ ਵੀ ਵਾਹਵਾ ਗੱਲਾਂ ਹੋਈਆਂ। ਉਨ੍ਹਾਂ ਪੰਜਾਬ ਵਿਚਲੇ ਆਪਣੇ ਜਾਣੂੰਆਂ ਦਾ ਹਾਲ-ਚਾਲ ਮੈਥੋਂ ਜਾਣਿਆ। ਪੁੱਛਣ ਲੱਗੇ ਕਿ ਕਦੇ ਕੁਲਦੀਪ ਨੱਈਆਰ ਨੂੰ ਮਿਲੇ ਓ? ਮੈਂ ਕਿਹਾ, "ਨਹੀਂ ਜੀ।" ਉਹ ਬੋਲੇ, "ਰਿਸ਼ਤੇਦਾਰੀ 'ਚੋਂ ਮੇਰਾ ਜੀਜਾ ਲੱਗਦਾ ਏ ਉਹ, ਜਰੂਰ ਮਿਲਣਾ ਉਨ੍ਹਾਂ ਨੂੰ।"



ਜਸਟਿਸ ਸੱਚਰ ਮੇਰੇ ਦਾਦੇ ਅਮ੍ਰਿਤ ਲਾਲ ਦੀ ਉਮਰ ਦੇ ਸਨ, ਜਦ ਪੂਰੇ ਹੋਏ। ਖਬਰ ਸੁਣ ਕੇ ਲੱਗਿਆ ਜਿਵੇਂ ਦਿੱਲੀ ਰਹਿੰਦਾ ਮੇਰਾ ਦਾਦਾ ਚੱਲ ਵਸਿਆ ਹੈ। ਉਨ੍ਹਾਂ ਦੇ ਪੀ. ਏ. ਨਿਰੰਜਨ ਦਾਸ ਨਾਲ ਅਫਸੋਸ ਕਰਨ ਲਈ ਫੋਨ ਕੀਤਾ, ਉਹ ਭਰੇ ਗਲੇ 'ਚੋਂ ਬੋਲੇ, "ਅੱਜ ਮੇਰੇ ਪਿਤਾ ਜੀ ਚਲੇ ਗਏ ਹੈਂ, ਮੇਰੇ ਸੇ ਪਿਤਾ ਕੀ ਸ਼ਾਇਆ ਛੀਨੀ ਗਈ ਹੈ ਅਰੇ ਭਾਈ...।"

ਦਿੱਲੀ ਤਾਂ ਨਹੀਂ ਮੈਂ ਜਾ ਸਕਿਆ, ਪਰ ਦਿਲੋਂ ਕਦੀ ਨਹੀਂ ਭੁਲਾ ਸਕਿਆ। ਇਹੋ ਜਿਹੇ ਲੋਕ ਕਦੇ ਨਹੀ ਭੁੱਲਦੇ। ਸਦਾ ਯਾਦਾਂ ਵਿਚ ਜਿਉਂਦੇ ਨੇ।

**ਕਦੋਂ ਥੰਮ੍ਹੇਗਾ ਕਰੋਨਾ ਦਾ ਕਹਿਰ:** ਕਰੋਨਾ ਦੀ ਕਰੰਡੀ ਦੁਨੀਆਂ ਛੇਤੀ ਲੀਹ ਉੱਤੇ ਨਹੀਂ ਆਉਣੀ। ਮੁਲਕਾਂ ਦੇ ਮੁਲਕ ਮਸੋਸੇ ਗਏ। ਮੋਏ ਗਿਣੇ ਨਹੀਂ ਜਾਂਦੇ, ਕੌਣ ਗਿਣੇ ਮੋਏ? ਸੌਖਾ ਕੰਮ ਹੈ, ਕਿਤੇ ਮੋਇਆਂ ਦੀ ਗਿਣਤੀ ਕਰਨਾ? ਕੀ ਨਿਆਣਾ, ਕੀ ਸਿਆਣਾ, ਪਏ ਝੱਲਣ ਫਿਕਰਾਂ ਦਾ ਸਾਇਆ। ਦੁਨੀਆਂ ਥੰਮ੍ਹ ਜਿਹੀ ਗਈ ਹੈ, ਭੈਅ ਦਾ ਭਾਰ ਹੈ। ਘਰਾਂ 'ਚ ਕੈਦੀ ਬਣ'ਗੇ ਘਰਾਂ ਦੇ ਜੀਅ।

ਰੋਜ ਕਮਾ ਕੇ ਖਾਣ ਵਾਲਾ ਮਜਦੂਰ ਡਾਹਢਾ ਮਜਬੂਰ ਹੈ, ਸਮੇਂ ਨੇ ਝੰਬ ਦਿੱਤਾ ਹੈ। ਪਰਦੇਸੀਂ ਬੈਠੇ ਆਪਣਿਆਂ ਦਾ ਫਿਕਰ ਤੇ ਝੋਰਾ ਵੱਢ ਵੱਢ ਖਾ ਰਿਹੈ, ਏਧਰਲਿਆਂ ਨੂੰ। ਸਪੀਕਰਾਂ 'ਚੋਂ ਸੁਣਦੇ ਚੇਤੰਨ ਕਰਦੇ ਹੋਕੇ ਤੇ ਐਂਬੂਲੈਂਸਾਂ ਦੇ ਸਾਈਰਨ ਭਵਿੱਖ ਬਾਰੇ ਸੋਚਣ ਲਈ ਮਜਬੂਰ ਕਰਦੇ ਨੇ। ਰੱਬ ਕੋਲ ਅਰਦਾਸਾਂ ਤੇ ਦੁਆਵਾਂ ਦੇ ਢੇਰਾਂ ਦੇ ਢੇਰ ਲੱਗੀ ਜਾਂਦੇ ਨੇ। ਘਰ ਪੁਛਦਾ ਹੈ, ਘਰ ਬੈਠੇ ਜੀਆਂ ਨੂੰ-ਕਿਉਂ, ਜਾਂਦੇ ਨਹੀਂ ਕਿਧਰੇ? ਜਾਓ, ਜਾ ਕੇ ਤਾਂ ਵਿਖਾਓ! ਮੈਂ ਘਰ ਹਾਂ। ਮੈਂ ਹੀ ਔਖੇ ਸੌਖੇ ਸਭ ਨੂੰ ਸ਼ਰਣ ਦਿੰਦਾਂ; ਪਰ ਕਈ ਵਾਰੀ ਮੈਨੂੰ ਵੀ ਇਕੱਲਿਆਂ ਰਹਿਣਾ ਪੈਂਦਾ ਹੈ। ਘਰਾਂ ਦੀ ਤਾਂ ਫਿਤਰਤ ਬਣ ਗਈ ਹੈ ਇਕੱਲਿਆਂ ਰਹਿਣਾ! ਕਿਉਂਕਿ ਮੈਂ ਘਰ ਹਾਂ, ਕਿਧਰੇ ਨਹੀਂ ਜਾ ਸਕਦਾ। ਮੇਰੀ ਕਿਸਮਤ ਵਿਚ ਇਕ ਥਾਂਓਂ ਟਿਕੇ ਰਹਿਣਾ ਲਿਖਿਐ ਤੇ ਟਿਕਿਆ ਹੋਇਆਂ ਮੈਂ ਇਕੋ ਥਾਂ। ਤੁਹਾਡਾ ਜਦ ਦਿਲ ਕਰੇ, ਠੋਕੋ ਤਾਲਾ ਤੇ ਚੱਲ ਪੈਂਦੇ ਓ ਘੁੰਮਣ-ਘੁੰਮਾਉਣ। ਉਦੋਂ ਕੋਈ ਨਹੀਂ ਕਹਿੰਦਾ ਕਿ ਘਰ ਨੂੰ ਵੀ ਨਾਲ ਲੈ ਚੱਲੀਏ ਦੋ ਦਿਨ ਨਾਲ ਘੁੰਮ ਆਊ! ਵਿਹੜੇ ਵਿਚ ਖਲੋਤੇ ਰੁੱਖ ਵੀ ਮਨੁੱਖ ਵਾਂਗ ਆਪ ਮੁਹਾਰੇ ਹੋ ਜਾਂਦੇ ਨੇ ਤੇ ਕਹਿੰਦੇ ਨੇ-ਛੱਡੋ ਛੱਡੋ, ਘਰ ਨਾਲ ਕੀ ਗੱਲ ਕਰਨੀ ਐਂ। ਆਪਸ ਵਿਚੀਂ ਕਰਦੇ ਨੇ ਰੁੱਖ ਗੱਲਾਂ ਘਰ ਵੱਲੋਂ ਮੂੰਹ ਫੇਰ ਕੇ!

ਸਪੀਕਰ ਖੜਕਿਆ ਹੈ। ਗੁਰਦੁਆਰਿਓਂ ਬਾਬਾ ਕੁਝ ਬੋਲੇਗਾ, ਸੁਣ ਲਵਾਂ ਕੀ ਬੋਲੇਗਾ!

ਹੇ ਵਾਹਿਗੁਰੂ, ਸਰਬਤ ਦਾ ਭਲਾ ਕਰੀਂ।

# ਪਿਆਰ ਦਾ ਪੈਗਾਮ

***(ਪਿਛਲੇ ਸਫੇ ਦੀ ਬਾਕੀ)***

ਵਿਰਾਸਤ ਨੂੰ ਵੰਡਾਉਣਾ, ਦੇਖਣਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਵੀਆਂ ਪ੍ਰਾਪਤੀਆਂ ਦੀਆਂ ਪੇਸ਼ੀਨਗੋਈਆਂ ਹੋਣੀਆਂ ਸ਼ੁਰੂ ਹੋ ਜਾਣਗੀਆਂ। ਜ਼ਮੀਨਾਂ ਹੜੱਪਣ ਵਾਲੇ ਤੇ ਹੋਛੇ ਹੱਥਕੰਡਿਆਂ ਰਾਹੀਂ ਬਜੁਰਗਾਂ ਨੂੰ ਜਲੀਲ ਕਰਨ ਵਾਲੇ ਬਹੁਤ ਜਲਦੀ ਆਪਣਾ ਨਾਮੋ-ਨਿਸ਼ਾਨ ਹੀ ਮਿਟਾ ਬੈਠਦੇ ਨੇ।

ਪਿਆਰ ਕਰੋ ਮਨੁੱਖ ਤੇ ਰੁੱਖਾਂ ਨਾਲ, ਮਾਪਿਆਂ, ਭੈਣ-ਭਰਾਵਾਂ, ਸੰਗੀਆਂ-ਸਾਥੀਆਂ, ਕਰੀਬੀਆਂ, ਸਹਿਕਰਮੀਆਂ ਅਤੇ ਹਮਸਫਰਾਂ ਨਾਲ। ਸੱਜਣਾਂ ਤੇ ਜੀਵਨ ਸਾਥੀ ਨਾਲ। ਹਮਰੂਹਾਂ, ਹਮ-ਖਿਆਲਾਂ, ਹਮਰਾਹਾਂ ਅਤੇ ਹਮ-ਦੁਆਵਾਂ ਨਾਲ। ਪਿਆਰ ਕਰੋ ਕਾਇਨਾਤ ਦੀ ਅਸੀਮਤਾ, ਅਨੰਨਤਾ ਅਤੇ ਸੁੰਦਰਤਾ ਨਾਲ। ਨਿਆਮਤਾਂ ਤੇ ਬਖਸ਼ਿਸ਼ਾਂ ਨਾਲ। ਕਿਰਤ, ਕਮਾਈ ਤੇ ਕੀਰਤੀ ਨਾਲ। ਮਾਣ-ਸਨਮਾਨਾਂ, ਰੁਤਬਿਆਂ, ਉਪਲਬਧੀਆਂ, ਪ੍ਰਾਪਤੀਆਂ ਤੇ ਪਾਈਆਂ ਪੈੜਾਂ ਨਾਲ। ਆਪਣੀ ਔਲਾਦ ਨਾਲ ਅਤੇ ਔਲਾਦ ਦੀ ਔਲਾਦ ਨਾਲ।

ਪਿਆਰ ਦੇਣਾ ਅਤੇ ਕਰਨਾ ਸਭ ਤੋਂ ਅਹਿਮ। ਇਹ ਕਈ ਗੁਣਾ ਹੋ ਕੇ ਤੁਹਾਨੂੰ ਮਿਲਦਾ ਅਤੇ ਅਚੰਭਿਤ ਕਰਦਾ। ਕਦੇ ਜਾਨਵਰਾਂ ਤੇ ਫੁੱਲਾਂ ਨਾਲ ਪਿਆਰ ਕਰਨਾ, ਦੇਖਣਾ ਕਿੰਨਾ ਸਕੂਨ ਤੇ ਸਹਿਜ ਤੁਹਾਡਾ ਹਾਸਲ ਬਣੇਗਾ।

ਪਿਆਰ ਵਿਚ ਹਿਸਾਬ-ਕਿਤਾਬ ਨਹੀਂ ਹੁੰਦਾ ਅਤੇ ਜਿਥੇ ਲੇਖਾ-ਜੋਖਾ ਹੁੰਦਾ ਹੈ, ਉਥੇ ਪਿਆਰ ਨਹੀਂ ਹੁੰਦਾ। ਦਿਲਾਂ ਦਾ ਵੀ ਕਦੇ ਵਪਾਰ ਹੁੰਦਾ?

ਪਿਆਰ ਖਿਆਲ ਅਤੇ ਖਬਤ ਵਿਚ ਹਾਜਰ-ਨਾਜਰ ਰਹਿਣਾ, ਭਟਕਣ ਤੇ ਤਲਾਸ਼ ਖਤਮ ਹੋ ਜਾਵੇਗੀ। ਪਿਆਰ ਤਾਂ ਰਾਤ ਦੇ ਆਖਰੀ ਪਹਿਰ ਅਤੇ ਦਿਨ ਦੇ ਪਹਿਲੇ ਪਹਿਰ ਦਾ ਸੁਗਮ ਮਿਲਾਪ। ਪਿਆਰ ਵਿਚ ਜ਼ਿਕਰ ਉਸ ਦਾ ਹੀ ਹੁੰਦਾ, ਜਿਸ ਦਾ ਮਨ ਦੇ ਕਿਸੇ ਕੋਨੇ ਵਿਚ ਫਿਕਰ ਤੇ ਵਾਸਾ ਹੁੰਦਾ।

ਪਿਆਰ ਵਿਚ ਕੌਣ, ਕਿਸ ਦਾ ਅਤੇ ਕਿਸ ਮੋੜ ਤੱਕ ਨਾਲ ਚੱਲਦਾ ਅਤੇ ਹੱਥ ਪਕੜ ਕੇ ਰੱਖਦਾ ਹੈ, ਇਹ ਤਾਂ ਵਕਤ ਦੀ ਤਵਾਰੀਖ ਵਿਚ ਹੀ ਲਿਖਿਆ ਜਾਂਦਾ।

ਪਿਆਰ ਦੀ ਅਹਿਮੀਅਤ ਸਭ ਤੋਂ ਜ਼ਿਆਦਾ, ਕਿਉਂਕਿ ਕੀਮਤ ਪਾਣੀ ਦੀ ਨਹੀਂ ਸਗੋਂ ਤ੍ਰੇਹ ਦੀ ਹੁੰਦੀ, ਡਰ ਮੌਤ ਦਾ ਨਹੀਂ ਤ੍ਰਾਹ ਦਾ ਹੁੰਦਾ। ਪਿਆਰ ਤਾਂ ਬਹੁਤ ਕਰਦੇ ਨੇ ਦਿਖਾਵੇ ਲਈ, ਪਰ ਪਿਆਰ ਦਿਖਾਵਾ ਨਹੀਂ ਸਗੋਂ ਮਨ 'ਚ ਮਚਲਦੇ ਚਾਅ ਦਾ ਹੁੰਦਾ।

ਪਿਆਰ ਹੁੰਦਾ ਧਰਤੀ ਦੇ ਪਿੰਡੇ ਕਿਰਨਾਂ ਦਾ ਛਿੜਕਾਅ

ਤੇ ਹਨੇਰੀਆਂ ਜੂਹਾਂ ਵਿਚ ਚਾਨਣ ਦੀ ਅਦਲੀ ਸਦਾਅ।

ਪਿਆਰ ਹੁੰਦਾ ਤ੍ਰੇਲ-ਤੁਪਕਿਆਂ ਨੂੰ ਪੱਤਿਆਂ ਦੀ ਆਗੋਸ਼,

ਤੇ ਚੌਗਿਰਦੇ ਦਾ ਰੂਹ-ਰੱਤੀ ਆਬਸ਼ਾਰ 'ਚ ਹੋਣਾ ਮਦਹੋਸ਼।

ਪਿਆਰ ਹੁੰਦਾ ਦਰਿਆ ਦੇ ਪਾਣੀ ਦਾ ਕੰਢਿਆ ਨਾਲ ਖਹਿਣਾ,

ਤੇ ਬੇੜੀ ਦਾ ਲਹਿਰਾਂ ਨੂੰ ਆਪਣੇ ਦਿਲ ਦੀਆਂ ਗੱਲਾਂ ਕਹਿਣਾ।

ਪਿਆਰ ਹੁੰਦਾ ਸੰਧੂਰੀ ਸੁਪਨਿਆਂ ਦੀ ਰੰਗਤ ਨੂੰ ਗਰਭਾਉਣਾ,

ਤੇ ਇਸ ਦੀ ਸੁਖਨ-ਸਬੂਰੀ ਨੂੰ ਜੀਵਨ-ਅਕੀਦਤ ਬਣਾਉਣਾ।

ਪਿਆਰ ਹੁੰਦਾ ਪੈਰਾਂ 'ਚ ਉਗੇ ਸਫਰ ਦਾ ਸੁੱਚਾ ਸਿਰਨਾਵਾਂ,

ਤੇ ਮੰਜ਼ਿਲਾਂ ਦੇ ਮੱਥੇ 'ਤੇ ਉਕਰੀਆਂ ਸੁਰਖ-ਸੰਭਾਵਨਾਵਾਂ।

ਪਿਆਰ ਹੁੰਦਾ ਖੁਦ ਵਿਚੋਂ ਖੁਦ ਦਾ ਅਲੋਪ ਹੋ ਜਾਣਾ,

ਅਤੇ ਖੁਦ ਦਾ, ਖੁਦਾਈ ਦੀਆਂ ਬਰਕਤਾਂ ਸੰਗ ਲਰਜ਼ਾਣਾ।

ਪਿਆਰ ਹੁੰਦਾ ਹਵਾ ਵਿਚ ਘੁਲੀ ਹੋਈ ਫੁੱਲਾਂ ਦੀ ਖੁਸ਼ਬੋਈ

ਤੇ ਫੁੱਲ-ਪੱਤੀਆਂ ਦੇ ਜਿਸਮ 'ਤੇ ਸਰਘੀ ਦੀ ਰੰਗੀਨ ਲੋਈ।

ਪਿਆਰ ਹੁੰਦਾ ਮਨ ਦੀ ਤਖਤੀ 'ਤੇ ਉਕਰੇ ਅੱਖਰਾਂ ਦੀ ਲੋਅ,

ਤੇ ਇਸ ਦੇ ਚਾਨਣ 'ਚ ਜੀਵਨ-ਸਫਰ ਨੂੰ ਮਿਲੀ ਸੁਗਮ-ਸੋਅ।

ਪਿਆਰ ਦੀਆਂ ਬਹੁਤ ਸਾਰੀਆਂ ਕਿਸਮਾਂ, ਕਿਰਿਆਵਾਂ, ਕੀਰਤੀਆਂ ਅਤੇ ਕਰਨੀਆਂ, ਪਰ ਸਭ ਤੋਂ ਅਹਿਮ ਹੈ ਖੁਦ ਨਾਲ ਪਿਆਰ ਕਰਨਾ। ਆਪਣੀਆਂ ਤਰਜ਼ੀਹਾਂ ਤੇ ਤਮੰਨਾਵਾਂ ਨੂੰ ਕਿਸੇ ਲਈ ਕੁਰਬਾਨ ਕਰੋ। ਆਪਣੀਆਂ ਖੁਸ਼ੀਆਂ ਤੇ ਖਬਤਾਂ ਨੂੰ ਕਿਸੇ ਦੀ ਮਸਨੂਈ ਖੁਸ਼ੀ ਲਈ ਸੂਲੀ 'ਤੇ ਨਾ ਟੰਗੋ। ਦਰਅਸਲ ਖੁਦ ਨੂੰ ਪਿਆਰ ਕਰਨਾ, ਖੁਦ ਦਾ ਵਿਸਥਾਰ ਹੈ, ਜਿਸ ਵਿਚੋਂ ਮਨੁੱਖ ਨੂੰ ਖੁਦ ਦੀਆਂ ਛੁਪੀਆਂ ਹੋਈਆਂ ਉਨ੍ਹਾਂ ਅਸੀਮਤ, ਅਣਗਿਣਤ ਸੰਭਾਵਨਾਵਾਂ ਤੇ ਸਮਰੱਥਾਵਾਂ ਦੀ ਸੋਝੀ ਮਿਲਦੀ, ਜਿਨ੍ਹਾਂ ਤੋਂ ਮਨੁੱਖ ਹਮੇਸ਼ਾ ਅਵੇਸਲਾ ਰਹਿੰਦਾ।

ਯਾਦ ਰੱਖਣਾ! ਜੇ ਤੁਸੀਂ ਖੁਦ ਨੂੰ ਪਿਆਰ ਅਤੇ ਖੁਦ ਦਾ ਸਤਿਕਾਰ ਨਹੀਂ ਕਰੋਗੇ ਤਾਂ ਤੁਸੀਂ ਕਿਵੇਂ ਆਸ ਰੱਖੋਗੇ ਕਿ ਕੋਈ ਤੁਹਾਨੂੰ ਪਿਆਰ ਕਰੇ ਜਾਂ ਸਤਿਕਾਰ ਦੇਵੇ। ਖੁਦ ਦੇ ਦੀਦਿਆਂ ਵਿਚ ਵੱਸਦਾ ਪਿਆਰ ਹੀ ਅਸੀਂ ਕਿਸੇ ਹੋਰ ਦੇ ਦੀਦਿਆਂ ਵਿਚੋਂ ਝਾਕ ਸਕਦੇ ਹਾਂ।

ਲੋੜ ਹੈ, ਅਸੀਂ ਬਾਹਰੀ ਪਿਆਰ ਤੋਂ ਸਵੈ-ਪਿਆਰ ਦੇ ਸਫਰ ਦਾ ਆਗਾਜ਼ ਕਰੀਏ। ਖੁਦ ਦੀ ਸੰਗਤਾ ਮਾਣ ਕੇ ਆਪਣੀ ਆਤਮਾ ਦੇ ਬਹੁਤ ਕਰੀਬ ਹੋਵਾਂਗੇ। ਫਿਰ ਖੁਸ਼ੀਆਂ ਅਤੇ ਖੇੜਿਆਂ ਦੀ ਹਰ ਰੁੱਤ ਸਾਡੀ ਆਪਣੀ ਹੋਵੇਗੀ। ਅਜਿਹੇ ਸਫਰ ਦਾ ਆਗਾਜ਼ ਜਰੂਰ ਕਰਨਾ, ਕਿਉਂਕਿ ਸ਼ੁਰੂਆਤ ਤੋਂ ਹੀ ਸੰਪੂਰਨਤਾ ਨੂੰ ਕਿਆਸਿਆ ਜਾ ਸਕਦਾ। ਇਹ ਸਰੀਰਕ, ਮਾਨਸਿਕ ਤੇ ਆਤਮਿਕ ਵਿਕਾਸ ਲਈ ਸਭ ਤੋਂ ਅਹਿਮ ਅਤੇ ਜਰੂਰੀ। ਸਾਰੇ ਧਰਮ ਹੀ ਖੁਦ ਨੂੰ ਪਿਆਰ ਕਰਨਾ ਸਿਖਾਉਂਦੇ, ਕਿਉਂਕਿ ਇਸ ਵਿਚੋਂ ਹੀ ਮਨੁੱਖਤਾ ਨੂੰ ਪਿਆਰ ਕਰਨ ਦੀ ਗੁੜਤੀ ਮਿਲਦੀ।

ਖੁਦ ਨੂੰ ਪਿਆਰ ਕਰਨ ਵਾਲਾ ਕਰਾਮਤੀ ਸਫਰ ਤੁਹਾਡੀ ਕੀਰਤੀ ਲਈ ਕਰਮਯੋਗਤਾ ਬਣੇ, ਇਸ ਦੀ ਲੋਚਾ ਤਾਂ ਹਰਫ ਮਨ ਵਿਚ ਪਾਲਦੇ ਹੀ ਰਹਿਣਗੇ।

***###***

# ਬਲਵੰਤ ਸੰਧੂ ਦਾ ਨਾਵਲ 'ਗੁੰਮਨਾਮ ਚੈਂਪੀਅਨ'

ਪੰਜਾਬੀ ਖੇਡ ਸਾਹਿਤ

8



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਦਾਰੇ ਪਹਿਲਵਾਨ ਦੋ ਹੋਏ ਹਨ। ਦੋਵੇਂ ਅਸਲੀ। ਇਕ ਦਾ ਅਸਲੀ ਨਾਂ ਹੀ ਦਾਰਾ ਸਿੰਘ ਸੀ ਜਦੋਂ ਕਿ ਦੂਜੇ ਦਾ ਦੀਦਾਰ ਸਿੰਘ। ਦਾਰਾ ਸਿੰਘ, ਦੀਦਾਰ ਸਿੰਘ ਤੋਂ ਦਸ ਸਾਲ ਵੱਡਾ ਸੀ। ਦਾਰੇ ਦੀ ਗੁੱਡੀ ਚੜ੍ਹੀ ਤਾਂ ਦੀਦਾਰ ਨੂੰ ਵੀ ਦਾਰਾ ਕਿਹਾ ਜਾਣ ਲੱਗਾ। ਦੋਵੇਂ ਰੁਸਤਮੇ ਜ਼ਮਾਂ ਬਣੇ। ਛੋਟੇ ਦਾਰੇ ਨੂੰ ਤਾਂ ਜੱਗ ਜਾਣਦੈ, ਜਿਸ ਨੇ ਅਨੇਕਾਂ ਫਿਲਮਾਂ 'ਚ ਕੰਮ ਕੀਤਾ ਅਤੇ 'ਮੇਰੀ ਆਤਮ ਕਥਾ' ਲਿਖੀ। ਵੱਡੇ ਦਾਰੇ ਬਾਰੇ ਬਲਵੰਤ ਸਿੰਘ ਸੰਧੂ ਨੇ 'ਗੁੰਮਨਾਮ ਚੈਂਪੀਅਨ' ਨਾਵਲ ਲਿਖਿਆ।

ਦੋਹਾਂ ਦਾਰਿਆਂ ਦੀ ਵੱਖਰੀ ਪਛਾਣ ਦਾਰਾ ਦੁਲਚੀਪੁਰੀਆ ਤੇ ਦਾਰਾ ਧਰਮੂਚੱਕੀਆ ਕਰਕੇ ਹੈ। ਦਾਰੇ ਦੁਲਚੀਪੁਰੀਏ ਨੂੰ ਦਾਰਾ ਜੇਲ੍ਹਰ ਵੀ ਕਿਹਾ ਜਾਂਦੈ। ਦੋਵੇਂ ਦਾਰੇ ਰੋਟੀ-ਰੋਜ਼ੀ ਲਈ ਸਿੰਗਾਪੁਰ ਗਏ ਸਨ। ਦੋਹਾਂ ਨੇ ਉਥੋਂ ਫਰੀ ਸਟਾਈਲ ਕੁਸ਼ਤੀਆਂ ਸਿੱਖੀਆਂ। ਉਥੇ ਉਹ ਕਿਰਾਏ 'ਤੇ ਕੁਸ਼ਤੀਆਂ ਲੜਦੇ ਰਹੇ, ਪਰ ਆਪਸ ਵਿਚ ਨਾ ਲੜੇ। ਦਾਰੇ ਦੁਲਚੀਪੁਰੀਏ ਦੀ ਦਾਸਤਾਨ ਦੁਖਾਂਤਕ ਹੈ। ਉਸ ਨੇ ਆਪਣੇ ਸਕੇ ਭਰਾ ਦੇ ਕਤਲ ਦਾ ਬਦਲਾ ਲੈਣ ਲਈ ਕੁਸ਼ਤੀਆਂ ਵਿਚੇ ਛੱਡ ਕੇ ਸ਼ਰੀਕ ਭਰਾ ਦਾ ਕਤਲ ਕਰ ਦਿੱਤਾ। ਉਸ ਵੇਲੇ ਦੀਦਾਰ ਦਾ ਚਾਚਾ ਨਿਰੰਜਣ ਸਿੰਘ ਵੀ ਦਾਰੇ ਦੇ ਨਾਲ ਸੀ। ਦੋਵੇਂ ਸਿੰਗਾਪੁਰ 'ਕੱਠੇ ਖਾਂਦੇ-ਪੀਂਦੇ ਸਨ। ਦਾਰੇ ਨੂੰ ਕਤਲ ਕਰਨ ਦੇ ਦੋਸ਼ 'ਚ ਫਾਂਸੀ ਦੀ ਸਜ਼ਾ ਹੋਈ, ਜੋ ਪਿਛੋਂ ਉਮਰ ਕੈਦ 'ਚ ਬਦਲੀ। ਰੈੱਡ ਕਰਾਸ ਫੰਡ ਵਾਸਤੇ ਉਹਨੂੰ ਹੱਥਕੜੀ ਲਾ ਕੇ ਲਿਜਾਇਆ ਅਤੇ ਵੱਖ ਵੱਖ ਸ਼ਹਿਰਾਂ 'ਚ ਘੁਲਾਇਆ ਜਾਂਦਾ। ਘੁਲਣ ਵੇਲੇ ਹੱਥਕੜੀ ਖੋਲ੍ਹ ਦਿੱਤੀ ਜਾਂਦੀ ਤੇ ਘੁਲਣ ਪਿਛੋਂ ਗੇੜੀ ਦੇਣ ਵੇਲੇ ਹੱਥਕੜੀ ਫਿਰ ਜੜ ਲਈ ਜਾਂਦੀ। 1957 ਵਿਚ ਫਾਜ਼ਿਲਕਾ ਵਿਖੇ ਮੈਂ ਖੁਦ ਉਹਦੀ ਕੁਸ਼ਤੀ ਵੇਖੀ ਸੀ।

ਉਹਦਾ ਜੀਵਨ ਡੰਗਰ ਚਾਰਦਿਆਂ ਹਾਣੀਆਂ ਨਾਲ ਡਹਿਣ ਤੋਂ ਲੈ ਕੇ ਖੇਤੀਬਾੜੀ ਕਰਨ, ਪਰਵਾਸੀ ਬਣਨ, ਕੁਸ਼ਤੀਆਂ ਲੜਨ, ਖੂਨ ਕਰਨ, ਸਜ਼ਾ ਮਿਲਣ, ਇਸ਼ਕ ਕਰਨ, ਸਰਪੰਚੀ, ਪਾਰਟੀਬਾਜ਼ੀ, ਨਸ਼ੇਖੋਰੀ ਤੇ ਭਲਵਾਨੀ ਕਲਚਰ ਵਿਚ ਗੁੱਧਾ ਹੋਇਆ ਸੀ, ਜਿਸ 'ਤੇ ਹਿੱਟ ਫਿਲਮ ਬਣ ਸਕਦੀ ਹੈ। ਉਸ ਨੇ ਸਿਰਫ ਦੋ ਫਿਲਮਾਂ 'ਚ ਰੋਲ ਕਰ ਕੇ ਬੱਸ ਕਰ ਦਿੱਤੀ ਸੀ। ਉਹ ਨਹੀਂ ਸੀ ਚਾਹੁੰਦਾ ਕਿ ਬੰਦ ਬੋਤਲ ਵਿਚ ਜਿੰਨ ਜਾਂ ਦਿਓ ਬਣੇ। ਇਕ ਵਾਰ ਉਹ ਫਿਲਮੀ ਮੁੱਕੇ ਦੀ ਥਾਂ ਸੱਚੀਂਮੁਚੀ ਦਾ ਮੁੱਕਾ ਮਾਰ ਬੈਠਾ, ਜਿਸ ਨਾਲ ਹੀਰੋ ਬੇਹੋਸ਼ ਹੋ ਗਿਆ। ਇਕ ਸੀਨ 'ਚ ਉਹ ਟਾਂਗੇ ਵਾਲਾ ਬਣਿਆ, ਜਿਸ ਵਿਚ ਹੀਰੋ ਤੇ ਹੀਰੋਇਨ ਬੈਠੇ ਚੋਹਲ ਮੋਹਲ ਕਰਨ ਲੱਗੇ। ਦਾਰੇ ਤੋਂ ਉਹ ਛੇੜ-ਛਾੜ ਜਰੀ ਨਾ ਗਈ, "ਮੈਂ ਨਹੀਂ ਇਹ ਕੰਜਰਖਾਨਾ ਕਰਨ ਦੇਣਾ ਮੇਰੇ ਸਾਹਮਣੇ। ਮੇਰੇ ਟਾਂਗੇ 'ਚ ਬਹਿਣਾ ਤਾਂ ਬੰਦੇ ਬਣ ਕੇ ਬਹੋ!"

ਫਿਲਮਾਂ ਵਾਲੇ ਕੰਜਰਖਾਨੇ ਤੋਂ ਅੱਕ ਕੇ ਉਸ ਨੇ ਫਿਲਮਾਂ ਛੱਡ ਦਿੱਤੀਆਂ, ਪਰ ਕਿਸੇ ਵਿਆਹੇ ਵਰੇ ਦੀ ਛੱਡੀ ਹੋਈ ਉੱਚੀ ਲੰਮੀ ਔਰਤ ਨਾਲ ਇਸ਼ਕ ਕਰਨ ਦਾ ਕੰਜਰਖਾਨਾ ਨਾ ਛੱਡ ਸਕਿਆ। ਪ੍ਰੇਮੀ ਜੋੜਾ ਯੱਕਾ ਜੋੜ ਕੇ ਤਰਨਤਾਰਨ ਸੈਰ ਕਰਨ ਜਾਂਦਾ। ਭੇਤੀ ਬੰਦੇ ਦੱਸਦੇ ਨੇ ਕਿ ਇਹ ਵਿਰੋਧੀ ਭਲਵਾਨਾਂ ਦੀ ਚਾਲ ਸੀ, ਪਈ ਉਸ ਨੂੰ ਕੁਸ਼ਤੀਆਂ ਤੋਂ ਮੋੜ ਕੇ ਅਯਾਸ਼ੀ 'ਚ ਪਾਇਆ ਜਾਵੇ। ਉਸ ਨੇ ਸਰਪੰਚੀ ਵੀ ਕੀਤੀ ਤੇ ਨਸ਼ੇ ਵੀ ਕੀਤੇ। ਵਿਰੋਧੀਆਂ ਨਾਲ ਲੜਿਆ ਭਿੜਿਆ ਵੀ। ਮੇਰਾ ਭਤੀਜਾ ਬਲਵੰਤ ਸਿੰਘ, ਦੁਲਚੀਪੁਰ ਵਿਆਹੇ ਜਾਣ ਪਿੱਛੋਂ, ਦਾਰੇ ਦੇ ਪਰਿਵਾਰ ਅਤੇ ਪਿੰਡ ਦੇ ਲੋਕਾਂ ਦੀਆਂ ਗੱਲਾਂ ਸੁਣ ਕੇ ਉਪਰੋਕਤ ਨਾਵਲ ਲਿਖਣ ਲਈ ਪ੍ਰੇਰਿਆ ਗਿਆ:

...ਖਡੂਰ ਸਾਹਿਬ ਲਾਗਲੇ ਪਿੰਡ, ਸ਼ੇਖ ਚੱਕ, ਕੰਗ, ਕੱਲ੍ਹਾ, ਲਾਲਪੁਰ, ਸ਼ਿੰਗਾਰਪੁਰ, ਵੇਈਂ ਪੂਈਂ, ਢੋਟੀਆਂ, ਭਰੋਵਾਲ, ਨਾਗੋਕੇ, ਮੀਆਂਵਿੰਡ, ਮਗਲਾਣੀ, ਮੰਢਾਲਾ, ਸੰਘਰ ਤੇ ਬਾਣੀਆਂ ਵਾਂਗ ਦੁਲਚੀਪੁਰ ਦੇ ਬੱਚੇ ਵੀ ਨੀਂਦੋਂ ਜਾਗਦਿਆਂ ਉਤਸ਼ਾਹ ਵਿਚ ਸਨ। ਮਾਂਵਾਂ ਨੇ ਉੱਠਦੇ ਬੱਚਿਆਂ ਦੇ ਮੂੰਹਾਂ ਨੂੰ ਦੁੱਧ ਦੇ ਛੰਨੇ ਲਾ ਦਿੱਤੇ। ਨਿਹਾਲ ਕੌਰ ਨੇ ਵੀ ਆਪਣੇ ਬੱਚਿਆਂ ਨੂੰ ਉਠਾ ਕੇ ਥਾਪੀ ਦੇ ਦਿੱਤੀ। ਮੂੰਹ ਤੋਂ ਦੁੱਧ ਦੀ ਝੱਗ ਪੂੰਝਦਿਆਂ ਤੇ ਮੰਜਿਉਂ ਉੱਤਰਦਿਆਂ ਦਾਰੇ ਹੋਰਾਂ ਦੇ ਪੱਬ ਧਰਤੀ 'ਤੇ ਨਹੀਂ ਸਨ ਲੱਗ ਰਹੇ। ਜਿਵੇਂ ਹੀ ਸੂਰਜ ਉੱਚਾ ਹੋਇਆ, ਦਸ ਗਿਆਰਾਂ ਸਾਲ ਦਾ ਦਾਰਾ, ਜੋ ਏਨਾ ਹੁੰਦੜਹੇਲ ਸੀ ਕਿ 15-16 ਵਰ੍ਹਿਆਂ ਦਾ ਲਗਦਾ ਸੀ, ਕੁੜਤੇ ਦੇ ਖੀਸੇ ਵਿਚ ਪੈਸੇ ਧੇਲੇ ਪਾ ਘਰੋਂ ਬਾਹਰ ਹੋ ਗਿਆ। ਦਾਰੇ ਦੇ ਭਰਾ ਇੰਦਰ ਤੇ ਦਲੀਪ ਅਤੇ ਪਿੰਡ ਦੇ ਹੋਰ ਮੁੰਡੇ-ਰਾਮ, ਕਰਨੈਲ, ਉਜਾਗਰ, ਗੁਰਦਿੱਤ, ਗੁਰਮੁਖ, ਬਾਵਾ, ਠਾਕੁਰ ਤੇ ਨਾਜ਼ਰ ਸਾਰੇ ਇਕੱਠੇ ਹੋ ਗਏ। ਸਭ ਦੇ ਮਨ ਵਿਚ ਚਾਅ ਸੀ ਕਿ ਕਦੋਂ ਉਹ ਪਲ ਆਵੇ, ਜਦੋਂ ਉਹ ਖਡੂਰ ਸਾਹਿਬ ਦੇ ਜੋੜ ਮੇਲੇ ਵਿਚ ਪੁੱਜ ਜਾਣ।

ਨਾਵਲ ਵਿਚ ਖਡੂਰ ਸਾਹਿਬ ਦੇ ਜੋੜਮੇਲੇ ਅਤੇ ਛਿੰਝ ਦੇ ਘੋਲਾਂ ਦਾ ਭਰਪੂਰ ਬਿਰਤਾਂਤ ਹੈ।

...ਇੰਦਰ ਦਾਰੇ ਨੂੰ ਲੈ ਕੇ ਲਾਹੌਰ ਚਲਾ ਗਿਆ। ਭਾਵੇਂ ਦਾਰੇ ਦੀ ਉਮਰ ਚੌਦਾਂ ਸਾਲ ਦੀ ਹੀ ਸੀ, ਪਰ ਉਹ ਪੂਰਾ ਜਵਾਨ ਲੱਗ ਰਿਹਾ ਸੀ। ਗੁਆਂਢ ਪਿੰਡ ਦੇ ਕਿਸੇ ਭਲਵਾਨ ਤੋਂ ਉਸ ਨੇ ਲਾਹੌਰ ਦੇ ਨਾਮੀ ਕੁਸ਼ਤੀ ਉਸਤਾਦ ਸੱਜਣ ਸਿੰਘ ਦਾ ਪਤਾ ਲੈ ਲਿਆ ਸੀ।

"ਗੁਰੂ ਜੀ ਮੇਰੇ ਸਿਰ 'ਤੇ ਹੱਥ ਰੱਖੋ ਤਾਂ ਕਿ ਮੈਂ ਤਕੜਾ ਭਲਵਾਨ ਬਣ ਸਕਾਂ।" ਦਾਰੇ ਨੇ ਪੱਗ ਅਤੇ ਸਵਾ ਰੁਪਈਆ ਸੱਜਣ ਸਿੰਘ ਨੂੰ ਭੇਟਾ ਕਰਦਿਆਂ ਕਿਹਾ। ਫਿਰ ਦਾਰੇ ਦਾ ਨਵਾਂ ਸਿਰਨਾਵਾਂ ਸੱਜਣ ਸਿੰਘ ਦਾ ਅਖਾੜਾ ਹੋ ਗਿਆ...।

...ਦਾਰਾ ਵੱਡੇ ਭਰਾ ਦਲੀਪ ਸਿੰਘ ਕੋਲ ਸਿੰਗਾਪੁਰ ਪੁੱਜ ਗਿਆ। 17 ਜੁਲਾਈ 1936 ਨੂੰ ਉਹ ਸਿੰਗਾਪੁਰ ਦੀ ਪੁਲਿਸ ਵਿਚ ਭਰਤੀ ਹੋ ਗਿਆ...। ਉਥੇ ਹੀ ਬਲਬੀਰ ਕੌਰ ਨਾਲ ਸ਼ਾਦੀ ਹੋਈ। ਪੁੱਤਰ ਦਾ ਨਾਂ ਨਾਮੀ ਭਲਵਾਨ ਦੇ ਨਾਂ 'ਤੇ ਹਰਬੰਸ ਸਿੰਘ ਰੱਖਿਆ। ਸਿੰਗਾਪੁਰ 'ਗਰੇਟ ਵਰਲਡ' ਤੇ 'ਹੈਪੀ ਵਰਲਡ ਸਟੇਡੀਅਮ' ਦੇ ਠੇਕੇਦਾਰ ਫਰੀ ਸਟਾਈਲ ਕੁਸ਼ਤੀਆਂ ਕਰਾਉਂਦੇ ਸਨ। ਦਾਰਾ 'ਹੈਪੀ ਵਰਲਡ' ਦਾ ਹੀਰੋ ਬਣ ਗਿਆ। 1946 'ਚ ਉਹ ਮਲਾਇਆ ਰੁਸਤਮ ਬਣਿਆ। ਪਹਿਲੀ ਜਨਵਰੀ 1947 ਨੂੰ ਦਾਰੇ ਦੀ ਕੁਸ਼ਤੀ ਕਿੰਗਕਾਂਗ ਨਾਲ ਹੋਈ। ਕਿੰਗਕਾਂਗ ਦਾ ਭਾਰ 700 ਪੌਂਡ ਸੀ, ਦਾਰੇ ਦਾ 250 ਪੌਂਡ। ਪਰ ਅਸ਼ਕੇ ਦਾਰੇ ਦੇ! ਕਿੰਗਕਾਂਗ ਰਿੰਗ ਵਿਚ ਚੌਫਾਲ ਸੁੱਟਿਆ। ਦਾਰੇ ਨੇ ਰੁਸਤਮੇ ਜ਼ਮਾਂ ਦੀ ਬੈਲਟ ਲਹਿਰਾਈ...।

ਪਿੱਛੇ ਦਾਰੇ ਦੇ ਸ਼ਰੀਕਾਂ ਨੇ ਦਲੀਪ ਦਾ ਕਤਲ ਕਰ ਦਿੱਤਾ, ਇੰਦਰ ਦਾ ਗੁੱਟ ਵੱਢਿਆ ਗਿਆ। ਦਾਰਾ ਕੁਸ਼ਤੀਆਂ ਛੱਡ ਕੇ ਦੁਲਚੀਪੁਰੇ ਮੁੜਿਆ ਅਤੇ ਕਾਤਲਾਂ ਤੋਂ ਬਦਲਾ ਲਿਆ...।

ਦਾਰਾ ਫਿਰੋਜ਼ਪੁਰ ਜੇਲ੍ਹ, ਫਾਂਸੀ ਦੀ ਕੋਠੜੀ ਵਿਚ ਡੱਕਿਆ ਗਿਆ। ਜੇਲ੍ਹ ਵਿਚ ਦਾਰੇ ਦੀ ਦੋਸਤੀ ਗਾਇਕ ਜੱਗੇ ਜੱਟ ਨਾਲ ਹੋ ਗਈ। ਜਦੋਂ ਮੌਕਾ ਮਿਲਦਾ ਜੱਗਾ ਤੇ ਦਾਰਾ ਦੁੱਖ-ਸੁੱਖ ਫੋਲਦੇ, "ਕੀ ਗੱਲ ਆ ਦਾਰਿਆ, ਅੱਜ ਬੜਾ ਚੁੱਪ ਚੁੱਪ ਐਂ, ਸਰੀਰ ਤਾਂ ਵੱਲ ਆ?"

"ਹਾਂ ਜੱਗਿਆ ਸਰੀਰ ਤਾਂ ਵੱਲ ਆ। ਭਾਅ ਦਲੀਪ ਦੀ ਬਹੁਤ ਯਾਦ ਆ ਰਹੀ ਆ। ਜੇ ਲੜਾਈ ਨਾ ਹੋਈ ਹੁੰਦੀ ਤਾਂ ਮੈਂ ਕਿਤੇ ਦਾ ਕਿਤੇ ਹੋਣਾ ਸੀ...।"

"ਯਾਰ ਥੋਡਾ ਝਗੜਾ ਕਿਸ ਗੱਲ ਦਾ ਸੀ? ਤੈਨੂੰ ਕਈ ਵਾਰ ਪੁੱਛਿਆ, ਪਰ ਤੂੰ ਕੁਝ ਦਸਦਾ ਈ ਨਈਂ। ਦਿਲ ਦੀ ਗੱਲ ਦੱਸਣ ਨਾਲ ਦਿਲ ਦਾ ਬੋਝ ਹਲਕਾ ਹੋ ਜਾਂਦਾ।"

ਦਾਰੇ ਨੇ ਬੋਝ ਹਲਕਾ ਕੀਤਾ...ਗੱਲ ਵਿਚੋਂ ਏਨੀ ਸੀ, ਪਈ ਇੰਦਰ ਤੇ ਦਲੀਪ ਰਾਤ ਨੂੰ ਪਿੰਡ ਘਸੀਟਪੁਰੇ ਵੱਲ ਖੂਹ 'ਤੇ ਜ਼ਮੀਨ ਸਿੰਜਦੇ ਰਹੇ। ਉਸੇ ਰਾਤ ਘਸੀਟਪੁਰੇ, ਕਿਸੇ ਦੇ ਖੇਤੋਂ ਕੋਈ ਤੋਰੀਆ ਵੱਢ ਕੇ ਲੈ ਗਿਆ। ਦੂਜੇ ਦਿਨ ਜਦੋਂ ਜ਼ਿਮੀਂਦਾਰ ਨੂੰ ਪਤਾ ਲੱਗਾ ਤਾਂ ਉਸ ਨੇ ਖੁਰਾ ਕੱਢਣਾ ਸ਼ੁਰੂ ਕਰ ਦਿੱਤਾ। ਜ਼ਿਮੀਂਦਾਰ ਦੀ ਜ਼ਮੀਨ ਦੁਲਚੀਪੁਰ ਵੱਲ ਹੋਣ ਕਰਕੇ ਦੁਲਚੀਪੁਰ ਦੇ ਬੰਦਿਆਂ ਤੋਂ ਵੀ ਪੁੱਛਗਿੱਛ ਕਰਨੀ ਸ਼ੁਰੂ ਕਰ ਦਿੱਤੀ। ਸਬੱਬੀਂ ਸਾਡਾ ਸ਼ਰੀਕ ਭਰਾ ਸਰਦਾਰਾ ਉਸ ਨੂੰ ਮਿਲ ਪਿਆ।

ਤੋਰੀਏ ਦੀ ਚੋਰੀ ਬਾਰੇ ਸਰਦਾਰੇ ਦੇ ਮੂੰਹੋਂ ਨਿਕਲ ਗਿਆ ਪਈ ਪਿਛਲੀ ਰਾਤ ਇੰਦਰ ਤੇ ਦਲੀਪ ਦਾ ਖੂਹ ਚਲਦਾ ਸੀ। ਕਿਤੇ ਉਹੀ ਤੁਹਾਡਾ ਤੋਰੀਆ ਨਾ ਵੱਢ ਲਿਆਏ ਹੋਣ। ਉਹ ਜ਼ਿਮੀਂਦਾਰ ਉਨ੍ਹੀਂ ਪੈਰੀਂ ਸਾਡੇ ਘਰ ਵੱਲ ਤੁਰ ਪਿਆ। ਅਗਾਂਹ ਦਲੀਪ ਤੇ ਇੰਦਰ ਸੱਥ 'ਚ ਬੈਠੇ ਮਿਲ ਪਏ। ਜ਼ਿਮੀਂਦਾਰ ਨੇ ਸਿੱਧਾ ਹੀ ਪੁੱਛ ਲਿਆ, "ਰਾਤ ਤੁਸੀਂ ਮੇਰੇ ਖੇਤਾਂ 'ਚੋਂ ਤੋਰੀਆ ਵੱਢ ਲਿਆਏ ਓ?"

ਮੇਰੇ ਭਰਾ ਹੱਕੇ ਬੱਕੇ ਰਹਿ ਗਏ, "ਤੈਨੂੰ ਕੀਨ੍ਹੇ ਕਿਹਾ ਤੇਰਾ ਤੋਰੀਆ ਅਹੀਂ ਵੱਢਿਆ?"

ਪੈਰੋਂ ਕੱਢਣ ਦੇ ਮਾਰੇ ਜ਼ਿਮੀਂਦਾਰ ਨੇ ਸਰਦਾਰੇ ਦਾ ਨਾਂ ਲੈ ਦਿੱਤਾ, "ਸਰਦਾਰੇ ਨੇ ਆਪ ਦੱਸਿਆ ਪਈ ਤੁਸੀਂ ਮੇਰਾ ਤੋਰੀਆ ਵੱਢ ਲਿਆਏ ਓ।"

"ਅਹੀਂ ਤੇਰਾ ਕੋਈ ਤੋਰੀਆ ਤਾਰੀਆ ਨ੍ਹੀਂ ਵੱਢਿਆ। ਜਾਹ ਜਾ ਕੇ ਸਰਦਾਰੇ ਨੂੰ ਲਿਆ ਸਾਡੇ ਮੂੰਹ 'ਤੇ। ਜੇ ਸਾਡੇ 'ਤੇ ਚੋਰੀ ਦਾ 'ਲਜ਼ਾਮ ਲਾਇਆ ਤਾਂ ਆਪਣਾ ਭਲਾ ਬੁਰਾ ਵਿਚਾਰ ਲਈਂ।"

ਜ਼ਿਮੀਂਦਾਰ ਤਾਂ ਵਾਪਸ ਮੁੜ ਗਿਆ, ਪਰ ਮੇਰੇ ਭਰਾਵਾਂ ਨੂੰ ਜਿਵੇਂ ਅੱਗ ਹੀ ਲੱਗ ਗਈ। ਉਹ ਉਸੇ ਵੇਲੇ ਸਰਦਾਰੇ ਨੂੰ ਲੱਭਣ ਤੁਰ ਪਏ। ਸਰਦਾਰਾ ਉਨ੍ਹਾਂ ਨੂੰ ਗਲੀ ਦੀ ਨੁੱਕਰ 'ਤੇ ਮਿਲ ਪਿਆ। ਇੰਦਰ ਤੇ ਦਲੀਪ ਕੋਲ ਪਹਿਲਾਂ ਹੀ ਸੋਟੀਆਂ ਸਨ, ਉਨ੍ਹਾਂ ਨਾਲ ਹੀ ਸਰਦਾਰੇ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਨੇ ਸਰਦਾਰੇ ਨੂੰ ਢਾਹ ਲਿਆ।

ਸਰਦਾਰੇ ਨੇ ਸਾਡੇ ਖੂਹ ਦੀਆਂ ਟਿੰਡਾਂ ਤੋੜ ਦਿੱਤੀਆਂ, ਮਾਲ੍ਹ ਖੂਹ 'ਚ ਡੇਗ ਦਿੱਤੀ। ਪਿੰਡ 'ਚੋਂ ਕਿਸੇ ਨੇ ਦੱਸ ਦਿੱਤਾ, ਪਈ ਸਰਦਾਰੇ ਨੇ ਧਾਅਡੇ ਖੂਹ ਦੀ ਮਾਲ੍ਹ ਤੋੜ ਦਿੱਤੀ ਆ।

ਬੱਸ ਫੇਰ ਕੀ ਸੀ? ਅਹੀਂ ਸਕੇ ਸੋਧਰੇ ਇਕ ਦੂਜੇ ਦੇ ਖੂਨ ਦੇ ਪਿਆਸੇ ਹੋ ਗਏ...।

ਨਾਵਲ ਅੱਗੇ ਤੁਰਦੈ: "ਪੁੱਤਰੋ, ਵੈਰੀ ਤੇ ਸੱਪ ਕੁੱਟਿਆਂ ਹੀ ਠੀਕ ਰਹਿੰਦੇ ਆ।" ਚਾਚੇ ਨਰਾਇਣ ਸਿੰਘ ਦੀ ਸਲਾਹ ਸ਼ਰੀਕਾਂ ਨਾਲ ਕਰਾਰੇ ਹੱਥੀਂ ਸਿੱਝਣ ਦੀ ਸੀ।

"ਫੇਰ ਵੀ ਚਾਚਾ ਉਹ ਆਪਣੇ ਭਰਾ ਆ। ਅੱਜ ਗੁੱਸੇ ਆ, ਕੱਲ੍ਹ ਨੂੰ ਠੀਕ ਹੋ ਜਾਣਗੇ।" ਉਸ ਨੂੰ ਅਹਿਸਾਸ ਸੀ ਕਿ ਉਨ੍ਹਾਂ ਦਾ ਬਾਪ ਸਾਉਣ ਸਿੰਘ ਤੇ ਦਲੀਪ ਹੋਰਾਂ ਦਾ ਬਾਪ ਪਿਆਰਾ ਸਿੰਘ ਸਕੇ ਚਾਚੇ-ਤਾਇਆਂ ਦੇ ਪੁੱਤਰ ਸਨ। ਸਰਦਾਰੇ ਤੇ ਇੰਦਰ ਹੋਰਾਂ ਦੇ ਘਰ ਨਾਲੋ ਨਾਲ ਸਨ। ਤਿੰਨੇ ਭਰਾ-ਸਰਦਾਰਾ, ਗੁਰਮੁਖ ਤੇ ਬਾਵਾ ਅਤੇ ਉਨ੍ਹਾਂ ਦਾ ਚਾਚਾ ਨਰਾਇਣ ਸਿੰਘ ਬਦਲਾ ਲੈਣ ਲਈ ਉਤਾਵਲੇ ਸਨ। ਹਨੇਰਾ ਹੋਣ ਲੱਗਾ ਤਾਂ ਪਿੰਡ ਵਿਚ ਜਿਵੇਂ ਹਨੇਰ ਹੀ ਪੈ ਗਿਆ। ਚਾਂਘਰਾਂ ਗੂੰਜੀਆਂ ਤੇ ਨਾਲ ਹੀ ਲਲਕਾਰਿਆਂ ਨੇ ਕਾਰਾ ਹੋ ਜਾਣ ਦਾ ਸੰਕੇਤ ਦਿੱਤਾ, "ਮਾਰ'ਤਾ ਓਏ...ਬਚਾਓ...।"

ਦਲੀਪ ਦਾ ਕਤਲ ਹੋ ਗਿਆ ਸੀ ਤੇ ਇੰਦਰ ਦਾ ਗੁੱਟ ਵੱਢਿਆ ਗਿਆ। ਅੰਮ੍ਰਿਤਸਰ ਸੈਸ਼ਨ ਦੇ ਕੇਸ ਚੱਲਿਆ। ਚਾਰੇ ਜਣੇ ਫਸਦੇ ਦੇਖ ਵਕੀਲਾਂ ਨੇ ਸਲਾਹ ਦਿੱਤੀ, ਜੇ ਦੋ ਜਣੇ ਆਪਣਾ ਗੁਨਾਹ ਕਬੂਲ ਕਰ ਲੈਣ ਤਾਂ ਦੋ ਬਰੀ ਹੋ ਸਕਦੇ ਹਨ। ਨਰਾਇਣ ਤੇ ਬਾਵੇ ਨੇ ਸਾਰਾ ਦੋਸ਼ ਆਪਣੇ ਸਿਰ ਲੈ ਲਿਆ, ਪਰ ਜੱਜ ਨੇ ਸਰਦਾਰੇ ਤੇ ਗੁਰਮੁਖ ਨੂੰ ਫਾਂਸੀ ਅਤੇ ਨਰਾਇਣ ਤੇ ਬਾਵੇ ਨੂੰ ਸਤਾਈ ਸਾਲ ਕੈਦ ਦੀ ਸਖਤ ਸਜ਼ਾ ਸੁਣਾਈ। ਸਰਦਾਰੇ ਹੋਰੀਂ ਕੇਸ ਹਾਈ ਕੋਰਟ ਵਿਚ ਲੈ ਗਏ। ਵਕੀਲਾਂ ਦੀਆਂ ਘੁਣਤਰਾਂ ਕੰਮ ਆਈਆਂ। ਸ਼ੱਕ ਦੀ ਬਿਨਾ ਤੇ ਸਰਦਾਰਾ ਤੇ ਗੁਰਮੁਖ ਰਿਹਾ ਹੋ ਗਏ, ਪਰ ਨਰਾਇਣ ਤੇ ਬਾਵੇ ਦੀ ਸਜ਼ਾ ਬਰਕਰਾਰ ਰਹੀ।

ਜਦੋਂ ਇਹ ਸਭ ਕੁਝ ਹੋਇਆ ਤਾਂ ਦਾਰਾ ਕਿੰਗਕਾਂਗ ਨੂੰ ਹਰਾ ਕੇ ਰੁਸਤਮੇ ਜ਼ਮਾ ਬਣ ਚੁਕਾ ਸੀ। ਉਹ ਜਰਮਨੀ ਜਾਣ ਦੀ ਤਿਆਰੀ ਕਰ ਰਿਹਾ ਸੀ ਕਿ ਉਸ ਨੂੰ ਤਾਰ ਮਿਲੀ: ਦਲੀਪ ਦਾ ਕਤਲ ਹੋ ਗਿਆ, ਤੁਰਤ ਪਿੰਡ ਪਹੁੰਚ। ਉਹ ਜਰਮਨੀ ਜਾਣ ਦੀ ਥਾਂ ਦੁਲਚੀਪੁਰੇ ਪਹੁੰਚ ਗਿਆ। ਜਾਂਦਿਆਂ ਦਲੀਪ ਦੇ ਸਿਵੇ 'ਤੇ ਗਿਆ ਅਤੇ ਭਾਅ ਨਾਲ ਵਾਅਦਾ ਕੀਤਾ ਕਿ...।




*ਬਲਵੰਤ ਸਿੰਘ ਸੰਧੂ ਦੇ ਨਾਵਲ 'ਗੁੰਮਨਾਮ ਚੈਂਪੀਅਨ' ਦਾ ਮੁਖੜਾ ਅਤੇ (ਸੱਜੇ) ਦਾਰਾ ਦੁਲਚੀਪੁਰੀਆ ਤੇ ਦਾਰਾ ਧਰਮੂਚੱਕੀਆ*

ਉਹ ਮੁੜ ਮੁੜ ਸੋਚਦਾ ਸਰਦਾਰਾ ਤੇ ਗੁਰਮੁਖ ਅਸਲੀ ਕਾਤਲ ਸਨ, ਅਦਾਲਤ ਨੂੰ ਰਿਹਾ ਨਹੀਂ ਸੀ ਕਰਨੇ ਚਾਹੀਦੇ, ਪਰ ਅਦਾਲਤ ਦੇ ਗਲਤ ਫੈਸਲੇ ਨਾਲ ਸਭ ਕੁਝ ਬਦਲ ਗਿਆ।

ਦੁਲਚੀਪੁਰ ਦੁਸਹਿਰੇ ਦੀ ਸਵੇਰ ਜਿਥੇ ਚਾਵਾਂ ਨਾਲ ਚੜ੍ਹੀ, ਉਥੇ ਸ਼ਾਮ ਰੋਣ ਧੋਣ ਨਾਲ ਸੋਗੀ ਹੋਈ। ਦਾਰੇ ਨੇ ਕਿਆਮਤ ਦਾ ਦਿਨ ਮਿਥ ਲਿਆ ਸੀ ਕਿ ਅੱਜ ਦੋਹਾਂ ਵੈਰੀਆਂ ਦੀ ਅਲਖ ਮੁਕਾ ਦੇਣੀ ਤੇ ਭਾਊ ਦਲੀਪ ਕੋਲ ਪੁਚਾ ਦੇਣੇ ਹਨ। ਦਾਰੇ ਦੇ ਹੱਥ ਕੁਹਾੜੀ ਸੀ ਤੇ ਇੰਦਰ ਦੇ ਹੱਥ ਤਲਵਾਰ। ਦੋ ਓਪਰੇ ਬੰਦਿਆਂ ਕੋਲ ਬਰਛੀਆਂ ਸਨ।

ਸਰਦਾਰਾ ਮੱਝਾਂ ਨਹਾਉਣ ਛੱਪੜ ਵਿਚ ਵੜਿਆ ਤਾਂ ਦਾਰਾ ਝੱਟ ਬਾਗ 'ਚੋਂ ਨਿਕਲ ਉਹਦੇ ਸਾਹਮਣੇ ਆ ਖੜ੍ਹਾ ਹੋਇਆ। ਦਾਰੇ ਕੋਲ ਕੁਹਾੜੀ ਦੇਖ ਸਰਦਾਰੇ ਦੇ ਪਾਣੀ ਵਿਚ ਹੀ ਪਸੀਨੇ ਛੁੱਟਣ ਲੱਗੇ। ਉਹ ਛੱਪੜ ਦੇ ਦੂਜੇ ਪਾਸੇ ਗਿਆ ਤਾਂ ਓਧਰ ਤਲਵਾਰ ਲਈ ਇੰਦਰ ਖੜ੍ਹਾ ਸੀ। ਬਾਕੀ ਦੋਹਾਂ ਪਾਸਿਆਂ 'ਤੇ ਬਰਛੀਆਂ ਵਾਲੇ ਬੰਦੇ ਖੜ੍ਹੇ ਸਨ। ਪਿੰਡ ਦੇ ਬੰਦੇ ਛੱਪੜ ਵੱਲ ਵਧੇ। ਉਹ ਦਾਰੇ ਨੂੰ ਕੁਕਰਮ ਕਰਨੋਂ ਰੋਕ ਰਹੇ ਸਨ। ਜਦੋਂ ਇਕ ਬੰਦਾ ਦਾਰੇ ਨੂੰ ਰੋਕਣ ਲਈ ਅੱਗੇ ਵਧਿਆ ਤਾਂ ਦਾਰੇ ਨੇ ਤਾੜਿਆ, "ਹਟ ਜਾ ਪਿੱਛੇ, ਅੱਜ ਜੇ ਕੋਈ ਸਾਡੇ ਵਿਚਾਲੇ ਆਇਆ, ਉਹ ਵੀ ਸਾਡਾ ਵੈਰੀ ਹੋਵੇਗਾ ਤੇ ਉਹਦੀ ਵੀ ਖੈਰ ਨ੍ਹੀਂ।" ਦਾਰੇ ਦੇ ਤੌਰ ਦੇਖ ਕੇ ਸਭ ਟਾਲਾ ਵੱਟ ਗਏ।

ਦਾਰੇ ਨੇ ਛੱਪੜ 'ਚ ਵੜ ਕੇ ਸਰਦਾਰੇ ਨੂੰ ਗਲੋਂ ਜਾ ਫੜਿਆ ਤੇ ਪਾਣੀ 'ਚ ਡੁਬੋਣ ਲੱਗਾ। ਸਰਦਾਰਾ ਛੱਡ ਦੇਣ ਦੇ ਤਰਲੇ ਕਰਨ ਲੱਗਾ।

"ਮੇਰੇ ਭਰਾ ਨੂੰ ਛੱਡਿਆ ਸੀ ਤੁਸੀਂ?" ਕਹਿ ਕੇ ਦਾਰੇ ਨੇ ਸਰਦਾਰੇ ਦੇ ਸਿਰ ਕੁਹਾੜੀ ਮਾਰੀ। ਕੁਹਾੜੀ ਵੱਜਣ ਸਾਰ ਹੀ ਸਰਦਾਰਾ ਨਿੱਸਲ ਹੋ ਕੇ ਛੱਪੜ ਹੇਠਾਂ ਚਲਾ ਗਿਆ ਤੇ ਉਹਦਾ ਖੂਨ ਪਾਣੀ ਦੇ ਤਲ 'ਤੇ ਆ ਗਿਆ। ਦਾਰੇ ਨੂੰ ਏਨਾ ਗੁੱਸਾ ਸੀ ਕਿ ਸਰਦਾਰੇ ਦੀ ਪਾਣੀ ਹੇਠਾਂ ਪਈ ਲਾਸ਼ ਨੂੰ ਵੀ ਉਸ ਨੇ ਆਪਣੇ ਪੈਰਾਂ ਨਾਲ ਲਤੜ ਕੇ ਗਾਰ ਵਿਚ ਦੱਬ ਦਿੱਤਾ!

ਉਸੇ ਸਮੇਂ ਗੁਰਮੁਖ ਖੇਤਾਂ 'ਚੋਂ ਆਉਂਦਾ, ਛੱਪੜ ਵੱਲ ਰੌਲਾ ਪੈਂਦਾ ਸੁਣ ਕੇ ਉਧਰ ਆ ਨਿਕਲਿਆ। ਲੋਕਾਂ ਨੇ ਉਸ ਨੂੰ ਛੱਪੜ ਤੋਂ ਦੂਰ ਹੀ ਰੋਕ ਲਿਆ। ਇਕ ਭਰਾ ਤੇ ਚਾਚਾ ਪਹਿਲਾਂ ਹੀ ਜੇਲ੍ਹ 'ਚ ਸਨ, ਦੂਜਾ ਭਰਾ ਵੀ ਮਾਰਿਆ ਜਾ ਰਿਹਾ ਸੀ। ਉਹ ਗੁਰਮੁਖ ਨੂੰ ਬਚਾਉਣਾ ਚਾਹੁੰਦੇ ਸਨ। ਜੇ ਗੁਰਮੁਖ ਵੀ ਮਾਰਿਆ ਜਾਂਦਾ ਤਾਂ ਕੋਈ ਕੇਸ ਦੀ ਪੈਰਵੀ ਕਰਨ ਵਾਲਾ ਵੀ ਨਹੀਂ ਸੀ ਰਹਿਣਾ।

...ਤੇ ਗੁਰਮੁਖ ਘੋੜੀ ਲੈ ਕੇ ਤਰਨਤਾਰਨ ਦੇ ਰਾਹ ਪੈ ਗਿਆ। ਉਸ ਨੂੰ ਰਸਤੇ ਵਿਚ ਹੀ ਪਿੰਡ ਕੰਗ ਆਈ ਪੁਲਿਸ ਪਾਰਟੀ ਟੱਕਰ ਗਈ। ਗੁਰਮੁਖ ਨੇ ਸਾਰੀ ਘਟਨਾ ਹਵਲਦਾਰ ਨੂੰ ਸੁਣਾਈ ਤੇ ਨਾਲ ਚੱਲਣ ਲਈ ਕਿਹਾ। ਜਦੋਂ ਉਹ ਦੁਲਚੀਪੁਰ ਪਹੁੰਚੇ ਤਾਂ ਦਾਰਾ ਤੇ ਇੰਦਰ ਰਮਾਨ ਨਾਲ ਆਪਣੇ ਘਰ ਹੀ ਬੈਠੇ ਸਨ। ਉਨ੍ਹਾਂ ਨੇ ਕਿਧਰੇ ਵੀ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ। ਓਪਰੇ ਬੰਦੇ ਕਾਰਾ ਕਰ ਕੇ ਜਾ ਚੁਕੇ ਸਨ। ਪੁਲਿਸ ਪਾਰਟੀ ਨੇ ਦਾਰੇ ਤੇ ਇੰਦਰ ਨੂੰ ਹਿਰਾਸਤ ਵਿਚ ਲੈ ਲਿਆ ਤੇ ਤਰਨਤਾਰਨ ਵੱਲ ਰਵਾਨਾ ਹੋ ਗਈ।

...26 ਮਾਰਚ 1951 ਦਾ ਦਿਨ ਸੋਗੀ ਸੂਰਜ ਲੈ ਕੇ ਚੜ੍ਹਿਆ। ਸੈਸ਼ਨ ਜੱਜ ਨੇ ਦਾਰੇ ਨੂੰ ਫਾਂਸੀ ਦੀ ਸ਼ਜਾ ਸੁਣਾਉਂਦਿਆਂ ਅੰਮ੍ਰਿਤਸਰ ਜੇਲ੍ਹ ਦੀ ਕਾਲ ਕੋਠੜੀ ਵਿਚ ਬੰਦ ਕਰਨ ਦਾ ਹੁਕਮ ਸੁਣਾ ਦਿੱਤਾ ਤੇ ਉਹਦੇ ਭਰਾ ਇੰਦਰ ਸਿੰਘ ਨੂੰ ਵੀਹ ਸਾਲ ਦੀ ਕੈਦ ਸੁਣਾਉਂਦਿਆਂ ਫਿਰੋਜ਼ਪੁਰ ਦੀ ਉਸੇ ਜੇਲ੍ਹ ਵਿਚ ਭੇਜ ਦਿੱਤਾ, ਜਿਸ ਵਿਚ ਉਨ੍ਹਾਂ ਦੇ ਸ਼ਰੀਕ ਕੈਦ ਸਨ। ਕੁਝ ਦਿਨਾਂ ਪਿਛੋਂ ਦਾਰੇ ਨੂੰ ਵੀ ਫਿਰੋਜ਼ਪੁਰ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ।

---

1957 ਵਿਚ ਸੋਨੀਪਤ ਲਾਗੇ ਪਿੰਡ ਭੱਟਗਾਓਂ ਵਿਖੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਦਾਰਾ ਸਿੰਘ ਦੀ ਕੁਸ਼ਤੀ, ਵਿਸ਼ੇਸ਼ ਮਹਿਮਾਨ ਮਾਰਸ਼ਲ ਬੁਲਗਾਨਿਨ ਤੇ ਨਿਕੀਤਾ ਖਰੋਸ਼ਚੋਵ ਨੂੰ ਵਿਖਾਈ। ਦਾਰੇ ਦੀ ਜਿੱਤ ਦੇ ਡੰਕੇ ਵੱਜ ਗਏ। ਸੋਵੀਅਤ ਮਹਿਮਾਨ ਦਾਰੇ ਦੀ ਤਾਕਤ ਤੋਂ ਦੰਗ ਸਨ। ਦਾਰੇ ਨੂੰ ਫਿਰੋਜ਼ਪੁਰ ਜੇਲ੍ਹ 'ਚੋਂ ਹੱਥਕੜੀਆਂ ਲਾ ਕੇ ਲਿਆਂਦਾ ਗਿਆ ਸੀ। ਜਿਉਂ ਹੀ ਕੁਸ਼ਤੀ ਜਿੱਤਣ ਪਿੱਛੋਂ ਉਹਦੇ ਹੱਥਕੜੀ ਲਾਈ ਜਾਣ ਲੱਗੀ ਤਾਂ ਦਰਸ਼ਕਾਂ ਨੇ ਰੌਲਾ ਪਾ ਦਿੱਤਾ, "ਦਾਰੇ ਨੂੰ ਰਿਹਾ ਕਰੋ।"

ਰੂਸੀ ਮਹਿਮਾਨਾਂ ਨੇ ਦੁਭਾਸ਼ੀਏ ਤੋਂ ਪੁੱਛਿਆ ਕਿ ਲੋਕ ਕੀ ਕਹਿੰਦੇ ਹਨ? ਜਦੋਂ ਦੱਸਿਆ ਕਿ ਲੋਕ ਉਹਦੀ ਰਿਹਾਈ ਮੰਗਦੇ ਹਨ ਤਾਂ ਉਨ੍ਹਾਂ ਨੇ ਪੰਡਿਤ ਨਹਿਰੂ ਨਾਲ ਗੱਲ ਕੀਤੀ। ਪੰਡਿਤ ਜੀ ਨੇ ਹੀ ਪੰਜਾਬ ਦੇ ਮੁੱਖ ਮੰਤਰੀ ਨੂੰ ਕਹਿ ਕੇ ਮਹਿਮਾਨਾਂ ਲਈ ਦਾਰੇ ਦੀ ਕੁਸ਼ਤੀ ਦਾ ਪ੍ਰਬੰਧ ਕਰਵਾਇਆ ਸੀ। ਮਹਿਮਾਨਾਂ ਦੀ ਇੱਛਾ 'ਤੇ ਦਾਰੇ ਦੀਆਂ ਕੁਸ਼ਤੀਆਂ ਰਾਹੀਂ 'ਕੱਠੇ ਕੀਤੇ ਰਿਲੀਫ ਫੰਡ ਨੂੰ ਮੁੱਖ ਰੱਖਦਿਆਂ ਦਾਰਾ ਸਿੰਘ ਤੋਂ ਰਹਿਮ ਦੀ ਅਪੀਲ ਕਰਵਾਈ ਗਈ, ਜੋ ਰਾਸ਼ਟਰਪਤੀ ਨੇ ਪ੍ਰਵਾਨ ਕਰ ਕੇ ਦਾਰਾ ਸਿੰਘ ਨੂੰ ਰਿਹਾ ਕਰ ਦਿੱਤਾ। ਦਾਰੇ ਨੇ ਰਿਲੀਫ ਫੰਡ 'ਚੋਂ ਆਪਣਾ ਦੋ ਲੱਖ ਰੁਪਏ ਦਾ ਕੁਸ਼ਤੀ ਕਮਿਸ਼ਨ ਲੋੜਵੰਦ ਗਰੀਬਾਂ ਨੂੰ ਦੇ ਦੇਣ ਲਈ ਕਿਹਾ, ਜਿਨ੍ਹਾਂ ਦੀਆਂ ਦੁਆਵਾਂ ਨਾਲ ਉਹ ਰਿਹਾ ਹੋਇਆ। ਫਿਰ ਉਸ ਨੇ ਪਿੰਡ ਦੀ ਸਰਪੰਚੀ ਕੀਤੀ ਤੇ ਪਾਰਟੀਬਾਜ਼ੀ ਦਾ ਸ਼ਿਕਾਰ ਹੋਇਆ...।

—

1918 ਦਾ ਜੰਮਿਆ ਦਾਰਾ ਭਲਵਾਨ 1984 ਦੀ ਇਕ ਰਾਤ ਬੰਬੀ ਕੋਲ ਸੁੱਤਾ ਪਿਆ ਸੀ। ਬਾਰਸ਼

*(ਬਾਕੀ ਅਗਲੇ ਸਫੇ 'ਤੇ)*

# ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਅਨੁਸੂਈਆ ਦਾ ਤੁਰ ਜਾਣਾ



## ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪੰਜਾਬੀ ਸਾਹਿਤ ਦੇ ਮਹਾਰਥੀ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਧੀਆਂ ਪੁੱਤਰਾਂ ਵਿਚੋਂ ਸਭ ਤੋਂ ਛੋਟੀ ਅਨੁਸੂਈਆ 84 ਵਰ੍ਹੇ ਦਾ ਰੰਗਾ-ਰੰਗ ਜੀਵਨ ਭੋਗ ਕੇ 6 ਸਤੰਬਰ ਨੂੰ ਵੈਨਜ਼ੂਏਲਾ ਦੇ ਮੈਰੀਡਾ ਸ਼ਹਿਰ ਵਿਚ ਅਕਾਲ ਚਲਾਣਾ ਕਰ ਗਈ ਹੈ। ਉਸ ਨੇ ਆਪਣੇ ਪਿਤਾ ਦੇ 'ਪਿਆਰ ਸਿਧਾਂਤ ਨੂੰ ਅਪਨਾਇਆ। ਪੀਪਲਜ਼ ਫਰੈਂਡਸ਼ਿਪ ਯੂਨੀਵਰਸਟੀ ਰਸ਼ੀਆ ਤੋਂ ਅੰਗਰੇਜ਼ੀ ਦੀ ਐਮ. ਏ. ਕਰਦਿਆਂ ਉਸ ਦਾ ਵੈਨਜ਼ੂਏਲਾ ਨਿਵਾਸੀ ਰਾਓਲ ਜੀਸਸ ਲੇਪਰੀਆਂ ਨਾਲ ਪਿਆਰ ਹੋ ਗਿਆ। ਅੰਤ 1965 ਵਿਚ ਦੋਨੋਂ ਵੈਨਜ਼ੂਏਲਾ ਦੀ ਮੈਰੀਡਾ ਯੂਨੀਵਰਸਟੀ ਵਿਚ ਅਧਿਆਪਕ ਜਾ ਲੱਗੇ। ਖੁਦ ਅੰਗਰੇਜ਼ੀ ਪੜ੍ਹਾਉਂਦੀ ਤੇ ਪਤੀ ਫਿਜ਼ਿਕਸ। ਉਨ੍ਹਾਂ ਦੇ ਘਰ ਦੋ ਪੁੱਤਰਾਂ ਤੇ ਇੱਕ ਧੀ ਨੇ ਜਨਮ ਲਿਆ। ਤਿੰਨ ਬੱਚਿਆਂ ਦਾ ਜਨਮ ਸਥਾਨ ਵੀ ਪ੍ਰੀਤ ਨਗਰ ਹੀ ਹੈ। ਜਦੋਂ ਵੱਡੇ ਪੁੱਤਰ ਦਾ ਵਿਆਹ ਹੋਇਆ ਤਾਂ ਅਨੁਸੂਈਆ ਦੀ ਵੱਡੀ ਭੈਣ ਉਮਾ ਤੇ ਭਰਾ ਹਿਰਦੇਪਾਲ ਨੇ ਉਸ ਦੀ ਸ਼ਾਦੀ ਦੀ ਰਸਮ ਏਥੇ ਵੀ ਕੀਤੀ। ਸਾਰਾ ਪਰਿਵਾਰ ਹਰ ਦੂਜੇ ਤੀਜੇ ਸਾਲ ਪ੍ਰੀਤ ਨਗਰ ਆਉਂਦਾ ਰਿਹਾ ਹੈ।



ਅਨੁਸੂਈਆ ਦੀ ਇਕ ਪੁਰਾਣੀ ਤਸਵੀਰ

ਪਿਛਲੇ 5-7 ਵਰ੍ਹਿਆਂ ਤੋਂ ਵੈਨਜ਼ੂਏਲਾ ਦੀ ਅਰਥ ਵਿਵਸਥਾ ਚੰਗੀ ਨਾ ਰਹਿਣ ਕਾਰਨ ਉਹ ਪ੍ਰੀਤ ਨਗਰ ਤਾਂ ਨਹੀਂ ਆਏ, ਪਰ ਟੈਲੀਫੋਨ ਤੇ ਸੰਪਰਕ ਚਲਦਾ ਰਿਹਾ ਹੈ। ਆਖਰੀ ਵਾਰਤਾਲਾਪ 23 ਮਈ 2020 ਨੂੰ ਉਮਾ ਦੀ ਮੌਤ ਸਮੇਂ ਹੋਈ ਸੀ। ਉਮਾ, ਅਨੁਸੂਈਆ ਦੀ ਸਭ ਤੋਂ ਵੱਡੀ ਭੈਣ ਸੀ।

ਵੈਨਜ਼ੂਏਲਾ ਦੀ ਆਰਥਕਤਾ ਦਾ ਮੁੱਖ ਆਧਾਰ ਉਥੋਂ ਦਾ ਤੇਲ, ਮੂੰਗੇ ਤੇ ਹੋਰ ਖਣਿਜ ਪਦਾਰਥ ਹਨ। ਇੱਕ ਦਹਾਕਾ ਪਹਿਲਾਂ ਅਮਰੀਕਾ ਵਲੋਂ ਤੇਲ ਦੀ ਨਾਕਾਬੰਦੀ ਕਰਨ ਉਪਰੰਤ ਉਥੋਂ ਦੀ ਅਰਥ-ਵਿਵਸਥਾ ਅਸਤ-ਵਿਅਸਤ ਹੋ ਗਈ, ਪਰ ਦੇਸ਼ ਵਲੋਂ ਸਵੈ ਨਿਰਭਰ ਹੋਣ ਦੀ ਕਸ਼ਮਕਸ਼ ਦੌਰਾਨ ਵੀ ਅਨੁਸੂਈਆ ਤੇ ਰਾਓਲ ਸੁਖਾਵਾਂ ਜੀਵਨ ਜਿਉਂਦੇ ਰਹੇ ਹਨ। ਮੈਰੀਡਾ ਸ਼ਹਿਰ ਕੋਲੰਬੀਆ ਸਰਹੱਦ ਦੇ ਨੇੜੇ ਪੈਂਦਾ ਹੈ ਤੇ ਚੰਗੇ ਪੌਣ ਪਾਣੀ ਤੇ ਬਨਸਪਤ ਲਈ ਜਾਣਿਆ ਜਾਂਦਾ ਹੈ। ਅਨੁਸੂਈਆ ਦਾ ਜੀਵਨ ਸਾਥੀ ਰਾਓਲ ਅਨੁਸੂਈਆ ਵਾਂਗ ਬੜਾ ਸੁਹਣਾ। ਉਸ ਦੇ ਸੁਹਪਣ ਦਾ ਰਾਜ਼ ਹਿਰਦੇਪਾਲ ਦੀ ਪਤਨੀ ਪ੍ਰਵੀਨ ਨੂੰ ਉਦੋਂ ਖੁਲ੍ਹਿਆ, ਜਦੋਂ 1980 ਵਿਚ ਪ੍ਰਵੀਨ ਮੈਰੀਡਾ ਗਈ ਸੀ ਤੇ ਰਾਓਲ ਦੀ ਮਾਂ ਉਸ ਨੂੰ ਹਵਾਈ ਅੱਡੇ ਤੋਂ ਲੈਣ ਆਈ ਸੀ। ਉਹ ਅਤਿਅੰਤ ਖੂਬਸੂਰਤ ਤੇ ਬਣਦੀ ਫਬਦੀ ਮਹਿਲਾ ਸੀ। ਪ੍ਰਵੀਨ ਨੇ ਦੱਸਿਆ, ਡਾ. ਅਨੁਸੂਈਆ ਦੇ ਸਹੁਰਾ ਪਰਿਵਾਰ ਦੀ ਰਹਿਣੀ ਸਹਿਣੀ ਕਈ ਗੱਲਾਂ ਵਿਚ ਪ੍ਰੀਤ ਨਗਰੀਆਂ ਨਾਲ ਮਿਲਦੀ-ਜੁਲਦੀ ਹੈ। ਅਨੁਸੂਈਆ ਦੀ ਮ੍ਰਿਤਕ ਦੇਹ ਦਾ ਉਸ ਦੀ ਇੱਛਾ ਅਨੁਸਾਰ ਦਾਹ ਸਸਕਾਰ ਕੀਤਾ ਗਿਆ ਤੇ ਉਸ ਦੇ ਫੁੱਲ ਨੇੜਲੀ ਨਦੀ ਵਿਚ ਜਲ ਪਰਵਾਹ ਕੀਤੇ ਗਏ। ਉਹ ਸਦਾ ਆਪਣਾ ਪੂਰਾ ਨਾਂ ਲਿਖਦੀ ਸੀ, ਅਨੁਸੂਈਆ ਸਿੰਘ।

ਜ਼ਿਕਯੋਗ ਹੈ ਕਿ ਅਨੁਸੂਈਆ ਦੀ ਇੱਕ ਭੈਣ ਉਰਮਿਲਾ ਨੇ ਅਗਾਂਹਵਧੂ ਚਿੰਤਕ ਜਗਜੀਤ ਸਿੰਘ ਆਨੰਦ ਨਾਲ ਵਿਆਹ ਕਰਵਾਇਆ ਸੀ ਤੇ ਦੂਜੀ ਪ੍ਰਤਿਮਾ ਨੇ ਬੰਗਾਲੀ ਪੱਤਰਕਾਰ ਪਾਤਰਾ ਨਾਲ।

ਮੈਂ ਅਨੁਸੂਈਆ ਨੂੰ ਦੇਖਿਆ ਤਾਂ ਨਹੀਂ, ਪਰ ਗੂਗਲ ਉਤੇ ਉਸ ਦਾ ਚਿਹਰਾ ਬੜਾ ਮਨਮੋਹਣਾ ਤੇ ਖਿੱਚ ਪਾਉਂਦਾ ਹੈ ਅਤੇ ਨੈਣ ਨਕਸ਼ ਪਿਤਾ ਵਰਗੇ। ਆਪਣੀ ਜੁਆਨੀ ਸਮੇਂ ਸ਼ਿਵ ਕੁਮਾਰ ਬਟਾਲਵੀ ਦਾ ਉਹਦੇ ਵੱਲ ਖਿੱਚਿਆ ਜਾਣਾ ਕੁਦਰਤੀ ਸੀ। ਉਸ ਵਲੋਂ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਰੂਸ ਤੁਰ ਜਾਣ ਤੋਂ ਪਿੱਛੋਂ ਸ਼ਿਵ ਨੇ ਜਿਹੜੀ ਕਵਿਤਾ ਲਿੱਖੀ, ਇਸ ਦੀ ਪੁਸ਼ਟੀ ਕਰਦੀ ਹੈ। ਕਵਿਤਾ ਦਾ ਇੱਕ ਬੰਦ ਅੰਤਿਕਾ ਵਿਚ ਦਰਜ ਹੈ।

**ਕਰਮ ਸਿੰਘ ਮਾਨ ਦੀਆਂ ਕਹਾਣੀਆਂ ਦਾ ਸੱਚ:** ਇਨ੍ਹੀਂ ਦਿਨੀਂ ਅਮਰੀਕਾ ਨਿਵਾਸੀ ਕਰਮ ਸਿੰਘ ਮਾਨ ਦਾ ਕਹਾਣੀ ਸੰਗ੍ਰਿਹ 'ਬੋਸਕੀ ਦਾ ਪਜਾਮਾ' ਪੜ੍ਹਨ ਨੂੰ ਮਿਲਿਆ। ਉਸ ਦੇ ਸਾਰੇ ਦੇ ਸਾਰੇ ਪਾਤਰ ਵਿਹਾਰਕ ਸੱਚ ਨੂੰ ਪ੍ਰਨਾਏ ਹੋਏ ਹਨ। ਸਭ ਤੋਂ ਪਹਿਲੀ ਕਹਾਣੀ 'ਦਰਦ ਵਿਛੋੜੇ ਦਾ' ਵਿਚਲੇ ਪੈਨਸ਼ਨੀਏ ਨਾਇਕ ਦਾ ਆਪਣੀ ਪਤਨੀ ਨੂੰ 'ਜੇ ਮੈਂ ਪਹਿਲਾਂ ਮਰਿਆ ਤਾਂ ਤੈਨੂੰ ਪੈਨਸ਼ਨ ਮਿਲੂਗੀ ਤੇ ਜੇ ਤੂੰ ਪਹਿਲਾਂ ਤੁਰ ਗਈ ਤਾਂ ਮੈਨੂੰ ਟੈਨਸ਼ਨ' ਕਹਿਣਾ ਇਸ ਦਾ ਪ੍ਰਮਾਣ ਹੈ। ਉਂਜ ਸਭ ਤੋਂ ਵਧੀਆ ਕਹਾਣੀ ਧੂੰਆਂ ਹੈ। ਇਸ ਦਾ ਨਾਇਕ ਰਘਬੀਰ ਸਿੰਘ ਪੁਲਿਸ ਦੀ ਨੌਕਰੀ ਕਰਦਾ ਖਾੜਕੂ ਮੁੰਡਿਆਂ ਦੀ ਗੋਲੀ ਦਾ ਸ਼ਿਕਾਰ ਹੋ ਜਾਂਦਾ ਹੈ। ਪਤਨੀ ਦਲਜੀਤ ਸਭ ਕੁਝ ਸਹਿ ਲੈਂਦੀ ਹੈ, ਪਰ ਜਦੋਂ ਉਹ ਆਪਣੇ ਪੁੱਤਰ ਨੂੰ ਬਿਲਾਨਾਗਾ ਗੁਰਦੁਆਰੇ ਜਾਂਦਾ ਦੇਖਦੀ ਹੈ ਤਾਂ ਉਸ ਦੇ ਮਨ ਵਿਚ ਇਹ ਵਹਿਮ ਪੈਂਦਾ ਹੋ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਵੱਡਾ ਹੋ ਕੇ ਖਾੜਕੂਆਂ ਦਾ ਬਦਲਾ ਲੈਣ ਲਈ ਤਿਆਰ ਕਰ ਰਿਹਾ ਹੈ। ਇਸ ਦਾ ਨਤੀਜਾ ਸਾਰੇ ਪਰਿਵਾਰ ਲਈ ਦੁਖਦਾਈ ਹੋਵੇਗਾ।




'ਬੋਸਕੀ ਦਾ ਪਜਾਮਾ' ਦਾ ਮੁਖੜਾ

ਕਰਮ ਸਿੰਘ ਦੀਆਂ ਹੋਰ ਕਹਾਣੀਆਂ ਵੀ ਸਾਫ ਤੇ ਸਪਸ਼ਟ ਹਨ। ਭਾਵੇਂ ਬੋਲੀ ਤੇ ਵਾਕ ਬਣਤਰ ਰੜਕਦੀ ਹੈ, ਜੋ ਪੰਜਾਬ ਤੋਂ ਟੁੱਟਣ ਕਾਰਨ ਆ ਗਈ ਜਾਪਦੀ ਹੈ। ਇਹੋ ਹਾਲ ਕਹਾਣੀ ਕਲਾ ਦਾ ਹੈ। ਪ੍ਰਮੁੱਖ ਕਹਾਣੀ 'ਬੋਸਕੀ ਵਾਲਾ ਪਜਾਮਾ' ਵਿਚ ਕਹਾਣੀ ਦਾ ਸੱਚ ਬੋਸਕੀ ਦੇ ਕੱਪੜੇ ਨਾਲ ਨਹੀਂ ਜੁੜਿਆ ਹੋਇਆ, ਸਗੋਂ ਪਜਾਮੇ ਦੀਆਂ ਫਾਂਟਾਂ ਨਾਲ ਬਧਾ ਹੋਇਆ ਹੈ। ਇਸ ਕਹਾਣੀ ਦਾ ਨਾਂ 'ਫਾਂਟਾਂ ਵਾਲਾ ਪਜਾਮਾ' ਵਧੇਰੇ ਢੁਕਣਾ ਸੀ, ਪਰ ਨਾਂ ਵਿਚ ਕੀ ਪਿਆ ਏ! ਇਸ ਨਾਲ ਕਥਾ ਦੀ ਸਿਰਫ ਰਵਾਨੀ ਵਧਦੀ ਹੈ, ਅਰਥ ਨਹੀਂ ਬਦਲਦੇ। ਕਰਮ ਸਿੰਘ ਮਾਨ ਦੇ ਚੰਗੇ ਅਰਥਾਂ ਵਾਲੀਆਂ ਕਹਾਣੀਆਂ ਦਾ ਸਵਾਗਤ ਹੈ।

**ਅੰਤਿਕਾ: ਸ਼ਿਵ ਕੁਮਾਰ ਬਟਾਲਵੀ**

ਇੱਕ ਕੁੜੀ ਜੀਹਦਾ ਨਾਮ ਮੁਹੱਬਤ
ਗੁੰਮ ਹੈ...ਗੁੰਮ ਹੈ...ਗੁੰਮ ਹੈ।
ਸਾਦ ਮੁਰਾਦੀ ਸੋਹਣੀ ਫੱਬਤ
ਗੁੰਮ ਹੈ...ਗੁੰਮ ਹੈ...ਗੁੰਮ ਹੈ।

ਸੂਰਤ ਉਸ ਦੀ ਪਰੀਆਂ ਵਰਗੀ
ਸੀਰਤ ਦੀ ਉਹ ਮੁਰੀਅਮ ਲਗਦੀ
ਹੱਸਦੀ ਹੈ ਤਾਂ ਫੁੱਲ ਝੜਦੇ ਨੇ
ਤੁਰਦੀ ਹੈ ਤਾਂ ਗਜ਼ਲ ਹੈ ਲਗਦੀ।

# ਬਲਵੰਤ ਸੰਧੂ ਦਾ ਨਾਵਲ 'ਗੁੰਮਨਾਮ ਚੈਂਪੀਅਨ'

(ਪਿਛਲੇ ਸਫੇ ਦੀ ਬਾਕੀ)

ਹੋਣ ਲੱਗੀ ਤਾਂ ਉਸ ਨੇ ਮੰਜਾ ਬਿਸਤਰਾ ਚੁਕਿਆ ਤੇ ਕੋਠੇ 'ਚ ਜਾਣ ਲੱਗਾ। ਹਨੇਰੇ ਵਿਚ ਉਹ ਕਿੱਲੇ ਦਾ ਠੇਡਾ ਖਾ ਕੇ ਡਿੱਗ ਪਿਆ ਤੇ ਉਸ ਦਾ ਚੂਲਾ ਟੁੱਟ ਗਿਆ। ਤਰਨਤਾਰਨ ਇਲਾਜ ਕਰਾਇਆ, ਪਰ ਪੂਰਾ ਤੰਦਰੁਸਤ ਨਾ ਹੋ ਸਕਿਆ। ਉਮਰ ਦੇ ਆਖਰੀ ਚਾਰ ਵਰ੍ਹੇ ਉਹ ਗੁੰਮਨਾਮੀ ਦੀ ਜ਼ਿੰਦਗੀ ਜੀਵਿਆ। ਅਖੀਰ ਉਮਰੇ ਦੱਸਦੇ ਹਨ ਕਿ ਉਹ ਦੁਆਈ ਬੂਟੀ ਖੁਣੋਂ ਵੀ ਆਤੁਰ ਰਿਹਾ। ਉਸ ਨੂੰ ਸ਼ੂਗਰ ਹੋ ਗਈ ਸੀ ਤੇ ਪੈਰਾਂ ਦੇ ਦੋਵੇਂ ਅੰਗੂਠੇ ਕੱਟੇ ਗਏ ਸਨ। ਸੱਤਰ ਸਾਲ ਦੀ ਉਮਰ ਵਿਚ ਅਜਿਹਾ ਬੁੱਲਾ ਵੱਜਾ ਕਿ ਉਹ ਮੰਜੇ ਤੋਂ ਨਾ ਉਠ ਸਕਿਆ। ਫਰੀ ਸਟਾਈਲ ਕੁਸ਼ਤੀ ਦਾ ਰੁਸਤਮੇ ਜ਼ਮਾਂ, ਜਿਨ੍ਹੇ ਕਿੰਗਕਾਂਗ ਵਰਗਿਆਂ ਦੇ ਛੱਕੇ ਛੁਡਾਏ ਸਨ, ਆਖਰ ਮੌਤ ਨੇ ਢਾਹ ਲਿਆ ਤੇ 1988 ਦੀ ਇਕ ਉਦਾਸ ਰਾਤੇ ਉਹ ਰੋਂਦੀ ਕੁਰਲਾਉਂਦੀ ਬਲਬੀਰ ਕੌਰ ਨੂੰ ਵਿਧਵਾ ਛੱਡ ਕੇ ਪਰਲੋਕ ਸਿਧਾਰ ਗਿਆ।

ਹਰਬੰਸ ਸਿੰਘ ਪਹਿਲਾਂ ਤੇ ਬਲਬੀਰ ਕੌਰ 2006 ਵਿਚ ਚੱਲ ਵਸੀ। ਲੇਖਕ ਦਾ ਵਿਆਹ 2004 ਵਿਚ ਹੋਇਆ। ਉਸ ਨੇ ਬਲਬੀਰ ਕੌਰ ਅਤੇ ਉਸ ਦੇ ਪੋਤਿਆਂ ਰਘਬੀਰ ਨਾਲ ਮੁਲਾਕਾਤਾਂ ਕੀਤੀਆਂ, ਜੋ ਦਾਰਾ ਸਿੰਘ ਬਾਰੇ ਨਾਵਲ ਲਿਖਣ ਵਿਚ ਸਹਾਈ ਹੋਈਆਂ। ਮੈਂ ਵੀ ਦਾਰਾ ਸਿੰਘ ਦੇ ਦੋਹਾਂ ਪੋਤਿਆਂ ਨੂੰ ਮਿਲ ਆਇਆ ਹਾਂ। ਉਹ ਬਾਹਰ ਖੇਤਾਂ ਵਿਚ ਰਹਿੰਦੇ ਹਨ, ਜਿਥੇ ਮੱਝਾਂ ਬੱਝੀਆਂ ਹੋਈਆਂ ਸਨ। ਖੁਰਲੀਆਂ ਸਨ, ਖੁੱਲ੍ਹਾ ਵਿਹੜਾ ਤੇ ਆਲੇ ਦੁਆਲੇ ਫਸਲਾਂ ਸਨ। ਮੈਂ ਉਹ ਕਿੱਲੇ ਵਾਲੀ ਥਾਂ ਵੇਖੀ, ਜਿਥੇ ਦਾਰਾ ਰਾਤ ਦੇ ਹਨੇਰੇ 'ਚ ਡਿੱਗਾ ਸੀ। ਸਾਧਾਰਨ ਘਰ ਹੈ ਤੇ ਘਰ ਦੇ ਦਰ ਅੱਗੇ ਦਾਰਾ ਸਿੰਘ ਦੀ ਸਮਾਧ ਹੈ, ਜਿਸ ਦੀ ਲੰਮਾਈ ਦਾਰੇ ਦੇ ਕੱਦ ਜਿੰਨੀ ਸੱਤ ਫੁੱਟ ਹੀ ਹੈ। ਪਹਿਲਾਂ ਇਹ ਇੱਟਾਂ ਦੀ ਸੀ, ਪਰ ਨਾਵਲ ਛਪਣ ਪਿਛੋਂ ਪਲੱਸਤਰ ਕਰ ਕੇ ਸੰਗਮਰਮਰ ਵਰਗੀ ਬਣਾ ਦਿੱਤੀ ਗਈ ਹੈ। ਮੈਂ ਉਹ ਬੀਹੀ ਵੀ ਵੇਖੀ, ਜਿਥੇ ਦਾਰੇ ਦੇ ਭਰਾ ਦਲੀਪ ਸਿੰਘ ਨੂੰ ਮਾਰਿਆ ਗਿਆ ਸੀ ਤੇ ਇੰਦਰ ਸਿੰਘ ਦਾ ਗੁੱਟ ਵੱਢਿਆ ਗਿਆ ਸੀ। ਹੁਣ ਉਸ ਬੀਹੀ ਦੇ ਆਲੇ-ਦੁਆਲੇ ਦਾ ਨਕਸ਼ਾ ਬਦਲ ਗਿਆ ਹੈ। ਪਿੰਡ ਅੰਦਰਲੇ ਘਰ ਬਾਹਰ ਖੇਤਾਂ ਵਿਚ ਨਿਕਲ ਗਏ ਹਨ।

ਉਹ ਛੱਪੜ, ਜਿਸ ਵਿਚ ਦਾਰੇ ਨੇ ਸਰਦਾਰੇ ਨੂੰ ਡੁਬੋ ਕੇ ਮਾਰਿਆ ਸੀ, ਹੁਣ ਛੋਟਾ ਜਿਹਾ ਰਹਿ ਗਿਆ ਹੈ। ਉਹਦੇ ਇਕ ਪਾਸੇ ਭਰਤ ਪਾ ਕੇ ਘਰ ਪਾ ਲਏ ਗਏ ਹਨ। ਜਿੱਦਣ ਅਸੀਂ ਛੱਪੜ ਵੇਖ ਰਹੇ ਸਾਂ ਤਾਂ ਲਾਗਲੇ ਘਰਾਂ ਵਾਲੇ ਸਾਡੇ ਵੱਲ ਉਂਜ ਹੀ ਵੇਖ ਰਹੇ ਸਨ, ਜਿਵੇਂ ਉੱਦਣ ਵੇਖਦੇ ਰਹੇ ਸਨ, ਜਿੱਦਣ ਸਰਦਾਰੇ ਨੂੰ ਘੇਰਿਆ ਹੋਇਆ ਸੀ। ਜਿਸ ਬਾਗ ਵਿਚ ਦਾਰੇ ਹੋਰੀਂ ਲੁਕੇ ਸਨ, ਹੁਣ ਉਹਦਾ ਨਾਂ ਨਿਸ਼ਾਨ ਨਹੀਂ ਰਿਹਾ। ਮੈਂ ਉਹ ਨਿਆਈਂ ਵੇਖੀ, ਜਿਥੇ ਪਿੰਡ ਦੇ ਲੋਕ ਬੇਵੱਸ ਖੜ੍ਹੇ ਸਨ ਤੇ ਦਾਰਾ ਸਰਦਾਰੇ ਨੂੰ ਦਿਨ-ਦਿਹਾੜੇ ਕਤਲ ਕਰ ਰਿਹਾ ਸੀ। ਹੁਣ ਛੱਪੜ ਦੇ ਕੋਲ ਵਾਟਰ ਵਰਕਸ ਦੀ ਟੈਂਕੀ ਬਣੀ ਹੋਈ ਹੈ, ਜੋ ਦੂਰੋਂ ਪਿੰਡ ਦੀ ਨਿਸ਼ਾਨਦੇਹੀ ਕਰਦੀ ਹੈ। ਛੱਪੜ ਦੇ ਨੇੜੇ ਹੀ ਸਰਦਾਰੇ ਹੋਰਾਂ ਦੇ ਖੇਤ ਹਨ, ਜਿਥੇ ਉਨ੍ਹਾਂ ਦੀ ਔਲਾਦ ਵਸਦੀ ਹੈ, ਜੋ ਦਾਰੇ ਦੇ ਪੋਤਿਆਂ ਨਾਲ ਵਰਤਦੀ ਹੈ। ਉਨ੍ਹਾਂ ਦੇ ਬਜ਼ੁਰਗਾਂ ਦਾ ਫਿਰੋਜ਼ਪੁਰ ਜੇਲ੍ਹ ਵਿਚ ਹੀ ਰਾਜ਼ੀਨਾਵਾਂ ਹੋ ਗਿਆ ਸੀ। ਮੈਂ ਉਹ ਰੁੱਖ ਵੇਖੇ, ਜਿਨ੍ਹਾਂ ਹੇਠ ਦਾਰੇ ਦੀ ਢਾਣੀ ਸੁੱਖਾ ਘੋਟਿਆ ਕਰਦੀ ਸੀ ਤੇ ਤੂੰਤੀ ਵਜਾ ਕੇ ਬਾਟਾ ਛਕਾਇਆ ਜਾਂਦਾ ਸੀ। ਮੈਨੂੰ ਉਸ ਪਿੰਡ ਵਿਚ ਹੋਰ ਤਾਂ ਬਹੁਤ ਕੁਝ ਦਿਸਿਆ, ਨਸ਼ੇ ਪੱਤੇ ਵਿਚ ਧੁੱਤ ਕੁਝ ਅਮਲੀ ਵੀ ਦਿਸੇ, ਪਰ ਕੋਈ ਅਖਾੜਾ ਨਾ ਦਿਸਿਆ, ਜਿਸ ਨੇ ਰੁਸਤਮੇ ਜ਼ਮਾਂ ਦਾਰਾ ਸਿੰਘ ਜਿਹਾ ਪਹਿਲਵਾਨ ਪੈਦਾ ਕੀਤਾ ਸੀ।

ਕਾਸ਼! ਉਹ ਤੋਰੀਏ ਦੀ ਭਰੀ ਨਾ ਵੱਢੀ ਜਾਂਦੀ ਜਾਂ ਦਾਰੇ ਹੋਰਾਂ ਦਾ ਖੂਹ ਹੀ ਨਾ ਚਲਦਾ ਹੁੰਦਾ!



ਦਾਰਾ ਸਿੰਘ ਦੇ ਦੋਵੇਂ ਪੋਤਰਿਆਂ ਨਾਲ ਪ੍ਰਿੰ. ਸਰਵਣ ਸਿੰਘ। ਪਿੱਛੇ ਦਿਖਾਈ ਦਿੰਦਾ ਉਹ ਖ਼ੂਨੀ ਛੱਪੜ, ਜਿਸ ਵਿਚ ਦਾਰੇ ਨੇ ਸ਼ਰੀਕ ਭਰਾ ਸਰਦਾਰੇ ਨੂੰ ਡੁਬੋ ਕੇ ਮਾਰਿਆ ਸੀ।

# ਸ਼ਬਦ ਗੁਰੂ

**ਸਿੱਧ:**
ਸੁਣ, ਨਾਨਕਾ ਨਿਗੁਰਾ ਤੂੰ ਗੁਰੂ ਨੀਂ ਧਾਰਿਆ!
ਬਾਬੇ ਕਿਹਾ ਮੇਰਾ ਗੁਰੂ ੴ ਸ਼ਬਦ ਗੁਰੂ॥

**ਸੁਣੋ ਸਿਧੋ:**
ਆਦਿ ਪੁਰਖ, ਕਰਤਾ, ਕਰਤਾਰ ਸ਼ਬਦ ਗੁਰੂ
ਏਕੋ ਏਕ, ਆਪੇ ਆਪ ੧ਓਂਕਾਰ ਸ਼ਬਦ ਗੁਰੂ
ਜੰਮੇ, ਮਰੇ ਨਾ ਆਵੇ ਜਾਏ ਵਿਚਰੇ ਇਕੋ ਰੰਗ
ਆਦਿ ਜੁਗਾਦੋਂ ਸੱਚਾ ਅਪਰੰਪਾਰ ਸ਼ਬਦ ਗੁਰੂ।

ਕਣ ਕਣ ਵਿਚ ਰਮਿਆ ਜਲਵਾ-ਏ-ਕੋਹਤੂਰ
ਮੰਡਲਾਂ, ਬ੍ਰਹਿਮੰਡਾਂ ਦਾ ਰਚਨਹਾਰ ਸ਼ਬਦ ਗੁਰੂ।
ਇਸੇ ਤੋਂ ਉਪਜੇ, ਬਿਨਸੇ, ਇਸੇ ਵਿਚ ਸਮਾਵੇ
ਦ੍ਰਿਸ਼ਟ, ਅਦ੍ਰਿਸ਼ਟ ਦਾ ਰਚਨਹਾਰ ਸ਼ਬਦ ਗੁਰੂ
ਸਭ ਦੇ ਸਾਹਮਣੇ ਸਭ ਤੋਂ ਉਹਲੇ ਬੇ-ਪਰਵਾਹ
ਸਰਗੁਣ, ਨਿਰਗੁਣ ਰੂਪ ਨਿਰੰਕਾਰ ਸ਼ਬਦ ਗੁਰੂ।

ਨਾ ਦੋਸਤੀ ਨਾ ਦੁਸ਼ਮਣੀ ਕਿਸੇ ਸੰਗ ਨਿਰਵੈਰ
ਤੇਰਾ ਮੇਰਾ ਸਭ ਦਾ ਸਾਂਝਾ ਦਤਾਰ ਸ਼ਬਦ ਗੁਰੂ।
ਕਰਤਾ, ਆਪੇ ਹਰਤਾ ਆਪੇ ਆਪ ਏ ਭਰਤਾ
ਅਗੰਮ, ਅਗੋਚਰ ਅਥਾਹ ਅਪਾਰ ਸ਼ਬਦ ਗੁਰੂ।
ਕੋਈ ਨਾ ਜਾਣੇ ਬੁੱਝੇ ਕੋਈ, ਕੇਡਾ ਤਾਣਾ ਪੇਟਾ
ਆਪੇ ਆਪ ਹੀ ਜਾਣੇ ਬੁੱਝਣਹਾਰ ਸ਼ਬਦ ਗੁਰੂ।

ਆਪਾ ਤਿਆਗ ਕੇ ਜੋ ਵੀ ਦਰ 'ਤੇ ਡਿੱਗਾ ਆ
ਆਪਣੇ ਚਰਨੀ ਲਾਵੇ ਦੇਵੇ ਤਾਰ ਸ਼ਬਦ ਗੁਰੂ
ਨਾਮ ਦੀ ਰਾਹੇ ਰਾਸਤ ਪੱਲੇ ਬੰਨ੍ਹੀ ਜਿਹਨੇ ਵੀ
ਬਾਂਹ ਫੜ ਕੇ ਭਵਜਲੋਂ ਲਾਵੇ ਪਾਰ ਸ਼ਬਦ ਗੁਰੂ
ਵਿਸ਼ੇ-ਵਿਕਾਰ, ਕਿਲਵਿਖ ਮਨ ਦੇ ਹੋਵਣ ਦੂਰ
ਆਪਣੇ ਹਿਰਦੇ ਲਏ ਜੋ ਉਰਧਾਰ ਸ਼ਬਦ ਗੁਰੂ।

ਕਰਮ ਕਾਂਡ, ਬੁੱਤ ਪ੍ਰਸ਼ਤੀ ਉਹਨੂੰ ਪੋਂਹਦੇ ਨਹੀਂ
ਲੜ ਲੱਗਣ ਵਾਲੇ ਦੀ ਲੈਂਦੈ ਸਾਰ ਸ਼ਬਦ ਗੁਰੂ
ਅੰਜਨ ਵਿਚ ਨਿਰ-ਅੰਜਨ ਰਹਿਣਾ ਦੱਸਦਾ ਏ
ਇਕ ਨੂੰ ਜਪੋ ਕਹੇ ਪੁਕਾਰ ਪੁਕਾਰ ਸ਼ਬਦ ਗੁਰੂ।

ਜੰਗਲ, ਪਹਾੜਾਂ, ਕੰਦਰਾਂ ਵਿਚ ਲੁਕਿਆ ਨਹੀਂ
ਹਿਰਦੇ ਘਰ 'ਚ ਵੇਖੋ ਝਾਤੀ ਮਾਰ ਸ਼ਬਦ ਗੁਰੂ
ਉਚਾ, ਨੀਵਾਂ, ਅਮੀਰ, ਗਰੀਬ ਸਾਰੇ ਇਕੋ ਨੇ
ਪੁੰਨੀ, ਪਾਪੀ, ਜ਼ਾਲਮ ਲਾਵੇ ਪਾਰ ਸ਼ਬਦ ਗੁਰੂ।

ਹੱਕ ਹਲਾਲ ਦੀ ਕਿਰਤ ਉਸ ਨੂੰ ਭਾਉਂਦੀ ਏ
ਦੂਜੇ ਦਾ ਹੱਕ ਖਾਣਾ ਦੇਵੇ ਨਕਾਰ ਸ਼ਬਦ ਗੁਰੂ
ਦੀਨ-ਦੁਖੀਆਂ, ਦੱਬੇ-ਕੁੱਚਲੇ ਲਿਤਾੜਿਆਂ ਦੀ
ਧਿਰ ਬਣ ਖਲੋਂਦਾ ਲੈਂਦਾ ਏ ਸਾਰ ਸ਼ਬਦ ਗੁਰੂ
ਇਹ 'ਅਨਮੋਲ ਖਜਾਨਾ' ਆਪ ਅਕਾਲ ਰੂਪ
ਅਤੁਟ, ਅਖੁਟ, ਅਥਾਹ ਬੇਸ਼ੁਮਾਰ ਸ਼ਬਦ ਗੁਰੂ॥

-ਚੰਨ
ਫੋਨ: 908-788-8427

---

# ਕੰਡਿਆਲਾ ਰਾਹ

ਹਿਜਰਾਂ ਦੀ ਪੀੜ ਕੁਲਹਿਣੀ ਜੇ ਹੱਡੀਂ ਬਹਿ ਜਾਂਦੀ
ਹੌਲੇ ਜਿਹੇ ਆ ਕੇ ਫਿਰ ਦਿਲ ਵਿਚ ਲਹਿ ਜਾਂਦੀ।

ਚੰਦਰੀ ਇਸ਼ਕ ਬਿਮਾਰੀ ਦੁਨੀਆਂ ਹੈ ਕਹਿੰਦੀ
ਨੈਣਾਂ ਰਾਹੀਂ ਅੰਦਰ ਆ ਕੇ ਸਾਹੀਂ ਵਸ ਬਹਿੰਦੀ।

ਲੱਭੇ ਨਾ ਇਲਾਜ ਕੋਈ ਲੁਕਮਾਨ ਜਿਹੇ ਝੁੱਕ ਜਾਂਦੇ
ਕਿੰਨੇ ਆਸ਼ਕ ਜੋ ਅਣਿਆਈ ਮੌਤ ਹੀ ਮੁੱਕ ਜਾਂਦੇ।

ਲੈਂਦੇ ਨੇ ਹਉਕੇ ਹਾਵੇ ਸੌਂਦੇ ਕੰਡਿਆਂ ਦੀ ਸੇਜ ਉੱਤੇ,
ਚੜ੍ਹੇ ਬਲੀ ਇਸ਼ਕ ਦੀ ਕਈ 'ਸ਼ਿਵ' ਜਵਾਨੀ ਰੁੱਤੇ।

ਕੱਚੇ ਪੱਕੇ ਨੂੰ ਪਰਖਦਾ ਕਦੇ ਕੰਢੇ ਝਨਾਂ ਦੇ ਉੱਤੇ
ਸੱਸੀ ਨੂੰ ਰੋਲ ਥਲੀਂ ਕਦੇ ਟੰਗਕੇ ਤੀਰ ਜੰਡ ਉੱਤੇ।

ਛੱਡਦਾ ਨਾ ਕੱਖ ਪੱਲੇ ਨਾ ਇਹ ਪੱਲੇ ਪੈਣ ਦਿੰਦਾ
ਕਰਦਾ ਲੰਬੀਆਂ ਵਾਟਾਂ ਨਾ ਚੁੱਪ ਰਹਿਣ ਦਿੰਦਾ।

-ਸੇਵਾ ਸਿੰਘ ਨੂਰਪੁਰੀ

# ਬਦਲਦਾ ਪਿੰਡ ਸਭਿਆਚਾਰ

**ਕਲਾ ਪਰਿਕਰਮਾ**

***ਪਿੰਡਾਂ ਦੀਆਂ ਸੱਥਾਂ ਦੀ ਦਿੱਖ ਅਤੇ ਵਰਤਾਰਾ ਵੀ ਬਦਲ ਗਿਆ ਹੈ। ਬਹੁਗਿਣਤੀ ਪਿੰਡਾਂ ਵਿਚ ਸੱਥ ਨੂੰ ਬਣਾ ਸੰਵਾਰ ਕੇ ਨਵਾਂ ਰੂਪ ਬਖਸ਼ਿਆ ਗਿਆ ਹੈ। ਰੁੱਖਾਂ ਦੇ ਤਣਿਆਂ ਤੋਂ ਬਣੇ ਖੁੰਢਾਂ ਦੀ ਥਾਂ ਸੀਮਿੰਟ ਦੇ ਪੱਕੇ ਬੈਂਚ ਜਾਂ ਆਧੁਨਿਕ ਕੁਰਸੀਆਂ ਜਾਂ ਲੋਹੇ ਦੇ ਬੈਂਚ ਸਜ ਗਏ ਹਨ।***

ਸਮੇਂ ਦੀ ਤੋਰ ਤੋਂ ਹਰ ਕੋਈ ਪ੍ਰਭਾਵਿਤ ਹੁੰਦਾ ਹੈ। ਹਰ ਸੰਸਥਾ, ਹਰ ਸਮਾਜ ਅਤੇ ਹਰ ਵਸਤੂ ਇਸ ਤੋਂ ਪ੍ਰਭਾਵਿਤ ਹੁੰਦਿਆਂ ਆਪਣਾ ਰੰਗ, ਢੰਗ ਅਤੇ ਰੂਪ ਬਦਲਦੇ ਰਹਿੰਦੇ ਹਨ। ਪੁਰਾਣੇ ਰੰਗ-ਢੰਗ ਫਿੱਕੇ ਪੈ ਜਾਂਦੇ ਹਨ। ਪੁਰਾਣੀ ਵਿਚਾਰਧਾਰਾ ਨਵੇਂ ਮਾਪਦੰਡਾਂ ਅਤੇ ਸਿਧਾਂਤਾਂ ਵਿਚ ਬਦਲਦੀ ਰਹਿੰਦੀ ਹੈ।

ਅੱਜ ਇੱਕੀਵੀਂ ਸਦੀ ਵਿਚ ਪੁੱਜ ਕੇ ਪੰਜਾਬ ਦੇ ਪਿੰਡ ਅਤੇ ਪਿੰਡਾਂ ਦਾ ਜੀਵਨ ਢੰਗ ਵੀ ਉਹ ਨਹੀਂ ਰਿਹਾ ਜੋ ਅੱਜ ਤੋਂ ਚਾਰ ਪੰਜ ਦਹਾਕੇ ਪਹਿਲਾਂ ਸੀ। ਸਾਡੇ ਪਿੰਡਾਂ ਦੀ



**ਸੁਰਿੰਦਰ ਗਿੱਲ**
ਫੋਨ: +91-99154-73505

ਦਿੱਖ, ਕਾਰ-ਵਿਹਾਰ, ਰਹਿਣ-ਸਹਿਣ ਢੰਗ, ਵਰਤੋਂ ਵਿਹਾਰ ਅਤੇ ਭਾਈਚਾਰਾ ਹੋਰ ਦਾ ਹੋਰ ਹੋ ਗਿਆ ਹੈ। ਕੁਝ ਕੁ ਅਤਿ ਗਰੀਬ ਅਤੇ ਆਰਥਿਕ ਤੰਗੀ-ਤੁਰਸ਼ੀ ਦਾ ਸ਼ਿਕਾਰ ਘਰਾਂ ਦਾ ਰਹਿਣ-ਸਹਿਣ ਭਾਵੇਂ ਪੁਰਾਣੇ ਢੰਗ ਦਾ ਹੋਵੇ, ਪਰ ਸਮੁੱਚੇ ਰੂਪ ਵਿਚ ਪੰਜਾਬ ਦੇ ਪਿੰਡਾਂ ਵਿਚ ਵਿਕਾਸ, ਨਵੀਨਤਾ ਅਤੇ ਖੁਸ਼ਹਾਲ ਜੀਵਨ ਦੀ ਝਲਕ ਦਿਸਦੀ ਹੈ।

ਦੋ-ਤਿੰਨ ਦਹਾਕੇ ਪਹਿਲਾਂ ਪਰਦੇਸ ਗਿਆ ਕੋਈ ਵਿਅਕਤੀ, ਜਿਸ ਨੇ ਪਿੰਡੋਂ ਤੁਰਨ ਵੇਲੇ ਦਾ ਆਪਣੇ ਪਿੰਡ, ਪਿੰਡ ਦੀਆਂ ਸੱਥਾਂ, ਪਿੰਡ ਵਸਦੇ ਮਿੱਤਰਾਂ, ਗੁਆਂਢੀਆਂ, ਹਾਲੀਆਂ, ਪਾਲੀਆਂ ਅਤੇ ਬਜ਼ੁਰਗਾਂ ਦਾ ਪੁਰਾਣਾ ਤੇ ਰੁਮਾਨੀ ਬਿੰਬ ਅਜੇ ਵੀ ਆਪਣੇ ਦਿਲ ਵਿਚ ਸਾਂਭ-ਸਾਂਭ ਰੱਖਿਆ ਹੋਵੇ, ਜਦੋਂ ਕਦੇ ਵਾਪਸ ਆਪਣੇ ਦੇਸ਼ ਅਤੇ ਆਪਣੇ ਪਿੰਡ ਪਰਤਦਾ ਹੈ ਤਾਂ ਹੈਰਾਨ ਰਹਿ ਜਾਂਦਾ ਹੈ। ਹੈਰਾਨ ਹੀ ਨਹੀਂ ਹੁੰਦਾ, ਉਦਾਸ ਹੋ ਜਾਂਦਾ ਹੈ।

ਵਰ੍ਹਿਆਂ ਪਿੱਛੋਂ ਆਪਣੇ ਪਿੰਡ ਪਰਤੇ ਉਸ ਪਰਵਾਸ ਨੂੰ ਆਪਣੇ ਪਿੰਡ ਦੀ ਸਿਆਣ ਨਹੀਂ ਆਉਂਦੀ। ਪਿੰਡ ਦਾ ਸਮੁੱਚਾ ਰੰਗ-ਢੰਗ ਬਦਲਿਆ ਅਤੇ ਓਪਰਾ ਜਾਪਦਾ ਹੈ। ਸਾਫ਼-ਸੁਥਰਾ, ਸੁੰਦਰ, ਨਵਾਂ-ਨਵਾਂ ਪਰ ਨੀਰਸ ਜਿਹਾ ਤੇ ਫਿੱਕਾ-ਫਿੱਕਾ। ਕਾਗਜ਼ੀ ਫੁੱਲਾਂ ਵਰਗਾ। ਨਾ ਜਿੰਦ ਨਾ ਜਾਨ। ਨਾ ਕੋਈ ਸੁਗੰਧ, ਨਾ ਸਮੀਰ। ਪਿੰਡ ਦੇ ਲੋਕ ਵੀ ਬੇਪਛਾਣੇ, ਓਪਰੇ-ਓਪਰੇ। ਪਛਾਣ ਵੀ ਲਵੇ ਤਾਂ ਕਿਸੇ ਵਿਚ ਉਹ ਪੁਰਾਣਾ ਪਿਆਰ, ਉਹ ਮੋਹ, ਉਹ ਖਿੱਚ, ਉਹ ਅਪਣੱਤ ਨਹੀਂ ਹੈ। ਨਵੀਂ ਪੀੜ੍ਹੀ ਦੀ ਤਾਂ ਗੱਲ ਹੀ ਕੀ ਕਰਨੀ!

ਆਪਣੇ ਦੇਸ਼, ਆਪਣੇ ਪਿੰਡ, ਆਪਣੀ ਮਿੱਟੀ ਦਾ ਮੋਹ ਕਰ ਕੇ ਬਾਹਰੋਂ ਆਏ ਪਰਵਾਸੀ ਦਾ ਸੁਪਨਾ ਚਕਨਾਚੂਰ ਹੋ ਜਾਂਦਾ ਹੈ। ਵਰ੍ਹਿਆਂਬੱਧੀ ਮਨ ਵਿਚ ਪਾਲਿਆ, ਜਿਉਂਦਾ ਰੱਖਿਆ ਯਾਦਾਂ ਦਾ ਰੰਗਲਾ ਬਿੰਬ ਟੁਕੜੇ-ਟੁਕੜੇ ਹੋ ਜਾਂਦਾ ਹੈ। ਨਿਰਾਸ਼ਾ ਤੇ ਪਛਤਾਵੇ ਦੇ ਤਿੱਖੇ ਕੰਕਰ ਮਨ ਵਿਚ ਚੁਭਣ ਲੱਗਦੇ ਹਨ।

ਇਹ ਦੁਖਾਂਤ ਕਿਸੇ ਪਰਵਾਸੀ ਪੰਜਾਬੀ ਦਾ ਹੀ ਨਹੀਂ ਸਗੋਂ ਹਰ ਸੰਵੇਦਨਸ਼ੀਲ ਪੰਜਾਬੀ ਦੀ ਕਹਾਣੀ ਹੈ। ਇਕ ਕੌੜਾ-ਕੁਸੈਲਾ ਸੱਚ ਹੈ। ਪੰਜਾਬ ਦੇ ਪਿੰਡ "ਉਹ ਨਹੀਂ ਰਹਿਗੇ ਜੀ... ਹੋਰ ਕੁਛ ਹੋ ਗੇ...।"

ਅਜੋਕੇ ਪੰਜਾਬ ਦੇ ਪਿੰਡਾਂ ਦੇ ਜ਼ਿਆਦਾਤਰ ਵਾਸੀਆਂ ਵਿਚ ਨਾ ਪਹਿਲਾਂ ਵਾਂਗ ਮੋਹ, ਪਿਆਰ ਤੇ ਸਾਂਝ ਦੀਆਂ ਤੰਦਾਂ ਹਨ, ਨਾ ਭਾਵੁਕ ਤੇ ਜਜ਼ਬਾਤੀ ਰਿਸ਼ਤੇ-ਨਾਤੇ ਅਤੇ ਨਾ ਕੋਈ ਦਰਦ ਦਾ ਰਿਸ਼ਤਾ। 'ਭਾਈਚਾਰਾ' ਸ਼ਬਦ ਅਜੋਕੇ ਪੰਜਾਬ ਦੇ ਸ਼ਬਦਕੋਸ਼ ਵਿਚੋਂ ਗਾਇਬ ਹੈ ਅਤੇ ਭਾਈਚਾਰਕ ਸਬੰਧਾਂ ਦੀ ਤਾਂ ਹੋਂਦ ਹੀ ਗਵਾਚ ਗਈ ਹੈ। ਪਿੰਡ, ਪੰਚਾਇਤ ਜਾਂ ਸਮਾਜ ਤਾਂ ਦੂਰ ਦੀ ਗੱਲ ਹੈ, ਇਕੋ-ਇਕ ਪਿੰਡ ਵਿਚ ਵਸਦੇ ਲੋਕਾਂ ਦੀਆਂ ਪਰਸਪਰ ਪਰਿਵਾਰਕ ਸਾਂਝਾਂ ਵੀ ਮਰ-ਮੁੱਕ ਰਹੀਆਂ ਹਨ।

ਕਈ ਪਰਿਵਾਰ ਤਾਂ ਅਜਿਹੇ ਹਨ ਕਿ ਇਕ ਹੀ ਘਰ ਵਿਚ, ਇਕੋ ਛੱਤ ਹੇਠ ਰਹਿੰਦਿਆਂ ਵੀ ਇਕ ਹੀ ਪਰਿਵਾਰ ਦਾ ਹਰ ਇਕ ਜੀਵ ਜਾਂ ਵਿਅਕਤੀ ਇਕ ਵਿਅਕਤੀ ਹੈ। ਇਕੱਲਾ, ਸਵੈ-ਕੇਂਦਰਿਤ ਤੇ ਆਪਣੇ ਆਪ ਵਿਚ ਮਗਨ।

ਸਮਾਜਿਕ ਦ੍ਰਿਸ਼ਟੀ ਤੋਂ ਵੀ ਬਹੁਤ ਕੁਝ ਬਦਲ ਚੁੱਕਾ ਹੈ। ਪੁਰਾਣੇ ਪੰਜਾਬ ਦੇ ਪਿੰਡਾਂ ਦੇ ਬੱਚੇ ਸਕੂਲ ਜਾਂਦੇ, ਸਬਕ ਪੜ੍ਹਦੇ, ਉਚੀ-ਉਚੀ ਗਾ ਕੇ ਸੁਣਾਉਂਦੇ ਸਨ: ਸੱਸਾ ਸਾਦਾ, ਸੱਸਾ ਸਾਫ, ਸੱਸਾ ਸੱਚ, ਸੱਸਾ ਸਮਾਜ ਆਦਿ। ਅਜੋਕੇ ਸਕੂਲਾਂ ਵਿਚ ਬੱਚੇ ਆਪਣਾ ਸਬਕ ਜਾਂ ਪਾਠ ਰਲ ਕੇ ਗਾਉਂਦੇ ਨਹੀਂ। ਅੱਜਕੱਲ੍ਹ ਕੇਵਲ ਪੜ੍ਹਦੇ ਹਨ: ਸੱਸਾ ਸਾਡਾ, ਸੱਸਾ ਸਾੜਾ, ਸੱਸਾ ਸਵਾਰਥ ਆਦਿ।



ਪਿੰਡਾਂ ਦੀਆਂ ਸੱਥਾਂ ਦੀ ਦਿੱਖ ਅਤੇ ਵਰਤਾਰਾ ਵੀ ਬਦਲ ਗਿਆ ਹੈ। ਬਹੁਗਿਣਤੀ ਪਿੰਡਾਂ ਵਿਚ ਸੱਥ ਨੂੰ ਬਣਾ ਸੰਵਾਰ ਕੇ ਨਵਾਂ ਰੂਪ ਬਖਸ਼ਿਆ ਗਿਆ ਹੈ। ਰੁੱਖਾਂ ਦੇ ਤਣਿਆਂ ਤੋਂ ਬਣੇ ਖੁੰਢਾਂ ਦੀ ਥਾਂ ਸੀਮਿੰਟ ਦੇ ਪੱਕੇ ਬੈਂਚ ਜਾਂ ਆਧੁਨਿਕ ਕੁਰਸੀਆਂ ਜਾਂ ਲੋਹੇ ਦੇ ਬੈਂਚ ਸਜ ਗਏ ਹਨ।

ਪੁਰਾਣੇ ਪੇਂਡੂ ਸਮਾਜ ਵਿਚ ਇਕਾ-ਦੁੱਕਾ ਬੁੜ੍ਹੇ ਤਾਂ ਸਦਾ ਹੀ ਸੱਥ ਦੀ ਰੌਣਕ ਬਣੇ ਰਹਿੰਦੇ ਸਨ। ਆਥਣ ਵੇਲੇ ਸੱਥ 'ਤੇ ਜੋਬਨ ਆ ਜਾਂਦਾ ਸੀ। ਸੱਥ ਪਿੰਡ ਦੀ ਸੰਸਦ ਹੁੰਦੀ ਸੀ। ਕੋਈ ਵੀ ਵਿਅਕਤੀ, ਜਿਸ ਨੂੰ ਚਾਰ ਬੰਦਿਆਂ 'ਚ ਬੈਠ ਕੇ ਗੱਲ ਕਰਨ ਦੀ ਜਾਚ ਹੁੰਦੀ, ਇਸ ਸੰਸਦ ਦਾ ਮੈਂਬਰ ਹੋਣ ਦਾ ਹੱਕਦਾਰ ਸੀ ਪਰ ਅੱਜਕੱਲ੍ਹ ਪਿੰਡਾਂ ਦੀਆਂ ਸੱਥਾਂ ਵਿਚ ਸੁੰਨ ਵਰਤੀ ਹੁੰਦੀ ਹੈ। ਸੱਥਾਂ ਵਿਚ ਉਲੂ ਬੋਲਦੇ ਹਨ। ਕਿਤੇ ਕੋਈ ਟਾਂਵਾ ਟੱਲਾ ਇਕੱਲਾ ਵਿਅਕਤੀ ਬੈਠਾ ਵੀ ਦਿਸਦਾ ਹੈ ਤਾਂ ਉਹ ਕੋਈ ਉਦਾਸ, ਉਪਰਾਮ, ਨਿਕੰਮਾ, ਵਿਹਲਾ ਅਤੇ ਘਰੋਂ ਬਾਹਰ ਧੱਕਿਆ ਤ੍ਰਿਸਕਾਰਿਆ ਹੀ ਜਾਪਦਾ ਹੈ ਜਾਂ ਕੋਈ ਅਮਲੀ ਜਾਂ ਆਦਿ ਛੜਾ ਜਿਹੜਾ ਰਾਹ ਜਾਂਦੀ ਆਉਂਦੀ, ਲੰਘਦੀ ਕਿਸੇ ਮੁਟਿਆਰ ਜਾਂ ਆਪਣੇ ਹਾਣ ਦੀ ਕਿਸੇ ਤੀਵੀਂ ਦੇ ਦਰਸ਼ਨਾਂ ਦੀ ਆਸ ਵਿਚ ਬੁੱਤ ਬਣਿਆ ਬੈਠਾ ਹੋਵੇ।

ਪਿੰਡਾਂ ਵਿਚ ਵੀ ਹੁਣ ਬਹੁਗਿਣਤੀ ਲੋਕ ਕੰਮਾਂ-ਕਾਰਾਂ ਤੋਂ ਵਾਪਸ ਘਰ ਆ ਕੇ ਚਾਹ ਦਾ ਪਿਆਲਾ ਲੈ ਕੇ, ਟੈਲੀਵਿਜ਼ਨ ਅੱਗੇ ਬੈਠ ਜਾਂਦੇ ਤੇ ਆਪਣੇ ਮਨਭਾਉਂਦੇ ਪ੍ਰੋਗਰਾਮ ਦੇਖਦੇ-ਸੁਣਦੇ ਹਨ। ਬਿਜਲੀ ਜਵਾਬ ਦੇ ਜਾਵੇ ਤਾਂ ਉਠ ਕੇ ਵਿਹੜੇ ਜਾਂ ਵੀਹੀ ਵਿਚ ਚੱਕਰ ਲਾਉਣ ਲੱਗਦੇ ਹਨ।

ਗਰਮੀਆਂ ਦੀਆਂ ਰਾਤਾਂ ਨੂੰ ਬਾਹਰ ਖੜ੍ਹ ਕੇ ਜਾਂ ਕੋਠੇ ਚੜ੍ਹ ਕੇ ਗੁਆਂਢੀਆਂ ਨਾਲ ਗੱਪ-ਸ਼ੱਪ ਮਾਰਨ ਦਾ ਹੁਣ ਰਿਵਾਜ ਨਹੀਂ ਰਿਹਾ। ਪਹਿਲਾਂ ਗੁਆਂਢੀਆਂ ਜਾਂ ਕਹੋ ਉਨ੍ਹਾਂ ਗੁਆਂਢੀਆਂ, ਜਿਨ੍ਹਾਂ ਵਿਚ ਪਰਸਪਰ ਮੋਹ ਜਾਂ ਸਾਂਝ ਹੁੰਦੀ ਸੀ, ਦਾ ਇਕ-ਦੂਜੇ ਨਾਲ ਨਿੱਤ ਵਰਤੋਂ ਦੀਆਂ ਚੀਜ਼ਾਂ ਜਾਂ ਖਾਣ-ਪੀਣ ਸਮੱਗਰੀ ਦਾ ਲੈਣ-ਦੇਣ ਨਿਰੰਤਰ ਚਲਦਾ ਰਹਿੰਦਾ ਸੀ। ਵੇਲੇ-ਕੁਵੇਲੇ ਦਾਲ, ਸਾਗ, ਖੀਰ, ਸੇਵੀਆਂ ਜਾਂ ਕੜਾਹ ਦੀ ਬਾਟੀ ਜਾਂ ਕਟੋਰਾ ਦੇਣਾ ਲੈਣਾ ਚਲਦਾ ਸੀ ਜਾਂ ਕਿਸੇ ਹੋਰ ਵਸਤੂ ਵਿਸ਼ੇਸ਼ ਦਾ ਲੈਣ-ਦੇਣ ਹੁੰਦਾ ਸੀ। ਲੋੜ ਪੈਣ 'ਤੇ ਦੁੱਧ ਦਾ ਗਿਲਾਸ ਜਾਂ ਗੜਵੀ ਲੈ ਲੈਣੀ। ਦੁੱਧ ਨੂੰ ਜਾਗ ਲਾਉਣ ਵਾਸਤੇ ਲੱਸੀ ਜਾਂ ਦਹੀਂ ਦੀ ਛਿੱਟ ਲੈਣਾ-ਦੇਣਾ ਤਾਂ ਆਮ ਹੀ ਸੀ। ਇਕ ਨੇ ਕਹਿਣਾ, "ਨੀ ਚਾਚੀ ਥੋੜ੍ਹੀ ਦਾਲ ਹੈਗੀ ਤਾਂ ਦੇ ਦੇ! ਆਹ ਹੁਣੇ ਦੋ ਪ੍ਰਾਹੁਣੇ ਆਗੇ...।"



ਹੁਣ ਘਰ-ਘਰ ਫਰਿੱਜ ਪਏ ਨੇ। ਇਕ-ਦੂਜੇ 'ਤੇ ਨਿਰਭਰਤਾ ਘਟੀ ਹੈ। ਉਂਜ ਵੀ ਆਧੁਨਿਕ ਜੀਵ ਦ੍ਰਿਸ਼ਟੀ ਅਨੁਸਾਰ ਇਸ ਨੂੰ ਵਕਾਰ ਦਾ ਸਵਾਲ ਸਮਝਿਆ ਜਾਂਦਾ ਹੈ। ਅਜਿਹਾ ਕੋਈ ਮੌਕਾ ਆ ਵੀ ਜਾਵੇ ਤਾਂ ਘਰ ਦੀ ਸੁਆਣੀ ਗੁਆਂਢ ਮੱਥੇ ਕੁੰਡਾ ਖੜਕਾਉਣ ਤੋਂ ਝਿਜਕਦੀ ਹੈ ਅਤੇ ਪਿੰਡ ਵਿਚ ਦੂਜੀ ਪੱਤੀ ਜਾਂ ਦੂਰ ਵਸਦੇ ਕਿਸੇ ਨੇੜਲੇ ਜਾਂ ਸਹਿਕਰਮੀ ਜਾਂ ਸਹੇਲੀ ਨੂੰ ਟੈਲੀਫੋਨ ਕਰਦੀ ਹੈ, "ਹੈਲੋ ਗੁਰਮੀਤ! ਸੌਂ ਤਾਂ ਨਹੀਂ ਸੀ ਗਏ ਕਿਤੇ? ਨੀ ਕੀ ਦੱਸਾਂ, ਹੁਣ ਦੇਖਿਆ ਦਹੀਂ ਜਮਾਉਣ ਵਾਸਤੇ ਖੱਟਾ ਹੈ ਨੀ।" ਤੇ ਅਗਲੀ ਵਲੋਂ 'ਹਾਂ' ਕਹਿਣ 'ਤੇ 11ਵੀਂ 'ਚ ਪੜ੍ਹਦਾ ਪੁੱਤਰ ਸਕੂਟਰ ਜਾਂ ਸਾਈਕਲ 'ਤੇ ਜਾਂਦਾ ਅਤੇ ਕਟੋਰੀ ਵਿਚ ਚਮਚ ਦਹੀਂ ਦਾ ਲੈ ਕੇ ਆਉਂਦਾ ਹੈ। ਗੁਆਂਢਣ ਤੋਂ ਦਹੀਂ ਮੰਗਣਾ ਵੀ ਵਕਾਰ ਦਾ ਬਿੰਦੂ ਹੈ। ਉਹ ਸਮੇਂ ਬੀਤ ਗਏ ਜਦੋਂ ਸਿਆਲ ਦੀ ਅੱਧੀ ਰਾਤ ਸਮੇਂ ਗੁਆਂਢੀਆਂ ਨੂੰ ਜਗਾ ਕੇ ਕਹਿ ਦਿੰਦੇ ਸੀ, "ਬਾਈ ਸੁਖਦੇਵ ਸਿੰਹਾ! ਇਕ ਖੇਚਲ ਕਰਨੀ ਪਊ। ਆਹ ਪੰਜ ਪ੍ਰਾਹੁਣੇ ਆ ਗਏ। ਦੋ ਬੰਦੇ ਤੁਹਾਡੀ ਬੈਠਕ ਵਿਚ ਸੌਣਗੇ। ਦੋ ਬਿਸਤਰੇ ਲਾ ਦਿਓ।"

ਅਜਿਹੀਆਂ ਸਾਂਝਾਂ ਹੁਣ ਮਰ-ਮੁੱਕ ਗਈਆਂ ਜਾਂ ਮਰ ਰਹੀਆਂ ਹਨ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਅਕਤੂਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-449




***ਚੱਲ ਬੱਗਿਆ! ਖੇਤੀਂ ਜੁਟ ਚੱਲੀਏ, ਕਾਨੂੰਨ ਹੜੱਪ ਨਾ ਲੈਣ ਖੇਤ।***
***ਸੂਰਜ ਚੜ੍ਹਦਿਆਂ ਹੀ ਦਿਨ ਕਿਰਨ ਲਗਦਾ, ਜਿਉਂ ਮੁੱਠੀ ਦੀ ਰੇਤ।***

## ਕੈਪਸ਼ਨ ਮੁਕਾਬਲਾ-447



ਵਰਦੀਧਾਰੀ, ਕਰੋਨਾ ਦਾ ਰੂਪ ਧਾਰ ਕੇ,
ਦੱਸੇ ਕਿੰਨਾ ਭਿਆਨਕ, ਕਰੋ ਬਚਾਓ।
ਮਿਲਣਾ-ਗਿਲਣਾ, ਛੂਹਣਾ ਛੱਡ ਦਿਓ,
ਅਣਸਰਦੇ ਨੂੰ ਘਰੋਂ ਬਾਹਰ ਤੁਸੀਂ ਆਓ।
ਲੜੀ ਕਿੱਧਰੇ ਬਣਾ ਨਾ ਜਾਵੇ,
'ਫਤਿਹ ਮਿਸ਼ਨ' ਨੂੰ ਸਫਲ ਬਣਾਓ।
***-ਦਵਿੰਦਰ ਕੌਰ***

---

ਆ ਗਿਆ ਬੱਚਿਉ, ਕਰੋਨੇ ਦਾ ਹੈ ਦੂਤ।
ਰਹਿਣਾ ਜਰਾ ਬਚ ਕੇ, ਹੈ ਖਤਰਨਾਕ ਭੂਤ।
ਇਹੋ ਗੱਲ ਸਮਝਾਵੇ, ਰਹਿਣਾ ਹੈ ਦੂਰ ਦੂਰ।
ਮਾਸਕ ਜ਼ਰੂਰ ਪਾਉਣੀ, ਰੱਖੋ ਸਫਾਈ ਹਜ਼ੂਰ।
***-ਸੇਵਾ ਸਿੰਘ ਨੂਰਪੁਰੀ***

---

ਖੇਤਾਂ ਵਿਚ ਸੀ ਲੱਗਦੇ ਡਰਨੇ
ਫਸਲਾਂ ਤਾਈਂ ਬਚਾਵਣ ਲਈ।
ਕਰੋਨਾ ਦੇ ਹੁਣ ਡਰਨੇ ਬਣ ਗਏ
ਜਨਤਾ ਤਾਈਂ ਡਰਾਵਣ ਲਈ।
***-ਜਗਮੀਤ ਸਿੰਘ ਪੰਧੇਰ***

---

ਲੌਕਡਾਊਨ ਵਿਚ ਲੱਗੀ ਪਾਬੰਦੀ,
"ਨਿਕਲੇ ਨਾ ਕੋਈ ਘਰ ਤੋਂ ਬਾਹਰ।"
ਪਰਹੇਜ਼ ਰੱਖੋ, ਕਿਤੇ ਦੇਰ ਨਾ ਹੋ ਜਾਏ,
ਮਹਾਮਾਰੀ ਦੀ ਪੈ ਜਾਏ ਮਾਰ।
ਕਰੋਨਾ ਵਰਗੀ ਸ਼ਕਲ ਬਣਾ ਕੇ,
ਇੱਕ ਪੁਲਿਸ ਮੁਲਾਜ਼ਮ ਰਿਹਾ ਪੁਕਾਰ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***

---

ਮੰਨਿਆ ਜ਼ਾਲਮ ਹੈ ਕਰੋਨਾ,
ਘੱਟ ਨਹੀਂ ਸਰਕਾਰਾਂ।
ਨਾਲ ਕਰੋਨਾ ਕੋਈ ਕੋਈ ਮਰਿਆ,
ਬਹੁਤੇ ਮਰੇ ਕਰਜ਼ੇ ਦੀਆਂ ਮਾਰਾਂ।
ਬੰਦ ਪਏ ਰੁਜ਼ਗਾਰ ਸਭਦੇ,
ਵਧਿਆ ਮਹਿੰਗਾਈ ਦਾ ਪਾਰਾ।
***-ਹਰਜਿੰਦਰ ਸਿੰਘ ਕਲਿਆਣ, ਬਠਿੰਡਾ***

---

ਚੱਤੋ ਪਹਿਰ ਰਹਿੰਦੇ ਸੀ ਵਿਚ ਹੰਕਾਰ
ਆਪਣੇ ਬੇਗਾਨੇ ਦੀ ਨਾ ਲੈਂਦੇ ਸੀ ਸਾਰ।
ਕੌਣ ਕਿੰਨੇ ਪਾਣੀ ਵਿਚ,
ਅਸ਼ਲੀਅਤ ਸਭ ਦੀ ਤੋਂ ਜਾਣੂੰ ਕਰਵਾ ਗਿਆ।
ਨਕਲੀ ਮਖੌਟੇ ਵਾਲੇ ਮਨੁੱਖ ਦੀ ਔਕਾਤ
ਕਰੋਨਾ ਅਦ੍ਰਿਸ਼ ਵਿਸ਼ਾਨੂੰ ਹੀ ਦਿਖਾ ਗਿਆ।
***-ਵਿਨੋਦ ਗਰਗ, ਬਰਨਾਲਾ***

---

ਮਹਾਮਾਰੀ ਨਾਮ ਕਰੋਨਾ
ਦਿੱਤਾ ਮਹਾਸ਼ਕਤੀਆਂ ਨੇ,
ਲੱਗੇ ਤਸਵੀਰ ਹੀਰਿਆਂ 'ਚ ਜੜਿਆ
ਕੋਨਾ ਕੋਨਾ ਧਰਤੀ ਵਿਸ਼ਵ ਦੀ।
ਹਵਾ ਦੇ ਬੁੱਲੇ ਪੂਰਬ ਤੋਂ ਪੱਛਮ
ਪਾ ਚੁਕੇ ਹਨ ਸਾਂਝ ਭਿਆਲੀ,
ਕਰਨਾ ਹੈ ਅਸੂਲਾਂ 'ਤੇ ਅਮਲ
ਨਹੀਂ ਤਾਂ ਹੋ ਜਾਓਗੇ ਭਸਮ।
***-ਦਰਸ਼ਨਪਾਲ ਦੋਸਾਂਝ***

---

ਮਸੀਂ ਘਰੋਂ ਸਕੂਟਰੀ 'ਤੇ ਬਾਹਰ ਨਿਕਲੇ
ਲੈਣ ਚੱਲੇ ਬੱਚੇ ਲਈ ਦਵਾਈ।
ਪੁਲਿਸ ਵਾਲੇ ਘੇਰਿਆ ਚੌਕ 'ਚ
'ਕਰੋਨਾ ਤੋਂ ਬਚੋ' ਦੀ ਦੇਵੇ ਦੁਹਾਈ।
ਜੰਗਲ ਦੀ ਅੱਗ ਵਾਂਗੂੰ ਫੈਲਿਆ ਕਰੋਨਾ
ਕਿਤੇ ਥੋੜਾ, ਕਿਤੇ ਜਾਵੇ ਰਫਤਾਰ ਵਧਾਈ।
ਫੰਨੇ ਖਾਂ ਵੀ ਘਰਾਂ ਅੰਦਰ ਐਸੇ ਲੁਕੇ
ਗੁਆਂਢੀਆਂ ਨੂੰ ਵੀ ਨਾ ਦਿੰਦੇ ਦਿਖਾਈ।
***-ਅਮਰਜੀਤ ਸਿੰਘ ਤੂਰ***

---

ਸਾਰਾ ਸਿਸਟਮ ਬੰਦ ਹੈ ਕੀਤਾ
ਕਾਹਦੀ ਚੰਦਰੀ ਕਰੋਨਾ ਆਈ।
ਕੀ ਗੱਭਰੂ, ਕੀ ਬੁਢੜਾ ਠੇਰਾ
ਸਭ ਨੂੰ ਜਾਲ 'ਚ ਜਾਏ ਫਸਾਈ।
ਛੱਡਿਆ ਨਾ ਇਹਨੇ ਕੋਈ ਵੀ ਕੋਨਾ
ਵਿੰਨ੍ਹ ਕੇ ਰੱਖ'ਤੀ ਕੁੱਲ ਲੋਕਾਈ।
***-ਕੇਵਲ ਸਿੰਘ ਪੰਧੇਰ, ਕਲਾਹੜ***

---

ਮੈਂ ਨਹੀਂ ਡਰਨਾ ਕਰੋਨੇ ਤੋਂ
ਮੇਰੀ ਮਾਂ ਹੈ ਮੇਰੇ ਨਾਲ।
ਆਪ ਵੀ ਉਸ ਨੇ ਮਾਸਕ ਲਾਇਆ
ਮੇਰਾ ਵੀ ਰੱਖਦੀ ਖਿਆਲ।
ਅਸੀਂ ਸਾਰਿਆਂ ਰਲ-ਮਿਲ ਕੇ
ਸਾਹਮਣਾ ਕਰਨਾ ਹੈ ਹਿੰਮਤ ਨਾਲ।
***-ਇੰਦਰਜੀਤ ਮੰਗਾ***

---

ਪਤਾ ਨਹੀਂ ਕਿਥੋਂ ਆਇਆ ਕਰੋਨਾ
ਸਾਰੇ ਪਾਸੇ ਇਸ ਦਾ ਹੀ ਰੋਣਾ।
ਬਣਾ ਬਣਾ ਦਵਾਈ ਸਾਰੇ ਦੇਸ਼ ਥੱਕੇ
ਪਰ ਕਰੋਨਾ ਨਾ ਚੜ੍ਹਦਾ ਕਿਸੇ ਦੇ ਧੱਕੇ।
ਪਰਮਾਤਮਾ ਦੀ ਜੇ ਹੋਵੇ ਨਜ਼ਰ ਸਵੱਲੀ
ਫਿਰ ਹੀ ਖਤਮ ਹੋਣੀ ਕਰੋਨਾ ਦੀ ਤਰਥੱਲੀ।
ਕਾਨੂੰਨ ਦਾ ਪਾਲਣ ਕਰੋ ਜਰੂਰੀ
ਮੂੰਹ 'ਤੇ ਮਾਸਕ, ਆਪਸ ਵਿਚ ਰੱਖੋ ਦੂਰੀ।
ਕਿਉਂਕਿ ਬਚਾਓ ਵਿਚ ਹੀ ਬਚਾਓ ਹੈ
ਹਾਏ ਕਰੋਨਾ, ਹਾਏ ਕਰੋਨਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਆਖਣਿ ਜੋਰੁ ਚੁਪੈ ਨਹ ਜੋਰੁ

**ਗੁਰਬਾਣੀ ਵਿਆਖਿਆ**

ਦਰਸ਼ਨ ਸ਼ਾਸ਼ਤਰ ਵਿਚ ਕੁਦਰਤ ਤੇ ਮਨੁੱਖ ਦੇ ਸਬੰਧ ਬੜੀ ਚਰਚਾ ਦਾ ਵਿਸ਼ਾ ਰਹੇ ਹਨ। ਦਾਰਸ਼ਨਿਕ ਅਕਸਰ ਬਹਿਸਦੇ ਹਨ ਕਿ ਕੁਦਰਤ ਵਧੇਰੇ ਸ਼ਕਤੀਸ਼ਾਲੀ ਹੈ ਜਾਂ ਮਨੁੱਖ। ਕੁਦਰਤ ਦੇ ਆਕਾਰ ਤੇ ਤਾਕਤ ਨੂੰ ਦੇਖ ਕੇ ਸਹਿਮਿਆ ਆਦਿ-ਮਨੁੱਖ ਇਸ ਨੂੰ ਸਰਬ-ਸ਼ਕਤੀਮਾਨ ਸਮਝਦਾ ਹੈ। ਸ਼ੁਰੂ ਸ਼ੁਰੂ ਵਿਚ ਕੁਦਰਤ ਮਨੁੱਖ ਨੂੰ ਅਗਨੀ, ਪਾਣੀ, ਅਸਮਾਨੀ ਬਿਜਲੀ ਤੇ ਹਵਾ ਆਦਿ ਵੱਖ ਵੱਖ ਸ਼ਕਤੀਆਂ ਦੇ ਰੂਪ ਵਿਚ ਪ੍ਰਗਟ ਹੋਈ। ਉਹ ਇਨ੍ਹਾਂ ਤਾਕਤਾਂ ਅੱਗੇ ਬੇਵਸ ਸੀ ਤੇ ਇਨ੍ਹਾਂ ਤੋਂ ਡਰਦਾ ਸੀ। ਇਸੇ ਭੈ ਤੇ ਲਾਚਾਰੀ ਕਾਰਨ ਉਹ ਇਨ੍ਹਾਂ ਸ਼ਕਤੀਆਂ ਨੂੰ ਦੈਵੀ ਮੰਨਣ ਲੱਗਿਆ ਤੇ ਇਨ੍ਹਾਂ ਦੀ ਪੂਜਾ ਕਰਨ ਲੱਗਿਆ। ਕੁਦਰਤ ਤੇ ਦੈਵੀਅਤ ਦਾ ਫਰਕ ਮਿਟਾ ਕੇ ਉਹ ਸਮਝਦਾ ਰਿਹਾ ਕਿ ਸੰਸਾਰ ਦੀਆਂ ਸਭ ਪ੍ਰਕ੍ਰਿਆਵਾਂ ਕੁਦਰਤ ਦੇ ਵਸ ਵਿਚ ਹਨ ਭਾਵ ਕੁਦਰਤ ਦੀ ਆਗਿਆ ਤੋਂ ਬਿਨਾ ਪੱਤਾ ਵੀ ਨਹੀਂ ਹਿੱਲਦਾ; ਪਰ ਕੁਝ ਲੋਕ ਫਿਰ ਵੀ ਸੋਚਦੇ ਕਿ ਅਜਿਹਾ ਕੁਝ ਨਹੀਂ ਹੈ। ਜੇ ਮਨੁੱਖ ਦਰਖਤ ਨੂੰ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਹੀ ਪੁੱਟ ਕੇ ਸੁਟ ਦੇਵੇ ਤਾਂ ਪੱਤਾ ਵੀ ਨਾਲ ਹੀ ਸੁਟਿਆ ਜਾਵੇਗਾ। ਜੇ ਪੱਤਾ ਹੀ ਨਾ ਰਿਹਾ ਤਾਂ ਫਿਰ ਹਿੱਲੇਗਾ ਕੀ? ਕੁਦਰਤ ਨੇ ਦਰਖਤ ਉਗਾਇਆ, ਪੱਤਾ ਉਗਾਇਆ ਤੇ ਇਸ ਦੇ ਹਿੱਲਣ, ਨਾ ਹਿੱਲਣ ਉਤੇ ਆਪਣਾ ਅਧਿਕਾਰ ਜਮਾਇਆ, ਪਰ ਮਨੁੱਖ ਨੇ ਦਰਖਤ ਹੀ ਜੜੋਂ ਪੁੱਟ ਦਿੱਤਾ; ਸ਼ਕਤੀਸ਼ਾਲੀ ਤਾਂ ਮਨੁੱਖ ਵੀ ਹੋਇਆ। ਅਜਿਹੇ ਕੌਤਕ ਦੇਖਦੇ ਤਾਂ ਸਭ ਸਨ, ਪਰ ਬਹੁਤਿਆਂ ਨੂੰ ਇਹ ਵਿਰਲੀਆਂ ਸਥਿਤੀਆਂ ਅਪਵਾਦ ਲਗਦੀਆਂ। ਇਸ ਲਈ ਬਹੁਤੇ ਲੋਕ ਕੁਦਰਤ ਦੀ ਪ੍ਰਭੁੱਤਾ ਵਿਰੁਧ ਖੁਲ੍ਹ ਕੇ ਪ੍ਰਸ਼ਨ ਨਹੀਂ ਸਨ ਕਰਦੇ। ਜੋ ਲੋਕ ਕਰਦੇ ਸਨ, ਉਨ੍ਹਾਂ ਦੀ ਅਵਾਜ਼ ਕਮਜ਼ੋਰ ਰਹੀ। ਭਾਰਤ ਵਿਚ ਵੇਦਾਂਤੀ ਵਿਚਾਰਧਾਰਾ ਵਿਰੁਧ ਸਾਂਖ ਦਰਸ਼ਨ ਪੈਦਾ ਹੋਇਆ ਤੇ ਇਸ ਦੇ ਨਾਲ ਨਾਲ ਪਨਪਿਆ, ਪਰ ਬ੍ਰਾਹਮਣਵਾਦੀ ਅਧਿਆਤਮਵਾਦ ਅੱਗੇ ਸਿਰ ਨਾ ਚੁੱਕ ਸਕਿਆ।

ਇਸ ਦਾ ਇਕ ਸਿੱਟਾ ਇਹ ਹੋਇਆ ਕਿ ਹਿੰਦੂ ਫਿਲਾਸਫੀ ਵਿਚ ਹਉਮੈ ਜਾਂ ਹੰਕਾਰ ਦੀ ਧਾਰਨਾ ਪੈਦਾ ਹੋਈ, ਜੋ ਕਿਸੇ ਨਾ ਕਿਸੇ ਢੰਗ ਨਾਲ ਸਿੱਖ ਮੱਤ ਵਿਚ ਵੀ ਪਰਵੇਸ ਕਰ ਗਈ। ਹੰਕਾਰ ਮਨੁੱਖ ਦੇ ਆਤਮ-ਵਿਸ਼ਵਾਸ ਦੀ ਉਹ ਉਗਰ ਅਵਾਜ਼ ਹੈ, ਜੋ ਸਮਝਦੀ ਹੈ ਕਿ ਉਹ ਕੁਝ ਕਰ ਸਕਦਾ ਹੈ ਤੇ ਇਸ ਸੰਸਾਰ ਦੀ ਸੰਰਚਨਾ ਤੇ ਸੰਚਾਲਨ ਵਿਚ ਉਸ ਦਾ ਵੀ ਕੋਈ ਸਥਾਨ ਹੈ। ਦੈਵੀ ਸ਼ਕਤੀਆਂ ਅੱਗੇ ਨਤਮਸਤਕ ਹੋਏ ਅਧਿਆਤਮਵਾਦੀਆਂ ਨੂੰ ਇਹ ਦਾਅਵਾ ਚੁਭਦਾ ਸੀ, ਇਸ ਲਈ ਉਨ੍ਹਾਂ ਨੇ ਹੰਕਾਰ ਨੂੰ ਸੱਭਿਆ ਮਨੁੱਖੀ ਕਿਰਦਾਰ ਲਈ ਵਿਨਾਸ਼ਕਾਰੀ ਕਰਾਰ ਦੇ ਦਿੱਤਾ। ਇਸ ਉਪਰੰਤ ਹਉਮੈ ਕਹੀ ਜਾਣ ਵਾਲੀ ਇਹ ਧਾਰਨਾ ਚਿੰਤਨ ਦਾ ਕਲੰਕ ਦੱਸੀ ਜਾਣ ਲੱਗੀ ਤੇ ਪ੍ਰਸ਼ਨਕਾਰੀ ਅਵਾਜ਼ਾਂ ਦਾ ਦਮਨ ਕਰਨ ਲਈ ਮਿਹਣੇ ਵਜੋਂ ਵਰਤੀ ਜਾਣ ਲੱਗੀ। ਇਸ ਦੇ ਪ੍ਰਭਾਵ ਹੇਠ ਬਹੁਤੇ ਚਿੰਤਕਾਂ ਤੇ ਪਿੱਛ-ਲੱਗੂਆਂ ਦਾ ਕਰਤਾਰੀ ਉਤਸ਼ਾਹ ਦਬਕ ਗਿਆ ਤੇ ਉਹ ਹੀਣ-ਮਾਨਸਿਕਤਾ ਦੇ ਸ਼ਿਕਾਰ ਹੋ ਗਏ। ਇਹੀ ਕਾਰਨ ਹੈ ਕਿ ਹੁਣ ਜਦੋਂ ਉਹ ਆਪਣੀਆਂ ਸਰਬ-ਪੱਖੀ ਪ੍ਰਾਪਤੀਆਂ ਦੇ ਬਲਬੂਤੇ ਕੁਝ ਆਤਮ-ਵਿਸ਼ਵਾਸੀ ਕਥਨ ਕਰਨ ਲਗਦੇ ਹਨ ਤਾਂ ਝਿਜਕ ਜਾਂਦੇ ਹਨ। ਮਨਸੂਈ ਹਲੀਮੀ ਨਾਲ ਆਪਣੀਆ ਪ੍ਰਾਪਤੀਆਂ ਨੂੰ ਆਪਣੀਆਂ ਨਾ ਕਹਿ ਕੇ ਪਰਮਾਤਮਾ ਦੀਆਂ ਦੱਸਦੇ ਹਨ। ਆਪਣੀ ਗੱਲ ਨੂੰ ਪਰਮਾਤਮਾ ਦੇ ਜ਼ਿਕਰ ਨਾਲ ਕਰਦੇ ਹਨ ਤੇ ਆਪਣੀ ਮਿਹਨਤ ਦੇ ਫਲ ਨੂੰ ਪਰਮਾਤਮਾ ਦੀ ਬਖਸ਼ਿਸ਼ ਦੱਸਦੇ ਹਨ। ਉਹ ਕੁਦਰਤ ਤੇ ਮਨੁੱਖ ਦਾ ਸਹੀ ਸਬੰਧ ਸਮਝਣ ਵਿਚ ਪੱਛੜ ਗਏ ਹਨ।

ਇਸ ਪਰਿਪੇਖ ਵਿਚ ਆਦਰਸ਼ਵਾਦੀ ਭਾਵ ਅਧਿਆਤਮਵਾਦੀ ਸੋਚ ਕਾਰਨ ਕੁਦਰਤ ਤੇ ਮਨੁੱਖ ਦੇ ਰਿਸ਼ਤੇ ਨੂੰ ਸਮਝਣ ਦਾ ਢੰਗ ਅੱਜ ਤੀਕ ਇਕ ਪਾਸੜ ਤੇ ਉਲਾਰ ਚਲਿਆ ਆ ਰਿਹਾ ਹੈ। ਅਧਿਆਤਮਵਾਦੀ ਸੋਚ ਦੇ ਪੈਰੋਕਾਰ ਕੁਦਰਤ ਤੇ ਮਨੁੱਖ ਨੂੰ ਸੁਤੰਤਰ ਸ਼ਕਤੀਆਂ ਸਮਝ ਕੇ ਇਕ ਦੂਜੇ ਨਾਲ ਟਕਰਾ ਕੇ ਦੇਖਦੇ ਹਨ, ਜਦੋਂ ਕਿ ਇਹ ਇੱਦਾਂ ਨਹੀਂ ਹਨ। ਉਹ ਇਨ੍ਹਾਂ ਦੇ ਸਬੰਧ ਨੂੰ ਹਾਂ ਜਾਂ ਨਾਂਹ (Either-Or) ਦੀ ਦ੍ਰਿਸ਼ਟੀ ਤੋਂ ਦੇਖਦੇ ਹਨ, ਜਦੋਂ ਕਿ ਇਹ ਇੱਦਾਂ ਨਹੀਂ ਹਨ। ਇਨ੍ਹਾਂ ਦਾ ਰਿਸ਼ਤਾ ਪਰਸਪਰਤਾ ਦਾ ਹੈ ਭਾਵ ਇੱਕ ਪਾਸੜ ਦੀ ਥਾਂ ਦੋ-ਪਾਸੜ, ਜਿਸ ਨੂੰ ਕਾਂਤ ਤੋਂ ਬਾਅਦ ਦੇ ਚਿੰਤਕਾਂ ਨੇ ਦਵੰਧਵਾਦੀ ਆਖਿਆ ਹੈ।

ਹੀਗਲ ਅਨੁਸਾਰ ਮਨੁੱਖ ਖੁਦ ਪਰਮਾਤਮਾ ਹੈ। ਪਰਮਾਤਮਾ ਦੀ ਰੁਚੀ ਆਪਣੇ ਆਪ ਨੂੰ ਦੇਖਣ ਦੀ ਹੈ, ਇਸ ਲਈ ਉਹ ਅਰੰਭ ਤੋਂ ਹੀ ਆਪਣੇ ਆਪ ਨੂੰ ਮਨੁੱਖ ਦੇ ਰੂਪ ਵਿਚ ਢਾਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਨੇ ਆਪਣੇ ਇਸ ਰੂਪ ਨੂੰ ਪੰਜ ਗਿਆਨ ਇੰਦਰੀਆਂ ਤੇ ਇਕ ਦਿਮਾਗ ਦਿੱਤਾ ਤਾਂ ਜੋ ਉਹ ਆਪਣੇ ਪਿੰਡੇ ਭਾਵ ਪ੍ਰਕਿਰਤੀ ਦੀ ਹਰ ਸੰਭਵ ਖੋਜ ਕਰਕੇ ਇਸ ਨੂੰ ਸਾਰਿਆਂ ਪੱਖਾਂ ਤੋਂ ਜਾਣ ਸਕੇ। ਉਸ ਅਨੁਸਾਰ ਪਰਮਾਤਮਾ ਇਸੇ ਲਈ ਪਹਿਲਾਂ ਕੁਦਰਤ ਦੇ ਰੂਪ ਵਿਚ ਪ੍ਰਵੇਸ਼ ਕਰ ਕੇ ਫਿਰ ਜੀਵਾਂ ਜੰਤੂਆਂ ਥਾਣੀਂ ਹੁੰਦਾ ਹੋਇਆ ਮਨੁੱਖੀ ਰੂਪ ਤੀਕ ਪੁੱਜਾ ਹੈ ਤੇ ਮਨੁੱਖ ਉਸ ਦਾ ਨਵੀਨਤਮ ਰੂਪ ਹੈ, ਅਰਥਾਤ ਉਹ ਮਨੁੱਖ ਰੂਪੀ ਪਦਾਰਥ ਰਾਹੀਂ ਪ੍ਰਕਿਰਤੀ ਰੂਪੀ ਪਦਾਰਥ ਨੂੰ ਦੇਖ ਰਿਹਾ ਹੈ।

ਹੀਗਲ ਦੇ ਸਮੇਂ ਤੀਕ ਵਿਗਿਆਨ ਦੀ ਲਾਲੀ ਮੱਧਮ ਸੀ, ਇਸ ਲਈ ਗਿਆਨ ਦੀ ਕਿਰਨ ਤਿੱਖੀ ਨਹੀਂ ਸੀ। ਕਾਂਤ ਹਾਲੇ ਆਦਰਸ਼ਵਾਦੀ ਚਿੰਤਨ ਦੇ ਆਖਰੀ ਸਵਾਲਾਂ ਨਾਲ ਜੂਝ ਰਿਹਾ ਸੀ ਤੇ ਮਾਰਕਸ ਹਾਲੇ ਬਚਪਨ ਵਿਚ ਸੀ। ਹਾਲੇ ਤਾਂ ਜੈਵਿਕ ਤੇ ਅਜੈਵਿਕ ਪਦਾਰਥਾਂ ਵਿਚ ਪਾੜਾ ਵੀ ਪੂਰੀ ਤਰ੍ਹਾਂ ਬਰਕਰਾਰ ਸੀ ਅਤੇ ਦੈਵੀ ਵਿਸ਼ਿਆਂ ਨੂੰ ਅਤਿਅੰਤ ਸੁੱਚੇ, ਭਾਵ ਮਨੁੱਖੀ ਸਮਝ ਲਈ ਅਪਹੁੰਚ ਮੰਨਿਆ ਜਾਂਦਾ ਸੀ। ਯੂਰੀਆ, ਜਿਸ ਨੂੰ ਆਰਗੈਨਿਕ ਜਾਂ ਦੈਵੀ ਕਿਸਮ ਦਾ ਪਦਾਰਥ ਸਮਝਿਆ ਜਾਂਦਾ ਸੀ, ਉਹ ਅਜੇ (ਹੀਗਲ) ਦੇ ਮਰਨ ਤੋਂ ਤਿੰਨ ਸਾਲ ਪਹਿਲਾਂ ਹੀ ਲਿਬਾਰਟਰੀ ਵਿਚ ਬਣਾਇਆ ਗਿਆ ਸੀ। ਇਸ ਲਈ ਉਸ ਨੂੰ ਹਾਲੇ ਕੁਦਰਤ ਵਿਚੋਂ ਪਰਮਾਤਮਾ ਦਿੱਸਦਾ ਸੀ, ਨਾ ਕਿ ਪਦਾਰਥ।

ਏਂਗਲਜ਼ ਨੇ 1883 ਤੀਕ ਦੀਆਂ ਵਿਗਿਆਨਕ ਖੋਜਾਂ ਦਾ ਜਾਇਜ਼ਾ ਲੈ ਕੇ ਮਨੁੱਖ ਨੂੰ ਸਿੱਧਾ ਪ੍ਰਕਿਰਤੀ ਦੇ ਸਨਮੁਖ ਖੜ੍ਹਾ ਕਰ ਦਿੱਤਾ। ਉਸ ਅਨੁਸਾਰ ਮਨੁੱਖ ਪ੍ਰਕਿਰਤੀ ਵਿਚੋਂ ਪੈਦਾ ਹੋ ਕੇ ਤੇ ਕੁਦਰਤ ਸਹਾਰੇ ਪਲ ਕੇ, ਕੁਦਰਤ ਵਿਰੁਧ ਹੀ ਇਕ ਵੱਡੀ ਤਾਕਤ ਦੇ ਰੂਪ ਵਿਚ ਉਭਰ ਰਿਹਾ ਹੈ। ਉਹ ਪਦਾਰਥ ਨੂੰ ਦੇਖਦਾ ਹੀ ਨਹੀਂ, ਉਸ ਨੂੰ ਬਦਲਦਾ ਵੀ ਹੈ। ਕੁਦਰਤ ਨਾਲ ਉਸ ਦਾ ਸਬੰਧ ਮਕਾਨਕੀ ਭਾਵ ਹਾਂ ਜਾਂ ਨਾਂਹ ਵਾਲਾ ਨਹੀਂ ਹੈ, ਸਗੋਂ ਦਵੰਧਵਾਦੀ-ਵਿਕਾਸਵਾਦੀ (Dialectical) ਭਾਵ ਲਿਹਾਜਬਾਜ਼ੀ ਵਿਚ ਖਹਿਬਾਜ਼ੀ ਵਾਲਾ ਹੈ। ਇਹ ਸਬੰਧ ਮਨੁੱਖ ਦੇ ਕੁਦਰਤ ਨੂੰ ਪੂਰੀ ਤਰ੍ਹਾਂ ਵਸ ਵਿਚ ਕਰਨ ਜਾਂ ਇਸ ਦੇ ਵਸ ਵਿਚ ਹੋਣ ਵਾਲਾ ਨਹੀਂ, ਸਗੋਂ ਕੁਦਰਤ ਦੀ ਮਾਰ ਝੱਲ ਕੇ ਇਸ ਨੂੰ ਨੱਥ ਪਾਉਣ ਵਾਲਾ ਹੈ। ਗਰਮੀ, ਸਰਦੀ, ਮੀਂਹ, ਹੜ੍ਹ, ਬੀਮਾਰੀ ਆਦਿ ਰਾਹੀਂ ਕੁਦਰਤ ਉਸ ਅੱਗੇ ਔਕੜਾਂ ਖੜੀਆਂ ਕਰਨ 'ਤੇ ਤੁਲੀ ਹੋਈ ਹੈ, ਪਰ ਉਹ ਆਪਣੀ ਅਕਲ ਤੇ ਸਾਧਨਾਂ ਨਾਲ ਇਨ੍ਹਾਂ 'ਤੇ ਕਾਬੂ ਪਾਉਂਦਾ ਰਹਿੰਦਾ ਹੈ। ਕਦੇ ਜਿੱਤਦਾ, ਕਦੇ ਹਾਰਦਾ ਤੇ ਹਾਰ ਵਿਚੋਂ ਨਵੇਂ ਦਾਅ ਸਿੱਖਦਾ ਉਹ ਹਮੇਸ਼ਾ ਆਪਣਾ ਜੋਰ ਵਧਾਉਂਦਾ ਜਾਂਦਾ ਹੈ। ਇਸ ਤਰ੍ਹਾਂ ਏਂਗਲਜ਼ ਨੇ ਆਦਰਸ਼ਵਾਦੀਆਂ ਵਲੋਂ ਮਨੁੱਖ-ਕੁਦਰਤ ਸਬੰਧਾਂ 'ਤੇ ਪਾਈ ਅਧਿਆਤਮਵਾਦ ਦੀ ਚਾਦਰ ਪੂਰੀ ਤਰ੍ਹਾਂ ਉਤਾਰ ਦਿੱਤੀ।

ਨਿਰਪੱਖ ਹੋ ਕੇ ਸੋਚਣ ਨਾਲ ਏਂਗਲਜ਼ ਦੀ ਰਾਏ ਵੱਧ ਠੀਕ ਲਗਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਨੇ ਹਵਾ, ਪਾਣੀ, ਧਰਤੀ ਤੇ ਅੰਬਰਾਂ ਉਤੇ ਆਪਣਾ ਪ੍ਰਭਾਵ ਜਮਾਇਆ ਹੈ, ਪਰ ਇਹ ਸਭ ਦਵੰਧਵਾਦੀ-ਵਿਕਾਸਵਾਦੀ (Dialectical) ਢੰਗ ਨਾਲ ਹੋਇਆ ਹੈ, ਨਾ ਕਿ ਮਕਾਨਕੀ (Mechanical) ਢੰਗ ਨਾਲ ਅਰਥਾਤ ਧੱਕੇ ਰਾਹੀਂ। ਇਹ ਪ੍ਰਭਾਵ ਪਹਿਲਵਾਨਾਂ ਵਾਂਗੂ ਜਿਸਮਾਨੀ ਤੇ ਤਾਂਤਰਿਕਾਂ ਵਾਂਗੂੰ ਕਥਿਤ ਰੂਹਾਨੀ ਤਾਕਤ ਵਰਤ ਕੇ ਨਹੀਂ ਜਮਾਇਆ ਗਿਆ, ਸਗੋਂ ਤਰਕ-ਸੰਗਤ ਵਿਧੀ ਰਾਹੀਂ ਨਿਯਮ ਸਮਝ ਕੇ ਤਜਰਬਿਆਂ ਰਾਹੀਂ ਕੀਤਾ ਗਿਆ ਹੈ। ਇਹੀ ਗੱਲ ਗੁਰੂ ਸਾਹਿਬ ਕਹਿੰਦੇ ਹਨ। ਉਨ੍ਹਾਂ ਅਨੁਸਾਰ ਰੂਹਾਨੀ ਕਰਮ ਕਾਂਡਾਂ ਭਾਵ ਜੋਗ-ਸਮਾਧੀਆਂ ਰਾਹੀਂ ਕੁਦਰਤ ਵਸ ਵਿਚ ਨਹੀਂ ਆਉਂਦੀ। ਇਸ ਨੂੰ ਵਸ ਵਿਚ ਕਰਨ ਲਈ ਇਸ ਦੇ ਹੁਕਮਾਂ ਭਾਵ ਨਿਯਮਾਂ ਪ੍ਰਤੀ ਸੂਝਵਾਨ ਤੇ ਸਚਿਆਰਾ ਹੋਣ ਦੀ ਲੋੜ ਹੈ; ਪਰ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਗੁਰੂ ਸਾਹਿਬ ਦੇ ਇਸ ਵਡਮੁੱਲੇ ਵਿਚਾਰ ਨੂੰ ਅਧਿਆਤਮਕ ਰੰਗਤ ਦੇ ਕੇ ਇਸ ਦੀ ਵਿਗਿਆਨਕਤਾ ਨੂੰ ਧੁੰਦਲਾਉਣ ਦਾ ਕੰਮ ਕਰਦੇ ਹਨ। ਉਨ੍ਹਾਂ ਦਾ ਇਹ ਯਤਨ ਜਪੁਜੀ ਦੀ 33ਵੀਂ ਪਉੜੀ ਦੀ ਵਿਆਖਿਆ ਤੋਂ ਸਪਸ਼ਟ ਹੋ ਜਾਂਦਾ ਹੈ। ਇਸ ਪਉੜੀ ਦੀਆਂ ਤੁਕਾਂ ਤੇ ਵਿਆਖਿਆਵਾਂ ਹੇਠਾਂ ਦਿੱਤੀਆਂ ਹਨ,

ਆਖਣਿ ਜੋਰੁ ਚੁਪੈ ਨਹ ਜੋਰੁ॥
ਜੋਰੁ ਨ ਮੰਗਣਿ ਦੇਣਿ ਨ ਜੋਰੁ॥
ਜੋਰੁ ਨ ਜੀਵਣਿ ਮਰਣਿ ਨਹ ਜੋਰੁ॥
ਜੋਰੁ ਨ ਰਾਜਿ ਮਾਲਿ ਮਨਿ ਸੋਰੁ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ॥
ਜੋਰੁ ਨ ਜੁਗਤੀ ਛੁਟੈ ਸੰਸਾਰੁ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥
ਨਾਨਕ ਉਤਮੁ ਨੀਚੁ ਨ ਕੋਇ॥੩੩॥

ਸੰਤ ਤੇਜਾ ਸਿੰਘ ਇਸ ਪਉੜੀ ਦੀ ਅੰਗਰੇਜ਼ੀ ਵਿਚ ਵਿਆਖਿਆ ਕਰਦੇ ਲਿਖਦੇ ਹਨ, "ਗੁਰੂ ਸਾਹਿਬ ਮਨੁੱਖ ਨੂੰ ਰੱਬ ਦੇ ਨਾਮ ਦਾ ਸਿਮਰਨ ਕਰਨ ਤੇ ਨਿਰਸਵਾਰਥ ਸਮਾਜ ਸੇਵਾ ਲਈ ਦ੍ਰਿੜਾਉਂਦੇ ਹਨ। ਪ੍ਰਭੂ ਭਗਤੀ ਵਿਚ ਮਨ ਨੂੰ ਲਗਾਉਣ ਤੇ ਅਡੋਲ ਮਾਨਸਿਕ ਅਵਸਥਾ ਤੋਂ ਬਿਨਾ ਪ੍ਰਾਪਤ ਕੀਤੀ ਸ਼ਕਤੀ ਕਿਸੇ ਕੰਮ ਦੀ ਨਹੀਂ। ਆਪਣੀ ਤਾਕਤ ਨਾਲ ਅਸੀਂ ਆਪਣੀ ਵਾਣੀ ਨੂੰ ਪ੍ਰਭਾਵਸ਼ਾਲੀ ਨਹੀਂ ਬਣਾ ਸਕਦੇ। ਕੇਵਲ ਵਿਨਾਸ਼ਸ਼ੀਲ ਭਾਵ ਦੁਨਿਆਵੀ ਯਤਨਾਂ ਨਾਲ ਅਸੀਂ ਆਪਣੇ ਵਿਚ ਪੂਰਣ ਸਵੈ-ਸੰਜਮ ਨਹੀਂ ਲਿਆ ਸਕਦੇ। ਅਸੀਂ ਮੂੰਹ ਬੰਦ ਕਰ ਸਕਦੇ ਹਾਂ, ਪਰ ਦਿਮਾਗ ਨੂੰ ਭਟਕਣ ਤੋਂ ਨਹੀਂ ਰੋਕ ਸਕਦੇ। ਧੱਕੇ ਨਾਲ ਨਾ ਅਸੀਂ ਕੋਈ ਚੀਜ਼ ਮੰਗ ਸਕਦੇ ਹਾਂ ਤੇ ਨਾ ਦੇ ਸਕਦੇ ਹਾਂ। ਕੋਈ ਮਨੁੱਖੀ ਤਾਕਤ ਜੀਵਨ ਤੇ ਮ੍ਰਿਤੂ ਨੂੰ ਵਸ ਨਹੀਂ ਕਰ ਸਕਦੀ। ਅਸੀਂ ਰਾਜ-ਪਾਟ ਤੇ ਧਨ-ਦੌਲਤ ਵੀ ਜੋਰ ਨਾਲ ਨਹੀਂ ਲੈ ਸਕਦੇ। ਇਨ੍ਹਾਂ ਪ੍ਰਤੀ ਸਾਡੇ ਮਨ ਵਿਚ ਪੈਦਾ ਹੋਈ ਲਾਲਸਾ ਵੀ ਸਾਨੂੰ ਕਿਤੇ ਨਹੀਂ ਪਹੁੰਚਾਉਂਦੀ। ਵੇਦਾਂ ਸ਼ਾਸ਼ਤਰਾਂ ਦੇ ਲਗਾਤਾਰ ਪਾਠ ਕੋਈ ਆਤਮ-ਗਿਆਨ ਪੈਦਾ ਨਹੀਂ ਕਰਦੇ। ਕੇਵਲ ਮਨੁੱਖੀ ਯਤਨਾਂ ਨਾਲ ਸੰਸਾਰਕ ਪਦਾਰਥਾਂ ਨਾਲ ਮੋਹ ਮਾਇਆ ਤੋਂ ਮੁਕਤੀ ਨਹੀਂ ਮਿਲਦੀ। ਸਾਰਾ ਬ੍ਰਹਿਮੰਡ ਅਕਾਲ ਪੁਰਖ ਦੇ ਸਦੀਵੀ ਹੁਕਮ ਵਿਚ ਚਲਦਾ ਹੈ। ਸਭ ਸ਼ਕਤੀ ਉਸੇ ਦੀ ਹੈ, ਜੋ ਇਸ ਨੂੰ ਆਪਣੇ ਹੁਕਮ ਰਾਹੀਂ ਚਲਾਉਂਦੀ ਹੈ। ਕਿਸੇ ਵੀ ਲਾਹੇਵੰਦ ਪਦਾਰਥ ਦੀ ਪ੍ਰਾਪਤੀ ਇਸ ਹੁਕਮ ਨਾਲ ਇਕ-ਮਿਕ ਹੋਏ ਬਿਨਾ ਨਹੀਂ ਹੁੰਦੀ। ਇਸ ਨਾਲ ਇਕ-ਮਿੱਕ ਕੇਵਲ ਅਕਾਲ ਪੁਰਖ ਦੀ ਸ਼ਰਧਾਪੂਰਵਕ ਭਗਤੀ ਤੇ ਨਿਸਵਾਰਥ ਲੋਕ ਸੇਵਾ ਰਾਹੀਂ ਹੀ ਹੋਇਆ ਜਾ ਸਕਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਹੇ ਨਾਨਕ, ਕੇਵਲ ਆਪਣੀ ਮਨੁੱਖੀ ਸ਼ਕਤੀ ਨਾਲ ਕੋਈ ਉਚ ਜਾਂ ਨੀਚ ਨਹੀਂ ਹੋ ਸਕਦਾ, ਭਾਵ ਜਿਸ ਪ੍ਰਭੂ ਦੇ ਹੱਥ ਵਿਚ ਸਾਰੀ ਤਾਕਤ ਹੈ, ਉਹ ਹੀ ਇਸ ਨੂੰ ਵਰਤ ਸਕਦਾ ਹੈ।"

ਇਹ ਵਿਆਖਿਆਕਾਰ ਦੂਜੇ ਸਭ ਅਧਿਆਤਮਵਾਦੀਆਂ ਵਾਂਗ ਪਹਿਲੀ ਤੁਕ ਨੂੰ ਪੜ੍ਹਨ ਵਿਚ ਹੀ ਗਲਤੀ ਕਰ ਗਿਆ ਹੈ। ਗੁਰੂ ਸਾਹਿਬ ਨੇ "ਆਖਣਿ" ਨਾਲ ਨਾਂਹਵਾਚਕ ਸ਼ਬਦ "ਨਹ" ਜਾਂ "ਨ" ਨਹੀਂ ਲਿਖਿਆ, ਪਰ ਉਹ ਇਸ ਨਾਲ ਨਾਂਹ-ਵਾਚਕ ਸ਼ਬਦ ਲੱਗਿਆ ਸਮਝ ਕੇ ਟੀਕਾ ਕਰਦਾ ਹੈ। ਫਿਰ ਉਹ ਕੁਦਰਤ ਨੂੰ ਦੈਵੀ ਸ਼ਕਤੀ ਮੰਨ ਕੇ ਮਨੁੱਖ ਨੂੰ ਉਸ ਦੇ ਸਾਹਮਣੇ ਛੁਟਿਆਉਂਦਾ ਹੈ। ਸਾਰੀ ਤਾਕਤ ਦੈਵੀ ਸ਼ਕਤੀ ਭਾਵ ਪ੍ਰਭੂ ਕੋਲ ਦੱਸ ਕੇ ਨਿਰਬਲ ਕੀਤੇ ਮਨੁੱਖ ਨੂੰ ਉਸ ਦੀ ਅਰਾਧਨਾ ਵਿਚ ਖੜ੍ਹਾ ਕਰਦਾ ਹੈ। ਉਹ ਇਕ ਅਜਿਹੀ ਸ਼ਕਤੀ ਦੀ ਗੱਲ ਕਰਦਾ ਹੈ, ਜੋ ਕਦੇ ਕਿਸੇ ਨੇ ਦੇਖੀ ਵਰਤੀ ਨਹੀਂ। ਫਿਰ ਉਹ ਇਕ ਅਜਿਹੇ ਸਾਧਨ ਜਾਂ ਵਿਧੀ ਦੀ ਗੱਲ ਕਰਦਾ ਹੈ, ਜਿਸ ਰਾਹੀਂ ਕਦੇ ਕੋਈ ਜੋਰ ਉਤਪੰਨ ਨਹੀਂ ਹੋਇਆ। ਗੁਰੂ ਸਾਹਿਬ ਸਿੱਧਾਂ ਦੀ ਮਾਯਾ ਨੂੰ ਵਸ ਕਰਨ ਦੀ ਵਿਧੀ ਤੇ ਕਟਾਕਸ ਕਰਦੇ ਹਨ, ਪਰ ਇਹ ਵਿਦਵਾਨ ਉਨ੍ਹਾਂ ਦੀ ਵਿਗਿਆਨਕ ਵਿਧੀ 'ਤੇ ਵੀ ਪਾਣੀ ਫੇਰ ਦਿੰਦਾ ਹੈ। ਉਹ ਇਹ ਵੀ ਨਹੀਂ ਦੱਸਦਾ ਕਿ ਇਹ ਪਉੜੀ ਲਿਖੀ ਕਿਸ ਸੰਦਰਭ ਵਿਚ ਗਈ ਹੈ ਤੇ ਇਸ ਦੇ ਲਿਖਣ ਦਾ ਮੰਤਵ ਕੀ ਸੀ।

ਬੜੇ ਘੱਟ ਵਿਦਵਾਨਾਂ ਨੂੰ ਪਤਾ ਹੈ ਕਿ ਦਾਰਸ਼ਨਕ ਮਹੱਤਵ ਦੀ ਇਹ ਪਉੜੀ ਸਿੱਧਾਂ ਤੇ ਅਧਿਆਤਮਕ ਬਿਰਤੀ ਵਾਲਿਆਂ ਦੇ ਪ੍ਰਸੰਗ ਵਿਚ ਲਿਖੀ ਗਈ ਹੈ। ਇਹ ਆਮ ਆਦਮੀਆਂ ਲਈ ਸਿੱਧੀ ਸਿਖਿਆ ਦੇ ਰੂਪ ਵਿਚ ਨਹੀਂ ਲਿਖੀ ਹੋਈ ਤੇ ਨਾ ਇਹ ਗੁਰੂ ਸਾਹਿਬ ਦਾ ਕੋਈ ਸਹਿਜ-ਸੁਭਾਵਿਕ ਕਥਨ (Observation) ਹੈ। ਉਂਜ ਸਿੱਧਾਂ 'ਤੇ ਸਿਧਾਈ ਹੋਣ ਦੇ ਬਾਵਜੂਦ ਵੀ ਇਸ ਦੀ ਸਿਖਿਆ ਸਰਬਜਨਕ ਹੈ। ਭਾਵੇਂ ਇਸ ਵਿਚ ਸਿੱਧੇ ਰੂਪ ਵਿਚ ਲਿਖਿਆ ਹੈ ਕਿ ਕਈ ਗੱਲਾਂ ਮਨੁੱਖੀ ਵਸ ਵਿਚ ਨਹੀਂ, ਪਰ ਸ਼ੁਰੂ ਵਿਚ ਹੀ ਸੁਝਾਇਆ ਗਿਆ ਹੈ ਕਿ ਇਹ ਸਿੱਧਾਂ ਦੇ ਅਧਿਆਤਮਵਾਦੀ ਢੰਗ ਨਾਲ ਵਸ ਵਿਚ ਆਉਣ ਵਾਲੀਆਂ ਨਹੀਂ। ਗੁਰੂ ਸਾਹਿਬ ਨੇ ਵਿਪਰੀਤ ਤਰਕ (Reverse Logic) ਨਾਲ ਇਹ ਦੱਸਿਆ ਹੈ ਕਿ ਕੁਦਰਤੀ ਸ਼ਕਤੀਆਂ ਅਧਿਆਤਮਕ ਢੰਗ ਨਾਲ ਨਹੀਂ ਸਗੋਂ ਖੋਜ, ਸਮਝ ਤੇ ਗਿਆਨ ਨਾਲ ਹੀ ਜੋਰ ਸਥਾਪਿਤ ਕੀਤਾ ਜਾ ਸਕਦਾ ਹੈ।

ਉਨ੍ਹਾਂ ਅਨੁਸਾਰ ਕੁਦਰਤ ਨਾਲ ਧੱਕਾ ਜਾਂ ਜੋਰ ਨਹੀਂ ਚਲਦਾ ਸਗੋਂ ਲਚਕੀਲਾਪਣ, ਸੰਜਮ, ਅਕਲ ਤੇ ਤਰਕੀਬ ਚਲਦੀ ਹੈ। ਇਹ ਨਹੀਂ ਕਿ ਮਨੁੱਖ ਕੋਲ ਜੋਰ ਨਹੀਂ ਹੈ ਜਾਂ ਇਹ ਚਲਦਾ ਨਹੀਂ ਹੈ, ਪਰ ਜਿੱਦਾਂ ਇਸ ਨੂੰ ਅਧਿਆਤਮਵਾਦੀ ਚਲਾਉਣ ਦਾ ਦਾਅਵਾ ਕਰਦੇ ਹਨ, ਇਹ ਉਦਾਂ ਨਹੀਂ ਚਲਦਾ। ਅਰਥਾਤ ਉਨ੍ਹਾਂ ਨੂੰ ਜੋਰ ਚਲਾਉਣ ਗਲਤ ਢੰਗਾਂ ਦੀ ਵਰਤੋਂ ਕਰਦੇ ਹਨ। ਅਰਬਾਂ-ਖਰਬਾਂ ਟਨ ਦੀ ਧਰਤੀ ਤੇ ਅਣਗਿਣਤ ਟਨ ਭਾਰ ਟਿਕਿਆ ਹੋਇਆ ਹੈ। ਕਿਸੇ ਦੀ ਹਿੰਮਤ ਨਹੀਂ ਕਿ ਇਸ ਨੂੰ ਹਿਲਾ ਸਕੇ। ਵੱਡੇ ਵੱਡੇ ਪੁਲਾੜੀ ਪੱਥਰ ਤੇ ਉਲਕਾਵਾਂ ਇਸ 'ਤੇ ਡਿਗੀਆਂ ਹਨ, ਪਰ ਇਹ ਤਿਲ ਭਰ ਵੀ ਨਹੀਂ ਡਗਮਗਾਈ। ਮਨੁੱਖ ਤਾਂ ਕੀ, ਮਨੁੱਖ ਦੇ ਕਲਪੇ ਬਾਹੂਬਲੀ ਦੇਵਤੇ ਤੇ ਦੈਂਤ ਵੀ ਇਸ ਨੂੰ ਹਿਲਾਉਣ ਦੀ ਜਾਂ ਚੁੱਕਣ ਦੀ ਗੱਲ ਨਹੀਂ ਸੋਚ ਸਕੇ। ਪਰ ਅੱਜ ਤੋਂ ਬਾਈ ਸੌ ਸਾਲ ਪਹਿਲਾਂ ਇਟਲੀ ਦੇ ਪ੍ਰਸਿੱਧ ਵਿਗਿਆਨੀ ਅਰਕੀਮੀਡਸ (Archimedes, 287-212 BC) ਨੇ ਕਿਹਾ ਸੀ, ਤੁਸੀਂ ਮੈਨੂੰ ਇਕ ਲੰਮਾ ਸਾਰਾ ਡੰਡਾ ਤੇ ਇਕ ਧਰਤੀ ਤੋਂ ਦੂਰ ਖੜੇ ਹੋਣ ਲਈ ਥਾਂ ਦਿਓ, ਮੈਂ ਧਰਤੀ ਨੂੰ ਅਸਮਾਨ ਵਿਚ ਉਛਾਲ ਦਿਆਂਗਾ।

ਗੱਲ ਭਾਵੇਂ ਖਿਆਲੀ ਸੀ, ਪਰ ਹੈ ਸੀ ਤਰਕਪੂਰਣ ਤੇ ਸਹੀ। ਜੇ ਕੋਈ ਉਸ ਦੀਆਂ ਸ਼ਰਤਾਂ ਪੂਰੀਆਂ ਕਰ ਦਿੰਦਾ ਤਾਂ ਉਹ ਸਿਧਾਂਤਕ ਤੌਰ 'ਤੇ ਇੱਦਾਂ ਕਰ ਸਕਦਾ ਸੀ। ਕਾਰਨ ਇਹ ਕਿ ਉਸ ਨੇ ਕੁਦਰਤ ਦਾ ਇਹ ਹੁਕਮ ਭਾਵ ਨਿਯਮ ਲੱਭ ਲਿਆ ਸੀ ਕਿ ਲੀਵਰ ਦੀ ਮਦਦ ਨਾਲ ਥੋੜਾ ਬਲ ਵੀ ਵੱਡਾ ਕੰਮ ਕਰ ਸਕਦਾ ਹੈ। ਆਰਕੀਮੀਡਸ ਨੇ ਚੀਜ਼ਾਂ ਦੇ ਪਾਣੀ 'ਤੇ ਤੈਰਨ ਦਾ ਨਿਯਮ ਵੀ ਲੱਭਿਆ। ਇਹ ਨਿਯਮ ਮਨੁੱਖੀ ਦੇ ਅਜੋਕੇ ਤਕਨੀਕੀ ਗਿਆਨ (Technology) ਦਾ ਹਿੱਸਾ ਹਨ। ਯੰਤਰਕਲਾ ਦੇ ਇਸ ਗਿਆਨ ਨਾਲ ਮਨੁੱਖੀ ਬਲ ਭਾਵ ਜੋਰ ਜਮੈਟਰੀਕਲ ਹਿਸਾਬ (Geometrical Progression) ਨਾਲ ਵਧਿਆ ਹੈ।

ਇਸ ਪਉੜੀ ਵਿਚ ਗੁਰੂ ਸਾਹਿਬ ਨੇ ਜਿਸ ਜੋਰ ਦੀ ਗੱਲ ਕੀਤੀ ਹੈ, ਉਹ ਅਧਿਆਤਮਕ ਜਾਂ ਦੈਵੀ ਬਲ ਦੀ ਪ੍ਰਾਪਤੀ ਰਾਹੀਂ ਕੁਝ ਵਸ ਕਰ ਸਕਣ ਦੇ ਭਰਮ ਬਾਰੇ ਹੈ। ਸਿੱਧਾਂ ਵਲ ਇਸ਼ਾਰਾ ਕਰ ਕੇ ਗੁਰੂ ਸਾਹਿਬ ਆਪਣੇ ਕਟਾਖਸ਼ੀ ਅੰਦਾਜ਼ ਵਿਚ ਕਹਿੰਦੇ ਹਨ, "ਜੋਰ ਦੀ ਗੱਲ ਕਰਦੇ ਨੇ! ਜੋਰ ਕਿਤੇ ਇੱਦਾਂ ਮੋਨ ਰੱਖ ਕੇ ਤਪਸਿਆ ਕਰਨ ਨਾਲ ਬਣਦਾ ਹੈ?" ਭਾਵ ਜੋ ਪਖੰਡੀ ਵਿਧੀ ਉਹ ਅਪਨਾਉਂਦੇ ਹਨ, ਉਸ ਨਾਲ ਕੁਦਰਤ ਦੀ ਕੋਈ ਸ਼ਕਤੀ ਵਸ ਵਿਚ ਨਹੀਂ ਹੋ ਸਕਦੀ। ਇਹ ਜੋਰ ਕੋਈ ਭਿਖਿਆ ਨਹੀਂ, ਜੋ ਮੰਗਣ ਨਾਲ ਮਿਲ ਸਕੇ ਤੇ ਡੇਰਾ ਸਾਧਾਂ ਦੇ ਅਸ਼ੀਰਵਾਦ ਵਾਂਗ ਦੇਣ ਨਾਲ ਦਿੱਤੀ ਜਾ ਸਕੇ। ਅਰਥਾਤ ਜੋਰ ਨੂੰ ਸਮਾਧੀਆਂ ਦੇ ਜੋਰ ਨਾਲ ਮੰਗਿਆ ਤੇ ਪਾਇਆ ਨਹੀਂ ਜਾ ਸਕਦਾ। ਇਥੋਂ ਤੀਕ ਕਿ ਮਨੁੱਖ ਦਾ ਆਪਣੇ ਜਿਉਣ ਤੇ ਮਰਨ 'ਤੇ ਵੀ ਜੋਰ ਨਹੀਂ ਹੈ। ਮਨ ਵਿਚ ਰਾਜ ਤੇ ਧਨ ਦੌਲਤ ਦੇ ਪੈਂਦੇ ਫਤੂਰ ਵੀ ਵਸ ਵਿਚ ਨਹੀਂ ਆਉਂਦੇ। ਭਾਵ ਜੇ ਇਕ ਵਾਰ ਮੂੰਹੋਂ ਕੱਢਣ ਨਾਲ ਰਾਜ ਮਾਲ ਪੱਕੇ ਮਿਲ ਜਾਣ ਤਾਂ ਚਿੰਤਾ ਦੀ ਕੀ ਲੋੜ ਹੈ? ਜੋਰ ਨਾਲ ਨਾ ਸੁਰਤੀ ਟਿਕਾਈ ਜਾ ਸਕਦੀ ਹੈ ਤੇ ਨਾ ਹੀ ਗਿਆਨ ਦਾ ਵਿਚਾਰ ਹੋ ਸਕਦਾ ਹੈ। ਅਰਥਾਤ ਜੇ ਜੋਰ ਨਾਲ ਦਿਮਾਗ ਖੁਲ੍ਹ ਜਾਵੇ ਤਾਂ ਧੱਕੇ ਨਾਲ ਰੱਟੇ ਲਾਉਣ ਵਾਲੇ ਲੱਖਾਂ ਵਿਦਿਆਰਥੀ ਫੇਲ੍ਹ ਕਿਉਂ ਹੋਣ? ਬਲ ਪ੍ਰਾਪਤੀ ਦਾ ਇਹ ਰਸਤਾ ਕਿਸੇ ਮੁਕਤੀ ਦੀ ਵੀ ਜੁਗਤ ਨਹੀਂ। ਜੇ ਕੋਈ ਕਹਿੰਦਾ ਹੈ ਕਿ ਉਸ ਵਿਚ ਪੂਜਾ ਭਗਤੀ ਰਾਹੀਂ ਇਨ੍ਹਾਂ ਕੁਦਰਤੀ ਗੱਲਾਂ ਨੂੰ ਬਲ-ਪੂਰਵਕ ਵਸ ਕਰਨ ਦੀ ਸ਼ਕਤੀ ਆ ਗਈ ਹੈ, ਉਹ ਉਸ ਜੋਰ ਨੂੰ ਅਜ਼ਮਾ ਕੇ ਦੇਖ ਲਵੇ। ਹੇ ਨਾਨਕ! ਇਸ ਪ੍ਰੀਖਿਆ ਵਿਚ ਕੋਈ ਉਤਮ ਤੇ ਕੋਈ ਨੀਚ ਨਹੀਂ ਹੈ। ਭਾਵ ਕੋਈ ਫਸਟ ਕਲਾਸ ਤੇ ਕੋਈ ਥਰਡ ਕਲਾਸ ਨਹੀਂ ਨਿਕਲੇਗਾ। ਸਾਰੇ ਹੀ ਬਰਾਬਰ ਦਾ ਜ਼ੀਰੋ ਅੰਕ ਪ੍ਰਾਪਤ ਕਰਨਗੇ ਭਾਵ ਸਭ ਫੇਲ੍ਹ ਹੋਣਗੇ।

ਗੁਰੂ ਸਾਹਿਬ ਦਾ ਕਥਨ ਬਿਲਕੁਲ ਸੱਚ ਹੈ, ਪਰ ਇਹ ਸ਼ਰਤ-ਬੱਧ (Conditional) ਹੈ। ਇਸ ਹੇਠਲਾ ਵਿਪਰੀਤ ਤਰਕ ਦੱਸ ਰਿਹਾ ਹੈ ਕਿ ਕੁਦਰਤ ਜੋਰ ਨਾਲ ਨਹੀਂ ਸਗੋਂ ਜੁਗਤ-ਜੁਗਾੜ ਤੇ ਗਿਆਨ-ਵਿਚਾਰ ਰਾਹੀਂ ਵਸ ਵਿਚ ਆਉਂਦੀ ਹੈ। ਇਸ ਕੰਮ ਲਈ ਕੁਦਰਤ ਦੇ ਨਿਯਮਾਂ ਨੂੰ ਵਿਗਿਆਨਕ ਢੰਗ ਨਾਲ ਖੋਜਣ ਦੀ ਲੋੜ ਹੈ। ਇਸ ਗੱਲ ਨੂੰ ਨਾ ਸਮਝਦੇ ਹੋਏ ਕਈ ਸਿੱਖ ਵਿਦਵਾਨ, ਜਿਨ੍ਹਾਂ ਵਿਚ ਕਈ ਸੱਚ-ਮੁਚ ਦੇ ਵਿਗਿਆਨੀ ਵੀ ਹੁੰਦੇ ਹਨ, ਕਹਿੰਦੇ ਹਨ ਕਿ ਗੁਰੂ ਸਾਹਿਬ ਦਾ ਵਿਗਿਆਨ ਨਾਲ ਕੀ ਸਬੰਧ? ਉਹ ਸੋਚਦੇ ਹਨ ਕਿ ਇਕ 15ਵੀਂ ਸਦੀ ਦਾ ਰਮਤਾ ਕਵੀ ਤਾਂ ਵਿਗਿਆਨ ਤੋਂ ਕੋਹਾਂ ਦੂਰ ਹੋਵੇਗਾ। ਅਜਿਹੇ ਲੋਕਾਂ ਨੂੰ ਤੁਰੰਤ ਜਾ ਕੇ ਵਿਗਿਆਨ ਬਾਰੇ ਸਿੱਖਣਾ ਚਾਹੀਦਾ ਹੈ। ਜਿਨ੍ਹਾਂ ਨੇ ਇਸ ਅਹਿਮ ਗੱਲ ਨੂੰ ਸਿੱਖਣ ਵਿਚ ਘੌਲ ਕੀਤੀ ਹੋਈ ਹੈ, ਉਨ੍ਹਾਂ ਲਈ ਇਹ ਵੀ ਇਕ ਜਾਣਕਾਰੀ ਹੋਵੇਗੀ ਕਿ ਇਹ ਕੋਈ ਨਵੀਂ ਨਹੀਂ, ਸਗੋਂ ਬਹੁਤ ਪੁਰਾਣੀ ਧਾਰਨਾ ਹੈ। ਇਹ ਉਨ੍ਹਾਂ ਦਿਨਾਂ ਤੋਂ ਪ੍ਰਚਲਿਤ ਹੈ, ਜਦੋਂ ਗਿਆਨ ਨੂੰ ਅੰਬਰੀ ਗੱਲ ਸਮਝ ਕੇ ਉਤੋਂ ਆਇਆ ਮੰਨਿਆ ਜਾਂਦਾ ਸੀ। ਉਦੋਂ ਸਮਝਿਆ ਜਾਂਦਾ ਸੀ ਕਿ ਗਿਆਨ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਨਾਲ ਕੁਝ ਕੁ ਵਿਅਕਤੀਆਂ ਨੂੰ ਧੁਰ ਉਪਰੋਂ ਪ੍ਰਾਪਤ ਹੁੰਦਾ ਹੈ ਤੇ ਫਿਰ ਉਹ ਉਸ ਦੇ ਪ੍ਰਤੀਨਿਧੀ ਬਣ ਕੇ ਇਸ ਨੂੰ ਅੱਗੇ ਵੰਡਦੇ ਹਨ। ਉਸ ਵੇਲੇ ਲੋਕ ਹੇਠੋਂ ਉਪਜਣ ਵਾਲੇ ਗਿਆਨ ਨੂੰ ਉਲਟਾ ਗਿਆਨ ਭਾਵ ਵਿ-ਗਿਆਨ ਕਹਿੰਦੇ ਸਨ।


ਅੱਜ ਕੱਲ ਪਤਾ ਨਹੀਂ ਕਿਉਂ ਅਜਿਹੇ ਬੰਦੇ ਪੈਦਾ ਹੋਣੇ ਬੰਦ ਹੋ ਗਏ ਹਨ, ਜਿਨ੍ਹਾਂ ਦੀ "ਰੱਬ" ਨਾਲ ਸਿੱਧੀ ਤਾਰ ਜੁੜੀ ਹੁੰਦੀ ਸੀ ਤੇ ਜਿਨ੍ਹਾਂ ਕੋਲ ਗਿਆਨ ਦਾ ਇਲਹਾਮ ਹੁੰਦਾ ਸੀ। ਕਾਰਨ ਇਹ ਕਿ ਹੁਣ ਉਹ ਸਿਧਾਂਤ ਫੇਲ੍ਹ ਹੋ ਗਿਆ ਹੈ ਤੇ ਹੁਣ ਇਸ ਦਾ ਕੋਈ ਭਵਿੱਖ ਨਹੀਂ ਹੈ। ਲੋਕਾਂ ਨੂੰ ਪਤਾ ਲੱਗ ਗਿਆ ਹੈ ਕਿ ਗਿਆਨ ਉਤੋਂ ਨਹੀਂ, ਹੇਠੋਂ ਆਉਂਦਾ ਹੈ, ਭਾਵ ਮੰਗਿਆਂ ਦਿੱਤਿਆਂ ਨਹੀਂ ਸਗੋਂ ਕਮਾਇਆਂ ਪ੍ਰਾਪਤ ਹੁੰਦਾ ਹੈ। ਇਸ ਹੇਠੋਂ ਆਏ ਵਿ(ਪਰੀਤ)ਗਿਆਨ ਦਾ ਮੁੱਖ ਆਧਾਰ ਨਿਰਪੇਖ ਮਨੁੱਖੀ ਦ੍ਰਿਸ਼ਟੀਕੋਣ ਤੇ ਪੱਖਪਾਤ-ਰਹਿਤ ਸਰਵੇਖਣੀ ਨਦਰ (Objective observation) ਹੈ। ਇਹ ਵਿਚਾਰਾਂ ਵਿਚੋਂ ਨਹੀਂ, ਯਥਾਰਥ ਵਿਚੋਂ ਆਉਂਦਾ ਹੈ ਤੇ ਇਸ ਦੀ ਕਸੌਟੀ ਤਜ਼ਰਬਾ ਭਾਵ ਪ੍ਰਯੋਗ ਹੈ। ਇਹ ਰੁਹਾਨੀ ਅਨੁਭਵ ਵਿਚੋਂ ਬਰਸਣ ਦੀ ਥਾਂ ਯਥਾਰਥਕ ਅਨੁਭਵ ਰਾਹੀਂ ਕਸ਼ੀਦਿਆ ਜਾਂਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਤਪਸਿਆ, ਭਗਤੀ, ਜਾਪ, ਪਾਠ ਜਾਂ ਅਰਦਾਸ ਆਦਿ 'ਤੇ ਨਹੀਂ ਸਗੋਂ ਨਿਰਪੱਖ ਪੇਖਣੀ ਤੇ ਅਲਗਾਵੀ ਪਰਖ 'ਤੇ ਟੇਕ ਰੱਖਣੀ ਪੈਂਦੀ ਹੈ। ਇਹ ਗਿਆਨ ਬੁੱਕਲ ਵਿਚ ਨਹੀਂ ਭੰਨਿਆ ਜਾਂਦਾ ਸਗੋਂ ਸ਼ੱਰ੍ਹੇਆਮ ਅਜ਼ਮਾ ਕੇ ਦਿਖਾਇਆ ਜਾਂਦਾ ਹੈ। ਇਹ ਕਿਸੇ ਇਕ ਵਿਅਕਤੀ ਦੀ ਕਰਾਮਾਤ ਤੀਕ ਸੀਮਤ ਨਹੀਂ ਹੁੰਦਾ ਸਗੋਂ ਹਰ ਛੋਟੇ ਵੱਡੇ ਦੀ ਸਮਝ-ਸਮਰੱਥਾ ਵਿਚ ਹੁੰਦਾ ਹੈ। ਇਸ ਬਾਰੇ ਜਿਸ ਨੂੰ ਸ਼ੱਕ ਹੋਵੇ, ਪਰਖ ਕਰ ਸਕਦਾ ਹੈ। ਪਰਖ ਦੇ ਸਿੱਟੇ ਸਾਰਿਆਂ ਨੂੰ ਬਰਾਬਰ ਮਿਲਣਗੇ। ਇਸ ਤਰ੍ਹਾਂ ਦੀ ਪ੍ਰਕਿਰਿਆ ਵਿਚੋਂ ਨਿਕਲੇ ਗਿਆਨ ਨੂੰ ਵਿਗਿਆਨ ਕਹਿੰਦੇ ਹਨ। ਸਮਾਧੀ ਰਾਹੀਂ ਜੋਰ ਪ੍ਰਾਪਤ ਕਰਨ ਵਾਲੇ ਸਿਧਾਂਤ ਦੀ ਪਰਖ ਲਈ "ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥" ਕਹਿ ਕੇ ਗੁਰੂ ਸਾਹਿਬ ਨੇ ਆਪਣੇ ਵਿਗਿਆਨੀ ਹੋਣ ਦਾ ਪੱਕਾ ਸਬੂਤ ਦਿੱਤਾ ਹੈ।

19ਵੀਂ ਸਦੀ ਦਾ ਪ੍ਰਸਿੱਧ ਫਿਲਾਸਫਰ ਫ੍ਰੈਡ੍ਰਿਕ ਏਂਗਲਸ, ਜਿਸ ਦਾ ਉਪਰ ਜ਼ਿਕਰ ਆਇਆ ਹੈ, ਵਿਗਿਆਨਕ ਵਿਚਾਰਧਾਰਾ ਦਾ ਹਾਮੀ ਸੀ। ਉਸ ਨੇ ਵੀ ਗੁਰੂ ਸਾਹਿਬ ਦੇ ਇਸ ਪਉੜੀ ਵਿਚ ਦਰਜ ਵਿਚਾਰਾਂ ਦੀ ਪ੍ਰੋੜਤਾ ਕੀਤੀ ਹੈ। ਏਂਗਲਜ਼ ਨੇ ਸਾਫ ਕਿਹਾ ਕਿ ਇਹ ਸਮਝਣਾ ਕਿ ਮਨੁੱਖ ਸਭ ਕੁਝ ਕਰ ਸਕਦਾ ਹੈ, ਗਲਤ ਹੈ। ਉਹ ਕੁਝ ਕਰ ਸਕਦਾ ਹੈ, ਪਰ ਸਭ ਕੁਝ ਨਹੀਂ ਕਰ ਸਕਦਾ। 21 ਸਤੰਬਰ 1890 ਨੂੰ ਆਪਣੇ ਮਿੱਤਰ ਜੇ. ਬਲਾਕ ਨੂੰ ਭੇਜੇ ਇਕ ਪੱਤਰ ਵਿਚ ਉਹ ਲਿਖਦਾ ਹੈ ਕਿ ਮਨੁੱਖ ਆਪਣਾ ਇਤਿਹਾਸ ਆਪ ਸਿਰਜਦਾ ਹੈ, ਪਰ ਆਪਣੇ ਢੰਗ ਨਾਲ ਨਹੀਂ। ਕਿੰਨੇ ਹੀ ਛੋਟੇ-ਵੱਡੇ ਕਾਰਕ ਹਨ, ਜੋ ਹਰ ਰਾਹ 'ਤੇ ਉਸ ਨੂੰ ਘੇਰਨ ਲਈ ਖੜ੍ਹੇ ਹੁੰਦੇ ਹਨ। ਉਹ ਇਨ੍ਹਾਂ ਨੂੰ ਨਜ਼ਰ ਅੰਦਾਜ਼ ਕਰ ਕੇ ਕੋਈ ਨਿਰਣਾ ਨਹੀਂ ਕਰ ਸਕਦਾ। ਮੀਟਿੰਗਾਂ ਵਿਚ ਲਏ ਗਏ ਫੈਸਲਿਆਂ ਦੀ ਮਿਸਾਲ ਦਿੰਦਿਆਂ ਉਹ ਕਹਿੰਦਾ ਹੈ ਕਿ ਇਨ੍ਹਾਂ ਫੈਸਲਿਆਂ 'ਤੇ ਕਿਸੇ ਇਕ ਮੈਂਬਰ ਦੀ ਛਾਪ ਨਹੀਂ ਹੁੰਦੀ; ਸਭ ਤੋਂ ਪ੍ਰਭਾਵਸ਼ਾਲੀ ਦੀ ਵੀ ਨਹੀਂ, ਸਗੋਂ ਹਰੇਕ ਨੂੰ ਲਗਦਾ ਹੈ ਕਿ ਇਹ

(ਬਾਕੀ ਸਫਾ 23 ਉਤੇ)

# ਜੈਸਾ ਸੇਵੈ ਤੈਸੋ ਹੋਇ

ਸਿੱਖ ਧਰਮ ਚਿੰਤਨ ਅਨੁਸਾਰ 'ਜੈਸਾ ਸੇਵੈ ਤੈਸੋ ਹੋਇ' ਦਾ ਸਿਧਾਂਤ ਪ੍ਰਾਪਤ ਹੈ, ਅਰਥਾਤ ਜਿਸ ਕਿਸਮ ਦੇ ਇਸ਼ਟ ਦੀ ਮਨੁੱਖ ਅਰਾਧਨਾ ਕਰਦਾ ਹੈ, ਉਹੋ ਜਿਹਾ ਹੀ ਉਸ ਦਾ ਵਿਅਕਤੀਤਵ ਘੜਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਸਿੱਖ ਧਰਮ ਦੇ ਮੂਲ ਸਿਧਾਂਤ '੧ੴ ਸਤਿਨਾਮ' ਤੋਂ 'ਗੁਰਪ੍ਰਸਾਦਿ' ਤੱਕ ਦੀ ਬਾਣੀ ਵਿਚ ਪਰਮਸਤਿ ਦੇ ਗੁਣ ਦੱਸੇ ਗਏ ਹਨ। ਸਿੱਖ ਧਰਮ ਚਿੰਤਨ ਦੇ ਸਿਧਾਂਤ ਅਨੁਸਾਰ ਕੁਦਰਤੀ ਹੈ ਕਿ ਮਨੁੱਖ ਜਦੋਂ ਅਜਿਹੇ ਇਸ਼ਟ ਨੂੰ ਧਿਆਵੇਗਾ ਤਾਂ ਉਸ ਦੇ ਵਿਅਕਤੀਤਵ ਵਿਚ ਵੀ ਇਹ ਸਾਰੇ ਗੁਣ ਪ੍ਰਵੇਸ਼ ਕਰਨਗੇ। ਇਸੇ ਸਿਧਾਂਤ ਦਾ ਜ਼ਿਕਰ ਭਗਤ ਨਾਮ ਦੇਵ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ



ਵਿਚ ਦਰਜ ਹੈ, ਕਰਦੇ ਹਨ ਕਿ ਪਰਮਾਤਮਾ ਦਾ ਨਾਮ ਸਿਮਰਨ ਸਭ ਤੋਂ ਉੱਤਮ ਹੈ। ਭਗਤ ਨਾਮ ਦੇਵ ਨੇ ਵੱਖ ਵੱਖ ਦੇਵਤਿਆਂ ਦੀ ਪੂਜਾ ਨੂੰ ਲੈ ਕੇ

**ਡਾ. ਗੁਰਨਾਮ ਕੌਰ, ਕੈਨੇਡਾ**

ਇਸ ਤੱਥ ਨੂੰ ਸਮਝਾਇਆ ਹੈ। ਮਿਸਾਲ ਵਜੋਂ, ਜੇ ਮਨੁੱਖ ਆਪਣਾ ਧਿਆਨ ਭੈਰੋਂ ਦੀ ਪੂਜਾ ਵੱਲ ਲਾਉਂਦਾ ਹੈ ਤਾਂ ਉਹ ਮਨੁੱਖ ਭੂਤ ਬਣ ਜਾਂਦਾ ਹੈ (ਭੈਰੋਂ ਨੂੰ ਭੂਤਨਾਥ ਮੰਨਿਆ ਜਾਂਦਾ ਹੈ); ਜੋ ਸੀਤਲਾ ਨੂੰ ਅਰਾਧਦਾ ਹੈ, ਉਹ ਖੋਤੇ ਦੀ ਸਵਾਰੀ ਕਰਦਾ ਹੈ (ਸੀਤਲਾ ਨੂੰ ਖੋਤੇ ਦੀ ਸਵਾਰੀ ਕਰਦੀ ਮੰਨਿਆ ਗਿਆ ਹੈ) ਅਤੇ ਖੋਤੇ ਵਾਂਗ ਸੁਆਹ ਹੀ ਉਡਾਉਂਦਾ ਹੈ। ਜੇ ਮਨੁੱਖ ਸ਼ਿਵ ਦੀ ਅਰਾਧਨਾ ਕਰਦਾ ਹੈ ਤਾਂ ਫਿਰ ਉਸ ਨੂੰ ਸ਼ਿਵ ਵਾਂਗ ਬਲਦ ਦੀ ਸਵਾਰੀ ਕਰਨੀ ਮਿਲ ਸਕਦੀ ਹੈ, ਜਿਸ 'ਤੇ ਚੜ੍ਹ ਕੇ ਉਹ ਡੌਰੂ ਵਜਾਉਂਦਾ ਹੈ। ਜੇ ਮਨੁੱਖ ਪਾਰਬਤੀ ਦੀ ਪੂਜਾ ਕਰਦਾ ਹੈ, ਉਹ ਪੁਰਸ਼ ਤੋਂ ਨਾਰੀ ਬਣ ਕੇ ਜਨਮ ਲੈਂਦਾ ਹੈ। ਭਵਾਨੀ ਨੂੰ ਭਗਤ ਨਾਮ ਦੇਵ ਪੁੱਛਦੇ ਹਨ ਕਿ ਤੂੰ ਸਭ ਦਾ ਮੁੱਢ ਅਖਵਾਉਂਦੀ ਹੈਂ, ਪਰ ਆਪਣੇ ਭਗਤਾਂ ਨੂੰ ਮੁਕਤੀ ਦੇਣ ਵੇਲੇ ਤੂੰ ਵੀ ਪਤਾ ਨਹੀਂ ਕਿਥੇ ਛੁਪ ਜਾਂਦੀ ਹੈਂ? ਭਗਤ ਨਾਮ ਦੇਵ ਪੰਡਿਤ ਨੂੰ ਸਤਿਗੁਰੂ ਦੀ ਸਿੱਖਿਆ ਲੈ ਕੇ, ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਦੀ ਬੇਨਤੀ ਕਰਦੇ ਹਨ, ਕਿਉਂਕਿ ਗੀਤਾ, ਜਿਸ ਨੂੰ ਪੰਡਿਤ ਆਪਣੀ ਧਾਰਮਿਕ ਪੁਸਤਕ ਮੰਨਦਾ ਹੈ, ਵਿਚ ਵੀ ਇਹੀ ਉਪਦੇਸ਼ ਦਿੱਤਾ ਹੈ,

ਭੈਰਉ ਭੂਤ ਸੀਤਲਾ ਧਾਵੈ॥
ਖਰ ਬਾਹਨੁ ਉਹੁ ਛਾਰੁ ਉਡਾਵੈ॥੧॥
ਹਉ ਤਉ ਏਕੁ ਰਮਈਆ ਲੈ ਹਉ॥
ਆਨ ਦੇਵ ਬਦਲਾਵਨਿ ਦੈ ਹਉ॥੧॥ ਰਹਾਉ॥

---

ਗੁਰਮਤਿ ਰਾਮ ਨਾਮ ਗਹੁ ਮੀਤਾ॥
ਪ੍ਰਣਵੈ ਨਾਮਾ ਇਉ ਕਹੈ ਗੀਤਾ॥੫॥੨॥੬॥
(ਪੰਨਾ 874)

ਇਸੇ ਤੋਂ ਅਗਲੇ ਸ਼ਬਦ ਵਿਚ ਭਗਤ ਨਾਮ ਦੇਵ ਆਪਣੇ ਪਰਮਾਤਮ-ਅਨੁਭਵ ਦਾ ਜ਼ਿਕਰ ਕਰਦੇ ਹਨ ਕਿ ਉਨ੍ਹਾਂ ਨੂੰ ਤਾਂ ਆਪਣੇ 'ਬੀਠਲ' ਭਾਵ ਪਰਮਾਤਮਾ ਦੇ ਦਰਸ਼ਨ ਹੋ ਗਏ ਹਨ, ਜੋ ਨਾ ਕਿਸੇ ਮੰਦਿਰ ਵਿਚ ਵੱਸਦਾ ਹੈ ਅਤੇ ਨਾ ਹੀ ਕਿਸੇ ਮਸਜਿਦ ਵਿਚ; ਉਹ ਤਾਂ ਮਨੁੱਖ ਦੇ ਹਿਰਦੇ ਵਿਚ ਵੱਸਦਾ ਹੈ। ਪੰਡਿਤ ਨੂੰ ਪ੍ਰਸ਼ਨ ਕਰਦੇ ਹਨ ਕਿ ਉਸ ਨੂੰ 'ਬੀਠਲ' (ਪਰਮਸਤਿ) ਦੇ ਦਰਸ਼ਨ ਕਿਉਂ ਨਹੀਂ ਹੋਏ? ਕਿਉਂਕਿ ਉਸ ਨੂੰ ਨਜ਼ਰ ਨਹੀਂ ਆਉਂਦਾ, ਉਹ ਅੰਨ੍ਹਾ ਹੈ, ਜੋ ਆਪਣੀਆਂ ਦੋਵੇਂ ਅੱਖਾਂ ਬੰਦ ਕਰੀ ਬੈਠਾ ਹੈ। ਇੱਕ ਪਾਸੇ ਉਸ ਨੂੰ ਪਰਮਸਤਿ ਦੀ ਅਸਲੀਅਤ ਦਾ ਗਿਆਨ ਨਾ ਹੋਣ ਕਰਕੇ ਉਸ ਦਾ ਭਰੋਸਾ ਨਹੀਂ ਬੱਝਦਾ; ਦੂਜੇ ਉਹ ਸਮਝਦਾ ਹੈ ਕਿ ਪਰਮਸਤਿ ਸਿਰਫ ਮੰਦਿਰ ਦੀ ਚਾਰਦੀਵਾਰੀ ਤੱਕ ਮਹਿਦੂਦ ਹੈ। ਪੰਡਿਤ ਨੂੰ ਕਹਿੰਦੇ ਹਨ ਕਿ ਗਾਇਤ੍ਰੀ, ਜਿਸ ਦਾ ਤੂੰ ਪਾਠ ਕਰਦਾ ਹੈਂ, ਉਸ 'ਤੇ ਤੇਰੀ ਸ਼ਰਧਾ ਨਹੀਂ ਬਣਦੀ, ਕਿਉਂਕਿ ਤੇਰੇ ਹੀ ਅਨੁਸਾਰ ਇੱਕ ਵਾਰ ਸਰਾਪ ਵਿਚ ਆ ਕੇ ਇਹ ਗਊ ਦੀ ਜੂਨ ਵਿਚ ਪੈ ਗਈ ਸੀ। ਗਊ ਲੋਧੇ ਜੱਟ ਦਾ ਖੇਤ ਖਾਣ ਆ ਵੜੀ, ਜਿਸ ਨੇ ਖੇਤੋਂ ਬਾਹਰ ਕੱਢਣ ਲਈ ਇਸ ਦੀ ਲੱਤ 'ਤੇ ਸੋਟਾ ਮਾਰਿਆ ਅਤੇ ਇਹ ਲੰਗੜਾ ਕੇ ਤੁਰ ਰਹੀ ਸੀ। ਇਸੇ ਤਰ੍ਹਾਂ ਜਿਸ ਸ਼ਿਵ ਦੀ ਤੂੰ ਅਰਾਧਨਾ ਕਰਦਾ ਹੈਂ, ਉਸ ਨੂੰ ਵੀ ਬਹੁਤ ਕ੍ਰੋਧੀ ਸਮਝਦਾ ਹੈਂ, ਉਸ 'ਤੇ ਵਿਸ਼ਵਾਸ ਕਿਵੇਂ ਬਣੇਗਾ? ਸ਼ਿਵ, ਜਿਸ ਨੂੰ ਮਹਾਂਦੇਵ ਵੀ ਕਿਹਾ ਜਾਂਦਾ ਹੈ, ਚਿੱਟੇ ਬਲਦ 'ਤੇ ਚੜ੍ਹ ਕੇ ਕਿਸੇ ਭੰਡਾਰੀ ਦੇ ਘਰ ਤਿਆਰ ਹੋਇਆ ਖਾਣਾ ਖਾਣ ਗਿਆ, ਪਰ ਸ਼ਿਵਜੀ ਨੇ ਕਿਸੇ ਗੱਲੋਂ ਨਾਰਾਜ਼ ਹੋ ਕੇ ਸਰਾਪ ਦੇ ਦਿੱਤਾ ਅਤੇ ਸਰਾਪ ਨਾਲ ਉਸ ਭੰਡਾਰੀ ਦਾ ਪੁੱਤਰ ਮਾਰ ਦਿੱਤਾ। ਭਗਤ ਜੀ ਅੱਗੇ ਬਿਆਨ ਕਰਦੇ ਹਨ ਕਿ ਹੇ ਪਾਂਡੇ! ਤੇਰੇ ਸ੍ਰੀ ਰਾਮਚੰਦ੍ਰ ਨੂੰ ਵੀ ਆਉਂਦੇ ਦੇਖਿਆ ਹੈ। ਉਸ ਬਾਰੇ ਵੀ ਸੁਣਿਆ ਹੈ ਕਿ ਰਾਵਣ ਨਾਲ ਉਸ ਦੀ ਲੜਾਈ ਹੋ ਗਈ ਸੀ, ਕਿਉਂਕਿ ਉਹ ਆਪਣੀ ਪਤਨੀ ਸੀਤਾ ਨੂੰ ਗੁਆ ਬੈਠਾ ਸੀ। ਇੱਥੇ ਭਗਤ ਨਾਮ ਦੇਵ ਦਾ ਇਸ ਸਭ ਕੁਝ ਦੇ ਵਰਣਨ ਕਰਨ ਦਾ ਮਕਸਦ ਇਹ ਹੈ ਕਿ ਪਰਮਾਤਮਾ ਕਿਸੇ ਮੂਰਤੀ ਜਾਂ ਮੰਦਿਰ ਵਿਚ ਨਹੀਂ ਵੱਸਦਾ, ਉਹ ਸਰਵਵਿਆਪਕ ਹੈ, ਜਿਸ ਨੂੰ 'ਬੀਠਲ' ਦੀ ਮੂਰਤੀ ਬਣਾ ਕੇ ਪੰਡਿਤ ਨੇ ਮੰਦਿਰ ਵਿਚ ਸਥਾਪਤ ਕਰ ਦਿੱਤਾ ਹੈ। ਪੰਡਿਤ ਨੇ ਆਪਣੇ ਦੇਵੀ ਦੇਵਤੇ ਜਾਂ ਅਵਤਾਰ ਰਚ ਕੇ ਆਪ ਹੀ ਉਨ੍ਹਾਂ ਨਾਲ ਸੌ ਤਰ੍ਹਾਂ ਦੀਆਂ ਨੁਕਸਦਾਰ ਕਹਾਣੀਆਂ ਜੋੜ ਦਿੱਤੀਆਂ ਹਨ। ਦੇਵੀ-ਦੇਵਤੇ ਜਾਂ ਅਵਤਾਰ 'ਪਰਮਾਤਮਾ' ਨਹੀਂ ਹਨ, ਕਿਉਂਕਿ ਉਨ੍ਹਾਂ ਵਿਚ ਵੀ ਆਮ ਮਨੁੱਖਾਂ ਦੀ ਤਰ੍ਹਾਂ ਹੀ ਊਣਤਾਈਆਂ ਹਨ,

ਆਜੁ ਨਾਮੇ ਬੀਠਲੁ ਦੇਖਿਆ
ਮੂਰਖ ਕੋ ਸਮਝਾਊ ਰੇ॥ਰਹਾਉ॥
ਪਾਂਡੇ ਤੁਮਰੀ ਗਾਇਤ੍ਰੀ
ਲੋਧੇ ਕਾ ਖੇਤੁ ਖਾਤੀ ਥੀ॥
ਲੈ ਕਰਿ ਠੇਗਾ ਟਗਰੀ ਤੋਰੀ
ਲਾਂਗਤ ਲਾਂਗਤ ਜਾਤੀ ਥੀ॥੧॥

---

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥੪॥੩॥੭॥ (ਪੰਨਾ 874)

ਅਵਤਾਰਵਾਦ ਦੀ ਗੱਲ ਕਰਦਿਆਂ ਸੰਕੇਤ ਕੀਤਾ ਸੀ ਕਿ ਹਿੰਦੂ ਸ਼ਾਸਤਰਾਂ ਵਿਚ ਵਿਸ਼ਨੂੰ ਦਾ ਦੂਸਰਾ ਪ੍ਰਮੁੱਖ ਅਵਤਾਰ ਸ੍ਰੀ ਰਾਮਚੰਦ੍ਰ ਨੂੰ ਮੰਨਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸ਼ਬਦ 'ਰਾਮ' ਦੀ ਵਰਤੋਂ ਦੋ ਤਰ੍ਹਾਂ ਨਾਲ ਕੀਤੀ ਮਿਲਦੀ ਹੈ। ਸ਼ਬਦ 'ਰਾਮ' ਦੀ ਇੱਕ ਵਰਤੋਂ ਇਸ ਦੇ ਆਮ ਪ੍ਰਚਲਿਤ ਅਰਥਾਂ 'ਪਰਮਾਤਮਾ' ਜਾਂ 'ਪਰਮਸਤਿ' ਲਈ ਕੀਤੀ ਗਈ ਹੈ, ਜੋ ਸਾਰੀ ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ, ਸਭ ਅੰਦਰ ਵੱਸ ਰਹਿਆ ਹੈ, ਆਪਣੀ ਕੁਦਰਤਿ ਵਿਚ ਇੱਕਰਸ ਵਿਆਪਕ ਹੈ, ਸਮਾਇਆ ਹੋਇਆ ਹੈ। ਦੂਜੇ ਅਰਥਾਂ ਵਿਚ 'ਰਾਮਾਇਣ' ਦੇ ਨਾਇਕ 'ਰਾਮਚੰਦ੍ਰ' ਲਈ ਵਰਤਿਆ ਗਿਆ ਹੈ, ਜੋ ਅਯੁੱਧਿਆ ਦੇ ਰਾਜਾ ਦਸਰਥ ਦਾ ਪੁੱਤਰ ਸੀ ਅਤੇ ਜਿਸ ਨੇ ਅਯੁੱਧਿਆ 'ਤੇ ਰਾਜ ਕੀਤਾ। ਹਿੰਦੂ ਸ਼ਾਸਤਰਾਂ ਅਨੁਸਾਰ ਇਹ ਘਟਨਾ ਤ੍ਰੇਤਾ ਯੁਗ ਦੀ ਮੰਨੀ ਜਾਂਦੀ ਹੈ।

ਗੁਰੂ ਨਾਨਕ ਸਾਹਿਬ ਨੇ 'ਸਿਧ ਗੋਸਟਿ' ਵਿਚ ਜੋਗੀਆਂ ਨਾਲ ਸੰਵਾਦ ਕਰਦੇ ਸਮੇਂ ਉਨ੍ਹਾਂ ਦੇ ਹੀ ਸ਼ਾਸਤਰਾਂ ਵਿਚੋਂ ਰਾਜਾ ਰਾਮਚੰਦ੍ਰ ਦੇ ਆਪਣੀ ਪਤਨੀ ਸੀਤਾ ਨੂੰ ਲੰਕਾ ਤੋਂ ਛੁਡਵਾ ਕੇ ਲਿਆਉਣ ਦਾ ਦ੍ਰਿਸ਼ਟਾਂਤ ਵਰਤਿਆ ਹੈ ਕਿ ਕਰਤਾ ਪੁਰਖ ਨੇ ਦੁਨੀਆਂ ਨੂੰ ਤਾਰਨ ਲਈ ਗੁਰਮੁਖਿ ਰੂਪੀ ਪੁਲ ਉਵੇਂ ਬਣਾਇਆ ਹੈ, ਜਿਵੇਂ ਰਾਮਚੰਦ੍ਰ ਨੇ ਲੰਕਾ ਨੂੰ ਜਿੱਤਣ ਲਈ ਸਮੁੰਦਰ 'ਤੇ ਪੁਲ ਬਣਾਇਆ ਸੀ। ਜਿਵੇਂ ਰਾਮਚੰਦ੍ਰ ਨੇ ਲੰਕਾ ਲੁੱਟੀ ਅਤੇ ਰਾਖਸ਼ ਮਾਰੇ ਸੀ; ਉਸੇ ਤਰ੍ਹਾਂ ਗੁਰੂ ਨੇ ਸਰੀਰ ਨੂੰ ਕਾਮਾਦਿਕ ਪੰਜ ਦੂਤਾਂ ਤੋਂ ਛੁਡਾ ਲਿਆ। ਜਿਵੇਂ ਰਾਮਚੰਦ੍ਰ ਨੇ ਰਾਵਣ ਨੂੰ ਮਾਰਿਆ, ਤਿਵੇਂ ਗੁਰਮੁਖਿ ਨੇ ਮਨ ਰੂਪੀ ਸੱਪ ਨੂੰ ਮਾਰ ਲਿਆ। ਜਿਵੇਂ ਘਰ ਦੇ ਭੇਤੀ ਵਿਭੀਖਣ ਦਾ ਭੇਤ ਦੱਸਣਾ ਰਾਵਣ ਨੂੰ ਮਾਰਨ ਦੇ ਕੰਮ ਆਇਆ, ਇਸੇ ਤਰ੍ਹਾਂ ਹੀ ਗੁਰੂ ਦਾ ਉਪਦੇਸ਼ ਮਨ ਨੂੰ ਮਾਰਨ ਲਈ ਕੰਮ ਆਇਆ। ਜਿਵੇਂ ਰਾਮਚੰਦ੍ਰ ਨੇ ਪੁਲ ਬੰਨ੍ਹਣ ਵੇਲੇ ਪੱਥਰ ਸਮੁੰਦਰ 'ਤੇ ਤਾਰੇ, ਇਸੇ ਤਰ੍ਹਾਂ ਗੁਰੂ ਦੇ ਉਪਦੇਸ਼ ਨਾਲ ਸੰਸਾਰ ਸਾਗਰ ਤੋਂ ਤੇਤੀ ਕਰੋੜ ਪਾਪੀ-ਪੱਥਰ ਅਰਥਾਤ ਬੇਅੰਤ ਲੋਕ ਤਰ ਗਏ,

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥
ਲੰਕਾ ਲੂਟੀ ਦੈਤ ਸੰਤਾਪੈ॥
ਰਾਮਚੰਦਿ ਮਾਰਿਓ ਅਹਿ ਰਾਵਣੁ॥
ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥
(ਪੰਨਾ 942)

ਕਿਸੇ ਗੰਭੀਰ ਗੱਲ ਨੂੰ ਜਦੋਂ ਉਸ ਮਨੁੱਖ ਦੇ ਆਪਣੇ ਸਭਿਆਚਾਰਕ ਮੁਹਾਵਰੇ ਵਿਚੋਂ ਮਿਸਾਲ ਦੇ ਕੇ ਸਮਝਾਇਆ ਜਾਂਦਾ ਹੈ ਤਾਂ ਜਾਹਰ ਹੈ ਕਿ ਉਹ ਜਲਦੀ ਸਮਝ ਆ ਜਾਂਦੀ ਹੈ। ਇਸੇ ਤਰ੍ਹਾਂ ਗੁਰੂ ਨਾਨਕ ਵੱਡੇ ਵੱਡੇ ਦੇਵੀ ਦੇਵਤੇ ਅਤੇ ਅਵਤਾਰ ਕਹੇ ਜਾਣ ਵਾਲਿਆਂ ਦੀ ਮਿਸਾਲ ਦੇ ਕੇ ਦੱਸਦੇ ਹਨ ਕਿ ਨਾਮ ਤੋਂ ਬਿਨਾ ਸਾਰੇ ਖੁਆਰ ਹੋਏ। ਰਾਮਚੰਦ੍ਰ ਨੂੰ ਵੀ ਆਮ ਮਨੁੱਖਾਂ ਵਾਂਗ ਭਾਵਨਾਵਾਂ ਦੇ ਵਹਿਣ ਵਿਚ ਵਹਿ ਕੇ ਦੁਖੀ ਹੋਣਾ ਪਿਆ, ਕਿਉਂਕਿ ਇਹ ਸਭ ਅਕਾਲ ਪੁਰਖ ਦੇ ਨਾਮ ਤੋਂ ਵਿਹੂਣੇ ਹੋਣ ਕਰਕੇ ਹੋਇਆ। ਕੋਈ ਪੂਜਾ-ਪਾਠ, ਯੱਗ, ਹਵਨ ਆਦਿ ਪਰਮਾਤਮਾ ਦੇ ਨਾਮ ਸਿਮਰਨ ਦੇ ਬਰਾਬਰ ਨਹੀਂ ਹੈ। ਉਹ ਕਹਿੰਦੇ ਹਨ ਕਿ ਇਸੇ ਕਰਕੇ ਰਾਮਚੰਦ੍ਰ ਨੂੰ ਜਦੋਂ ਦੇਸ਼-ਨਿਕਾਲਾ ਮਿਲਿਆ ਅਰਥਾਤ ਬਣਵਾਸ ਲਈ ਜਾਣਾ ਪਿਆ, ਤਦ ਵੀ ਉਹ ਰੋਇਆ ਅਤੇ ਜਦੋਂ ਸੀਤਾ ਤੇ ਲੱਛਮਣ ਉਸ ਤੋਂ ਵਿਛੜ ਗਏ, ਤਦ ਵੀ ਰੋਇਆ। ਰਾਵਣ ਜਦੋਂ ਸਾਧੂ ਬਣ ਕੇ ਸੀਤਾ ਨੂੰ ਚੁਰਾ ਲਿਆਇਆ ਸੀ ਤਾਂ ਉਸ ਨੂੰ ਲੰਕਾ ਗੁਆਉਣੀ ਪਈ ਅਤੇ ਲੰਕਾ ਗੁਆ ਕੇ ਫਿਰ ਉਹ ਵੀ ਰੋਇਆ,

ਰੋਵੈ ਰਾਮੁ ਨਿਕਾਲਾ ਭਇਆ॥
ਸੀਤਾ ਲਖਮਣੁ ਵਿਛੁੜਿ ਗਇਆ॥
ਰੋਵੈ ਦਹਸਿਰੁ ਲੰਕ ਗਵਾਇ॥
ਜਿਨਿ ਸੀਤਾ ਆਦੀ ਡਉਰੂ ਵਾਇ॥...
ਮੰਨੇ ਨਾਉ ਸੋਈ ਜਿਣਿ ਜਾਇ॥
ਅਉਰੀ ਕਰਮ ਨ ਲੇਖੈ ਲਾਇ॥
(ਪੰਨਾ 953-54)

ਇੱਕ ਹੋਰ ਸਲੋਕ ਵਿਚ ਗੁਰੂ ਨਾਨਕ ਇਸ ਤੱਥ ਨੂੰ ਦ੍ਰਿੜ ਕਰਾਉਂਦੇ ਹਨ ਕਿ ਕਰਣ-ਕਾਰਣ

> ***ਇਸੇ ਨੂੰ ਭਗਤ ਕਬੀਰ ਜੀ ਨੇ "ਏਕ ਨੂਰ ਤੇ ਸਭੁ ਜਗੁ ਉਪਜਿਆ" ਕਿਹਾ ਹੈ ਅਤੇ ਗੁਰੂ ਅਰਜਨ ਦੇਵ ਜੀ ਨੇ ਉਸ ਅਕਾਲ ਪੁਰਖ ਨੂੰ "ਤੂੰ ਸਾਝਾ ਸਾਹਿਬੁ ਬਾਪੁ ਹਮਾਰਾ" ਕਿਹਾ ਹੈ। ਗੁਰੂ ਨਾਨਕ ਨੇ ਆਪਣੇ ਆਪ ਨੂੰ ਉੱਚਾ ਅਤੇ ਸ੍ਰੇਸ਼ਟ ਵਰਣ ਕਹਿਣ ਵਾਲਿਆਂ ਦਾ ਸਾਥ ਨਹੀਂ ਦਿੱਤਾ, ਸਗੋਂ ਸਪੱਸ਼ਟ ਐਲਾਨ ਕੀਤਾ ਕਿ ਉਹ ਸਦੀਆਂ ਤੋਂ ਲਿਤਾੜੇ ਜਾ ਰਹੇ, ਦੱਬੇ-ਕੁਚਲੇ ਲੋਕਾਂ ਦੇ ਨਾਲ ਖੜ੍ਹੇ ਹਨ, "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥"***

ਸਮਰੱਥ ਸਿਰਫ ਪਰਮਸਤਿ ਹੈ, ਕੋਈ ਅਵਤਾਰ ਜਾਂ ਦੇਵਤਾ ਉਸ ਦੇ ਤੁਲ ਨਹੀਂ ਹੈ। ਉਹ ਪੈਦਾ ਕਰਕੇ, ਨਾਸ ਕਰਕੇ ਸਭ ਕੁਝ ਆਪ ਹੀ ਦੇਖਦਾ ਹੈ। ਰਾਮਚੰਦ੍ਰ ਦੀ ਮਿਸਾਲ ਦਿੰਦੇ ਹਨ ਕਿ ਉਹ ਫੌਜਾਂ ਇਕੱਠੀਆਂ ਕਰਦਾ ਹੈ, ਉਸ ਕੋਲ ਅਧਿਕਾਰ ਵੀ ਹੈ, ਤਾਕਤ ਵੀ ਹੈ। ਵਾਨਰਾਂ ਦੀ ਫੌਜ ਰਾਹੀਂ ਉਸ ਦੀ ਸੇਵਾ ਵੀ ਹੋ ਰਹੀ ਹੈ; ਮਨ ਅਤੇ ਤਨ ਵਿਚ ਯੁੱਧ ਕਰਨ ਦਾ ਚਾਉ ਵੀ ਹੈ। ਫਿਰ ਵੀ ਰਾਮਚੰਦ੍ਰ ਦੁਖੀ ਹੁੰਦਾ ਹੈ, ਕਿਉਂਕਿ ਸੀਤਾ ਨੂੰ ਰਾਵਣ ਲੈ ਗਿਆ ਹੈ ਅਤੇ ਲੱਛਮਣ ਸਰਾਪ ਨਾਲ ਮਰ ਗਿਆ ਹੈ। ਕਰਤਾ ਪੁਰਖ ਕਿਸੇ ਦਾ ਮੁਥਾਜ ਨਹੀਂ ਹੈ, ਕਿਉਂਕਿ ਉਹ ਸਰਵ-ਸਮਰੱਥ ਹੈ। ਰਾਮਚੰਦ੍ਰ ਕਰਤਾ ਪੁਰਖ ਦੇ ਬਰਾਬਰ ਨਹੀਂ ਹੋ ਸਕਦਾ। ਰਾਮਚੰਦ੍ਰ ਸੀਤਾ ਅਤੇ ਲੱਛਮਣ ਦੀ ਖਾਤਰ ਦੁਖੀ ਹੋਇਆ। ਉਸ ਨੇ ਮਨ ਵਿਚ ਹਨੂੰਮਾਨ ਨੂੰ ਯਾਦ ਕੀਤਾ, ਜੋ ਸੰਜੋਗ ਦੇ ਕਾਰਨ ਉਸ ਦੀ ਸ਼ਰਨ ਆ ਗਿਆ ਸੀ ਅਤੇ ਸੰਜੋਗ ਤਾਂ ਕਰਤਾ ਪੁਰਖ ਬਣਾਉਂਦਾ ਹੈ। ਰਾਵਣ ਮੂਰਖ ਸੀ, ਜਿਸ ਨੂੰ ਇਹ ਗੱਲ ਸਮਝ ਨਹੀਂ ਆਈ ਕਿ ਪਰਮਾਤਮਾ ਨੇ ਸਭ ਕੁਝ ਆਪ ਕੀਤਾ ਹੈ,

ਰਾਮੁ ਝੁਰੈ ਦਲ ਮੇਲਵੈ
ਅੰਤਰਿ ਬਲੁ ਅਧਿਕਾਰ॥
ਬੰਤਰ ਕੀ ਸੈਨਾ ਸੇਵੀਐ
ਮਨਿ ਤਨਿ ਜੁਝੁ ਅਪਾਰੁ॥
ਸੀਤਾ ਲੈ ਗਇਆ ਦਹਸਿਰੋ
ਲਛਮਣੁ ਮੂਓ ਸਰਾਪਿ॥
ਨਾਨਕ ਕਰਤਾ ਕਰਣਹਾਰੁ
ਕਰਿ ਵੇਖੈ ਥਾਪਿ ਉਥਾਪਿ॥੨੫॥
ਮਨ ਮਹਿ ਝੂਰੈ ਰਾਮਚੰਦੁ
ਸੀਤਾ ਲਛਮਣ ਜੋਗੁ॥
ਹਣਵੰਤਰੁ ਆਰਾਧਿਆ
ਆਇਆ ਕਰਿ ਸੰਜੋਗੁ॥
ਭੂਲਾ ਦੈਤੁ ਨ ਸਮਝਈ
ਤਿਨਿ ਪ੍ਰਭ ਕੀਏ ਕਾਮ॥
ਨਾਨਕ ਵੇਪਰਵਾਹੁ ਸੋ ਕਿਰਤੁ
ਨ ਮਿਟਈ ਰਾਮ॥੨੬॥ (ਪੰਨਾ 1412)

ਗੁਰੂ ਅਰਜਨ ਦੇਵ ਜੀ ਅਨੁਸਾਰ ਪਰਮਾਤਮਾ ਦਾ ਨਾਮ ਹੀ ਸਭ ਕੁਝ ਹੈ। ਉਹ ਉਪਦੇਸ਼ ਕਰਦੇ ਹਨ ਕਿ ਗੁਰੂ ਦੀ ਸੰਗਤਿ ਤੋਂ ਸਦਕੇ ਜਾਈਏ, ਜਿੱਥੇ ਜਾ ਕੇ ਪਰਮਸਤਿ ਨਾਲ ਮੇਲ ਹੁੰਦਾ ਹੈ। ਸ੍ਰੀ ਰਾਮਚੰਦ੍ਰ ਦੀ ਲਾਠੀ ਦੇ ਦ੍ਰਿਸ਼ਟਾਂਤ ਨਾਲ ਸਮਝਾਉਂਦੇ ਹਨ ਕਿ ਨਾਮ ਸਿਮਰਨ ਹੀ ਸਭ ਦਾ, ਸਭ ਤੋਂ ਵੱਡਾ ਆਸਰਾ ਹੈ। ਰਾਮਚੰਦ੍ਰ ਪਾਸ ਰਾਜ ਦੀ ਨਿਸ਼ਾਨੀ ਲਾਠੀ ਹੁੰਦੀ ਸੀ, ਜਿਸ ਤੋਂ ਮਾੜੇ ਪੁਰਸ਼ਾਂ ਨੂੰ ਸਜ਼ਾ ਦਾ ਭੈ ਰਹਿੰਦਾ ਸੀ ਅਤੇ ਸਾਰੇ ਰਾਜ ਵਿਚ ਸੁੱਖ ਅਤੇ ਸ਼ਾਂਤੀ ਵਰਤਦੀ ਸੀ। ਗੁਰੂ ਅਰਜਨ ਦੇਵ ਅਨੁਸਾਰ ਪਰਮਾਤਮਾ ਦਾ ਨਾਮ ਹੀ ਉਹ ਲਾਠੀ ਹੈ, ਜੋ ਸੁੱਖ ਤੇ ਸ਼ਾਂਤੀ ਦੇਣ ਵਾਲਾ ਅਤੇ ਸਭ ਦਾ ਆਸਰਾ ਹੈ। (ਪੰਨਾ 817) ਗੁਰੂ ਅਰਜਨ ਦੇਵ ਨਤੀਜਾ ਇਹ ਕੱਢਦੇ ਹਨ ਕਿ ਉਹ ਅਕਾਲ ਪੁਰਖ ਹੀ ਸਾਡੇ ਲਈ ਰਾਮਚੰਦ੍ਰ, ਬਨਵਾਲੀ, ਸੁਦਰਸ਼ਨ ਚੱਕ੍ਰਧਾਰੀ, ਵਿਸ਼ਨੂੰ ਆਦਿ ਹੈ, ਜਿਸ ਦਾ ਨਾਹੀ ਕੋਈ ਰੂਪ ਹੈ, ਨਾ ਰੇਖਾ ਹੈ; ਜੋ ਬੇਮਿਸਾਲ ਸਰੂਪ ਵਾਲਾ ਹੈ ਅਤੇ ਸਾਰੀ ਦੁਨੀਆਂ ਦਾ ਦਾਤਾ ਉਹ ਇੱਕ ਹੈ, ਬਾਕੀ ਸਭ ਉਸੇ ਤੋਂ ਮੰਗਦੇ ਹਨ,

ਸ੍ਰੀ ਰਾਮਚੰਦ੍ਰ ਜਿਸੁ ਰੂਪੁ ਨ ਰੇਖਿਆ॥
ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ॥
ਸਹਸ ਨੇਤ੍ਰ ਮੂਰਤਿ ਹੈ ਸਹਸਾ
ਇਕੁ ਦਾਤਾ ਸਭ ਹੈ ਮੰਗਾ॥੪॥

ਇਸੇ ਨੂੰ ਗੁਰੂ ਨਾਨਕ ਸਾਹਿਬ ਨੇ 'ਸਹਸ ਮੂਰਤਿ ਨਨਾ ਏਕ ਤੁੋਹੀ' ਕਿਹਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਇਸ ਸਾਰੇ ਬ੍ਰਹਿਮੰਡ ਦੀ ਰਚਨਾ ਪਰਮਸਤਿ ਨੇ ਆਪਣੇ ਆਪ ਤੋਂ ਕੀਤੀ ਹੈ ਅਤੇ ਸਾਰੇ ਮਨੁੱਖਾਂ ਵਿਚ ਉਸ ਇੱਕੋ ਕਰਤਾ ਪੁਰਖ ਦੀ ਜੋਤਿ ਵਿਆਪਕ ਹੈ; ਸਾਰੇ ਉਸੇ ਇੱਕੋ ਜੋਤਿ ਤੋਂ ਰੌਸ਼ਨ ਹਨ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ 'ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥' ਰਾਹੀਂ ਦੱਸਿਆ ਹੈ। ਸਾਰੇ ਉਸ ਇੱਕੋ ਕਰਤਾ ਪੁਰਖ ਦੀ ਸਿਰਜਣਾ ਹੋਣ ਕਰਕੇ ਜਾਤਿ, ਵਰਣ ਜਾਂ ਇਸਤਰੀ ਪੁਰਸ਼ ਹੋਣ ਦੇ ਨਾਤੇ ਵਖਰੇਵਾਂ ਕਰਨਾ ਗੁਰਮਤਿ ਫਲਸਫੇ ਅਨੁਸਾਰ ਗੈਰ-ਕੁਦਰਤੀ ਅਤੇ ਗੈਰ-ਸਿਧਾਂਤਕ ਹੈ। ਇਸ ਲਈ ਜਾਤਿ ਅਤੇ ਗੋਤਿ ਦੀ ਕੋਈ ਅਹਿਮੀਅਤ ਨਹੀਂ ਹੈ। ਮਨੁੱਖ ਛੋਟਾ ਜਾਂ ਵੱਡਾ ਆਪਣੇ ਕੀਤੇ ਹੋਏ ਕੰਮਾਂ ਕਰਕੇ ਹੁੰਦਾ ਹੈ। ਮਨੁੱਖ ਦੇ ਸਾਹਮਣੇ ਆਦਰਸ਼ ਆਪਣੇ ਅੰਦਰ ਵੱਸ ਰਹੀ ਉਸ ਜੋਤਿ ਨੂੰ ਅਨੁਭਵ ਕਰਨ ਦਾ ਰੱਖਿਆ ਹੈ, "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ" ਕਿਉਂਕਿ ਮੂਲ ਨੂੰ ਪਛਾਣਨਾ ਅਹਿਮ ਹੈ, ਜਾਤਿ ਮਨੁੱਖ ਦੇ ਨਾਲ ਨਹੀਂ ਜਾਣੀ। ਜਾਤਿ-ਗੋਤ ਪਰਮਾਤਮਾ ਨੇ ਨਹੀਂ ਬਣਾਈ, ਇਹ ਮਨੁੱਖ ਦੀ ਆਪੂੰ ਸਿਰਜੀ ਹੋਈ ਹੈ, "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥"

ਸਾਰੇ ਮਨੁੱਖਾਂ ਦਾ ਸੰਸਾਰ 'ਤੇ ਆਉਣ ਦਾ ਵੀ ਇੱਕੋ ਕੁਦਰਤੀ ਢੰਗ ਹੈ-ਮਾਂ ਦੇ ਪੇਟ ਵਿਚ ਨੇਪਰੇ ਚੜ੍ਹਨਾ ਅਤੇ ਜਨਮ ਲੈਣਾ; ਇਸ ਸੰਸਾਰ ਤੋਂ ਜਾਣ ਦਾ ਵੀ ਇੱਕੋ ਢੰਗ ਹੈ-ਸਰੀਰ ਨਾਲੋਂ ਜੋਤਿ ਦਾ ਵੱਖ ਹੋ ਜਾਣਾ। ਇਹ ਸਭ ਉਸ ਕਰਤਾ ਪੁਰਖ ਦਾ ਖੇਲ ਹੈ, ਜਿਸ ਬਾਰੇ ਗੁਰੂ ਨਾਨਕ ਸਪੱਸ਼ਟ ਕਰਦੇ ਹਨ ਕਿ ਉਸ ਸਿਰਜਣਹਾਰ ਨੇ ਮਾਂ ਦੇ ਲਹੂ ਅਤੇ ਪਿਉ ਦੇ ਵੀਰਜ ਦੀ ਬੂੰਦ ਨੂੰ ਰਲਾ ਕੇ ਮਨੁੱਖ ਦਾ ਸਰੀਰ ਬਣਾ ਦਿੱਤਾ ਤੇ ਸੁਹਣੀ ਸ਼ਕਲ ਦੇ ਦਿੱਤੀ। ਹਰੇਕ ਜੀਵ ਦੇ ਅੰਦਰ ਉਸੇ ਦੀ ਜੋਤਿ ਹੈ, ਮਨੁੱਖ ਕੋਲ ਜੋ ਵੀ ਪਦਾਰਥਾਂ ਦੀ ਬਖਸ਼ਿਸ਼ ਹੈ, ਉਹ ਵੀ ਉਸੇ ਦੀ ਦਿੱਤੀ ਹੋਈ ਦਾਤ ਹੈ, ਉਹ ਅਪਾਰ ਪਰਮਾਤਮਾ ਹਰ ਥਾਂ ਮੌਜੂਦ ਹੈ,

ਮਾ ਕੀ ਰਕਤੁ ਪਿਤਾ ਬਿੰਦੁ ਧਾਰਾ॥
ਮੂਰਤਿ ਸੂਰਤਿ ਕਰਿ ਆਪਾਰਾ॥
ਜੋਤਿ ਦਾਤਿ ਜੇਤੀ ਸਭ ਤੇਰੀ
ਤੂ ਕਰਤਾ ਸਭ ਠਾਈ ਹੇ॥੪॥
(ਪੰਨਾ 1022)

ਜਦੋਂ ਜੀਵ ਮਾਂ ਦੇ ਪੇਟ ਵਿਚ ਹੁੰਦਾ ਹੈ ਤਾਂ ਉਸ ਦੀ ਕੋਈ ਕੁਲ ਜਾਂ ਜਾਤਿ ਨਹੀਂ ਹੁੰਦੀ। ਜੇ ਜਾਤਾਂ ਪਰਮਾਤਮਾ ਨੇ ਬਣਾਈਆਂ ਹੁੰਦੀਆਂ ਤਾਂ ਹਰ ਜਾਤਿ ਲਈ ਪੈਦਾ ਹੋਣ ਦੇ ਵੱਖੋ ਵੱਖਰੇ ਢੰਗ ਤਰੀਕੇ ਹੁੰਦੇ। ਸਾਰੇ ਮਨੁੱਖ ਇੱਕੋ ਕੁਦਰਤੀ ਢੰਗ ਅਨੁਸਾਰ ਜਨਮ ਲੈਂਦੇ ਅਤੇ ਮਰਦੇ ਹਨ। ਭਗਤ ਕਬੀਰ ਜੀ ਮਨੁੱਖ ਵੱਲੋਂ ਪੈਦਾ ਕੀਤੇ ਜਾਤਿ ਪ੍ਰਬੰਧ 'ਤੇ ਤਰਕ ਕਰਦਿਆਂ ਪੰਡਿਤ ਨੂੰ ਸਵਾਲ ਕਰਦੇ ਹਨ ਕਿ ਜੇ ਤੂੰ ਬਾਕੀ ਮਨੁੱਖਾਂ ਨਾਲੋਂ ਅਲੱਗ ਜਾਂ ਉੱਚਾ ਹੈਂ, ਅਸਲੀਅਤ ਵਿਚ ਬ੍ਰਾਹਮਣ ਹੈਂ ਅਤੇ ਬ੍ਰਾਹਮਣ ਇਸਤਰੀ ਦੇ ਪੇਟ ਵਿਚੋਂ ਪੈਦਾ ਹੋਇਆ ਹੈਂ ਤਾਂ ਤੂੰ ਆਮ ਮਨੁੱਖਾਂ ਨਾਲੋਂ ਵੱਖਰੇ ਢੰਗ ਨਾਲ ਪੈਦਾ ਕਿਉਂ ਨਹੀਂ ਹੋਇਆ? ਤੁਸੀਂ ਬ੍ਰਾਹਮਣ ਕਿਵੇਂ ਬਣ ਗਏ ਅਤੇ ਅਸੀਂ ਸ਼ੂਦਰ ਕਿਵੇਂ ਰਹਿ ਗਏ? ਬ੍ਰਾਹਮਣਾਂ ਦੀਆਂ ਨਾੜਾਂ ਵਿਚ ਕਿਵੇਂ ਨਿਰ੍ਹਾ ਦੁੱਧ ਵਗਦਾ ਹੈ ਅਤੇ ਸ਼ੂਦਰਾਂ ਦੀਆਂ ਨਾੜਾਂ ਵਿਚ ਕਿਵੇਂ ਨਿਰ੍ਹਾ ਲਹੂ ਵਹਿੰਦਾ ਹੈ? ਪਰਮਾਤਮਾ ਵੱਲੋਂ ਸਾਰੇ ਮਨੁੱਖਾਂ ਦੀ ਬਣਤਰ ਇੱਕੋ ਜਿਹੀ ਹੈ। ਬ੍ਰਾਹਮਣ ਆਪਣੀ ਜਾਤਿ ਦੇ ਝੂਠੇ ਹੰਕਾਰ ਵਿਚ ਹੀ ਆਪਣਾ ਜਨਮ ਅਜਾਈਂ ਗੁਆ ਰਿਹਾ ਹੈ, ਜੋ ਉਸ ਨੂੰ ਆਪਣੇ ਅੰਦਰ ਵਸ ਰਹੀ ਜੋਤਿ ਦਾ ਅਨੁਭਵ ਕਰਨ ਲਈ ਮਿਲਿਆ ਹੈ,

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ ਰਹਾਉ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥੩॥
(ਪੰਨਾ 324)

ਸਿੱਖ ਧਰਮ ਦਰਸ਼ਨ ਅਨੁਸਾਰ ਜਾਤ ਦੇ ਵੱਡੇ ਹੋਣ ਦਾ ਹੰਕਾਰ ਕਰਨਾ ਜਾਂ ਵੱਡਾ ਨਾਮ ਹੋਣ ਦਾ ਹੰਕਾਰ ਕਰਨਾ ਸਭ ਵਿਅਰਥ ਹੈ। ਸਾਰੇ ਮਨੁੱਖਾਂ ਵਿਚ ਇੱਕੋ ਪਰਮਾਤਮਾ ਦੀ ਜੋਤਿ ਵਿਆਪਕ ਹੈ, ਸਭ ਦੀ ਇੱਕੋ ਨੁਹਾਰ ਹੈ। ਜੇ ਕੋਈ ਮਨੁੱਖ ਆਪਣੇ ਆਪ ਨੂੰ ਜਾਤ ਕਰਕੇ ਵੱਡਾ ਸਮਝੇ ਤਾਂ ਉਹ ਵੱਡਾ ਨਹੀਂ ਬਣ ਜਾਂਦਾ। ਮਨੁੱਖ ਤਾਂ ਹੀ ਵੱਡਾ ਮੰਨਿਆ ਜਾਂਦਾ ਹੈ, ਜੇ ਉਹ ਪਰਮਾਤਮਾ ਦੇ ਹਜ਼ੂਰ ਆਪਣੇ ਕੀਤੇ ਕੰਮਾਂ ਦੇ ਲੇਖੇ ਕਰਕੇ ਵੱਡਾ ਸਾਬਤ ਹੋਵੇ। ਪਰਮਾਤਮਾ ਦਾ ਇਹ ਫੈਸਲਾ ਕਿ ਉਥੇ ਕਿਸੇ ਜਾਤਿ ਦਾ ਲਿਹਾਜ਼ ਨਹੀਂ ਕੀਤਾ ਜਾਂਦਾ, ਸਿਰਫ ਸੱਚ ਦੀ ਪਰਖ ਹੁੰਦੀ ਹੈ, ਹਰ ਯੁੱਗ ਵਿਚ ਇਸੇ ਤਰ੍ਹਾਂ ਵਰਤਦਾ ਆਇਆ ਹੈ,

ਜਾਤੀ ਦੈ ਕਿਆ ਹਥਿ ਸਚੁ ਪਰਖੀਐ॥
ਮਹੁਰਾ ਹੋਵੈ ਹਥਿ ਮਰੀਐ ਚਖੀਐ॥
ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥
ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥
(ਪੰਨਾ 142)

ਇਸੇ ਨੂੰ ਭਗਤ ਕਬੀਰ ਜੀ ਨੇ "ਏਕ ਨੂਰ ਤੇ ਸਭੁ ਜਗੁ ਉਪਜਿਆ" ਕਿਹਾ ਹੈ ਅਤੇ ਗੁਰੂ ਅਰਜਨ ਦੇਵ ਜੀ ਨੇ ਉਸ ਅਕਾਲ ਪੁਰਖ ਨੂੰ "ਤੂੰ ਸਾਝਾ ਸਾਹਿਬੁ ਬਾਪੁ ਹਮਾਰਾ" ਕਿਹਾ ਹੈ। ਗੁਰੂ ਨਾਨਕ ਨੇ ਆਪਣੇ ਆਪ ਨੂੰ ਉੱਚਾ ਅਤੇ ਸ੍ਰੇਸ਼ਟ ਵਰਣ ਕਹਿਣ ਵਾਲਿਆਂ ਦਾ ਸਾਥ ਨਹੀਂ ਦਿੱਤਾ, ਸਗੋਂ ਸਪੱਸ਼ਟ ਐਲਾਨ ਕੀਤਾ ਕਿ ਉਹ ਸਦੀਆਂ ਤੋਂ ਲਿਤਾੜੇ ਜਾ ਰਹੇ, ਦੱਬੇ-ਕੁਚਲੇ ਲੋਕਾਂ ਦੇ ਨਾਲ ਖੜ੍ਹੇ ਹਨ, "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥" ਇਸੇ ਲਈ ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਸਾਹਿਬ ਨੇ 'ਚਾਰੇ ਪੈਰ ਧਰੰਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ' ਸਥਾਪਤ ਕਰਕੇ ਸੰਸਾਰ ਨੂੰ ਪ੍ਰਤੱਖ ਕਰ ਦਿੱਤਾ,

ਚਾਰਿ ਵਰੁਨ ਇਕ ਵਰੁਨ ਕਰਿ
ਵਰਨ ਅਵਰਨ ਤੁੰਬੋਲ ਗੁਲਾਲੇ।
ਅਸਟ ਧਾਤੁ ਇਕ ਧਾਤੁ ਕਰਿ
ਵੇਦ ਕਤੇਬ ਨ ਭੇਦੁ ਵਿਚਾਲੇ।

ਗੁਰੂ ਨਾਨਕ ਸਾਹਿਬ ਨੇ ਧਰਮ ਦਾ ਅਜਿਹਾ ਸਿਧਾਂਤ ਦਿੱਤਾ, ਜੋ ਸਮਾਜ ਨਾਲ ਨਾ ਸਿਰਫ ਬਹੁਤ ਨੇੜਿਓਂ ਜੁੜਿਆ ਹੋਇਆ ਹੈ, ਸਗੋਂ ਜਿਸ ਦਾ ਮਕਸਦ ਇੱਕ ਬਰਾਬਰੀ ਵਾਲਾ, ਸਰਬੱਤ ਦੇ ਭਲੇ ਨਾਲ ਜੁੜਿਆ ਹੋਇਆ ਧਰਮ ਕਾਇਮ ਕਰਨਾ ਸੀ। ਇਸੇ ਲਈ ਉਨ੍ਹਾਂ ਨੇ ਸਮਾਜ ਦੇ ਨਿਚਲੇ ਵਰਣਾਂ ਵਾਂਗ ਹੀ ਇਸਤਰੀ ਵਰਗ ਨੂੰ ਵੀ ਬਰਾਬਰ ਦੀ ਮਹੱਤਤਾ ਦਿੱਤੀ। ਕਈ ਵਿਦਵਾਨ, ਜੋ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਪੇਤਲੀ ਨਜ਼ਰ ਨਾਲ ਦੇਖਦੇ ਅਤੇ ਸਮਝਦੇ ਹਨ, ਟਿੱਪਣੀ ਕਰ ਦਿੰਦੇ ਹਨ ਕਿ ਇੱਕ ਪੰਕਤੀ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਕਰਕੇ ਇਹ ਕਹਿ ਦਿੱਤਾ ਜਾਂਦਾ ਹੈ ਕਿ ਗੁਰੂ ਨਾਨਕ ਨੇ ਇਸਤਰੀ ਨੂੰ ਬਰਾਬਰ ਦਾ ਸਥਾਨ ਦਿੱਤਾ। ਉਹ ਨਾਲ ਹੀ ਇਹ ਇਤਰਾਜ਼ ਵੀ ਕਰਦੇ ਹਨ ਕਿ ਗੁਰੂ ਨਾਨਕ ਨੇ ਰਾਜਿਆਂ ਨੂੰ ਸ੍ਰੇਸ਼ਟ ਮੰਨਿਆ ਹੈ। ਇਸ ਤਰ੍ਹਾਂ ਦਾ ਵਿਰੋਧ ਆਮ ਤੌਰ 'ਤੇ ਹੀ ਖੱਬੇ ਪੱਖੀ ਵਿਚਾਰਧਾਰਾ ਨਾਲ ਜੁੜੇ ਵਿਦਵਾਨਾਂ ਵੱਲੋਂ ਪ੍ਰਗਟਾਇਆ ਜਾਂਦਾ ਹੈ, ਜੋ ਦਰੁਸਤ ਨਹੀਂ ਹੈ।

*(ਬਾਕੀ ਅਗਲੇ ਸਫੇ 'ਤੇ)*

# ਸਾਮਰਾਜ, ਪੂੰਜੀਵਾਦ ਅਤੇ ਗੁਰਮਤਿ ਅਨੁਸਾਰ ਮਨੁੱਖੀ ਮੁਕਤੀ

ਕੁਝ ਪੜ੍ਹੇ-ਲਿਖੇ ਅਤੇ ਸਿਆਣੇ-ਬਿਆਣੇ ਸਿੱਖਾਂ ਨੂੰ ਵੀ ਇਹ ਜਾਪਦਾ ਹੈ ਕਿ ਜਦੋਂ ਕੋਈ ਲੇਖਕ ਆਪਣੀਆਂ ਲਿਖਤਾਂ ਵਿਚ ਅਮਰੀਕੀ ਸਾਮਰਾਜ ਜਾਂ ਪੂੰਜੀਵਾਦ ਦਾ ਜ਼ਿਕਰ ਕਰਦਾ ਹੈ ਤਾਂ ਇਹ ਕਿਸੇ ਕਮਿਊਨਿਸਟ ਏਜੰਡੇ ਦੀਆਂ ਗੱਲਾਂ ਹਨ। ਉਨ੍ਹਾਂ ਦੇ ਮਨ ਵਿਚ 'ਸਮਾਜਕ ਪ੍ਰਾਣੀਆਂ ਨੂੰ ਗੁਰਬਾਣੀ ਦੇ ਆਤਮਿਕ ਰੰਗ ਵਿਚ ਰੰਗਣ' ਦਾ ਸਮਾਜੀ ਜ਼ਿੰਦਗੀ ਨਾਲੋਂ ਟੁਟਿਆ

**ਗੁਰਬਚਨ ਸਿੰਘ**
ਫੋਨ: 91-98156-98451

ਹੋਇਆ ਕੋਈ ਅਮੂਰਤ ਸੰਕਲਪ ਬਣਿਆ ਹੋਇਆ ਹੈ, ਜਿਸ ਨੂੰ ਉਹ ਸਿੱਖਾਂ ਦੇ 'ਵਿਅਕਤੀਗਤ ਅਤੇ ਸਮਾਜਕ ਵਰਤਾਰੇ (behavior pattern)' ਵਿਚ ਹਾਂ-ਪੱਖੀ ਤਬਦੀਲੀ ਲਿਆਉਣ ਦੇ ਇਕ ਯਤਨ ਵਜੋਂ ਕਲਪਦੇ ਹਨ; ਪਰ ਹਕੀਕੀ ਜ਼ਿੰਦਗੀ ਵਿਚ ਇਹ ਵਰਤਾਰਾ ਏਨਾ ਸਰਲ ਅਤੇ ਸਿੱਧਾ ਨਹੀਂ, ਜਿਵੇਂ ਇਸ ਨੂੰ ਕਿਆਸਿਆ ਜਾਂਦਾ ਹੈ। ਗੁਰਮਤਿ ਦਾ ਫੁਰਮਾਨ ਹੈ,

ਇਹੁ ਜਗੁ ਸਚੈ ਕੀ ਹੈ ਕੋਠੜੀ
ਸਚੇ ਕਾ ਵਿਚਿ ਵਾਸੁ॥
ਇਕਨ੍ਹਾ ਹੁਕਮਿ ਸਮਾਇ ਲਏ
ਇਕਨ੍ਹਾ ਹੁਕਮੇ ਕਰੇ ਵਿਣਾਸੁ॥
ਇਕਨ੍ਹਾ ਭਾਣੈ ਕਢਿ ਲਏ
ਇਕਨਾ ਮਾਇਆ ਵਿਚਿ ਨਿਵਾਸੁ॥
ਏਵ ਭਿ ਆਖਿ ਨ ਜਾਪਈ
ਜਿ ਕਿਸੈ ਆਣੇ ਰਾਸਿ॥
ਨਾਨਕ ਗੁਰਮੁਖਿ ਜਾਣੀਐ
ਜਾ ਕਉ ਆਪਿ ਕਰੇ ਪਰਗਾਸੁ॥੩॥
(ਪੰਨਾ 463)

ਯਥਾ ਇਹ ਸਾਰਾ ਜਗਤ ਉਸ ਸੱਚੇ ਕਰਤਾ ਦਾ ਨਿਵਾਸ ਹੈ ਅਤੇ ਇਸ ਦੇ ਵਿਚ ਹੀ ਉਸ ਸਿਰਜਣਹਾਰ ਦਾ ਵਸੇਬਾ ਹੈ। ਉਸ ਦੇ ਹੁਕਮ ਵਿਚ ਹੀ ਇਸ ਜਗਤ ਵਿਚ ਆਉਣ-ਜਾਣ ਭਾਵ ਜੰਮਣ-ਮਰਨ ਬਣਿਆ ਹੋਇਆ ਹੈ। ਇਕ ਉਸ ਦੇ ਹੁਕਮ ਵਿਚ ਆ ਰਹੇ ਹਨ ਅਤੇ ਦੂਜੇ ਉਸ ਦੇ ਹੁਕਮ ਵਿਚ ਜਾ ਰਹੇ ਹਨ। ਇਕਨਾ ਨੂੰ ਉਹ ਮਾਇਆ ਦੇ ਭਰਮਜਾਲ ਵਿਚੋਂ ਕੱਢ ਲੈਂਦਾ ਹੈ ਅਤੇ ਦੂਜੇ ਅਜੇ ਮਾਇਆ ਦੇ ਭਰਮਜਾਲ ਵਿਚ ਹੀ ਫਸੇ ਹੋਏ ਹਨ। ਇਹ ਵੀ ਆਖਿਆ ਨਹੀਂ ਜਾ ਸਕਦਾ ਕਿ ਉਹ ਕਿਸੇ ਨੂੰ ਸਿਧੇ ਰਾਹ ਪਾਉਂਦਾ ਹੈ, ਪਰ ਜਿਸ ਮਨੁੱਖ ਦੇ ਮਨ ਵਿਚ ਇਸ ਆਤਮਿਕ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਓਹੀ ਮਨੁੱਖ ਗੁਰਮੁਖ ਹੈ।

ਪ੍ਰੋ. ਪੂਰਨ ਸਿੰਘ ਇਸ ਸਮੁੱਚੇ ਵਰਤਾਰੇ ਦੀ ਵਿਆਖਿਆ ਇਉਂ ਕਰਦੇ ਹਨ, "ਸਿੱਖ ਮਤਿ ਦ੍ਰਿਸ਼ਟਮਾਨ ਭੌਤਿਕ ਸੰਸਾਰ ਤੋਂ ਆਪਣਾ ਅਰੰਭ ਕਰਦਾ ਹੈ ਅਤੇ ਇਸ ਨੂੰ ਅੱਗੇ ਵਿਸਥਾਰ ਦਿੰਦਾ ਹੈ, ਜਦੋਂ ਕਿ ਬ੍ਰਾਹਮਣ ਮਤਿ ਅਦ੍ਰਿਸ਼ਟ (ਬ੍ਰਹਮ) ਤੋਂ ਅਰੰਭ ਕਰਕੇ ਮਾਨਸਿਕ ਕਲਪਨਾ ਵਿਚ ਹੀ ਇਸ ਦੀ ਵਿਆਖਿਆ ਕਰਦਾ ਹੈ।" ਆਦਿ ਕਾਲ ਤੋਂ ਲੈ ਕੇ ਹੁਣ ਤਕ ਮਨੁੱਖੀ ਆਤਮਿਕ ਗਿਆਨ ਦੀਆਂ ਇਹ ਦੋ ਧਾਰਾਵਾਂ ਨਿਰੰਤਰ ਚਲਦੀਆਂ ਆ ਰਹੀਆਂ ਹਨ। ਆਤਮਿਕ ਗਿਆਨ ਦੀ ਇਕ ਧਾਰਾ ਇਸ ਦ੍ਰਿਸ਼ਟੀਗੋਚਰ ਹੁੰਦੇ ਭੌਤਿਕ 'ਸੰਸਾਰ' ਦੇ ਸੱਚ ਨੂੰ ਆਧਾਰ ਮੰਨ ਕੇ ਤੇ ਅੰਤਹੀਣ ਅਦ੍ਰਿਸ਼ਟ 'ਬ੍ਰਹਮ' ਨੂੰ ਇਸ ਦਾ ਵਿਸਥਾਰ ਮੰਨ ਕੇ ਵਿਕਸਿਤ ਹੁੰਦੀ ਆਈ ਹੈ ਅਤੇ ਦੂਜੀ ਧਾਰਾ ਅਦ੍ਰਿਸ਼ਟ 'ਬ੍ਰਹਮ' ਨੂੰ ਆਧਾਰ ਮੰਨ ਕੇ ਤੇ ਦ੍ਰਿਸ਼ਟੀਗੋਚਰ ਹੁੰਦੇ ਭੌਤਿਕ 'ਸੰਸਾਰ' ਦੀ ਹੋਂਦ ਨੂੰ ਮਾਇਆ ਭਾਵ ਛਲਾਵਾ ਮੰਨ ਕੇ ਆਪਣੀ ਮਾਨਸਿਕ ਕਲਪਨਾ ਵਿਚ ਹੀ ਮਨੁੱਖੀ ਜ਼ਿੰਦਗੀ ਦਾ ਵਿਸਥਾਰ ਕਰਦੀ ਆਈ ਹੈ। ਗੁਰਮਤਿ ਆਤਮਿਕ ਗਿਆਨ ਦੀ ਪਹਿਲੀ ਧਾਰਾ ਨਾਲ ਸਬੰਧਤ ਹੈ, ਜਦੋਂ ਕਿ ਮੂਰਤੀਪੂਜ ਅਤੇ ਵਰਣ-ਵੰਡ ਦਾ ਧਾਰਨੀ ਬ੍ਰਾਹਮਣਵਾਦ ਆਤਮਿਕ ਗਿਆਨ ਦੀ ਦੂਜੀ ਧਾਰਾ ਦਾ ਪੈਰੋਕਾਰ ਹੈ।

ਇਸ ਬ੍ਰਾਹਮਣਵਾਦੀ ਮਾਨਸਿਕ ਕਲਪਨਾ ਦਾ ਇਕ ਹੋਰ ਅਮਲੀ ਪੱਖ ਵੀ ਹੈ। ਆਪਣੀ ਨਿਤ ਬਦਲ ਰਹੀ ਨਾਸਵੰਤ ਹੋਂਦ ਨੂੰ ਨਾ ਪਛਾਣ ਕੇ ਇਸ ਨੂੰ ਸਦੀਵੀ ਸਮਝ ਲੈਣਾ ਅਤੇ ਇਸ ਸੰਸਾਰ ਵਿਚ ਸਦੀਵੀ ਰਹਿਣ ਦਾ ਭਰਮ ਪਾਲ ਕੇ ਹਉਮੈ ਅਤੇ ਤ੍ਰਿਸ਼ਨਾ ਦਾ ਸ਼ਿਕਾਰ ਹੋ ਜਾਣਾ। ਇਸ ਭਰਮ ਅਧੀਨ ਮਨੁੱਖੀ ਜ਼ਿੰਦਗੀ ਲਈ ਬੇਲੋੜੀਆਂ ਵਸਤੂਆਂ ਦੇ ਲਾਲਚ ਵਿਚ ਫਸ ਕੇ ਧਨ ਦੌਲਤ ਅਤੇ ਨਿਜੀ ਜਾਇਦਾਦ ਦੇ ਰੂਪ ਵਿਚ ਵਧ ਤੋਂ ਵਧ ਕੁਦਰਤੀ ਸਾਧਨਾਂ ਨੂੰ ਆਪਣੀ ਨਿਜੀ ਜਕੜ ਵਿਚ ਲੈਣ ਦੇ ਯਤਨ ਕਰਨਾ।

ਬ੍ਰਾਹਮਣ ਮਤਿ ਕਹਿੰਦਾ ਹੈ ਕਿ ਇਹ ਦਿਸਦਾ ਸੰਸਾਰ ਮਾਇਆ ਭਾਵ ਇਕ ਛਲਾਵਾ ਹੈ, ਜਦੋਂ ਕਿ ਗੁਰਮਤਿ ਕਹਿੰਦੀ ਹੈ ਕਿ ਨਹੀਂ, ਇਹ ਦਿਸਦਾ ਸੰਸਾਰ ਇਕ ਹਕੀਕਤ ਹੈ, ਸੱਚ ਹੈ ਅਤੇ ਇਹ ਅਸੀਮ ਬ੍ਰਹਿਮੰਡੀ ਹਸਤੀ (ਬ੍ਰਹਮ) ਦਾ ਹੀ ਇਕ ਅੰਸ਼ ਹੈ, ਪਰ ਇਸ ਹਕੀਕੀ ਸੰਸਾਰ ਵਿਚ ਆਪਣੀ ਨਿਰੰਤਰ ਬਦਲ ਰਹੀ ਨਾਸਵੰਤ ਹੋਂਦ ਨੂੰ ਨਾ ਮੰਨ ਕੇ ਸਦੀਵੀ ਜਿਉਂਦੇ ਰਹਿਣ ਦਾ ਭਰਮ ਪਾਲ ਲੈਣਾ ਭਾਵ ਹਉਮੈ (ਆਪਣੀ ਝੂਠੀ ਹੋਂਦ) ਅਤੇ ਤ੍ਰਿਸ਼ਨਾ (ਬੇਲੋੜੀਆਂ ਇੱਛਾਵਾਂ) ਦਾ ਸ਼ਿਕਾਰ ਹੋ ਜਾਣਾ ਅਤੇ ਆਪਣੀਆਂ ਤਰਕਸੰਗਤ ਮਨੁੱਖੀ ਲੋੜਾਂ ਨੂੰ ਵਿਸਾਰ ਕੇ ਗੈਰਕੁਦਰਤੀ ਤੇ ਅਣਮਨੁੱਖੀ ਲੋੜਾਂ ਦੀਆਂ ਅਚੇਤ ਮਨੁੱਖੀ ਮਨ ਵਿਚ ਪੈਦਾ ਹੁੰਦੀਆਂ ਇਛਾਵਾਂ (ਤ੍ਰਿਸ਼ਨਾ) ਮਗਰ ਦੌੜਨਾ ਮਾਇਆ ਹੈ। ਇਨ੍ਹਾਂ ਬੇਲੋੜੀਆਂ ਇੱਛਾਵਾਂ ਦੀ ਪੂਰਤੀ ਲਈ ਧਨ ਦੌਲਤ ਅਤੇ ਨਿਜੀ ਜਾਇਦਾਦ ਇਕੱਠੀ ਕਰਨ ਦੀ ਲਾਲਸਾ (ਲਾਲਚ) ਨੂੰ ਪੂਰਾ ਕਰਨ ਦੇ ਯਤਨ ਕਰਨੇ ਇਸ ਮਾਇਆ ਦਾ ਪ੍ਰਗਟ ਰੂਪ ਹੈ।

ਇਸ ਤਰ੍ਹਾਂ ਗੁਰਮਤਿ ਅਨੁਸਾਰ ਮਾਇਆ ਦੇ ਦੋ ਰੂਪ ਹਨ। ਪਹਿਲਾ ਆਤਮਿਕ ਭਾਵ ਅੰਦਰੂਨੀ ਰੂਪ ਅਤੇ ਦੂਜਾ ਬਾਹਰੀ ਭਾਵ ਪ੍ਰਗਟ ਰੂਪ। ਮਾਇਆ ਦਾ ਆਤਮਿਕ (ਅੰਦਰੂਨੀ) ਰੂਪ ਆਪਣੇ ਸਰੀਰ ਦੀਆਂ ਤਰਕਸੰਗਤ ਮਨੁੱਖੀ ਲੋੜਾਂ ਤੋਂ ਵਧ ਦੀਆਂ ਪੈਦਾ ਹੁੰਦੀਆਂ ਇੱਛਾਵਾਂ (ਤ੍ਰਿਸ਼ਨਾ) ਹਨ, ਜੋ ਅਚੇਤ ਮਨੁੱਖੀ ਮਨ ਨੂੰ ਭਟਕਾਉਂਦੀਆਂ ਹਨ ਅਤੇ ਇਸ ਦਾ ਪ੍ਰਗਟ ਭਾਵ ਅਮਲੀ ਰੂਪ, ਇਨ੍ਹਾਂ ਇੱਛਾਵਾਂ (ਤ੍ਰਿਸ਼ਨਾ) ਦੀ ਪੂਰਤੀ ਲਈ ਨਿਜੀ ਜਾਇਦਾਦ ਵਜੋਂ ਬੇਲੋੜੀ 'ਪੂੰਜੀ' ਭਾਵ ਧਨ ਦੌਲਤ ਇਕੱਠੇ ਕਰਨ ਦੇ ਯਤਨ ਕਰਨਾ ਹੈ, ਜੋ ਮਨੁੱਖ ਨੂੰ ਦਿਨ-ਰਾਤ ਬੇਲੋੜਾ ਭਜਾਈ ਫਿਰਦੇ ਹਨ। ਇਹ ਬੇਲੋੜੇ ਯਤਨ ਮਨੁੱਖ ਦੇ ਸਰੀਰਕ, ਮਾਨਸਿਕ ਅਤੇ ਆਤਮਿਕ ਵਿਕਾਸ ਵਿਚ ਵੱਡੀ ਰੁਕਾਵਟ ਬਣਦੇ ਹਨ, ਕਿਉਂਕਿ ਆਪਣੀਆਂ ਸੀਮਤ ਮਨੁੱਖੀ ਲੋੜਾਂ ਤੋਂ ਵਧੇਰੇ ਸਾਧਨ ਤੇ ਪੈਸਾ ਇਕੱਠਾ ਕਰਨ ਦੇ ਯਤਨ ਬਾਕੀ ਮਨੁੱਖੀ ਸਮਾਜ ਨੂੰ ਅਣਗੌਲਿਆ ਕਰਕੇ ਹੀ ਕੀਤੇ ਜਾ ਸਕਦੇ ਹਨ। ਇਸ ਲਈ ਇਹ ਯਤਨ ਮਨੁੱਖੀ ਅਤੇ ਸਮਾਜੀ ਰਿਸ਼ਤਿਆਂ ਦੀ ਹੋਂਦ ਨੂੰ ਨਕਾਰਦੇ ਹਨ। ਇਸ ਤਰ੍ਹਾਂ ਬ੍ਰਾਹਮਣਵਾਦ ਵਿਚਲੇ ਮਾਇਆ ਦੇ ਸੰਕਲਪ ਅਤੇ ਗੁਰਮਤਿ ਵਿਚਲੇ ਮਾਇਆ ਦੇ ਸੰਕਲਪ ਵਿਚਕਾਰ ਸਪਸ਼ਟ ਨਿਖੇੜਾ ਕੀਤਾ ਗਿਆ ਹੈ।

ਆਤਮਿਕ ਗਿਆਨ ਦੀਆਂ ਇਨ੍ਹਾਂ ਦੋ ਧਾਰਾਵਾਂ ਦਾ ਮਨੁੱਖੀ ਸਮਾਜ ਅੰਦਰ ਠੋਸ ਪ੍ਰਗਟਾਵਾ 'ਹਕੀਕਤ ਮੁਖੀ ਸਮਾਜ ਭਾਵ ਆਪਣੀਆਂ ਤਰਕਸੰਗਤ ਸੀਮਤ ਮਨੁੱਖੀ ਲੋੜਾਂ ਦੀ ਸੁਚੇਤ ਪਛਾਣ ਕਰਕੇ ਉਨ੍ਹਾਂ ਦੀ ਪੂਰਤੀ ਕਰਨ ਵਾਲੇ ਸਮਾਜ ਅਤੇ ਨਿਰੋਲ ਕਲਪਨਾ ਮੁਖੀ ਭਾਵ ਹਉਮੈ ਤੇ ਤ੍ਰਿਸ਼ਨਾ ਦੇ ਸ਼ਿਕਾਰ ਬੇਲਗਾਮ ਮਨ ਦੀਆਂ ਕਦੇ ਪੂਰੀਆਂ ਨਾ ਹੋਣ ਵਾਲੀਆਂ ਲੋੜਾਂ ਲਈ ਭਟਕਦੇ ਸਮਾਜ' ਦੇ ਰੂਪ ਵਿਚ ਹੁੰਦਾ ਹੈ। ਅਜੋਕਾ ਸਾਮਰਾਜੀ ਰਾਜਪ੍ਰਬੰਧ ਮਾਇਆ ਦੇ ਇਨ੍ਹਾਂ ਦੋਹਾਂ ਰੂਪਾਂ ਦਾ ਵਿਰਾਟ ਪ੍ਰਗਟਾਵਾ ਹੈ। ਇਸ ਸਾਮਰਾਜੀ ਰਾਜਪ੍ਰਬੰਧ ਵਿਚ ਇਸ ਹਕੀਕੀ ਸੰਸਾਰ ਨੂੰ ਮਾਇਆ (ਛਲਾਵਾ) ਸਮਝਣ ਵਾਲਾ ਅਤੇ ਕਿਸੇ ਕਲਪਿਤ ਰੱਬ (ਬ੍ਰਹਮਾ) ਨੂੰ ਮੰਨਣ ਵਾਲਾ ਮੂਰਤੀਪੂਜ ਬ੍ਰਾਹਮਣਵਾਦ ਤੇ ਇਸ ਮਾਇਆ ਦਾ ਪ੍ਰਗਟ ਰੂਪ ਸਾਮਰਾਜੀ ਸਭਿਆਚਾਰ (ਭਾਵ ਪੈਸੇ ਦੀ ਅੰਤਹੀਣ ਲਾਲਸਾ ਕਾਰਨ ਮਨੁੱਖੀ ਅਤੇ ਸਮਾਜੀ ਰਿਸ਼ਤਿਆਂ ਤੋਂ ਟੁੱਟੀ ਹੋਈ ਸਾਮਰਾਜੀ ਮਾਨਸਿਕਤਾ) ਇਕਮਿਕ ਹੋ ਗਏ ਹਨ। ਇਸੇ ਕਾਰਨ ਅਜੋਕਾ ਸਾਮਰਾਜੀ ਰਾਜਪ੍ਰਬੰਧ ਆਪਣੀ ਜਣਨਹਾਰ ਕੁਦਰਤ ਨੂੰ ਵੀ ਟਿਚ ਸਮਝਣ ਲੱਗ ਪਿਆ ਹੈ ਅਤੇ ਅਤਿ ਦੇ ਵਹਿਸ਼ੀ ਢੰਗਾਂ ਨਾਲ ਕੁਦਰਤੀ ਚੌਗਿਰਦੇ ਦਾ ਉਜਾੜਾ ਕਰ ਰਿਹਾ ਹੈ।

ਸਾਮਰਾਜੀ ਖਪਤਕਾਰੀ ਦੀ ਇਸ ਵਹਿਸ਼ਤ ਨੇ ਸਮੁੱਚੇ ਮਨੁੱਖੀ ਮਨ ਨੂੰ ਬਿਮਾਰ ਕਰ ਦਿਤਾ ਹੈ। ਇਹੀ ਬਿਮਾਰ ਮਨ ਅਜੋਕੇ ਮਨੁੱਖੀ ਸਮਾਜ ਨੂੰ ਚੰਬੜੀਆਂ ਹੋਈਆਂ ਸਾਰੀਆਂ ਖਤਰਨਾਕ ਅਲਾਮਤਾਂ ਦਾ ਜਨਕ ਹੈ। ਤਰਕਸੰਗਤ ਮਨੁੱਖੀ ਲੋੜਾਂ ਉਤੇ ਆਧਾਰਿਤ ਇਕ ਮਾਨਵਵਾਦੀ ਸਮਾਜ ਦੀ ਧਾਰਾ ਅਤੇ ਨਿਰੋਲ ਮਾਨਸਿਕ ਕਲਪਨਾ ਉਤੇ ਆਧਾਰਿਤ ਸਾਮਰਾਜੀ ਖਪਤਕਾਰੀ ਦੀ ਹਵਸ ਦੇ ਮਾਰੇ ਮਨੋਰੋਗੀ ਸਮਾਜ ਦੀ ਧਾਰਾ ਵਿਚਕਾਰ ਅਜ ਇਕ ਜ਼ਬਰਦਸਤ ਟੱਕਰ ਚਲ ਰਹੀ ਹੈ। ਖਤਰਾ ਇਸ ਗੱਲ ਦਾ ਹੈ ਕਿ ਜੇ ਕੁਦਰਤ ਭਾਵ ਮਾਨਵਤਾਵਾਦੀ ਸਮਾਜ ਦੀ ਧਾਰਾ ਭਾਰੂ ਨਾ ਹੋਈ ਤਾਂ ਨਿਰੋਲ ਮਾਨਸਿਕ ਕਲਪਨਾ ਉਤੇ ਆਧਾਰਿਤ ਸਾਮਰਾਜੀ ਰਾਜਪ੍ਰਬੰਧ ਸਗਲ ਸੰਸਾਰ ਨੂੰ ਤੀਜੀ ਸਾਮਰਾਜੀ ਜੰਗ ਵੱਲ ਧਕ ਦੇਵੇਗਾ, ਜਿਹੜੀ ਲਾਜ਼ਮੀ ਹੀ ਪ੍ਰਮਾਣੂ ਜੰਗ ਹੋਵੇਗੀ ਅਤੇ ਸਮੁੱਚੇ ਜਗਤ ਦੀ ਤਬਾਹੀ ਦਾ ਕਾਰਨ ਬਣੇਗੀ।

ਅਜੋਕੀ ਮਨੁੱਖੀ ਮਾਨਸਿਕਤਾ ਕਿੰਨੀ ਕੁ ਬਿਮਾਰ ਹੈ, ਇਸ ਦਾ ਇਕ ਮੋਟਾ ਜਿਹਾ ਅੰਦਾਜ਼ਾ ਸਿਰਫ ਇਸ ਇਕ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਅੱਜ ਮਨੁੱਖੀ ਜਾਣਕਾਰੀ ਦੇ ਆਏ ਹੜ੍ਹ ਦੇ ਪ੍ਰਚਾਰੇ ਜਾਂਦੇ ਸੋਮੇ ਇੰਟਰਨੈਟ ਦੀ ਸਕਰੀਨ ਉਤੇ ਚਾਰ ਕਰੋੜ ਕਾਮ-ਭੜਕਾਊ ਵੈਬਸਾਈਟਾਂ ਮੌਜੂਦ ਹਨ। ਇਹ ਜਾਣਕਾਰੀ ਭਾਰਤ ਸਰਕਾਰ ਨੇ ਦੇਸ਼ ਦੀ ਸਰਬਉਚ ਅਦਾਲਤ ਸੁਪਰੀਮ ਕੋਰਟ ਨੂੰ ਦਿਤੀ ਹੈ। ਇਸ ਮਨੋਰੋਗ ਦਾ ਇਕ ਹੋਰ ਸਬੂਤ ਅੰਗਰੇਜ਼ੀ ਦੇ ਸਭ ਤੋਂ ਵੱਡੇ ਅਖਬਾਰ 'ਟਾਈਮਜ਼ ਆਫ ਇੰਡੀਆ' ਦਾ ਆਪਣੇ ਮੁਖ ਲੇਖਾਂ ਵਿਚ ਸਮਲਿੰਗਕਤਾ ਦੀ ਵਕਾਲਤ ਕਰਨਾ ਅਤੇ ਇਸ ਨੂੰ ਜਾਇਜ਼ ਠਹਿਰਾਉਣਾ ਹੈ।

ਮਨੁੱਖੀ ਮਾਨਸਿਕਤਾ ਨੂੰ ਚੰਬੜੇ ਇਸ ਭਿਆਨਕ ਸਾਮਰਾਜੀ ਮਨੋਰੋਗ ਦਾ ਇਲਾਜ ਸਿਰਫ ਆਤਮਿਕ ਗਿਆਨ ਨਾਲ ਹੀ ਹੋ ਸਕਦਾ ਹੈ, ਕਿਉਂਕਿ ਆਤਮਿਕ ਗਿਆਨ ਹੀ ਮਨੁੱਖ ਦੀ ਆਪਣੀ ਆਤਮਾ (ਬੁਧਿ) ਬਣ ਕੇ ਉਸ ਦੇ ਆਪਣੇ ਮਨ ਨੂੰ ਆਪਣੀ ਨਾਸਵੰਤ ਹੋਂਦ ਪ੍ਰਤੀ ਚੇਤੰਨ ਕਰਦਾ ਹੈ ਅਤੇ ਉਸ ਨੂੰ ਆਪਣੀਆਂ ਤਰਕਸੰਗਤ ਸਰੀਰੀ ਲੋੜਾਂ ਦੀ ਸੁਚੇਤ ਪਛਾਣ ਕਰਨ ਦੀ ਸੋਝੀ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰਮਤਿ ਦੀ ਦਿਤੀ ਗਈ ਸਾਰੀ ਜਾਣਕਾਰੀ ਹੁਣ ਤਕ ਦੀ ਸਮੁੱਚੀ ਮਨੁੱਖ ਜਾਤੀ ਦੀ ਪ੍ਰਗਟ ਹੋਈ ਆਤਮਿਕ-ਚੇਤਨਾ ਹੈ, ਜੋ ਸਮਾਜੀ ਚੇਤਨਾ ਤੇ ਮਨੁੱਖੀ ਸਦਾਚਾਰ ਦੇ ਰੂਪ ਵਿਚ ਵਿਕਸਿਤ ਹੋਈ ਹੈ। ਇਹ ਆਤਮਿਕ ਗਿਆਨ ਹੁਣ ਤਕ ਦੀ ਇਕੱਠੀ ਹੋਈ ਸਗਲ ਮਨੁੱਖੀ ਸਿਆਣਪ ਦਾ ਤਤ ਹੈ। ਇਸ ਸਿਆਣਪ ਨੂੰ ਆਪਣੇ ਮਨ ਦੇ ਅਨੁਭਵੀ ਸੰਸਾਰ ਦਾ ਅੰਗ ਬਣਾ ਕੇ ਭਾਵ ਜ਼ਿੰਦਗੀ ਵਿਚ ਅਪਨਾ ਕੇ ਹੀ ਇਸ ਧਰਤੀ ਉਤੇ ਸੁਖੀ ਅਤੇ ਸਹਿਜ ਜੀਵਨ ਜੀਵਿਆ ਜਾ ਸਕਦਾ ਹੈ। ਇਹੀ ਆਤਮਿਕ ਗਿਆਨ ਮਨੁੱਖ ਦੀ ਸਮਾਜੀ ਚੇਤਨਾ ਨੂੰ ਵਿਕਸਿਤ ਕਰਦਾ ਹੈ ਅਤੇ ਉਸ ਨੂੰ ਅਨੰਦ ਭਰਪੂਰ ਸਦਾਚਾਰੀ ਜ਼ਿੰਦਗੀ ਜਿਉਣ ਦੀ ਜੁਗਤ ਦਸਦਾ ਹੈ। ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਦੀ ਚੜ੍ਹਦੀ ਕਲਾ ਦਾ ਭੇਦ ਸਰਬਤ ਦੇ ਭਲੇ ਵਿਚ ਨਿਹਿਤ ਹੈ। ਮਨੁੱਖ ਆਪਣੀਆਂ ਤਰਕਸੰਗਤ ਮਨੁੱਖੀ ਲੋੜਾਂ ਦੀ ਸੁਚੇਤ ਪਛਾਣ ਕਰਕੇ ਉਨ੍ਹਾਂ ਦੀ ਪੂਰਤੀ ਕਰਦਿਆਂ ਹੀ ਸਰਬਸਾਂਝੀਵਾਲਤਾ ਦੀ ਭਾਵਨਾ ਅਤੇ ਸਰਬਤ ਦੇ ਭਲੇ ਦੇ ਸਦਾਚਾਰ ਦਾ ਪੈਰੋਕਾਰ ਬਣਦਾ ਹੈ, ਜਿਸ ਦਾ ਆਧਾਰ ਗੁਰਮਤਿ ਦਾ ਇਹ ਆਤਮਿਕ ਗਿਆਨ ਹੈ,

ਸੁਖੀ ਬਸੈ ਮਸਕੀਨੀਆ
ਆਪੁ ਨਿਵਾਰਿ ਤਲੇ॥
ਬਡੇ ਬਡੇ ਅਹੰਕਾਰੀਆ
ਨਾਨਕ ਗਰਬਿ ਗਲੇ॥੧॥ (ਪੰਨਾ 278)

ਭਾਵ ਸਿਰਫ ਉਹ ਲੋਕ ਹੀ ਸੁਖੀ ਵਸਦੇ ਹਨ, ਜੋ ਆਪਣੇ ਆਪ ਨੂੰ ਨਿਮਰਤਾ ਦੇ ਲੜ ਲਾਉਂਦੇ ਹਨ, ਆਪਣੇ-ਆਪ ਨੂੰ ਨੀਵਿਆਂ ਤੋਂ ਵੀ ਨੀਵਾਂ ਸਮਝਦੇ ਹਨ। ਵੱਡੇ-ਵੱਡੇ ਹੰਕਾਰੀ ਲੋਕ ਆਪਣੇ ਹੰਕਾਰ ਵਿਚ ਹੀ ਗਲ ਸੜ ਕੇ ਮਰ ਜਾਂਦੇ ਹਨ। ਉਨ੍ਹਾਂ ਦੇ ਆਪਣੇ ਮਨ ਅੰਦਰਲਾ ਹੰਕਾਰ ਹੀ ਉਨ੍ਹਾਂ ਦੇ ਦੁਖ ਦਾ ਵੱਡਾ ਕਾਰਨ ਬਣ ਜਾਂਦਾ ਹੈ।

ਗੁਰਮਤਿ ਅਨੁਸਾਰ ਹਰੇਕ ਸਿੱਖ ਮਾਈ-ਭਾਈ ਦਾ ਮੁਢਲਾ ਫਰਜ਼ ਹੈ ਕਿ ਉਹ ਸਮੂਹਿਕ ਰੂਪ ਵਿਚ ਅਜਿਹੇ ਰਾਜ ਦੀ ਸਥਾਪਨਾ ਲਈ ਯਤਨ ਕਰੇ, ਜਿਥੇ ਹਰੇਕ ਜਨਸਮੂਹ ਇਸ ਬੇਅੰਤ-ਅਸੀਮ ਕੁਦਰਤ ਨਾਲ ਇਕਸੁਰਤਾ ਵਿਚ ਰਹਿਣ ਦੇ ਯਤਨ ਕਰਦਿਆਂ ਅਤੇ ਇਸ ਦੇ ਗੁਣ ਗਾਉਂਦਿਆਂ ਕੁਦਰਤੀ ਨੇਮਾਂ (ਹੁਕਮੁ) ਵਿਚ ਰਹਿ ਕੇ ਸਵੈ-ਸੰਜਮੀ (ਸਦਾਚਾਰੀ) ਜ਼ਿੰਦਗੀ ਜੀਵੇ ਅਤੇ ਹੱਥੀਂ ਕਿਰਤ ਕਰਦਿਆਂ ਸਮੂਹ ਭਾਈਚਾਰੇ ਨਾਲ ਰਲਮਿਲ ਕੇ ਵੰਡ ਛਕਣ ਦੇ ਨੇਮ ਅਨੁਸਾਰ ਆਪਣੀਆਂ ਤਰਕਸੰਗਤ ਲੋੜਾਂ ਦੀ ਪੂਰਤੀ ਕਰੇ। ਸਰਬਸਾਂਝੀਵਾਲਤਾ ਦੀ ਭਾਵਨਾ ਨੂੰ ਲਗਾਤਾਰ ਫੈਲਾਉਣਾ ਅਤੇ ਸਰਬਤ ਦੇ ਭਲੇ ਦੇ ਸਮਾਜ ਦੀ ਸਿਰਜਣਾ ਲਈ ਨਿਰੰਤਰ ਯਤਨਸ਼ੀਲ ਰਹਿਣਾ ਹੀ ਸਿੱਖੀ ਹੈ। ਗੁਰਮਤਿ ਅਨੁਸਾਰ ਇਹੀ ਇਕ ਸਿੱਖ ਦੀ ਆਤਮਿਕ ਜ਼ਿੰਦਗੀ ਦਾ ਮੰਤਵ ਹੈ। ਇਹੀ ਇਕ ਸਿੱਖ ਦੀ ਨਿਜੀ ਅਤੇ ਸਮਾਜੀ ਮੁਕਤੀ ਦਾ ਰਾਹ ਹੈ।

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥
(ਪੰਨਾ 295)

## ਆਖਣਿ ਜੋਰੁ ਚੁਪੈ ਨਹ ਜੋਰੁ

*(ਸਫਾ 21 ਦੀ ਬਾਕੀ)*

ਨਿਰਣੇ ਪੂਰੀ ਤਰ੍ਹਾਂ ਨਾਲ ਉਸ ਦੇ ਨਹੀਂ। ਅਜਿਹੇ ਸਾਂਝੇ ਫੈਸਲੇ ਕਿਸੇ ਦੇ ਨਾ ਹੋ ਕੇ ਉਨ੍ਹਾਂ ਨੂੰ ਕਿਸੇ ਅੱਦਿਖ ਸ਼ਕਤੀ ਦੇ ਕੀਤੇ ਲਗਦੇ ਹਨ। ਹੁੰਦੇ ਇਹ ਸਭ ਉਨ੍ਹਾਂ ਦੇ ਆਪਣੇ ਹੀ ਹਨ, ਪਰ ਦੂਜਿਆਂ ਨੇ ਪ੍ਰਭਾਵਿਤ ਕੀਤੇ ਹੁੰਦੇ ਹਨ। ਸੋ ਕੁਦਰਤ ਤਾਂ ਵੱਖ ਰਹੀ ਮਨੁੱਖ ਦੇ ਆਪਣੇ ਇਤਿਹਾਸ ਦੀ ਘਾੜਤ ਵੀ ਉਸ ਦੇ ਆਪਣੇ ਵਸ ਵਿਚ ਨਹੀਂ।

ਇੱਥੇ ਇਸ ਦਲੀਲ ਦਾ ਇਹ ਮੰਤਵ ਨਹੀਂ ਕਿ ਏਂਗਲਜ਼ ਨੇ ਜਪੁਜੀ ਪੜ੍ਹਿਆ ਸੀ, ਜਾਂ ਗੁਰੂ ਸਾਹਿਬ ਦੇ ਵਿਚਾਰਾਂ ਦੀ ਮਹਿਮਾ ਏਂਗਲਜ਼ ਦੀ ਪ੍ਰੋੜਤਾ ਕਰਕੇ ਹੈ, ਭਾਵ ਜੇ ਉਹ ਇੰਦਾਂ ਨਾ ਕਰਦਾ ਤਾਂ ਗੁਰੂ ਸਾਹਿਬ ਦੇ ਵਿਚਾਰ ਸਹੀ ਨਾ ਹੁੰਦੇ। ਦਲੀਲ ਸਗੋਂ ਇਹ ਕਿ ਜੇ ਗੁਰੂ ਸਾਹਿਬ ਦੇ ਵਿਚਾਰ ਵਿਗਿਆਨ ਪਖੋਂ ਠੋਸ ਸਨ ਤਦੇ ਹੀ ਤਾਂ ਬਾਅਦ ਵਿਚ ਏਂਗਲਜ਼ ਜਿਹੇ ਸਮਾਜ ਵਿਗਿਆਨੀਆਂ ਨੇ ਉਹੋ ਜਿਹੇ ਹੀ ਵਿਚਾਰ ਦਿੱਤੇ। ਇਸ ਦਾ ਭਾਵ ਇਹ ਵੀ ਹੈ ਕਿ ਗੁਰੂ ਸਾਹਿਬ ਦੇ ਵਿਚਾਰ ਆਪਣੇ ਸਮਕਾਲੀਆਂ ਤੋਂ ਭਿੰਨ ਸਨ ਤੇ ਇਹ ਸਮੇਂ ਸਥਾਨ ਦੀ ਸੀਮਾ ਵਿਚ ਕੈਦ ਨਹੀਂ ਸਨ। ਉਨ੍ਹਾਂ ਦੇ ਵਿਚਾਰ ਭਗਤੀ ਲਹਿਰ ਵਾਲੇ ਨਹੀਂ ਸਗੋਂ ਵੱਖ ਸਨ ਤੇ ਇਹ ਭਵਿੱਖ ਦੇ ਵਿਗਿਆਨ ਨਾਲ ਮੇਲ ਖਾਂਦੇ ਸਨ। ਸੱਚ ਤਾਂ ਉਹੀ ਹੈ, ਜਿਸ ਨੂੰ ਭਾਵੇਂ ਜਿਵੇਂ ਮਰਜੀ ਪਰਖਿਆ ਜਾਵੇ, ਉਹ ਹਿਸਾਬ ਦੇ ਦੋ ਤੇ ਦੋ ਦੀ ਤਰ੍ਹਾਂ ਹਮੇਸ਼ਾ ਚਾਰ ਹੀ ਨਿਕਲੇ!

## ਜੈਸਾ ਸੇਵੈ ਤੈਸੋ ਹੋਏ

*(ਪਿਛਲੇ ਸਫੇ ਦੀ ਬਾਕੀ)*

'ਭੰਡਿ' ਸਾਂਚੇ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਪਾ ਕੇ ਕਿਸੇ ਚੀਜ਼ ਦਾ ਆਕਾਰ ਘੜਿਆ ਜਾਂਦਾ ਹੈ। ਇੱਥੇ ਗੁਰੂ ਨਾਨਕ ਸਾਹਿਬ ਨੇ ਦੱਸਿਆ ਹੈ ਕਿ ਇਸਤਰੀ ਰਾਹੀਂ ਹੀ ਸਮਾਜ ਬਣਦਾ ਹੈ, ਇਸਤਰੀ ਰਾਹੀਂ ਸਮਾਜਕ ਰਿਸ਼ਤੇ ਬਣਦੇ ਹਨ ਅਤੇ ਇਸਤਰੀ ਰਾਹੀਂ ਸਮਾਜ ਦੀ ਸੰਭਾਲ ਹੁੰਦੀ ਹੈ ਤੇ ਸਮਾਜ ਅੱਗੇ ਤੁਰਦਾ ਹੈ। ਜਿੱਥੇ ਤੱਕ ਸਬੰਧ ਉੱਪਰ ਦਿੱਤੀ ਪੰਕਤੀ ਦਾ ਹੈ, ਇਸ ਰਾਹੀਂ ਗੁਰੂ ਨਾਨਕ ਇੱਕ ਤਰ੍ਹਾਂ ਦਾ ਐਲਾਨ ਕਰਦੇ ਹਨ ਕਿ ਜੋ ਆਪਣੇ ਆਪ ਨੂੰ ਸਮਾਜ 'ਤੇ ਰਾਜ ਕਰਨ ਵਾਲੇ ਕਹਾਉਂਦੇ ਹਨ, ਉਨ੍ਹਾਂ ਦੀ ਹੋਂਦ ਵੀ ਇਸਤਰੀ ਤੋਂ ਬਿਨਾ ਨਹੀਂ ਹੋ ਸਕਦੀ। ਇਸ ਦਾ ਨਿਬੇੜਾ ਉਹ ਇਸ ਸਲੋਕ ਦੇ ਅਖੀਰ ਵਿਚ ਕਰਦੇ ਹਨ ਕਿ ਸਿਰਫ ਇੱਕ ਪਰਮਸਤਿ ਹੈ, ਜੋ ਆਪਣੇ ਆਪ ਤੋਂ ਹੈ, ਸੈਭੰ ਹੈ, ਜਿਸ ਦੀ ਹੋਂਦ ਇਸਤਰੀ ਤੋਂ ਨਹੀਂ ਅਤੇ ਜਿਸ ਦੀ ਸਦਾ ਸਿਫਤਿ-ਸਾਲਾਹ ਮਨੁੱਖ ਨੇ ਕਰਨੀ ਹੈ,

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥
ਜਿਤੁ ਮੁਖਿ ਸਦਾ ਸਾਲਾਹੀਐ
ਭਾਗਾ ਰਤੀ ਚਾਰਿ॥
ਨਾਨਕ ਤੇ ਮੁਖਿ ਉਜਲੇ
ਤਿਤੁ ਸਚੈ ਦਰਬਾਰਿ॥੨॥

ਸਿਰਫ ਇੱਕ ਸਲੋਕ ਹੀ ਨਹੀਂ, ਸਾਰੀ ਬਾਣੀ ਵਿਚ ਹੀ ਪਰਮਸਤਿ ਪ੍ਰਤੀ ਪ੍ਰੇਮ ਦਾ ਪ੍ਰਗਟਾਵਾ ਕਰਦਿਆਂ ਵੀ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਇੱਕ ਇਸਤਰੀ ਦੇ ਰੂਪ ਵਿਚ ਸੰਬੋਧਨ ਕੀਤਾ ਹੈ। ਆਪਣੀ ਵੇਦਨਾ ਸੁਣਾਉਣ ਲਈ 'ਮਾਈ, ਭੈਣੇ, ਸਹੇਲੀਓ' ਆਦਿ ਅਨੇਕਾਂ ਅਜਿਹੇ ਇਸਤਰੀ ਨਾਲ ਸਬੰਧਤ ਰਿਸ਼ਤਿਆਂ ਦੀ ਵਰਤੋਂ ਕੀਤੀ ਹੈ। 'ਆਸਾ ਕੀ ਵਾਰ' ਵਿਚ ਹੀ ਭਾਵੇਂ ਸੂਤਕ ਨੂੰ ਨਿੰਦਿਆ ਹੈ ਜਾਂ ਇਸਤਰੀ ਦੇ ਸਰੀਰ ਨਾਲ ਜੁੜੇ ਕੁਦਰਤੀ ਵਰਤਾਰਿਆਂ ਦੀ ਗੱਲ ਕੀਤੀ ਹੈ, ਇਸਤਰੀ ਨੂੰ ਸਨਮਾਨ ਦਿੱਤਾ ਹੈ। ਬਾਬਰ ਦੇ ਹਮਲੇ ਦਾ ਜ਼ਿਕਰ ਕਰਦਿਆਂ ਵੀ ਇਸਤਰੀਆਂ 'ਤੇ ਜ਼ੁਲਮ ਕਰਨ ਲਈ ਬਾਬਰ ਅਤੇ ਉਸ ਦੀ ਫੌਜ ਦੀ ਨਿਖੇਧੀ ਕੀਤੀ ਹੈ। ਗੁਰੂ ਸਾਹਿਬਾਨ ਨੇ ਜੋ ਸਿਧਾਂਤ ਬਾਣੀ ਰਾਹੀਂ ਦਿੱਤੇ, ਉਨ੍ਹਾਂ ਦਾ ਅਮਲੀ ਪ੍ਰਕਾਸ਼ਨ ਸਮਾਜ ਵਿਚ ਕਰਨ ਲਈ ਵੱਖ ਵੱਖ ਸੰਸਥਾਵਾਂ ਵੀ ਅਰੰਭ ਕੀਤੀਆਂ।

ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਦਿੱਤੀ ਸਿਧਾਂਤਕ ਵਿਰਾਸਤ ਦੇ ਦਸਵੇਂ ਪਾਤਿਸ਼ਾਹ ਵਾਰਿਸ ਬਣਦੇ ਹਨ ਅਤੇ ਆਉਣ ਵਾਲੇ ਸਰਵ ਸਮੇਂ ਲਈ 'ਗ੍ਰੰਥ ਸਾਹਿਬ' ਨੂੰ ਗੁਰਗੱਦੀ ਸੌਂਪ ਕੇ 'ਸ਼ਬਦ ਗੁਰੂ' ਹੋਣ 'ਤੇ ਆਪਣੀ ਮੁਹਰ-ਛਾਪ ਲਾ ਦਿੰਦੇ ਹਨ।

***(ਇਸੇ ਦੀ ਲੋਅ ਵਿਚ ਅਗਲੀ ਵਿਚਾਰ-ਚਰਚਾ ਜਾਰੀ ਰਹੇਗੀ)***

## 'ਕਾਗਹੁ ਹੰਸੁ ਕਰੇਇ'

**ਮਾਣਯੋਗ ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ 19 ਸਤੰਬਰ ਦੇ ਪਰਚੇ ਵਿਚ ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ' ਦਾ ਇੱਕ ਲੇਖ ਛਪਿਆ ਹੈ, ਜਿਸ ਵਿਚ ਪ੍ਰੋ. ਧਰਮਵੀਰ ਸਿੰਘ ਚੱਠਾ ਦੀ ਲਿਖੀ ਪੁਸਤਕ 'ਕਾਗਹੁ ਹੰਸੁ ਕਰੇਇ' ਬਾਰੇ ਬਹੁਤ ਵਧੀਆ ਚਰਚਾ ਕੀਤੀ ਗਈ ਹੈ। ਪੁਸਤਕ ਦੇ ਟਾਈਟਲ ਦੀ ਦਿੱਤੀ ਫੋਟੋ ਅਨੁਸਾਰ ਪੁਸਤਕ ਦੇ ਲੇਖਕ ਨੇ ਟਾਈਟਲ ਦਾ ਨਾਂ ਗੁਰਬਾਣੀ ਦੀ ਲਿਖਤ ਅਨੁਸਾਰ 'ਕਾਗਹੁ ਹੰਸੁ ਕਰੇਇ' ਠੀਕ ਲਿਖਿਆ ਹੈ। ਲੇਖ ਦੇ ਮਾਣਯੋਗ ਲਿਖਾਰੀ ਵਲੋਂ ਇਸ ਟਾਈਟਲ ਨੂੰ 'ਕਾਗਹੁ ਹੰਸ ਕਰਹਿ' ਲਿਖ ਕੇ ਗੱਲ ਤੋਰੀ ਹੈ ਅਤੇ ਇਹ ਵਾਕ ਅੰਸ਼ ਦੋ ਵਾਰੀ ਵਰਤਿਆ ਹੈ। ਲੇਖ ਦੇ ਆਖਰੀ ਪਹਿਰੇ ਵਿਚ ਇਹ ਵਾਕ ਅੰਸ਼ ਠੀਕ 'ਕਾਗਹੁ ਹੰਸੁ ਕਰੇਇ' ਵੀ ਲਿਖਿਆ ਹੋਇਆ ਹੈ। ਗੁਰਬਾਣੀ ਦੀ ਲਿਖਤ ਅਨੁਸਾਰ ਪ੍ਰੋ. ਸਾਹਿਬ ਸਿੰਘ ਦੀ ਖੋਜ ਨੂੰ ਸਾਹਮਣੇ ਰੱਖੀਏ ਤਾਂ 'ਕਰਹਿ' ਬਹੁ ਵਚਨ ਕਿਰਿਆ ਨੂੰ ਪ੍ਰਗਟ ਕਰਦਾ ਸ਼ਬਦ ਹੈ, ਜਦੋਂ ਕਿ ਕਿਰਿਆ ਦਾ ਕਰਤਾ ਸਿਰਫ ਇੱਕ ਹੈ। ਪ੍ਰੋ. ਸਾਹਿਬ ਸਿੰਘ ਦੇ ਕੀਤੇ ਅਰਥਾਂ ਅਨੁਸਾਰ ਉਸ ਕਰਤਾ ਪੁਰਖ ਨੂੰ ਭਾਵੇ ਤਾਂ ਉਹ ਕਾਂ ਬਿਰਤੀ ਵਾਲੇ ਨੂੰ ਹੰਸ ਬਿਰਤੀ ਵਾਲਾ ਬਣਾ ਦਿੰਦਾ ਹੈ। ਇੱਕ ਵਚਨ ਕਰਤਾ ਪੁਰਖ ਵਾਸਤੇ 'ਕਰੇਇ' ਕਿਰਿਆ ਬਣਦੀ ਹੈ, 'ਕਰਹਿ' ਨਹੀਂ। ਲੇਖਕ ਵਲੋਂ ਇਸ ਕਿਤਾਬ ਉਪਰ ਸੈਮੀਨਾਰ ਕਰਵਾਉਣ ਅਤੇ ਇਸ ਨੂੰ ਜਾਗ੍ਰਿਤੀ ਵਜੋਂ ਨੌਜਵਾਨਾਂ ਵਿਚ ਵੰਡਣ ਦੀ ਵਧੀਆ ਗੱਲ ਲਿਖੀ ਹੈ। 'ਕਾਗਹੁ ਹੰਸੁ ਕਰੇਇ' ਵਾਕ ਅੰਸ਼ ਦੇ ਦਰਸ਼ਨ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 91 ਉਪਰ ਹੁੰਦੇ ਹਨ, ਜਦੋਂ ਕਿ 'ਕਾਗਹੁ ਹੰਸ ਕਰਹਿ' ਵਾਕ ਅੰਸ਼ ਗੁਰਬਾਣੀ ਵਿਚ ਨਹੀਂ ਹੈ।

ਇਸੇ ਪਰਚੇ ਵਿਚ ਡਾ. ਅਮਰਜੀਤ ਸਿੰਘ ਟਾਂਡਾ ਦਾ ਇੱਕ ਲੇਖ 'ਨਵੀਨਤਮ ਸ਼ਬਦ ਸੋਚ ਅਤੇ ਵਿਲੱਖਣਤਾ ਦੀ ਪੈੜ' ਵੀ ਛਪਿਆ ਹੈ। ਲੇਖਕ ਦਾ ਇਹ ਲੇਖ ਲਿਖਣ ਲਈ ਅਤੇ ਸੰਪਾਦਕ ਦਾ ਲੇਖ ਛਾਪਣ ਲਈ ਧੰਨਵਾਦ ਕਰਨਾ ਬਣਦਾ ਹੈ।

## ਸੰਪਾਦਕ ਦੀ ਡਾਕ

ਸਿੱਖ ਜਗਤ ਵਿਚ ਭਰਪੂਰ ਨਾਮਣਾ ਖੱਟਣ ਵਾਲੇ ਵਿਦਵਾਨ ਪ੍ਰੋ. ਸਾਹਿਬ ਸਿੰਘ ਬਾਰੇ ਲੇਖਕ ਵਲੋਂ ਵਡਮੁੱਲੀ ਜਾਣਕਾਰੀ ਦਿੱਤੀ ਗਈ ਹੈ। ਲੇਖਕ ਨੇ ਲਿਖਿਆ ਹੈ ਕਿ ਪ੍ਰੋ. ਸਾਹਿਬ ਸਿੰਘ ਦੀਆਂ ਲਿਖਤਾਂ ਨਾਲ ਲੱਖਾਂ ਪ੍ਰਾਣੀ ਗੁਰੂ ਨਾਲ ਜੁੜੇ ਹਨ ਅਤੇ ਹੋਰ ਲੱਖਾਂ ਹੀ ਗੁਰੂ ਨਾਲ ਜੁੜ ਰਹੇ ਹਨ ਤੇ ਗੁਰਬਾਣੀ ਦੀ ਸ਼ੁੱਧਤਾ ਦਾ ਪ੍ਰਚਾਰ ਕਰ ਰਹੇ ਹਨ। ਇਹ ਕੋਈ ਅਤਿਕਥਨੀ ਨਹੀਂ ਹੈ, ਸਗੋਂ ਲੇਖਕ ਵਲੋਂ ਸੱਚਾਈ ਬਿਆਨ ਕੀਤੀ ਗਈ ਹੈ। ਸਿੱਖ ਇਤਿਹਾਸ ਦੀ ਖੋਜ ਅਤੇ ਗੁਰਬਾਣੀ ਦੇ ਗੁਰਬਾਣੀ ਵਿਆਕਰਣ ਦੀ ਪੁਸਤਕ ਰਚ ਕੇ ਕੀਤੇ ਗਏ ਅਰਥਾਂ ਤੋਂ ਵੱਡੇ ਵੱਡੇ ਕਥਾਵਾਚਕ ਅਗਵਾਈ ਲੈ ਕੇ ਸਿੱਖ ਸੰਗਤਾਂ ਵਿਚ ਗੁਰਬਾਣੀ ਰਾਹੀਂ ਦਿੱਤਾ ਠੀਕ ਸੰਦੇਸ਼ ਪਹੁੰਚਾ ਰਹੇ ਹਨ। ਪ੍ਰਸਿੱਧ ਸਿੱਖ ਵਿਦਵਾਨਾਂ ਬਾਰੇ ਅਜਿਹੇ ਲੇਖ ਲਿਖ ਕੇ ਜਾਣਕਾਰੀ ਦੇਣ ਦਾ ਯਤਨ ਸ਼ਲਾਘਾਯੋਗ ਹੈ, ਜੋ ਖੋਜ ਵਿਚ ਸਿੱਖੀ ਜੀਵਨ ਦੇ ਪਾਂਧੀਆਂ ਲਈ ਪ੍ਰੇਰਨਾ ਸ੍ਰੋਤ ਬਣ ਸਕਦਾ ਹੈ।

***-ਪ੍ਰੋ. ਕਸ਼ਮੀਰਾ ਸਿੰਘ***

# ਡਾ. ਹਰਿਭਜਨ ਸਿੰਘ: ਜੀਵਨ, ਰਚਨਾ ਅਤੇ ਸ਼ਖਸੀਅਤ

***ਪੰਜਾਬੀ ਕਾਵਿ-ਜਗਤ, ਆਲੋਚਨਾ, ਅਨੁਵਾਦ ਅਤੇ ਅਧਿਆਪਨ ਦੇ ਖੇਤਰਾਂ ਵਿਚ ਡਾ. ਹਰਿਭਜਨ ਸਿੰਘ (18 ਅਗਸਤ 1920–21 ਅਕਤੂਬਰ 2002) ਦਾ ਮੁਕਾਮ ਬਹੁਤ ਉਚਾ ਹੈ। ਇਨ੍ਹਾਂ ਚਾਰੇ ਖੇਤਰਾਂ ਵਿਚ ਨਵੀਂ ਪੈੜਾਂ ਪਾਈਆਂ। ਪੰਜਾਬੀ ਭਾਸ਼ਾ ਤੋਂ ਇਲਾਵਾ ਉਹ ਹਿੰਦੀ, ਸੰਸਕ੍ਰਿਤੀ, ਅੰਗਰੇਜ਼ੀ, ਉਰਦੂ ਆਦਿ ਭਾਸ਼ਾਵਾਂ ਦੇ ਚੰਗੇ ਗਿਆਤਾ ਸਨ। ਉਨ੍ਹਾਂ ਨੇ ਸਾਰੀ ਉਮਰ ਇਕ ਸੁਹਿਰਦ ਸਿਖਿਆਰਥੀ ਵਾਂਗ ਨਿੱਠ ਕੇ ਪੂਰਬੀ ਤੇ ਪੱਛਮੀ ਚਿੰਤਨ ਦਾ ਮੁਤਾਲਿਆ ਕੀਤਾ ਅਤੇ ਵਿਸ਼ੇਸ਼ਗ ਬਣ ਕੇ ਅਗਿਆਨ ਵਿਚ ਭਟਕ ਰਹੇ ਪੰਜਾਬੀ ਮੱਥਿਆਂ ਨੂੰ ਗਿਆਨ ਦੇ ਭਾਗੀ ਬਣਾਇਆ। ਸਾਲ 2020 ਉਨ੍ਹਾਂ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਪਿਛਲੇ ਅੰਕਾਂ ਵਿਚ ਪ੍ਰੋ. ਸੁਹਿੰਦਰ ਬੀਰ ਨੇ ਡਾ. ਹਰਿਭਜਨ ਸਿੰਘ ਦੇ ਸੰਗ-ਸਾਥ ਦੀਆਂ ਬਾਤਾਂ ਪਾਈਆਂ ਸਨ। ਹਥਲੇ ਲੰਮੇ ਲੇਖ ਵਿਚ ਉਨ੍ਹਾਂ ਡਾ. ਹਰਿਭਜਨ ਸਿੰਘ ਦੇ ਜੀਵਨ, ਉਨ੍ਹਾਂ ਦੀਆਂ ਰਚਨਾਵਾਂ ਅਤੇ ਸ਼ਖਸੀਅਤ ਦਾ ਜ਼ਿਕਰ ਛੇੜਦਿਆਂ ਉਨ੍ਹਾਂ ਨੂੰ ਸੱਚੀ ਸੁੱਚੀ ਲਗਨ ਵਾਲੇ ਸਿਰੜੀ ਮਨੁੱਖ ਵਜੋਂ ਪੇਸ਼ ਕੀਤਾ ਹੈ। ਪੇਸ਼ ਹੈ, ਲੇਖ ਦੀ ਪਹਿਲੀ ਕਿਸ਼ਤ। -ਸੰਪਾਦਕ***



**ਪ੍ਰੋ. ਸੁਹਿੰਦਰ ਬੀਰ**

ਆਧੁਨਿਕ ਪੰਜਾਬੀ ਸਾਹਿਤ ਦੇ ਵੱਖ-ਵੱਖ ਖੇਤਰਾਂ (ਕਵਿਤਾ, ਸਮੀਖਿਆ, ਸੰਪਾਦਨ, ਅਨੁਵਾਦ, ਅਧਿਆਪਨ ਆਦਿ) ਵਿਚ ਆਪਣਾ ਯੋਗਦਾਨ ਪਾ ਕੇ ਮਨੁੱਖੀ ਗਿਆਨ ਦੇ ਦਿਸਹੱਦਿਆਂ ਨੂੰ ਜਿੰਨੀ ਕਾਬਲੀਅਤ ਨਾਲ ਡਾ. ਹਰਿਭਜਨ ਸਿੰਘ ਨੇ ਵਿਸਤਾਰਿਆ ਹੈ, ਭਾਰਤੀ ਭਾਸ਼ਾਵਾਂ ਵਿਚ ਓਨੀ ਲਿਆਕਤ ਅਤੇ ਯੋਗਤਾ ਸ਼ਾਇਦ ਹੀ ਕਿਸੇ ਹੋਰ ਸਾਹਿਤਕਾਰ ਜਾਂ ਸਮੀਖਿਅਕ ਦੇ ਹਿੱਸੇ ਆਈ ਹੋਵੇ। ਲਗਭਗ ਅੱਧੀ ਸਦੀ ਪੰਜਾਬੀ ਸਾਹਿਤ ਦੇ ਆਕਾਸ਼ ਨੂੰ ਵਿਦਵਤਾ ਦੇ ਆਪਣੇ ਪੂਰਨ ਜਲੌ ਰਾਹੀਂ ਪ੍ਰਕਾਸ਼ਮਾਨ ਕਰਨ ਵਾਲੀ ਅਜਿਹੀ ਸਾਹਿਤ-ਸੇਵੀ ਅਤੇ ਵਿਸ਼ਿਸ਼ਟ ਸ਼ਖਸੀਅਤ ਦਾ ਜਨਮ 18 ਅਗਸਤ 1920 ਈਸਵੀ ਨੂੰ ਅਸਾਮ ਦੇ ਇੱਕ ਨਿੱਕੇ ਜਿਹੇ ਕਸਬੇ ਲੰਮਡਿੰਗ ਵਿਖੇ ਮਾਤਾ ਕਰਮ ਕੌਰ ਅਤੇ ਪਿਤਾ ਗੰਡਾ ਸਿੰਘ ਦੇ ਘਰ ਹੋਇਆ। ਪਿਤਾ ਜੀ ਸ਼ੁੱਧ ਧਾਰਮਿਕ ਬਿਰਤੀ ਵਾਲੇ ਨੇਕ ਇਨਸਾਨ ਸਨ, ਜਿਸ ਕਾਰਨ ਉਨ੍ਹਾਂ ਨੂੰ ਸਮਕਾਲੀ ਲੋਕਾਂ ਵਲੋਂ 'ਭਾਈ ਗੰਡਾ ਸਿੰਘ ਜੀ' ਕਹਿ ਕੇ ਨਿਵਾਜਿਆ ਜਾਂਦਾ ਸੀ।

ਡਾ. ਹਰਿਭਜਨ ਸਿੰਘ ਤਿੰਨ ਭੈਣਾਂ ਦਾ ਛੋਟਾ ਭਰਾ ਸੀ ਅਤੇ ਘਰ ਵਿਚ ਪੁੱਤਰ ਦੀ ਆਮਦ ਨੂੰ ਸ਼ੁਭ-ਆਗਮਨ ਵਜੋਂ ਲਿਆ ਗਿਆ। ਬਹੁਤ ਸਾਰੀਆਂ ਧਾਰਮਿਕ ਮਨੌਤਾਂ ਉਪਰੰਤ ਮਾਂ ਦੀ ਝੋਲੀ ਵਿਚ ਪੁੱਤਰ ਦੀ ਦਾਤ ਪਈ ਸੀ। ਸ਼ੁਭ-ਆਗਮਨ ਦੀਆਂ ਘੜੀਆਂ ਜੀਵਨ ਵਿਚ ਬਹੁਤ ਥੋੜ੍ਹ-ਚਿਰੀਆਂ ਅਤੇ ਵਿਰਲੀਆਂ ਹੁੰਦੀਆਂ ਹਨ। ਡਾ. ਹਰਿਭਜਨ ਸਿੰਘ ਦੇ ਜਨਮ ਵੇਲੇ ਉਨ੍ਹਾਂ ਦੇ ਪਿਤਾ ਨਾ-ਮੁਰਾਦ ਬਿਮਾਰੀ ਤਪਦਿਕ ਦੇ ਮਰੀਜ਼ ਸਨ। ਤਪਦਿਕ ਉਨ੍ਹੀਂ ਦਿਨੀਂ ਜਾਨਲੇਵਾ ਬਿਮਾਰੀ ਸੀ। ਪੁੱਤਰ ਦੇ ਜਨਮ ਤੋਂ ਪਹਿਲਾਂ ਤਿੰਨ ਧੀਆਂ ਦੇ ਜੀਵਨ ਦੇ ਲੰਮ-ਸਲੰਮੇ ਪੈਂਡੇ ਦੀ ਬਿਮਾਰੀ ਵਿਚ ਫਾਥੇ ਹੋਏ ਬਾਪ ਨੂੰ ਗਹਿਰੀ ਚਿੰਤਾ ਸੀ, ਪਰ ਪੁੱਤਰ ਦੇ ਜਨਮ ਮੌਕੇ ਹਰਿਭਜਨ ਸਿੰਘ ਦੇ ਪਿਤਾ ਨੂੰ ਘੱਟੋ-ਘੱਟ ਚਿੰਤਾ ਤੋਂ ਏਨੀ ਕੁ ਰਾਹਤ ਜ਼ਰੂਰ ਮਿਲੀ ਕਿ ਉਸ ਦੇ ਤੁਰ ਜਾਣ ਨਾਲ ਉਸ ਦਾ ਜਹਾਨ ਸੁੰਨਾ ਨਹੀਂ ਹੋਵੇਗਾ।

ਰੇਲਵੇ ਵਿਚ ਰੁਜ਼ਗਾਰ ਦੇ ਬੱਧੇ ਭਾਈ ਗੰਡਾ ਸਿੰਘ ਘਰ ਤੋਂ ਹਜ਼ਾਰਾਂ ਮੀਲ ਦੂਰ ਵਸੇਬਾ ਕਰ ਰਹੇ ਸਨ। ਜੀਵਨ ਦੇ ਅੰਤਲੇ ਛਿਣਾਂ ਵੇਲੇ ਉਨ੍ਹਾਂ ਨੇ ਆਪਣੀ ਜਨਮ ਭੂਮੀ ਨੂੰ ਹੀ ਪ੍ਰਣਾਮ ਕਰਨਾ ਬਿਹਤਰ ਸਮਝਿਆ। ਅਜੋਕੇ ਦਿਨਾਂ ਤੱਕ ਵੀ ਤਪਦਿਕ ਇਕ ਛੂਤ ਦੀ ਬਿਮਾਰੀ ਹੈ ਤੇ ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਭਾਈ ਗੰਡਾ ਸਿੰਘ ਨੇ ਆਪਣੀ ਬਿਮਾਰੀ ਦੀ ਵਜ੍ਹਾ ਕਾਰਨ ਆਪਣੇ ਨਵ-ਜਨਮੇ ਬਾਲ ਕੋਲੋਂ ਸਹਿਵਨ ਹੀ ਇਕ ਫਾਸਲਾ ਥਾਪ ਲਿਆ ਹੋਵੇ। ਡਾ. ਹਰਿਭਜਨ ਸਿੰਘ ਨੇ ਵੀ ਆਪਣੀ ਸਵੈ-ਜੀਵਨੀ ਵਿਚ ਲਿਖਿਆ ਹੈ ਕਿ ਪਿਤਾ ਜੀ ਆਪਣੇ ਜਾਨਸ਼ੀਨ ਨੂੰ ਉਡੀਕਦੇ ਸਨ...ਉਨ੍ਹਾਂ ਮੇਰੇ ਜਨਮ ਦਿਨ 'ਤੇ ਹੀ ਆਪਣੇ ਚਲਾਣੇ ਦਾ ਐਲਾਨ ਕਰ ਦਿੱਤਾ ਸੀ। ਉਸ ਦਿਨ ਉਨ੍ਹਾਂ ਨੂੰ ਤਾਪ ਚੜ੍ਹਿਆ ਤਾਂ ਉਨ੍ਹਾਂ ਕਿਹਾ, 'ਮੇਰੀ ਥਾਂ ਲੈਣ ਵਾਲਾ ਆ ਗਿਆ ਹੈ।'

ਭਾਈ ਗੰਡਾ ਸਿੰਘ ਦਾ ਜੀਵਨ-ਵਿਹਾਰ ਦੇਖਦਿਆਂ ਖੁਦ-ਬ-ਖੁਦ ਹੀ ਗੌਤਮ ਬੁੱਧ ਦੇ ਗ੍ਰਹਿਸਥ-ਤਿਆਗ ਦੀ ਘਟਨਾ ਚੇਤੇ ਆ ਜਾਂਦੀ ਹੈ। ਸਿਧਾਰਥ ਦਸ ਸਾਲ ਤੱਕ ਗ੍ਰਹਿਸਥੀ-ਜੀਵਨ ਬਤੀਤ ਕਰਦਾ ਰਿਹਾ। 29 ਸਾਲ ਦੀ ਉਮਰ ਵਿਚ ਜਦੋਂ ਉਸ ਦੇ ਘਰ ਰਾਹੁਲ ਦਾ ਜਨਮ ਹੋਇਆ ਤਾਂ ਸ਼ਹਿਰ ਵਿਚ ਉਸ ਦਿਨ ਪੂਰੇ ਉਤਸ਼ਾਹ ਨਾਲ ਜਸ਼ਨ ਮਨਾਏ ਜਾ ਰਹੇ ਸਨ। ਸਿਧਾਰਥ ਦੇ ਸ਼ਾਹੀ ਮਹੱਲਾਂ ਵਿਚ ਵੀ ਉਸ ਰਾਤ ਨਾਚ-ਰੰਗ ਦਾ ਪ੍ਰਬੰਧ ਹੋਇਆ। ਸ਼ਹਿਰ ਦੇ ਸ਼ਾਹੀ ਮਹੱਲ ਦਾ ਨਾਚ-ਰੰਗ ਅੱਧੀ ਰਾਤ ਵੇਲੇ ਜਦ ਆਪਣੇ ਪੂਰੇ ਸਿਖਰ 'ਤੇ ਪੁੱਜ ਕੇ ਖਤਮ ਹੋਇਆ ਤਾਂ ਸਿਧਾਰਥ ਨੇ ਗ੍ਰਹਿਸਥ ਤਿਆਗਣ ਦਾ ਫੈਸਲਾ ਕਰ ਲਿਆ। ਆਪਣੇ ਪਰਿਵਾਰ ਵਿਚ ਆਪਣਾ ਵਾਰਿਸ ਜਾਂ ਜਾਨਸ਼ੀਨ ਆਉਣ ਉਪਰੰਤ ਜੀਵਨ ਦੇ ਤਿਆਗਣ ਦਾ ਫੈਸਲਾ ਭਾਈ ਗੰਡਾ ਸਿੰਘ ਦੇ ਜੀਵਨ-ਬਿਰਤਾਂਤ ਵਿਚ ਸਿਧਾਰਥ ਦੀ ਉਪਰੋਕਤ ਘਟਨਾ ਦੇ ਰੁਪਾਂਤਰਣ ਵਜੋਂ ਸਾਹਮਣੇ ਆਉਂਦਾ ਹੈ। ਡਾ. ਹਰਿਭਜਨ ਸਿੰਘ ਅਜੇ ਕੁੱਛੜ ਚੁੱਕਿਆ ਬਾਲ ਹੀ ਸੀ। ਪਿਤਾ ਦਾ ਮੁਹਾਂਦਰਾ ਅਜੇ ਤੋਤਲੇ ਬੋਲਾਂ ਵਾਲੇ ਬਾਲ ਦੇ ਮਾਸੂਮ ਨੇਤਰਾਂ ਵਿਚ ਉਤਰਿਆ ਨਹੀਂ ਸੀ ਕਿ ਇਕ ਵੱਡ-ਆਕਾਰੀ ਛਾਂ-ਦਾਰ ਬ੍ਰਿਛ ਉਸ ਦੇ ਜੀਵਨ ਵਿਚੋਂ ਅਲੋਪ ਹੋ ਗਿਆ। ਇਹ ਉਹ ਉਮਰ ਸੀ, ਜਦੋਂ ਹਰਿਭਜਨ ਸਿੰਘ ਨੂੰ ਜੀਵਨ ਅਤੇ ਮੌਤ ਦੇ ਗੁੱਝੇ ਅਰਥਾਂ ਦਾ ਰਹੱਸ ਨਹੀਂ ਸੀ।

ਭਾਈ ਗੰਡਾ ਸਿੰਘ ਦੇ ਦਿਹਾਂਤ ਉਪਰੰਤ ਹਰਿਭਜਨ ਸਿੰਘ ਦੇ ਪਰਿਵਾਰ ਦਾ ਪਰਦੇਸ ਵਿਚ ਟਿਕੇ ਰਹਿਣਾ ਨਾ ਮੁਮਕਿਨ ਹੋ ਗਿਆ। ਪਰਦੇਸ ਦਾ ਮੋਹ ਤਿਆਗ ਕੇ ਸਾਰਾ ਪਰਿਵਾਰ ਆਪਣੇ ਜੱਦੀ ਪਿੰਡ ਭੁੱਲਰ, ਅੰਮ੍ਰਿਤਸਰ ਆ ਗਿਆ, ਪਰ ਪਰਦੇਸੀ ਰਹਿਣੀ-ਬਹਿਣੀ ਦੇ ਅਨੁਭਵ ਕਰਕੇ ਪਰਿਵਾਰ ਦਾ ਪਿੰਡ ਨਾਲ ਕਦੇ ਵੀ ਸਹਿਜ ਦਾ ਰਿਸ਼ਤਾ ਸਥਾਪਿਤ ਨਾ ਹੋ ਸਕਿਆ ਤੇ ਇਥੋਂ ਉਪਰਾਮ ਹੋ ਕੇ ਆਪਣਾ ਘਰ-ਘਾਟ ਵੇਚ ਕੇ ਲਾਹੌਰ ਵਾਲੇ ਮਕਾਨ ਵਿਚ ਰਹਿਣ ਦੀ ਵਿਉਂਤ ਬਣਾ ਲਈ ਗਈ। ਮੌਤ ਦਾ ਦਾਨਵ ਭਾਈ ਗੰਡਾ ਸਿੰਘ ਦੇ ਪਰਿਵਾਰ ਪਿੱਛੇ ਇਸ ਤਰ੍ਹਾਂ ਪਿਆ ਹੋਇਆ ਸੀ ਕਿ ਹਰਿਭਜਨ ਸਿੰਘ ਦੀ ਸੱਤ-ਅੱਠ ਸਾਲ ਦੀ ਉਮਰ ਤੱਕ ਉਨ੍ਹਾਂ ਦੇ ਪਿਤਾ, ਮਾਤਾ ਅਤੇ ਭੈਣਾਂ-ਸਭਨਾਂ ਨੂੰ ਨਿਗਲ ਚੁਕਾ ਸੀ। ਹਰਿਭਜਨ ਸਿੰਘ ਦਾ ਦਾਦਾ-ਦਾਦੀ ਅਤੇ ਨਾਨਾ-ਨਾਨੀ ਤਾਂ ਉਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਸਵਰਗਵਾਸ ਹੋ ਚੁਕੇ ਸਨ। ਹਰਿਭਜਨ ਸਿੰਘ ਦਾ ਬਚਪਨ ਬਿਖੜੇ ਅਤੇ ਓਬੜ ਪੈਂਡਿਆਂ ਵਿਚ ਬਤੀਤ ਹੋਇਆ।

ਮੁਹੰਮਦ ਸਾਹਿਬ ਦਾ ਬਚਪਨ ਵੀ ਮਾਂ-ਪਿਉ ਬਾਹਰਾ ਸੀ। ਮਾਂ ਦੀ ਕੁੱਖ ਵਿਚ ਸਨ ਕਿ ਪਿਤਾ ਚਲ ਵੱਸਿਆ। ਕੁਝ ਸਾਲ ਬਾਅਦ ਮਾਂ ਵੀ ਚਲ ਵਸੀ ਤਾਂ ਪੋਤਰੇ ਨੂੰ ਪਾਲਣ ਦੀ ਜ਼ਿੰਮੇਵਾਰੀ ਦਾਦੇ (ਮੁੱਤ ਲਿਯ) ਦੇ ਸਿਰ ਪਈ। ਦਾਦਾ ਵੀ ਛੇਤੀ ਹੀ ਚਲ ਵੱਸਿਆ ਤਾਂ ਰਸੂਲ ਸਾਹਿਬ ਆਪਣੇ ਪਿਓ ਦੇ ਵੇਲੇ ਦੀ ਨੌਕਰਾਨੀ ਦੀ ਦੇਖ-ਰੇਖ ਵਿਚ ਆਏ। ਮਾਂ ਦੇ ਜਿਉਂਦਿਆਂ ਵੀ ਮੁਹੰਮਦ ਨੂੰ ਦੁੱਧ ਪਿਲਾਉਣ ਵਾਲੀ ਦਾਈ 'ਹਲੀਮਾ' ਆਪਣੇ ਪਾਸ ਲੈ ਗਈ। ਮਾਂ-ਪਿਉ-ਦਾਦੇ ਤੋਂ ਵਿਛੜਿਆ ਉਹ ਪਰਾਏ ਘਰ ਪਲਦਾ ਰਿਹਾ। ਇਹੋ ਜਿਹੀ ਹੋਣੀ ਸ਼ਾਇਦ ਹਰਿਭਜਨ ਸਿੰਘ ਨੂੰ ਮਿਲੀ। ਸਾਰਾ ਟੱਬਰ ਗੁਆ ਕੇ ਉਸ ਨੂੰ ਪਰਾਏ ਘਰ (ਵਿਧਵਾ ਮਾਸੀ ਦੇ ਘਰ) ਵਿਚ ਰਹਿਣਾ ਪਿਆ। ਮੁਹੰਮਦ ਜੰਮਿਆ ਮੱਕੇ ਵਿਚ, ਇੱਜਤ ਮਿਲੀ ਮਦੀਨੇ ਵਿਚ। ਹਰਿਭਜਨ ਸਿੰਘ ਜੰਮਿਆ ਲੰਮਡਿੰਗ, ਪੜ੍ਹਿਆ ਇਛਰੇ (ਲਾਹੌਰ ਵਿਚ)। ਕਹਿੰਦੇ ਨੇ, ਮੁਹੰਮਦ ਦੀ ਬੋਲੀ ਆਪਣੀ ਦੁੱਧ-ਪਿਲਾਵੀ ਦੇ ਸੰਪਰਕ ਕਾਰਨ ਬੜੀ ਸਰਲ ਤੇ ਸਪੱਸ਼ਟ ਸੀ। ਹਰਿਭਜਨ ਸਿੰਘ ਕਹਿੰਦਾ ਹੈ ਕਿ ਮੇਰੀ ਬੋਲੀ ਉੱਪਰ ਇਛਰੇ ਦੀਆਂ ਗਰੀਬ ਗੁਆਂਢਣਾਂ, ਮਾਸੀਆਂ ਅਤੇ ਭੂਆ ਆਦਿ ਦਾ ਅਤੇ ਪਿੰਡ ਦੇ ਗੁਰਦੁਆਰੇ ਦਾ ਅਸਰ ਹੈ। ਮੁਹੰਮਦ ਸਾਹਿਬ ਨੂੰ ਸਭ ਤੋਂ ਜ਼ਿਆਦਾ ਪਿਆਰ ਆਪਣੀ ਬੇਟੀ 'ਫਾਤਮਾ' ਨਾਲ ਸੀ। ਹਰਿਭਜਨ ਸਿੰਘ ਨੂੰ ਆਪਣੀ ਬੇਟੀ 'ਰਸ਼ਮੀ' ਆਪਣੇ ਪੁੱਤਰਾਂ ਤੋਂ ਵੀ ਵੱਧ ਪਿਆਰੀ ਸੀ।

ਮਾਂ, ਬਾਪ ਅਤੇ ਪਰਿਵਾਰ-ਵਿਹੂਣੇ ਕੱਲ-ਮਕੱਲੇ ਬਾਲ ਨੂੰ ਬਚਪਨ ਦੇ ਡੂੰਘੇ ਅਤੇ ਤਿੱਖੇ ਹੇਰਵੇ ਦਾ ਅਹਿਸਾਸ ਹੋਇਆ। ਹਰਿਭਜਨ ਸਿੰਘ ਦਾ ਬਚਪਨ ਇਕ ਅਜਿਹੇ ਬਿਰਖ ਦੇ ਝੜੇ ਪੱਤੇ ਵਰਗਾ ਸੀ, ਜੋ ਹਨੇਰੀਆਂ, ਝੱਖੜਾਂ ਅਤੇ ਵਾ-ਵਰੋਲਿਆਂ ਦੀ ਓਟ ਵਿਚ ਆਪਣਾ ਆਸਰਾ ਭਾਲਦਾ ਰਿਹਾ। ਭਰੀ ਭਰਾਤੀ ਦੁਨੀਆਂ ਵਿਚ ਇਕੱਲਾ, ਨਿਮਾਣਾ ਅਤੇ ਗਰੀਬੜਾ ਜਿਹਾ ਬਾਲ ਆਪਣੇ ਆਪ ਨੂੰ ਇਉਂ ਮਹਿਸੂਸ ਕਰਦਾ ਜਿਉਂ ਖਲਾਅ ਵਿਚ ਲਟਕਦਾ ਬੂਝੂ ਬੂਝੂ ਕਰਦਾ ਕੋਈ ਤਾਰਾ ਹੋਵੇ। ਹਰਿਭਜਨ ਸਿੰਘ ਦੀ ਉਮਰ ਦੇ ਮੁਢਲੇ ਵਰ੍ਹੇ ਅਤਿ ਮਾਯੂਸੀ ਅਤੇ ਨਿਰਾਸ਼ਾ ਵਾਲੇ ਸਨ। ਇਹੋ ਜਿਹੀ ਮਾਨਸਿਕ ਪ੍ਰੇਸ਼ਾਨੀ ਅਤੇ ਉਦਾਸੀਨਤਾ ਵਾਲੇ ਵਾਤਾਵਰਣ ਵਿਚ ਆਪ ਨੇ ਡੀ. ਏ. ਵੀ. ਸਕੂਲ ਲਾਹੌਰ ਤੋਂ ਦਸਵੀਂ ਜਮਾਤ ਪਾਸ ਕੀਤੀ। ਬਾਕੀ ਦੀ ਸਾਰੀ ਉਚੇਰੀ ਵਿੱਦਿਆ, ਪ੍ਰਭਾਕਰ, ਸਾਹਿਤ ਰਤਨ, ਗਿਆਨੀ, ਬੀ. ਏ., ਐੱਮ. ਏ., (ਅੰਗਰੇਜ਼ੀ ਅਤੇ ਹਿੰਦੀ), ਪੀਐੱਚ. ਡੀ. ਪ੍ਰਾਈਵੇਟ ਤੌਰ 'ਤੇ ਨਿੱਜੀ ਯਤਨਾਂ ਰਾਹੀਂ ਹਾਸਿਲ ਕੀਤੀ। ਇਸ ਸਮੇਂ ਦੌਰਾਨ ਉਨ੍ਹਾਂ ਦਾ ਵਿਆਹ ਬੀਬੀ ਕਿਰਪਾਲ ਕੌਰ ਨਾਲ 1946 ਈਸਵੀ ਵਿਚ ਹੋਇਆ। ਉਨ੍ਹਾਂ ਦੇ ਇੱਕ ਧੀ ਤੇ ਤਿੰਨ ਪੁੱਤ ਹਨ।



*ਡਾ. ਹਰਿਭਜਨ ਸਿੰਘ*

ਖਾਲਸਾ ਸਕੂਲ ਦਿੱਲੀ ਦੇ ਅਧਿਆਪਨ ਦੌਰਾਨ ਅੰਗਰੇਜ਼ੀ ਅਤੇ ਹਿੰਦੀ ਦੀ ਐੱਮ. ਏ. ਕਰਨ ਉਪਰੰਤ ਉਨ੍ਹਾਂ ਨੂੰ ਖਾਲਸਾ ਕਾਲਜ ਦਿੱਲੀ ਵਿਖੇ ਪ੍ਰੋਫੈਸਰ ਦੀ ਨੌਕਰੀ ਪ੍ਰਾਪਤ ਹੋਈ ਤਾਂ ਚਿਰਾਂ ਤੋਂ ਵਕਤ ਦੇ ਵਹਿਣਾਂ ਵਿਚ ਰੁੜ੍ਹਦੇ ਆ ਰਹੇ ਹਰਿਭਜਨ ਸਿੰਘ ਦੇ ਪੈਰਾਂ ਨੂੰ ਅਟਕਾ ਲੱਗਾ। ਇਥੇ ਪੀਐੱਚ. ਡੀ. ਅਤੇ ਅੱਠ ਕੁ ਸਾਲ ਕਾਲਜ ਸੇਵਾ ਕਰਨ ਉਪਰੰਤ ਹਰਿਭਜਨ ਸਿੰਘ ਨੂੰ ਦਿੱਲੀ ਯੂਨੀਵਰਸਿਟੀ ਦੇ ਆਧੁਨਿਕ ਭਾਰਤੀ ਭਾਸ਼ਾਵਾਂ ਵਿਭਾਗ ਵਿਚ ਪ੍ਰੋਫੈਸਰ ਦਾ ਅਹੁਦਾ ਸਿੱਧੇ ਤੌਰ 'ਤੇ ਪ੍ਰਾਪਤ ਹੋਇਆ। ਇਸ ਅਹੁਦੇ 'ਤੇ ਉਹ 16 ਸਾਲ ਟਿਕੇ ਰਹੇ। ਇਹ ਉਹ ਸਮਾਂ ਸੀ, ਜਦੋਂ ਉਨ੍ਹਾਂ ਨੇ ਪੂਰੀ ਤਨਦੇਹੀ ਨਾਲ ਪੰਜਾਬੀ ਅਕਾਦਮਿਕ ਖੇਤਰ ਵਿਚ ਨਵੀਂ ਰੂਹ ਫੂਕ ਦਿੱਤੀ। ਸੇਵਾ ਮੁਕਤ ਹੋਣ ਉਪਰੰਤ ਉਨ੍ਹਾਂ ਨੂੰ ਦਿੱਲੀ ਯੂਨੀਵਰਸਿਟੀ ਵੱਲੋਂ 'ਪ੍ਰੋਫੈਸਰ ਆਫ ਅਮੈਰੀਟਸ' ਦੀ ਪਦਵੀ ਨਾਲ ਨਿਵਾਜਿਆ ਗਿਆ।

ਡਾ. ਹਰਿਭਜਨ ਸਿੰਘ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਸਬੰਧਿਤ ਉਚੇਰੀ ਤੋਂ ਉਚੇਰੀ ਪਦਵੀ 'ਤੇ ਬਿਰਾਜਮਾਨ ਰਹੇ, ਪਰ ਆਪ ਨੂੰ ਖੁਦ ਪੰਜਾਬੀ ਦੀ ਉਚੇਰੀ ਤਾਲੀਮ ਪ੍ਰਾਪਤ ਕਰਨ ਲਈ ਕਿਸੇ ਕਾਲਜ ਅਤੇ ਵਿਸ਼ਵਵਿਦਿਆਲੇ ਤੋਂ ਮੌਕਾ ਨਸੀਬ ਨਾ ਹੋਇਆ। ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਉਨ੍ਹਾਂ ਦੇ ਮੱਥੇ ਵਿਚ ਪੰਜਾਬੀ ਦੇ ਗਿਆਨ ਦੀ ਕੋਈ ਕਮੀ ਰਹੀ। ਜੀਵਨ ਦੇ ਮੁਢਲੇ ਦੁੱਖਦਾਈ ਅਤੇ ਜਾਨ-ਜੋਖੋ ਵਾਲੇ ਸਖਤ ਤਨ ਝਾਗੇ ਅਨੁਭਵ ਨੇ ਉਨ੍ਹਾਂ ਨੂੰ ਅੰਤਰਮੁਖੀ ਅਤੇ ਸੱਚੀ-ਸੁੱਚੀ ਲਗਨ ਕਰਨ ਵਾਲਾ ਸਿਰੜੀ ਮਨੁੱਖ ਬਣਾ ਦਿੱਤਾ ਸੀ। ਉਨ੍ਹਾਂ ਨੇ ਸਾਰੀ ਉਮਰ ਇਕ ਸੁਹਿਰਦ ਸਿਖਿਆਰਥੀ ਵਾਂਗ ਨਿੱਠ ਕੇ ਪੂਰਬੀ ਅਤੇ ਪੱਛਮੀ ਚਿੰਤਨ ਦਾ ਮੁਤਾਲਿਆ ਕੀਤਾ ਅਤੇ ਵਿਸ਼ੇਸ਼ਗ ਬਣ ਕੇ ਅਗਿਆਨ ਵਿਚ ਭਟਕ ਰਹੇ ਪੰਜਾਬੀ ਮੱਥਿਆਂ ਨੂੰ ਗਿਆਨ ਦੇ ਭਾਗੀ ਬਣਾਇਆ।

ਦਿੱਲੀ ਵਿਸ਼ਵ ਵਿਦਿਆਲੇ ਦੇ ਅਧਿਆਪਨ ਦੌਰਾਨ ਹਰਿਭਜਨ ਸਿੰਘ ਨੂੰ ਵਿਜ਼ਟਿੰਗ ਪ੍ਰੋਫੈਸਰ ਦੇ ਤੌਰ 'ਤੇ ਦੇਸ਼ ਦੇ ਹੋਰ ਵਿਸ਼ਵ ਵਿਦਿਆਲਿਆ ਵਿਚ ਜਾਣ ਦਾ ਮੌਕਾ ਪ੍ਰਾਪਤ ਹੋਇਆ। ਇਸ ਅਰਸੇ ਦੌਰਾਨ ਉਨ੍ਹਾਂ ਨੇਪਾਲ (1969), ਚੈਕੋਸਲਵਾਕੀਆ (1973), ਇੰਗਲੈਂਡ (1973, 1980 ਅਤੇ 1984), ਕੈਨੇਡਾ (1986), ਅਮਰੀਕਾ (1976), ਰੂਸ (1981) ਆਦਿ ਦੇਸ਼ਾਂ ਵਿਚ ਕੌਮਾਂਤਰੀ ਪੱਧਰ ਦੀਆਂ ਸਾਹਿਤਕ ਕਾਨਫਰੰਸਾਂ ਵਿਚ ਸ਼ਾਮਿਲ ਹੋ ਕੇ ਖੋਜ-ਪੱਤਰਾਂ, ਵਿਖਿਆਨਾਂ ਅਤੇ ਗਿਆਨ ਦੀਆਂ ਅਸੀਮ ਸੰਭਾਵਨਾਵਾਂ ਦੇ ਪ੍ਰਗਟਾ ਰਾਹੀਂ ਸਰੋਤਿਆਂ ਦੇ ਮਨਾਂ 'ਤੇ ਆਪਣੀ ਪ੍ਰਤਿਭਾ ਦਾ ਸਥਾਈ ਅਤੇ ਡੂੰਘਾ ਪ੍ਰਭਾਵ ਪਾਇਆ। ਇਸ ਪ੍ਰਭਾਵ ਸਦਕਾ ਨਾ ਸਿਰਫ ਦੇਸ਼ ਅਤੇ ਵਿਦੇਸ਼ ਵਿਚ ਉਨ੍ਹਾਂ ਦੀ ਵਿਦਵਤਾ ਨੂੰ ਮਾਨਤਾ ਹੀ ਪ੍ਰਾਪਤ ਹੋਈ, ਸਗੋਂ ਉਨ੍ਹਾਂ ਨੇ ਪੰਜਾਬੀ ਪਾਠਕਾਂ ਨੂੰ ਵੀ ਅਜਿਹੇ ਪਲੈਟਫਾਰਮ 'ਤੇ ਪੁਚਾ ਦਿੱਤਾ, ਜਿਥੇ ਪੁੱਜ ਕੇ ਉਹ ਕੌਮਾਂਤਰੀ ਸਾਹਿਤ-ਸਮੀਖਿਆ ਨੂੰ ਸਹੀ-ਪਰਿਪੇਖ ਵਿਚ ਸਮਝ ਸਕਦਾ ਸੀ। ਸਿੱਟੇ ਵਜੋਂ ਪੰਜਾਬੀ ਪਾਠਕਾਂ ਲਈ ਪੱਛਮੀ ਚਿੰਤਕ ਅਜਨਬੀ ਅਤੇ ਦੂਰ ਦੇਸ਼ ਦੇ ਵਾਸੀ ਨਾ ਰਹਿ ਕੇ ਆਪਣੀ ਧਰਤੀ ਦੇ ਬਾਸ਼ਿੰਦੇ ਹੀ ਜਾਪਣ ਲੱਗ ਪਏ। ਜਦੋਂ ਪੰਜਾਬੀ ਅਕਾਦਮਿਕ ਗਿਆਨ ਦਾ ਪੱਧਰ ਉਚੇਰਾ ਹੋਇਆ ਤਾਂ ਸਮੀਖਿਆ ਦਾ ਦਾਇਰਾ ਸਹਿਜੇ ਹੀ ਵਿਸਤ੍ਰਿਤ ਹੋ ਗਿਆ।

ਸਾਹਿਤ ਰਚਨ ਦੀ ਚੇਟਕ ਉਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਲੱਗ ਗਈ ਸੀ। ਬਦਕਿਸਮਤੀ ਨਾਲ ਬਾਲ ਉਮਰ ਵਿਚ ਹੀ ਉਨ੍ਹਾਂ ਦਾ ਘਰ ਅਤੇ ਪਰਿਵਾਰ ਦੇ ਜੀਅ ਵਾਸਤਵਿਕ ਜੀਵਨ ਵਿਚੋਂ ਗੁਆਚ ਕੇ ਕਲਪਨਾ ਦੀ ਦੁਨੀਆਂ ਵਿਚ ਪ੍ਰਵੇਸ਼ ਕਰ ਗਏ ਸਨ। ਜਿਉਂ ਜਿਉਂ ਇਹ ਬਾਹਰੀ ਸ਼ਖਸੀਅਤਾਂ ਅਤੇ ਵਸਤਾਂ ਆਪ ਦੇ ਜੀਵਨ ਵਿਚੋਂ ਅਲੋਪ ਹੁੰਦੀਆਂ ਗਈਆਂ, ਤਿਉਂ ਤਿਉਂ ਇਹ ਉਨ੍ਹਾਂ ਦੀ ਮਾਨਸਿਕਤਾ ਦੇ ਨੇੜੇ ਹੁੰਦੀਆਂ ਰਹੀਆਂ। ਮਨੋਵਿਗਿਆਨੀਆਂ ਦਾ ਇਹ ਕਹਿਣਾ ਦਰੁਸਤ ਹੈ ਕਿ ਵਿਦਾ ਹੋ ਜਾਣ ਨਾਲ ਕੋਈ ਵਿਛੜ ਨਹੀਂ ਜਾਂਦਾ, ਸਗੋਂ ਉਹ ਮਨੁੱਖ ਦੀ ਧੁਰ ਆਤਮਾ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਕ ਝਟਕੇ ਨਾਲ ਕਿਸੇ ਨੂੰ ਵਿਦਾਇਗੀ ਨਹੀਂ ਕਹੀ ਜਾ ਸਕਦੀ। ਮਾਤਾ, ਪਿਤਾ ਅਤੇ ਭੈਣਾਂ ਭਾਵੇਂ ਜੀਵਨ ਵਿਚੋਂ ਗੈਰ-ਹਾਜ਼ਰ ਹੋ ਚੁਕੇ ਸਨ, ਪਰ ਹਰਿਭਜਨ ਸਿੰਘ ਨੇ ਉਨ੍ਹਾਂ ਨੂੰ ਹਾਜ਼ਰ-ਨਾਜ਼ਰ ਮੰਨ ਕੇ ਉਨ੍ਹਾਂ ਦੁਆਰਾ ਦਿਖਾਏ ਗਏ ਰਸਤੇ ਨੂੰ ਦਰੁਸਤ ਅਤੇ ਪਰਪੱਕ ਕਰਨਾ ਹੀ ਬਿਹਤਰ ਸਮਝਿਆ। ਖੁਦ ਹਰਿਭਜਨ ਸਿੰਘ ਦਾ ਵੀ ਕਹਿਣਾ ਹੈ, "ਮਾਤ-ਪਰੰਪਰਾ ਅਟੁੱਟ ਹੈ, ਨਦੀ ਦੇ ਸਮਾਨ ਸਦਾ ਪ੍ਰਵਾਹਮਾਨ ਹੈ। ਮਾਤ ਵਿਛੜ ਤਾਂ ਜਾਂਦੀ ਹੈ, ਪਰ ਮਰਦੀ ਕਦੇ ਨਹੀਂ। ਮਾਤ-ਭਾਸ਼ਾ, ਮਾਤ-ਧਰਮ, ਮਾਤ-ਸੰਸਕ੍ਰਿਤੀ ਆਦਿ ਅਨੇਕਾਂ ਰੂਪਾਂ ਵਿਚ ਸਦਾ ਜਿਉਂਦੀ ਰਹਿੰਦੀ ਹੈ।"

ਡਾ. ਹਰਿਭਜਨ ਸਿੰਘ ਨੇ ਮਾਂ ਦੇ ਸ਼ਾਬਦਿਕ-ਭਾਵ ਨੂੰ ਵਿਸਤ੍ਰਿਤ ਅਤੇ ਵਿਰਾਟ ਰੂਪ ਵਿਚ ਸਮਝਣ ਦਾ ਕਾਰਜ ਕੀਤਾ। ਪਿਤਾ ਦੇ ਦਿਹਾਂਤ ਉਪਰੰਤ ਹਰਿਭਜਨ ਸਿੰਘ ਦੀ ਵਿਧਵਾ ਮਾਤਾ ਧਾਰਮਿਕਤਾ ਨਾਲ ਅਟੁੱਟ ਰਿਸ਼ਤੇ ਵਿਚ ਬੱਝਦੀ ਹੈ, ਇਸੇ ਕਾਰਨ ਹਰਿਭਜਨ ਸਿੰਘ ਦੀ ਮੁੱਢਲੀ ਕਵਿਤਾ ਵਿਚ ਧਾਰਮਿਕਤਾ ਦੇ ਪ੍ਰੇਰਕ ਦੇਖੇ ਜਾ ਸਕਦੇ ਹਨ।

ਦੁਨੀਆਂ ਵਿਚ ਇਕੱਲ ਜਿਹਾ ਸ਼ਾਇਦ ਹੀ ਕੋਈ ਹੋਰ ਰੋਗ ਹੋਵੇ ਪਰ ਇਹ ਇਕੱਲ ਬੁਧੀਜੀਵੀਆਂ, ਫਿਲਾਸਫਰਾਂ ਅਤੇ ਲੇਖਕਾਂ ਵਾਸਤੇ ਇਕ ਵਰਦਾਨ ਬਣ ਕੇ ਸਾਹਮਣੇ ਆਉਂਦੀ ਹੈ। ਹੀਗਲ ਨੇ ਇਸ ਇਕੱਲ ਬਾਰੇ ਚੇਤਾਵਨੀ ਦਿੰਦਿਆਂ ਕਿਹਾ ਸੀ ਕਿ ਜੇ ਇੱਕ ਵਾਰ ਮਨੁੱਖ ਦੀ ਸਮਾਜਕ ਪ੍ਰਵਿਰਤੀ ਤਹਿਸ-ਨਹਿਸ ਹੋ ਜਾਵੇ ਤਾਂ ਉਹ ਇਸ ਹੱਦ ਤੱਕ ਸਵੈ-ਕੇਂਦ੍ਰਿਤ ਹੋ ਜਾਂਦਾ ਹੈ, ਜਿਸ ਨੂੰ 'ਪਾਗਲਪਨ ਦੀ ਹੱਦ' ਕਿਹਾ ਜਾ ਸਕਦਾ ਹੈ ਤੇ ਪਾਗਲਪਨ ਸਮਾਜਕ ਪ੍ਰਕਿਰਿਆ ਨਾਲੋਂ ਮੁਕੰਮਲ ਤੌਰ 'ਤੇ ਇੱਕ ਤਰ੍ਹਾਂ ਨਾਲ ਅਲਹਿਦਾ ਹੋਣਾ ਹੈ। ਕਿਰਕੇਗਾਰਦ ਨੇ ਹੀਗਲ ਦੇ ਉਪਰੋਕਤ ਬਿਆਨ ਦੇ ਜੁਆਬ ਵਿਚ ਆਪਣਾ ਅਸਤਿਤਵੀ ਬਿਆਨ ਦਾਗ ਕੇ ਅਲਹਿਦਗੀ ਨੂੰ ਮੁੜ ਰੁਤਬਾ ਪ੍ਰਦਾਨ ਕੀਤਾ ਸੀ। ਉਸ ਅਨੁਸਾਰ ਆਤਮਪਰਪੱਕਤਾ ਸੱਚਾਈ ਹੈ। ਆਤਮਪਰਪੱਕਤਾ ਉਨ੍ਹਾਂ ਲਈ ਹੀ ਸੱਚਾਈ ਹੁੰਦੀ ਹੈ, ਜੋ ਇਸ ਰਾਹੀਂ ਜੀਵਨ ਦੀ ਸੱਚਾਈ ਅਤੇ ਚੇਤਨਾ ਦੀਆਂ ਅਸੀਮ ਹੱਦਾਂ ਤੱਕ ਪੁੱਜਣਾ ਚਾਹੁੰਦੇ ਹਨ, ਪਰ ਆਮ ਬੁੱਧ ਵਾਲੇ ਵਿਅਕਤੀਆਂ ਨੂੰ ਆਪਣੀਆਂ ਸਾਧਾਰਨ ਹਾਲਤਾਂ ਵਿਚ ਹੀ ਰਹਿਣਾ ਚਾਹੀਦਾ ਹੈ। ਸੋਚ ਦੇ ਡੂੰਘੇ ਵਹਿਣਾਂ ਵਿਚ ਵਿਵੇਕੀ ਪਹੁੰਚ ਅਪਨਾ ਕੇ ਉੱਤਰ ਜਾਣਾ ਪਾਰਖੂਆਂ ਅਤੇ ਬੁੱਧੀਜੀਵੀਆਂ ਦਾ ਹੀ ਕਮਾਲ/ਕਾਰਜ ਹੁੰਦਾ ਹੈ।

ਨਿਊਟਨ, ਸ਼ੰਕਰਾਚਾਰੀਆ, ਗੋਸੁਆਮੀ ਤੁਲਸੀਦਾਸ, ਜਾਇਸੀ, ਨਿਤਸ਼ੇ, ਰਾਹੁਲ ਸਾਂਕ੍ਰਿਤਿਆਇਨ, ਜੀਨ ਪਾਲ ਸਾਰਤਰ ਆਦਿ ਵਿਸ਼ਵ ਪੱਧਰ ਦੇ ਮਹਾਪੁਰਖ ਆਪਣੇ ਮਾਪਿਆਂ ਤੋਂ ਛੋਟੀ ਉਮਰੇ ਵਿਛੜ ਜਾਣ ਕਾਰਨ ਘੋਰ ਇਕੱਲ ਅਤੇ ਮਾਯੂਸੀ ਦੇ ਅਨੁਭਵ ਵਿਚੋਂ ਗੁਜ਼ਰੇ ਸਨ। ਜਗਤ ਪ੍ਰਸਿਧ ਵਿਗਿਆਨੀ ਸਰ ਈਜ਼ਕ ਨਿਊਟਨ ਨੂੰ ਜਦੋਂ ਇਕ ਵਿਦੇਸ਼ੀ ਵਿਦਵਾਨ ਨੇ ਉਨ੍ਹਾਂ ਦੁਆਰਾ ਕੀਤੀ ਖੋਜ ਦੇ ਰਹੱਸ ਬਾਰੇ ਪੁੱਛਿਆ ਕਿ ਤੁਸੀਂ ਆਪਣੇ ਆਕਰਸ਼ਕ ਸਿਧਾਂਤ ਦੀ ਲੱਭਤ ਕਿਵੇਂ ਕੀਤੀ ਤਾਂ ਨਿਊਟਨ ਦਾ ਉੱਤਰ ਸੀ, 'ਸੋਚੀ ਜਾਣ, ਸੋਚੀ ਜਾਣ ਨਾਲ।'

ਇਕੱਲਤਾ ਵਿਚ ਲਾਈ ਹੋਈ ਨਿਰੰਤਰ ਸਮਾਧੀ ਲਈ ਭਾਰਤੀ ਇਤਿਹਾਸ ਵਿਚ ਗੌਤਮ ਬੁੱਧ ਇਸ ਦੀ ਪ੍ਰਤੱਖ ਮਿਸਾਲ ਹਨ। ਪੰਜਾਬੀ ਦੇ ਮਕਬੂਲ ਸ਼ਾਇਰ ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਸ਼ਿਵ ਕੁਮਾਰ ਆਦਿ ਆਪਣੇ ਪਰਿਵਾਰਾਂ ਤੋਂ ਫਾਸਲਿਆਂ ਉੱਪਰ ਵਿਚਰੇ ਹਨ। ਸ਼ਿਵ ਕੁਮਾਰ ਆਪਣੇ ਬਚਪਨ ਵਿਚ ਸਾਰਾ ਸਾਰਾ ਦਿਨ ਪਿੰਡ ਦੇ ਕੋਲ ਲੰਘਦੀ ਬਸੰਤਰ ਨਦੀ ਦੇ ਕੰਢੇ ਪੱਥਰਾਂ-ਗੀਟਿਆਂ ਨਾਲ ਖੇਡਦਾ ਰਹਿੰਦਾ ਸੀ ਤੇ ਡੂੰਘੀ ਸ਼ਾਮ ਨੂੰ ਵਾਪਸ ਘਰ ਪਰਤਦਾ ਸੀ। ਅਕਸਰ ਕਲਾਕਾਰ ਆਪਣੇ ਸਮਾਜ ਤੋਂ ਨਿਰਲੇਪਤਾ ਦੇ ਸਹਿਜ ਰਿਸ਼ਤੇ ਵਿਚ ਬੱਝੇ ਹੁੰਦੇ ਹਨ, ਪਰ ਹਰਿਭਜਨ ਸਿੰਘ ਨੂੰ ਇਹ ਨਿਰਲੇਪਤਾ ਅਤੇ ਇਕੱਲ ਅਪ੍ਰਤੱਖ ਰੂਪ ਵਿਚ ਕੁਦਰਤ ਦੁਆਰਾ ਕੀਤੀ ਗਈ ਕਰੋਪੀ ਦੇ ਰੂਪ ਵਿਚ ਪ੍ਰਾਪਤ ਹੋਈ ਸੀ। ਬਾਲ ਉਮਰ ਦੀ ਨਿਰਾਸ਼ਾ ਅਤੇ ਇਸ ਦੌਰਾਨ ਕੀਤੇ ਗਏ ਸੰਘਰਸ਼ 'ਚੋਂ ਪੈਦਾ ਹੋਣ ਵਾਲੇ ਸੁਹਜ ਦੀ ਕਲਪਨਾ ਦੇ ਆਧਾਰ 'ਤੇ ਉਨ੍ਹਾਂ ਦੀਆਂ ਪਹਿਲੀਆਂ ਕਾਵਿ-ਰਚਨਾਵਾਂ ਦੀ ਸਿਰਜਣਾ ਹੋਈ। ਕਾਵਿ-ਸਾਧਨਾ ਵਿਚ ਡਾ. ਹਰਿਭਜਨ ਸਿੰਘ ਨੇ ਲਾਸਾਂ (1956), ਤਾਰ-ਤੁਪਕਾ (1957), ਅਧਰੈਣੀ (1962), ਨਾ ਧੁੱਪੇ ਨਾ ਛਾਂਵੇਂ (1967), ਸੜਕ ਦੇ ਸਫੇ ਉੱਤੇ (1970), ਮੈਂ ਜੋ ਬੀਤ ਗਿਆ (1970), ਅਲਫ

**(ਬਾਕੀ ਅਗਲੇ ਸਫੇ 'ਤੇ)**

# ਡਾ. ਹਰਿਭਜਨ ਸਿੰਘ

*(ਪਿਛਲੇ ਸਫੇ ਦੀ ਬਾਕੀ)*

ਦੁਪਹਿਰ (1972), ਟੁੱਕੀਆਂ ਜੀਭਾਂ ਵਾਲੇ (1977), ਮੱਥਾ ਦੀਵੇ ਵਾਲਾ (1982), ਮਹਿਕਾਂ ਨੂੰ ਜੰਦਰੇ ਨਾ ਮਾਰੀਂ (1983), ਅਲਵਿਦਾ ਤੋਂ ਪਹਿਲਾਂ (1984), ਮਾਂਵਾਂ ਧੀਆਂ (1991), ਨਿੱਕ ਸੁੱਕ (1989), ਮੇਰੀ ਕਾਵਿ-ਯਾਤਰਾ (1989), ਚੌਥੇ ਦੀ ਉਡੀਕ (1991), ਰੁੱਖ ਤੇ ਰਿਸ਼ੀ (1992), ਰੇਗਿਸਤਾਨ 'ਚ ਲੱਕੜਹਾਰਾ (2000) ਉੱਨੀ ਸੌ ਚੁਰਾਸੀ ਆਦਿ ਕਾਵਿ-ਰਚਨਾਵਾਂ ਦੀ ਸਿਰਜਣਾ ਰਾਹੀਂ ਲੰਮਾ ਸਫਰ ਤੈਅ ਕੀਤਾ ਹੈ। ਲਾਸਾਂ ਕਾਵਿ-ਕਿਰਤ ਦੀ ਸਿਰਜਣਾ ਵੇਲੇ ਤੱਕ ਉਨ੍ਹਾਂ ਦੇ ਮਨ-ਮਸਤਕ 'ਤੇ ਪ੍ਰਗੀਤਕਤਾ ਦਾ ਭਾਵ ਟਿਕਿਆ ਹੋਇਆ ਸੀ ਅਤੇ ਇਹ ਭਾਵ ਭਾਵੇਂ ਹਰਿਭਜਨ ਸਿੰਘ ਦੀ ਕਵਿਤਾ ਦੇ ਆਰ-ਪਾਰ ਫੈਲਿਆ ਹੋਇਆ ਹੈ, ਪਰ ਉਨ੍ਹਾਂ ਦੀ ਸਮੁੱਚੀ ਕਾਵਿ-ਯਾਤਰਾ ਭਾਵਨਾ ਤੋਂ ਵਿਚਾਰਕਤਾ, ਪ੍ਰਗੀਤ ਤੋਂ ਬਿਰਤਾਂਤਕਤਾ ਦੇ ਰੁਖ ਵਿਕਾਸ ਕਰਦੀ ਹੈ।

ਸਮਕਾਲੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਦਾਰਸ਼ਨਿਕ ਵਿਧੀ ਵਾਲੀਆਂ ਲੰਮੀਆਂ/ਬਿਰਤਾਂਤਕ ਕਾਵਿ-ਰਚਨਾਵਾਂ ਲਿਖਣ ਵਿਚ ਸਭ ਤੋਂ ਵਧੇਰੇ ਯੋਗਦਾਨ ਸਾਡੇ ਸਮੇਂ ਦੇ ਜਗਤ ਪ੍ਰਸਿੱਧ ਮਨੋਵਿਗਿਆਨੀ ਕਵੀ ਡਾ. ਜਸਵੰਤ ਸਿੰਘ ਨੇਕੀ ਦਾ ਹੈ। ਉਸ ਨੇ ਹੁਣ ਤੱਕ ਸਿਮਰਿਤੀ ਦੇ ਕਿਰਨ ਤੋਂ ਪਹਿਲਾਂ (1975), ਕਰੁਣਾ ਦੀ ਛੋਹ ਤੋਂ ਮਗਰੋਂ (1978), ਨਾ ਇਹ ਗੀਤ ਨਾ ਬਿਰਹੜਾ (1985), ਬਿਰਖੈ ਹੇਠਿ ਸਭਿ ਜੰਤ (1989), ਕੋਈ ਨਾਓਂ ਨ ਜਾਣੇ ਮੇਰਾ, ਆਦਿ ਰਾਹੀਂ ਪੰਜਾਬੀ ਕਵਿਤਾ ਨੂੰ ਦਰਸ਼ਨ ਦੇ ਰਾਹ ਤੋਰਿਆ ਹੈ। ਡਾ. ਹਰਿਭਜਨ ਸਿੰਘ ਨੇ ਕਬੀਰ ਦੀ ਜੀਵਨੀ ਨੂੰ ਲੰਮੀ ਕਾਵਿ-ਕਿਰਤ ਤੇਰਾ ਨਾਉਂ ਕਬੀਰ (ਮਿਤੀ ਹੀਣ) ਵਿਚ ਚਿਤਰਨ ਕੀਤਾ ਹੈ।

ਕਵਿਤਾ ਅਤੇ ਸਮੀਖਿਆ ਡਾ. ਹਰਿਭਜਨ ਸਿੰਘ ਦੀ ਸਾਹਿਤ-ਸਾਧਨਾ ਦੇ ਦੋ ਵਿਸ਼ੇਸ਼ ਪਹਿਲੂ ਬਣੇ ਰਹੇ ਹਨ। ਸਮੀਖਿਆ ਖੇਤਰ ਵਿਚ ਜਦੋਂ ਉਨ੍ਹਾਂ ਨੇ ਪ੍ਰਵੇਸ਼ ਕੀਤਾ ਤਾਂ ਉਦੋਂ ਸਾਹਿਤ ਦੇ ਫੈਸਲੇ ਪ੍ਰਗਤੀਵਾਦ ਦੇ ਹੱਕ ਵਿਚ ਸਨ। ਡਾ. ਹਰਿਭਜਨ ਸਿੰਘ ਨੇ ਇਸ ਸਥਾਪਨਾ ਨੂੰ ਸਵੀਕਾਰ ਨਾ ਕੀਤਾ, ਸਗੋਂ ਸਮੁੱਚੇ ਵਿਸ਼ਵ ਵਿਚ ਗਿਆਨ ਦੇ ਖੇਤਰ ਵਿਚ ਜੋ ਕੁਝ ਹੋ ਰਿਹਾ ਸੀ, ਉਸ ਬਾਰੇ ਪੰਜਾਬੀ ਅਤੇ ਭਾਰਤੀ ਸਾਹਿਤ ਵਿਚ ਚਰਚਾ ਪੈਦਾ ਕੀਤੀ। ਹੁਣ ਤੱਕ ਸਮੀਖਿਆ ਖੇਤਰ ਵਿਚ ਉਨ੍ਹਾਂ ਨੇ ਪੰਜਾਬੀ ਸਾਹਿਤ: ਇੱਕ ਨਵਾਂ ਪਰਿਪੇਖ (1968), ਅਧਿਐਨ ਤੇ ਅਧਿਆਪਨ (1970), ਮੂਲ ਤੇ ਮੁਲੰਕਣ (1970), ਸਾਹਿਤ ਤੇ ਸਿਧਾਂਤ (1973), ਸਾਹਿਤ ਸ਼ਾਸਤਰ (1973), ਆਰੰਭਿਕ (1924), ਪਾਰਗਾਮੀ (1976), ਰੂਪਕੀ (1976), ਰਚਨਾ ਸੰਰਚਨਾ (1976), ਸਾਹਿਤ-ਵਿਗਿਆਨ (1978), ਸਾਹਿਤ ਅਧਿਐਨ (1981), ਪਤਰਾਂਜਲੀ (1981), ਇਕ ਖਤ ਤੇਰੇ ਨਾਮ (1983), ਪਿਆਰ ਤੇ ਪਰਿਵਾਰ (1988), ਖਾਮੋਸ਼ੀ ਦਾ ਜਜ਼ੀਰਾ (1988), ਮੇਰੀ ਪਸੰਦ (1991) ਆਦਿ ਪੁਸਤਕਾਂ ਦੀ ਰਚਨਾ ਕੀਤੀ। ਪੰਜਾਬੀ ਸਮੀਖਿਆ ਪ੍ਰਵਾਹ ਨੂੰ ਨਵੀਆਂ ਦਿਸ਼ਾਵਾਂ ਦੇਣ ਵਿਚ ਉਨ੍ਹਾਂ ਨੇ ਬੌਧਿਕ ਅਗਵਾਈ ਕੀਤੀ ਹੈ, ਜਿਸ ਕਾਰਨ ਹਰਿਭਜਨ ਸਿੰਘ ਅਤੇ ਉਨ੍ਹਾਂ ਦੇ ਸਾਥੀ ਅਧਿਆਪਕ 'ਪੰਜਾਬੀ ਆਲੋਚਨਾ ਦਾ ਦਿੱਲੀ ਸਕੂਲ' ਦੇ ਨਾਮ ਨਾਲ ਜਾਣੇ ਜਾਣ ਲੱਗ ਪਏ। ਹਰਿਭਜਨ ਸਿੰਘ ਨੇ ਰੂਸੀ ਰੂਪਵਾਦ, ਅਮਰੀਕੀ ਨਵ-ਆਲੋਚਨਾ, ਫਰਾਂਸੀਸੀ ਸੰਰਚਨਾਵਾਦ, ਪਰਾਗ ਸਕੂਲ, ਸ਼ੈਲੀ ਵਿਗਿਆਨ, ਚਿਹਨ ਵਿਗਿਆਨ, ਵਿਚਰਨਾ ਵਿਧੀ, ਸੰਰਚਨਾਵਾਦ ਤੋਂ ਪਾਰ ਆਦਿ ਸਮੀਖਿਆ ਪ੍ਰਣਾਲੀਆਂ ਦੇ ਡੂੰਘੇ ਗਿਆਨ ਰਾਹੀਂ ਸਮੀਖਿਆ ਖੇਤਰ ਵਿਚ ਇਕ ਤਰ੍ਹਾਂ ਨਾਲ ਤਹਿਲਕਾ ਮਚਾ ਦਿੱਤਾ।

ਡਾ. ਹਰਿਭਜਨ ਸਿੰਘ ਦੀ ਸਮੀਖਿਆ ਦਾ ਸਾਰਾ ਬਲ ਅਤੇ ਦਾਰੋਮਦਾਰ ਸਾਹਿਤ-ਕਿਰਤ ਦੇ ਪਾਠ ਉਪਰ ਟਿਕਿਆ ਹੋਇਆ ਹੈ। ਸਾਹਿਤ ਕਿਰਤ ਨੂੰ ਖੁਦਮੁਖਤਾਰ ਹੋਂਦ ਮੰਨ ਕੇ ਹਰਿਭਜਨ ਸਿੰਘ ਦੀ ਸਮੀਖਿਆ ਸਾਹਿਤ ਸ਼ਾਸਤਰੀ ਸਮੀਖਿਆ ਦਾ ਸਫਰ ਤੈਅ ਕਰਦੀ ਹੈ। ਪੰਜਾਬ ਸਮੀਖਿਆ ਦੇ ਇਤਿਹਾਸ ਵਿਚ ਜਿੰਨਾ ਮਹੱਤਵ ਪਾਠ ਨੂੰ ਹਰਿਭਜਨ ਸਿੰਘ ਦੀ ਸਮੀਖਿਆ ਵਿਚ ਪ੍ਰਾਪਤ ਹੋਇਆ ਹੈ, ਸ਼ਾਇਦ ਹੀ ਹੋਰ ਕਿਸੇ ਸਮੀਖਿਆ ਪ੍ਰਣਾਲੀ ਦੇ ਹਿੱਸੇ ਆਇਆ ਹੋਵੇ। ਨਿਕਟ ਅਧਿਐਨ, ਅੰਗ-ਨਿਖੇੜ, ਭਾਸ਼ਾ-ਅਧਿਐਨ, ਥੀਮਿਕ-ਪਰਤਾਂ ਆਦਿ ਅਨੇਕਾਂ ਪਹਿਲੂ ਇਸ ਸਮੀਖਿਆ ਵਿਧੀ ਵਿਚੋਂ ਹੀ ਉਜਾਗਰ ਹੋਏ ਵੇਰਵੇ ਹਨ।

ਸਾਹਿਤ ਸਿਰਜਣਾ ਅਤੇ ਸਾਹਿਤ ਸਮੀਖਿਆ ਦੀ ਮੌਲਿਕ ਰਚਨਾ ਦੇ ਨਾਲ ਨਾਲ ਬਹੁਤ ਸਾਰੀਆਂ ਆਲੋਚਨਾਤਮਕ ਪੁਸਤਕਾਂ ਦਾ ਸੰਪਾਦਨ ਕਰਕੇ ਵੀ ਡਾ. ਹਰਿਭਜਨ ਸਿੰਘ ਨੇ ਪੰਜਾਬੀ ਸਮੀਖਿਆਤਮਕ ਖੇਤਰ ਨੂੰ ਪ੍ਰਭਾਵਸ਼ਾਲੀ ਬਣਾਇਆ। ਜਿਹੜੀਆਂ ਪੁਸਤਕਾਂ ਡਾ. ਹਰਿਭਜਨ ਸਿੰਘ ਨੇ ਸੰਪਾਦਿਤ ਕੀਤੀਆਂ, ਉਨ੍ਹਾਂ ਵਿਚ ਧਰਮ ਤੇ ਧਾਰਮਿਕ ਕਾਵਿ (1971), ਕਥਾ ਪੰਜਾਬ (1971), ਤ੍ਰਾਸਦੀ (1972), ਪੁਰਾਤਨ ਜਨਮਸਾਖੀ (1972), ਕਿੱਸਾ ਪੰਜਾਬ (1974), ਸਿਸਟਮੀ (1978), ਸਾਖੀ ਸੁਰਤਿ (1982), ਸਨਮਾਨ ਤੇ ਸਮੀਖਿਆ (1986) 2 ਭਾਗ, ਬੁੱਲ੍ਹੇ ਸ਼ਾਹ (ਹਿੰਦੀ) 1981), ਸ਼ੇਖ ਫਰੀਦ (ਹਿੰਦੀ) (1992), ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ (1993) ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਵੱਖ ਵੱਖ ਵਿਦਿਅਕ ਅਦਾਰਿਆਂ ਵੱਲੋਂ ਵੀ ਤਿਆਰ ਕਰਵਾਈਆਂ ਜਾਣ ਵਾਲੀਆਂ ਪਾਠ-ਪੁਸਤਕਾਂ ਦੇ ਸੰਪਾਦਨ ਵਿਚ ਡਾ. ਹਰਿਭਜਨ ਸਿੰਘ ਨੇ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਜਿਹੜੀ ਪਾਠ-ਪੁਸਤਕ ਵੀ ਤਿਆਰ ਕੀਤੀ, ਉਹ ਨਵੇਂ ਬਣਨ ਵਾਲੇ ਸੰਪਾਦਨ ਲਈ ਵੀ ਆਦਰਸ਼ ਪੁਸਤਕ ਦੇ ਤੌਰ 'ਤੇ ਸਵੀਕਾਰ ਕੀਤੀ ਗਈ। ਮਿਸਾਲ ਵਜੋਂ ਅੱਜ ਦੀ ਪੰਜਾਬੀ, ਕਾਵਿ ਰੰਗ, ਕਥਾ ਦੇਸ਼, ਜਿਉਂਦੇ ਜਾਗਦੇ, ਕਾਵਿ ਕਮਾਈ, ਹਰਫ ਹਮੇਸ਼ਾ, ਕਾਵਿ ਕੀਰਤੀ, ਕਥਾ ਕਹਾਣੀ ਆਦਿ। ਇਹ ਸੰਪਾਦਿਤ ਪਾਠ-ਪੁਸਤਕਾਂ ਨਾ ਸਿਰਫ ਬੀ. ਏ. ਪੱਧਰ ਤੱਕ ਦੇ ਵਿਦਿਆਰਥੀਆਂ ਦਾ ਨਿੱਕੇ ਨਿੱਕੇ ਪ੍ਰਸ਼ਨਾਂ-ਉੱਤਰਾਂ ਰਾਹੀਂ ਪਥ ਪ੍ਰਦਰਸ਼ਨ ਕਰਦੀਆਂ ਹਨ, ਸਗੋਂ ਉਨ੍ਹਾਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਵੀ ਭਰੋਸੇਯੋਗ ਸਮੱਗਰੀ ਪ੍ਰਦਾਨ ਕਰਦੀਆਂ ਹਨ। ਨਿੱਕੇ ਬੱਚਿਆਂ ਨੂੰ ਪੜ੍ਹਨ-ਪੜ੍ਹਾਉਣ ਦੇ ਸਿਲਸਿਲੇ ਵਿਚ ਜਦੋਂ ਡਾ. ਜਗਦੀਸ਼ ਕੌਸ਼ਲ ਨੇ ਡਾ. ਹਰਿਭਜਨ ਸਿੰਘ ਨੂੰ ਕਿਸੇ ਆਉਂਦੀ ਸਮੱਸਿਆ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ, "ਪੜ੍ਹਨਾ ਅਤੇ ਪੜ੍ਹਾਉਣਾ ਮੇਰਾ ਧਰਮ ਹੈ। ਆਪਣੇ ਧਰਮ ਦਾ ਪਾਲਣ ਭਾਵੇਂ ਛੋਟੀਆਂ ਜਮਾਤਾਂ ਵਿਚ ਕਰਨਾ ਹੋਵੇ, ਭਾਵੇਂ ਵੱਡੀਆਂ ਵਿਚ, ਕਰਨਾ ਹੀ ਚਾਹੀਦਾ ਹੈ।"

ਪੰਜਾਬੀ ਭਾਸ਼ਾ ਤੋਂ ਇਲਾਵਾ ਡਾ. ਹਰਿਭਜਨ ਸਿੰਘ ਹਿੰਦੀ, ਸੰਸਕ੍ਰਿਤੀ, ਅੰਗਰੇਜ਼ੀ, ਉਰਦੂ ਆਦਿ ਭਾਸ਼ਾਵਾਂ ਦੇ ਚੰਗੇ ਗਿਆਤਾ ਸਨ। ਬਹੁ-ਭਾਸ਼ਾਵਾਂ ਦੇ ਗਿਆਤਾ ਹੋਣ ਸਦਕਾ ਉਨ੍ਹਾਂ ਦੇ ਕਵਿਤਾ, ਗਲਪ, ਵਾਰਤਕ ਅਤੇ ਸਮੀਖਿਆ ਦੀਆਂ ਪੁਸਤਕਾਂ ਨੂੰ ਪੰਜਾਬੀ ਵਿਚ ਉਲਥਾ ਕੇ ਪੰਜਾਬੀ ਪਾਠਕਾਂ ਦੀ ਕੌਮਾਂਤਰੀ ਸਾਹਿਤ-ਸੰਸਾਰ ਨਾਲ ਨੇੜਤਾ ਕਾਇਮ ਕੀਤੀ ਹੈ। ਕਵਿਤਾ ਵਿਚ ਈਡੀਪਸ ਕਾਲੋਨਸ (1960), ਰਿਗਬਾਣੀ (1963), ਮੇਰੀ ਬੋਲੀ ਤੇਰੇ ਬੋਲ (1970), ਇਹ ਪਰਦੇਸਣ ਪਿਆਰੀ (1973), ਕਿੱਸਾ ਜ਼ਾਰ ਸੁਲਤਾਨ ਦਾ (1979), ਲੈਨਿਨ : ਨੈਣ-ਨਕਸ਼ (1980), ਸੂਰਦਾਸ ਦੇ ਪਦ (1988), ਨਾਮਧਾਰੀ ਸਿੱਖ (1988), ਗਲਪ ਵਿਚ ਮੇਰੇ ਵਿਸ਼ਵ ਵਿਦਿਆਲੇ (1960), ਤਿੰਨ ਜਣੇ (1961) ਤੇ ਡਾਨ ਵਹਿੰਦਾ ਰਿਹਾ (1962), ਵਾਰਤਕ ਵਿਚ ਟੈਗੋਰ ਦਾ ਬਾਲ ਸਾਹਿਤ (1966), ਚਿੱਠੀਆਂ ਬਿਨ ਸਿਰਨਾਵਿਉਂ (1968), ਪੈਗੰਬਰ(1970), ਨਾਮਦੇਵ (1970), ਲੈਨਿਨ : ਨੈਣ ਨਕਸ਼ (1980), ਪ੍ਰਕਾਸ਼ ਪੁਰਖ (1980), ਜਵਾਹਰ ਲਾਲ ਨਹਿਰੂ (1991) ਅਤੇ ਸਮੀਖਿਆ ਵਿਚ ਅਰਸਤੂ ਦਾ ਕਾਵਿ ਸ਼ਾਸਤਰ (1961), ਉਦਾਤ ਬਾਰੇ (1970), ਗਣਤੰਤਰ (1972), ਆਦਿ ਅਨੁਵਾਦ ਕੀਤੇ ਹਨ। ਅਨੁਵਾਦ ਕਰਨ ਵਾਸਤੇ ਅਨੁਵਾਦਕ ਦਾ ਇਕ ਤੋਂ ਵਧੀਕ ਭਾਸ਼ਾਵਾਂ ਉੱਪਰ ਅਧਿਕਾਰ ਹੋਣਾ ਲਾਜ਼ਮੀ ਹੈ। ਹਰਿਭਜਨ ਸਿੰਘ ਦਾ ਇਕ ਤੋਂ ਵਧੀਕ ਭਾਸ਼ਾਵਾਂ ਉੱਪਰ ਵਸੀਕਾਰ ਸੀ, ਇਸ ਦੇ ਬਾਵਜੂਦ ਉਨ੍ਹਾਂ ਨੂੰ ਅਨੁਵਾਦ ਕੀਤੀ ਜਾ ਰਹੀ ਭਾਸ਼ਾ ਦੇ ਮਾਹਿਰਾਂ ਨਾਲ ਸਮੇਂ ਸਮੇਂ ਸੰਪਰਕ ਵੀ ਕਰਨਾ ਪਿਆ। ਉਨ੍ਹਾਂ ਵਲੋਂ ਕੀਤੇ ਗਏ ਵਾਰਤਕ ਅਨੁਵਾਦ ਪੰਜਾਬੀ ਵਿਚ ਵਧੇਰੇ ਮਕਬੂਲ ਹੋਏ ਹਨ। ਸਾਹਿਤ ਅਕਾਦਮੀ ਨੇ ਉਨ੍ਹਾਂ ਦੇ ਅਨੁਵਾਦ ਕਾਰਜਾਂ ਨੂੰ ਉਚੇਰੇ ਤੌਰ 'ਤੇ ਸਲਾਹਿਆ ਵੀ ਹੈ। ਕਵਿਤਾ ਦੇ ਅਨੁਵਾਦ ਉਨ੍ਹਾਂ ਦੀ ਮੌਲਿਕ ਕਾਵਿ-ਰਚਨਾ ਦੇ ਪੱਧਰ ਤੀਕ ਨਹੀਂ ਪੁੱਜ ਸਕੇ। ਅਜਿਹਾ ਸ਼ਾਇਦ ਕਵਿਤਾ ਵਿਚ ਸੰਭਵ ਨਹੀਂ ਹੈ। ਕਵਿਤਾ ਬਾਰੇ ਅਕਸਰ ਇਹ ਕਿਹਾ ਜਾਂਦਾ ਹੈ ਕਿ ਇਸ ਦਾ ਅਨੁਵਾਦ ਨਹੀਂ ਕੀਤਾ ਜਾ ਸਕਦਾ। ਕਵਿਤਾ ਦੀ ਇਹ ਇਕ ਸੀਮਾ ਵੀ ਹੈ ਕਿ ਇਹ ਮੂਲ ਭਾਸ਼ਾ 'ਚ ਹੀ ਆਪਣੀਆਂ ਸੰਭਾਵਨਾਵਾਂ ਨੂੰ ਹੰਢਾਉਂਦੀ ਹੈ। ਗਲਪ, ਵਾਰਤਕ ਤੇ ਸਮੀਖਿਆ ਅਨੁਵਾਦ ਦੇ ਵਸੀਲੇ ਰਾਹੀਂ ਵਿਸ਼ਵ ਦੇ ਹਰ ਕੋਨੇ ਵਿਚ ਪੁੱਜ ਜਾਣ ਦੀ ਸਮਰੱਥਾ ਰੱਖਦੀ ਹੈ।

ਹਰਿਭਜਨ ਸਿੰਘ ਨੇ ਭਾਵੇਂ ਬਹੁਤ ਸਾਰੀਆਂ ਸਾਹਿਤਕ-ਰਚਨਾਵਾਂ ਨੂੰ ਪੰਜਾਬੀ ਵਿਚ ਉਲਥਾਇਆ ਹੈ, ਪਰ ਆਪਣੀ ਸਿਰਜਣਾਤਮਕ ਰਚਨਾ ਨੂੰ ਉਨ੍ਹਾਂ ਨੇ ਆਪਣੀ ਮਾਤ-ਭਾਸ਼ਾ ਰਾਹੀਂ ਹੀ ਪ੍ਰਗਟ ਕੀਤਾ ਹੈ। ਉਨ੍ਹਾਂ ਦੀਆਂ ਰਚਨਾਤਮਕ ਕਿਰਤਾਂ ਬਹੁਤ ਸਾਰੀਆਂ ਜ਼ੁਬਾਨਾਂ ਵਿਚ ਅਨੁਵਾਦ ਹੋ ਚੁਕੀਆਂ ਹਨ, ਪਰ ਇਹ ਅਨੁਵਾਦ ਅਤੇ ਖੁਦ ਦੂਸਰੀ ਜ਼ੁਬਾਨ ਵਿਚ ਰਚਨਾਤਮਕ ਕਾਰਜ ਕਰਨ ਤੋਂ ਉਨ੍ਹਾਂ ਨੇ ਸੰਕੋਚ ਕੀਤਾ ਹੈ।

ਅਧਿਆਪਨ ਦੇ ਖੇਤਰ ਵਿਚ ਵੀ ਡਾ. ਹਰਿਭਜਨ ਸਿੰਘ ਦੀ ਪ੍ਰਾਪਤੀ ਸ਼ਲਾਘਾਯੋਗ ਹੈ। ਉਨ੍ਹਾਂ ਨੇ ਇਸ ਖੇਤਰ ਵਿਚ ਵੀ ਖੋਜ-ਕਾਰਜ ਦੇ ਨਵੇਂ ਸੰਕਲਪਾਂ ਨੂੰ ਸਾਕਾਰ ਕਰਕੇ ਪੰਜਾਬੀ ਅਧਿਆਪਨ ਦਾ ਮਿਆਰ ਉਚਾ ਚੁੱਕਿਆ ਹੈ। ਪੰਜਾਬੀ ਆਲੋਚਨਾ ਦਾ ਆਧੁਨਿਕ ਪਸਾਰ ਡਾ. ਹਰਿਭਜਨ ਸਿੰਘ ਦੀ ਅਗਵਾਈ ਸਦਕਾ ਹੀ ਅਗੇਰੇ ਵਧਿਆ ਹੈ। ਉਨ੍ਹਾਂ ਨੇ ਕਦੇ ਵੀ ਆਪਣੇ ਵਿਦਿਆਰਥੀ ਨੂੰ ਆਪਣੇ ਨਾਲ ਬੰਨ੍ਹ ਕੇ ਨਹੀਂ ਰੱਖਿਆ, ਉਸ ਨੂੰ ਉਡਣ ਦੀ ਜਾਚ ਸਿਖਾ ਕੇ ਖੁੱਲ੍ਹੀ ਫਿਜ਼ਾ ਵਿਚ ਸੁੱਟਿਆ ਹੈ। ਇਹੋ ਜਿਹਾ ਕਾਰਜ ਕੋਈ ਵੱਡੇ ਜਿਗਰੇ ਵਾਲਾ ਇਨਸਾਨ ਹੀ ਕਰ ਸਕਦਾ ਹੈ। ਡਾ. ਹਰਿਭਜਨ ਸਿੰਘ ਨੇ ਪੰਜਾਬੀ ਦੇ ਜਿਹੜੇ ਨਾਮਵਰ ਅਧਿਆਪਕਾਂ ਦੇ ਗਿਆਨ ਨੂੰ ਪਰਪੱਕ ਕਰਨ ਵਿਚ ਨਿਗਰਾਨ ਦੀ ਹੈਸੀਅਤ ਵਿਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ ਹੈ, ਉਹ ਖੁਦ ਗਿਆਨ ਪ੍ਰਕਾਸ਼ ਦੇ ਵੱਡੇ ਸੋਮੇ ਬਣੇ ਰਹੇ ਹਨ; ਇਨ੍ਹਾਂ ਵਿਚ ਡਾ. ਅਤਰ ਸਿੰਘ, ਡਾ. ਸਤਿੰਦਰ ਸਿੰਘ, ਡਾ. ਸਤਿੰਦਰ ਸਿੰਘ ਨੂਰ, ਡਾ. ਜਸਪਾਲ ਸਿੰਘ, ਡਾ. ਗੁਰਚਰਨ ਸਿੰਘ ਅਰਸ਼ੀ, ਡਾ. ਤਰਲੋਕ ਸਿੰਘ ਕੰਵਰ, ਡਾ. ਮਹਿੰਦਰ ਕੌਰ ਗਿੱਲ, ਡਾ. ਅਮਰੀਕ ਸਿੰਘ ਪੂੰਨੀ, ਡਾ. ਮਨਜੀਤ ਕੌਰ, ਡਾ. ਮਨਜੀਤ ਸਿੰਘ, ਡਾ. ਦੇਵਿੰਦਰ ਕੌਰ, ਡਾ. ਦਰਸ਼ਨ ਕੌਰ ਗਰੋਵਰ, ਡਾ. ਹਰਚਰਨ ਕੌਰ ਆਦਿ ਦਾ ਨਾਮ ਸ਼ਾਮਿਲ ਹੈ।

ਦਿੱਲੀ ਯੂਨੀਵਰਸਿਟੀਆਂ ਵਿਚ ਜਦੋਂ ਡਾ. ਹਰਿਭਜਨ ਸਿੰਘ ਪ੍ਰੋਫੈਸਰ ਦੇ ਅਹੁਦੇ 'ਤੇ ਬਿਰਾਜਮਾਨ ਸਨ ਤਾਂ ਉਸ ਵਕਤ ਤੱਕ ਉਨ੍ਹਾਂ ਦੀ ਸੰਰਚਨਾਵਾਦੀ ਸਮੀਖਿਆ ਦੀ ਧਾਂਕ ਦੂਰ ਦੂਰ ਤੱਕ ਪੈ ਚੁਕੀ ਸੀ। ਯੂ. ਜੀ. ਸੀ. ਵਲੋਂ ਵਿਜ਼ਿਟਿੰਗ ਪ੍ਰੋਫੈਸਰ ਦੀ ਹੈਸੀਅਤ ਵਿਚ ਉਨ੍ਹਾਂ ਦੇਸ਼ ਦੀਆਂ ਵਿਭਿੰਨ ਯੂਨੀਵਰਸਿਟੀਆਂ ਵਿਚ ਆਪਣੇ ਵਿਖਿਆਨ ਪੇਸ਼ ਕੀਤੇ। ਇਹ ਇਕ ਤਰ੍ਹਾਂ ਨਾਲ ਉਨ੍ਹਾਂ ਦੀਆਂ ਸਾਹਿਤਕ ਉਦਾਸੀਆਂ ਹੀ ਸਨ। 1980 ਈ. ਵਿਚ ਜਦੋਂ ਉਹ ਉਪਰੋਕਤ ਸਕੀਮ ਅਧੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਆਏ ਤਾਂ ਸਰੋਤਿਆਂ ਵਲੋਂ ਉਨ੍ਹਾਂ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ। ਉਹ ਦਿਨ ਅਸਲ ਵਿਚ ਉਨ੍ਹਾਂ ਦੀ ਸਾਹਿਤਕ ਚੜ੍ਹਤ ਅਤੇ ਪ੍ਰਵਾਨਗੀ ਦੇ ਸਨ। ਉਹ ਖੁਦ ਵੀ ਰੂਸੀ ਰੂਪਵਾਦ ਪੜ੍ਹਾਉਂਦੇ ਪੜ੍ਹਾਉਂਦੇ ਬੋਰਿਸ ਤੋਮਾਸ਼ੇਵਸਕੀ ਲਗਦੇ, ਫਰਾਂਸੀਸੀ ਸੰਰਚਨਾਵਾਦ ਬਾਰੇ ਗੱਲ ਕਰਦੇ ਤਾਂ ਰੋਲਾਂ ਬਾਰਤ ਬਣ ਜਾਂਦੇ, ਭਾਸ਼ਾ ਵਿਗਿਆਨ ਪੜ੍ਹਾਉਂਦਿਆਂ ਰੋਮਨ ਜੈਕਬਸਨ ਅਤੇ ਸਾਸਿਊਰ ਦਾ ਰੂਪ ਧਾਰਦੇ; ਕਾਵਿ ਸ਼ਾਸਤਰ ਪੜ੍ਹਾਉਂਦੇ ਤਾਂ ਅਰਸਤੂ ਅਤੇ ਤੋਦੋਰੋਵ ਦਾ ਸਾਖਿਆਤ ਰੂਪ ਲਗਦੇ। ਉਨ੍ਹਾਂ ਦੇ ਗਿਆਨ ਅਤੇ ਵਿਦਵਤਾ ਦੇ ਕੰਠ ਕੀਤੇ ਹੋਏ ਨਿਰੰਤਰ ਪ੍ਰਵਾਹ ਨੂੰ ਸ੍ਰਵਣ ਕਰਦਿਆਂ ਲਗਦਾ ਕਿ ਇਹ ਇਨਸਾਨ ਕੋਈ 'ਦੈਵੀ ਪੁਰਖ' ਹੈ, ਜਿਸ ਨੂੰ ਗਿਆਨ ਦਾ ਇਲਹਾਮ ਹੋ ਰਿਹਾ ਹੈ।

ਡਾ. ਹਰਿਭਜਨ ਸਿੰਘ ਦੀ ਮਹਾਨਤਾ ਇਸ ਗੱਲ ਵਿਚ ਹੁੰਦੀ। ਉਹ ਕਹਿੰਦੇ, ਮੈਂ ਕੇਵਲ ਹਰਿਭਜਨ ਸਿੰਘ ਹਾਂ ਅਤੇ ਤੁਹਾਡੇ ਵਾਂਗ ਇੱਕ ਸਾਹਿਤਕ ਵਿਦਿਆਰਥੀ ਹਾਂ। ਮੈਂ ਆਪਣੀ ਖੁਸ਼ਕਿਸਮਤੀ ਸਮਝਾਂਗਾ, ਜਦੋਂ ਤੁਸੀਂ ਮੈਨੂੰ ਉਲੰਘ ਕੇ ਪਾਰ ਚਲੇ ਜਾਓਗੇ। ਅੱਜ ਉਨ੍ਹਾਂ ਦਾ ਸਹਿ ਸੁਭਾਗੇ ਕਿਹਾ ਹੋਇਆ ਕਥਨ ਪੂਰੇ ਪੰਜਾਬੀ ਸਾਹਿਤ ਸੰਸਾਰ ਦੇ ਪ੍ਰਸੰਗ ਵਿਚ ਚੁਣੌਤੀ ਭਰਪੂਰ ਲੱਗ ਰਿਹਾ ਹੈ।

ਡਾ. ਹਰਿਭਜਨ ਸਿੰਘ ਇਕ ਅਜਿਹਾ ਪ੍ਰਭਾਵਸ਼ਾਲੀ ਬੁਲਾਰਾ ਸੀ, ਜੋ ਆਪਣੇ ਸਰੋਤਿਆਂ ਨੂੰ ਕੀਲ ਕੇ ਬੰਨ੍ਹ ਲੈਣ ਦੀ ਅਥਾਹ ਸ਼ਕਤੀ ਰੱਖਦਾ ਸੀ। ਜਿਸ ਵਿਸ਼ੇ ਨੂੰ ਹਰਿਭਜਨ ਸਿੰਘ ਨੇ ਅਧਿਐਨ-ਕਾਰਜ ਲਈ ਵਸਤੂ ਬਣਾਇਆ, ਉਸ ਵਸਤੂ ਦਾ ਉਨ੍ਹਾਂ ਨੇ ਇਸ ਤਰ੍ਹਾਂ ਦਾਰਸ਼ਨਿਕ ਅਤੇ ਸੂਖਮ ਪੱਧਰ 'ਤੇ ਨਿਖੇੜਾ ਕੀਤਾ ਕਿ ਵਿਹਾਰਕ ਅਧਿਐਨ ਵੇਲੇ ਵੀ ਉਸ ਸੰਕਲਪ ਦੀ ਕੋਈ ਸਮੱਸਿਆ ਨਾ ਰਹੀ। ਆਧੁਨਿਕ ਪੰਜਾਬੀ ਸਮੀਖਿਆ ਦੀ ਉਮਰ ਕੋਈ ਵਡੇਰੀ ਨਹੀਂ। ਹਰਿਭਜਨ ਸਿੰਘ ਦੀ ਸਾਹਿਤ-ਸਮੀਖਿਆ ਦਾ ਮੂਲ ਸਰੋਤ ਪੂਰਬੀ ਅਤੇ ਪੱਛਮੀ ਚਿੰਤਨ ਹੈ। ਹਰਿਭਜਨ ਸਿੰਘ ਨੇ ਗਿਆਨ ਦੀ ਪ੍ਰਾਪਤੀ ਲਈ ਆਪਣੇ ਮਸਤਕ ਦੇ ਚੁਫੇਰੇ ਦਰਵਾਜੇ ਖੋਲ੍ਹ ਕੇ ਰੱਖੇ ਹਨ। ਸਿੱਧੇ ਰੂਪ ਵਿਚ ਇਸ ਸਮੀਖਿਆ-ਗਿਆਨ ਨੂੰ ਭਾਵੇਂ ਹਰਿਭਜਨ ਸਿੰਘ ਗ੍ਰਹਿਣ ਕਰ ਰਿਹਾ ਸੀ, ਪਰ ਅਸਿੱਧੇ ਰੂਪ ਵਿਚ ਇਸ ਚੇਤਨਾ ਦਾ ਪ੍ਰਵਾਹ ਪੰਜਾਬੀ ਸਾਹਿਤ ਦੇ ਹਰ ਪਾਠਕ, ਵਿਦਿਆਰਥੀ ਅਤੇ ਪਾਰਖੂ ਤੀਕ ਪਹੁੰਚ ਰਿਹਾ ਸੀ। ਸਮੀਖਿਆ-ਗਿਆਨ ਦੇ ਮੂਲ ਸ਼ਾਬਦਿਕ-ਸੰਕਲਪਾਂ ਨੂੰ ਸਮਝਣ ਅਤੇ ਪੰਜਾਬੀ ਵਿਚ ਉਲਥਾਉਣ ਜਾਂ ਪਿਉਂਦ ਕਰਨ ਦਾ ਕਾਰਜ ਅਤਿ ਕਠਿਨ ਸੀ, ਪਰ ਹਰਿਭਜਨ ਸਿੰਘ ਦੀ ਬਹੁ-ਭਾਸ਼ਾਈ ਯੋਗਤਾ ਅਤੇ ਬੁੱਧੀ ਦੀ ਤੀਖਣਤਾ ਸਦਕਾ ਇਹ ਕਾਰਜ ਕਠਿਨ ਨਾ ਰਿਹਾ। ਹਰਿਭਜਨ ਸਿੰਘ ਸਮੀਖਿਆ ਦੀ ਘਾਲਣਾ ਸਦਕਾ ਹੀ ਅੱਜ ਦੀ ਪੰਜਾਬੀ ਸਮੀਖਿਆ ਦਾ ਪੱਧਰ ਵਿਸ਼ਵ ਆਲੋਚਨਾ ਦੇ ਹਾਣ ਦਾ ਹੋਇਆ ਹੈ। ਅੱਜ ਵਿਸ਼ਵ ਦੇ ਕਿਸੇ ਵੀ ਕੋਨੇ ਵਿਚ ਹੋ ਰਹੀ ਸਾਹਿਤ-ਸਮੀਖਿਆ ਪੰਜਾਬੀ-ਪਾਠਕ ਤੋਂ ਦੂਰ-ਦੁਰੇਡੇ ਦੀ ਵਸਤ ਨਹੀਂ ਰਹੀ। ਹਰਿਭਜਨ ਸਿੰਘ ਦਿੱਬ-ਦ੍ਰਿਸ਼ਟੀ ਦਾ ਮਾਲਕ ਸੀ ਅਤੇ ਆਪਣੀ ਇਸ ਵਿਲੱਖਣ ਪ੍ਰਤਿਭਾ ਸਦਕਾ ਉਹ ਵਿਸ਼ਵ ਸਾਹਿਤ-ਸਮੀਖਿਆ ਦੀਆਂ ਆਧੁਨਿਕ ਪ੍ਰਣਾਲੀਆਂ ਅਤੇ ਪੰਜਾਬੀ ਸਾਹਿਤ-ਸਮੀਖਿਆ ਦਰਮਿਆਨ ਸ਼ਬਦਾਂ ਦਾ ਪੁਲ ਬਣਿਆ ਰਿਹਾ ਹੈ।


ਕਦੇ ਕਦੇ ਪੰਜਾਬੀ ਅਤੇ ਗੈਰ-ਪੰਜਾਬੀ ਪਾਠਕਾਂ ਵਲੋਂ ਹਰਿਭਜਨ ਸਿੰਘ ਦੀ ਸ਼ਬਦ-ਚੋਣ ਤੇ ਸ਼ਬਦ-ਜੜਤ ਦੇਖ ਕੇ ਉਸ ਨੂੰ 'ਸ਼ਬਦਾਂ ਦਾ ਜਾਦੂਗਰ' ਵੀ ਕਿਹਾ ਜਾਂਦਾ ਰਿਹਾ ਹੈ। ਡਾ. ਅਮਰੀਕ ਸਿੰਘ ਅਨੁਸਾਰ 'ਹਰਿਭਜਨ ਸਿੰਘ ਘੱਟ ਵਰਤੇ ਲਫਜ਼ ਐਸੇ ਤਰੀਕੇ ਨਾਲ ਵਰਤਦਾ ਹੈ ਕਿ ਉਨ੍ਹਾਂ ਵਿਚ ਨਵਾਂ ਜਾਦੂ ਆ ਜਾਂਦਾ ਹੈ। ਲਫਜ਼ਾਂ ਦਾ ਇਸਤੇਮਾਲ ਇਕ ਜੁਗਤ ਵੀ ਹੈ ਤੇ ਕਲਾ ਵੀ। ਇਨ੍ਹਾਂ ਦੋਹਾਂ ਸ਼ਕਤੀਆਂ ਦਾ ਹਰਿਭਜਨ ਸਿੰਘ ਮਾਲਕ ਹੈ।' ਹਰਿਭਜਨ ਸਿੰਘ ਸ਼ਬਦਾਂ ਨਾਲ ਖੇਡਦਾ, ਕਲੋਲ ਕਰਦਾ ਅਤੇ ਉਚੇ ਅੰਬਰਾਂ ਵਿਚ ਪਰਵਾਜ਼ ਭਰਦਿਆਂ ਪਾਠਕਾਂ/ਸਰੋਤਿਆਂ ਦੇ ਜ਼ਿਹਨ ਜਗਤ ਵਿਚ ਏਨਾ ਡੂੰਘਾ ਉਤਰ ਜਾਂਦਾ ਹੈ ਕਿ ਉਨ੍ਹਾਂ ਦੀਆਂ ਨਿਸ਼ਕ੍ਰਿਆਸ਼ੀਲ ਹੋਈਆਂ ਗਿਆਨ ਇੰਦਰੀਆਂ ਮੁੜ ਆਪਣੀ ਜੁੰਬਿਸ਼ ਵਿਚ ਆ ਜਾਂਦੀਆਂ ਸਨ। ਉਸ ਦੇ ਪਾਠਕ/ਸਰੋਤੇ, ਸ਼ਾਗਿਰਦ ਅਤੇ ਕਲਾ ਪ੍ਰੇਮੀ ਉਸ ਦੀ ਸ਼ਾਇਰੀ ਅਤੇ ਸਮੀਖਿਆ ਰਾਹੀਂ ਅੰਧਕਾਰ ਦੀਆਂ ਗੁਫਾਵਾਂ 'ਚੋਂ ਨਿਕਲ ਕੇ ਦੱਬੇ ਪੈਰੀਂ ਤੁਰਦੇ ਤੁਰਦੇ ਗਿਆਨ ਦੇ ਪ੍ਰਕਾਸ਼ ਵੱਲ ਸਫਰ ਕਰਦੇ ਸਨ। ਗਿਆਨ ਪ੍ਰਕਾਸ਼ ਵਿਚ ਤੁਰ ਰਹੇ ਜਗਿਆਸੂਆਂ ਦੇ ਮਨਾਂ ਵਿਚ ਪਈਆਂ ਹੋਈਆਂ ਪੱਕੀਆਂ-ਪੀਡੀਆਂ ਗੁੰਝਲਾਂ ਜਿਉਂ ਜਿਉਂ ਖੁਲ੍ਹਦੀਆਂ ਜਾਂਦੀਆਂ ਸਨ, ਤਿਉਂ ਤਿਉਂ ਹਰਿਭਜਨ ਸਿੰਘ ਪ੍ਰਵਾਨ ਹੋ ਕੇ ਉਨ੍ਹਾਂ ਦੇ ਹਿਰਦਿਆਂ ਵਿਚ ਆਪਣੀ ਡੂੰਘੀ ਥਾਂ ਬਣਾਉਂਦਾ ਜਾਂਦਾ ਸੀ। ਹਰਿਭਜਨ ਸਿੰਘ ਦੇ ਮਿੱਤਰ ਵੀ ਸਨ ਅਤੇ ਅਮਿੱਤਰ ਵੀ। ਨਿੱਕੇ ਨਿੱਕੇ ਸੰਵਾਦ ਵੀ ਸਨ ਅਤੇ ਵੱਡੇ ਵੱਡੇ ਵਿਵਾਦ ਵੀ, ਪਰ ਇਸ ਦੇ ਬਾਵਜੂਦ ਪ੍ਰਵਾਨਗੀ ਦੇ ਖੇਤਰ ਵਿਚ ਹਰਿਭਜਨ ਸਿੰਘ ਸਰਬ ਪ੍ਰਵਾਨ ਸੀ। ਉਸ ਦੇ ਵਿਰੋਧੀ ਵੀ ਉਸ ਦਾ ਲੋਹਾ ਮੰਨਦੇ ਸਨ।

*(ਚਲਦਾ)*

## ਗਿਆਨ ਸਾਗਰ

**ਪੁਸਤਕ ਚਰਚਾ**

**ਡਾ. ਡੀ. ਪੀ. ਸਿੰਘ, ਕੈਨੇਡਾ**




'ਗਿਆਨ ਸਾਗਰ' ਕਿਤਾਬ ਦਾ ਲੇਖਕ ਸ. ਰਣਜੀਤ ਸਿੰਘ ਵਿਗਿਅਨ ਦਾ ਅਧਿਆਪਕ ਹੋਣ ਦੇ ਨਾਲ ਗੁਰਮਤਿ ਸਾਹਿਤ ਦਾ ਵੀ ਗੰਭੀਰ ਰਸੀਆ ਹੈ। ਸਿੱਖ ਧਰਮ ਦੇ ਵਿਭਿੰਨ ਸੰਕਲਪਾਂ ਦੀ ਪੜਚੋਲ ਉਨ੍ਹਾਂ ਦੇ ਜੀਵਨ ਦਾ ਅਹਿਮ ਅੰਗ ਰਹੀ ਹੈ। 'ਗਿਆਨ ਸਾਗਰ' ਰਣਜੀਤ ਸਿੰਘ ਦੀ ਪਲੇਠੀ ਕਿਤਾਬ ਹੈ, ਜਿਸ ਵਿਚ ਵਿਭਿੰਨ ਵਿਸ਼ਿਆਂ ਨਾਲ ਸਬੰਧਤ 32 ਲੇਖ ਸ਼ਾਮਿਲ ਕੀਤੇ ਗਏ ਹਨ। ਇਹ ਕਿਤਾਬ ਸਿੱਖ ਇਤਿਹਾਸ ਅਤੇ ਗੁਰਮਤਿ ਸਿਧਾਤਾਂ ਦੀ ਬੜੇ ਰੌਚਿਕ ਢੰਗ ਨਾਲ ਵਿਆਖਿਆ ਕਰਦੀ ਹੈ।

ਕਿਤਾਬ ਦੇ ਪਹਿਲੇ ਲੇਖ ਵਿਚ ਸਿੱਖ ਧਰਮ ਵਿਚ ਅਰਦਾਸ ਦੇ ਸਕੰਲਪ ਅਤੇ ਮਹੱਤਵ ਬਾਰੇ ਵਿਸਥਾਰਪੂਰਣ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। 'ਜੀਵਨ ਮਨੋਰਥ' ਸਿਰਲੇਖ ਵਾਲੇ ਲੇਖ ਵਿਚ ਗੁਰਬਾਣੀ ਦੇ ਆਸ਼ੇ ਮੁਤਾਬਕ ਜੀਵਨ ਜਿਉਣ ਦੀ ਵਿਧੀ ਨੂੰ ਸਫਲ ਜੀਵਨ ਜਾਚ ਦਰਸਾਇਆ ਹੈ। ਕਿਤਾਬ ਦੇ ਅਗਲੇ ਗਿਆਰਾਂ ਲੇਖ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਅਹਿਮ ਘਟਨਾਵਾਂ ਅਤੇ ਗੁਰਮਤਿ ਸਿਧਾਤਾਂ ਦਾ ਵਿਖਿਆਨ ਕਰਦੇ ਹਨ। ਇਨ੍ਹਾਂ ਤੋਂ ਅਗਲੇ ਪੰਜ ਲੇਖ ਗੁਰਮਤਿ ਵਿਚਾਰਧਾਰਾ, ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ, ਰਹਿਤ ਮਰਿਆਦਾ, ਨਿਸ਼ਾਨ-ਏ-ਸਿੱਖੀ ਅਤੇ ਦਸਤਾਰ ਵਰਗੇ ਅਹਿਮ ਵਿਸ਼ਿਆਂ ਬਾਰੇ ਸੁਯੋਗ ਜਾਣਕਾਰੀ ਉਪਲਬਧ ਕਰਾਉਂਦੇ ਹਨ। ਲੇਖਕ ਨੇ ਅਗਲੇ ਦਸ ਲੇਖਾਂ ਵਿਚ ਧਰਮ ਅਤੇ ਵਿੱਦਿਆ, ਵਿੱਦਿਆ ਦਾ ਮੰਤਵ, ਆਦਰਸ਼ ਅਧਿਆਪਕ, ਧਰਮ ਅਤੇ ਵਿਗਿਆਨ ਬਾਰੇ ਗੁਰਬਾਣੀ ਦੇ ਉਚਿਤ ਹਵਾਲਿਆ ਨਾਲ ਆਪਣੇ ਵਿਚਾਰ ਪੇਸ਼ ਕੀਤੇ ਹਨ।

ਗੁਰਬਾਣੀ ਦੇ ਕਥਨ 'ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣ ਪਾਈਐ॥' ਦੀ ਸਾਰਥਤਾ ਦੀ ਪੁਸ਼ਟੀ ਵਜੋਂ ਆਪਣੇ ਅਗਲੇ ਲੇਖ ਵਿਚ ਲੇਖਕ ਨੇ ਅਬਦੁਲ ਸਿਤਾਰ ਈਦੀ ਦੇ ਜੀਵਨ ਅਤੇ ਸਮਾਜ ਸੇਵੀ ਘਾਲਣਾ ਦਾ ਵਰਣਨ ਕਰਦਿਆਂ ਉਸ ਨੂੰ ਸੇਵਾ ਦਾ ਮੁਜੱਸਮਾ ਦਰਸਾਇਆ ਹੈ। ਪਾਠਕਾਂ ਨੂੰ ਸਮਾਜ ਸੇਵੀ ਕਾਰਜਾਂ ਲਈ ਪ੍ਰੇਰਿਤ ਕਰਨ ਦੇ ਆਸ਼ੇ ਨਾਲ, ਲੇਖਕ ਨੇ ਮਹਾਨ ਵਿਗਿਆਨੀ ਮੇਰੀ ਕਿਊਰੀ ਦੇ ਜੀਵਨ ਤੇ ਕਾਰਜਾਂ ਦਾ ਵਿਖਿਆਨ ਕਰਦਿਆਂ ਉਸ ਨੂੰ ਮਨੁੱਖੀ ਜੀਵਨ ਦੇ ਅਸਲ ਮਨੋਰਥ ਬਾਰੇ ਚੇਤੰਨ ਹੋਣ ਦੀ ਦੱਸ ਪਾਈ ਹੈ। ਇਸ ਲੇਖ ਲੜੀ ਦੇ ਅਗਲੇ ਦੋ ਲੇਖ ਪਾਠਕਾਂ ਨੂੰ ਜਨਮ-ਮੌਤ ਦਾ ਵਰਤਾਰਾ ਅਤੇ ਗੁਰੂਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਮਾਇਆ ਨਗਰ ਦੀ ਵਿਲੱਖਣਤਾ ਨਾਲ ਰੂਬਰੂ ਕਰਵਾਉਂਦੇ ਹਨ। ਇਸ ਕਿਤਾਬ ਦੀ ਆਖਰੀ ਰਚਨਾ 'ਭੇਂਟ ਵਾਰਤਾ' ਪ੍ਰੋ. ਬਲਵਿੰਦਰ ਸਿੰਘ ਵਲੋਂ ਲੇਖਕ ਨਾਲ ਕੀਤੀ ਗਈ ਵਾਰਤਾਲਾਪ ਵਿਚ ਉਸ ਦਾ ਪਿਛੋਕੜ, ਜੀਵਨ ਘਾਲਣਾ, ਪ੍ਰਾਪਤੀਆਂ, ਧਰਮ ਤੇ ਵਿਗਿਆਨ ਨਾਲ ਉਸ ਦਾ ਲਗਾਓ, ਸਮਕਾਲੀ ਵਿੱਦਿਅਕ ਤੇ ਸਮਾਜਕ ਸਮਸਿਆਵਾਂ ਬਾਰੇ ਵਿਚਾਰ ਅਤੇ ਸੁਝਾਅ ਅੰਕਿਤ ਕੀਤੇ ਗਏ ਹਨ।

ਸ. ਰਣਜੀਤ ਸਿੰਘ ਦੀ ਲੇਖਣ ਸ਼ੈਲੀ ਸਰਲ ਅਤੇ ਸਪਸ਼ਟਤਾਪੂਰਣ ਹੈ। ਉਸ ਨੇ ਆਪਣੀ ਵਿਚਾਰਧਾਰਾ ਦੀ ਪੁਸ਼ਟੀ ਲਈ ਗੁਰਬਾਣੀ ਦੇ ਉਚਿਤ ਹਵਾਲੇ ਪੇਸ਼ ਕੀਤੇ ਹਨ। ਇਹ ਇਕ ਵਧੀਆ ਕਿਤਾਬ ਹੈ, ਜੋ ਗੁਰਬਾਣੀ ਦੇ ਵਿਭਿੰਨ ਪਹਿਲੂਆਂ ਉਤੇ ਵਿਸਤ੍ਰਿਤ ਜਾਣਕਾਰੀ ਪੇਸ਼ ਕਰਦੀ ਹੈ। ਸ. ਰਣਜੀਤ ਸਿੰਘ ਇਕ ਸਿੱਖਿਆ-ਸ਼ਾਸਤਰੀ ਵਜੋਂ, ਧਾਰਮਿਕ ਖੋਜ, ਸਾਹਿਤਕ ਸਰਗਰਮੀਆਂ ਤੇ ਸਮਾਜ-ਸੇਵਾ ਦਾ ਮਾਡਲ ਹਨ। ਉਨ੍ਹਾਂ ਦੀ ਇਹ ਰਚਨਾ ਗੁਰਬਾਣੀ ਦੀਆਂ ਜਟਿਲ ਧਾਰਨਾਵਾਂ ਨੂੰ ਸਰਲ ਤੇ ਸਾਦਗੀ ਭਰੀ ਭਾਸ਼ਾ ਵਿਚ ਪ੍ਰਗਟਾਉਣ ਕਾਰਨ, ਪਾਠਕਾਂ ਦੇ ਗਿਆਨ ਦੇ ਦਾਇਰੇ ਨੂੰ ਮੋਕਲਾ ਕਰਨ ਵਿਚ ਅਹਿਮ ਰੋਲ ਅਦਾ ਕਰਨ ਦੇ ਸਮਰਥ ਹੈ। ਸ. ਰਣਜੀਤ ਸਿੰਘ ਆਪਣੀ ਸੂਝ-ਬੂਝ ਤੇ ਵਿਦਵਤਾ ਨਾਲ ਪਾਠਕ ਨੂੰ ਵਿਸ਼ੇ ਨਾਲ ਜੋੜੀ ਰੱਖਣ ਵਿਚ ਸਫਲ ਰਹੇ ਹਨ।

ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਮਾਇਆ ਨਗਰ ਵਲੋਂ ਇਸ ਕਿਤਾਬ ਦੀ ਛਪਾਈ ਦਾ ਉਦਮ ਪ੍ਰਸ਼ੰਸਾਯੋਗ ਹੈ। ਆਸ ਹੈ, ਹੋਰ ਗੁਰਦੁਆਰਾ ਕਮੇਟੀਆਂ ਵੀ ਇਸ ਉਦਮ ਦਾ ਅਨੁਸਰਣ ਕਰਦਿਆਂ ਸਿੱਖ ਧਰਮ ਦੇ ਵਿਭਿੰਨ ਪਹਿਲੂਆਂ ਬਾਰੇ ਨਵਾਂ, ਨਰੋਆ ਅਤੇ ਜਾਣਕਾਰੀ ਭਰਭੂਰ ਸਾਹਿਤ ਆਮ ਪਾਠਕਾਂ ਤਕ ਪਹੁੰਚਾਣ ਲਈ ਆਪਣਾ ਯੋਗਦਾਨ ਪਾਉਣਗੀਆਂ। 'ਗਿਆਨ ਸਾਗਰ' ਇਕ ਅਜਿਹੀ ਕਿਤਾਬ ਹੈ, ਜੋ ਹਰ ਗੁਰਦੁਆਰੇ ਦੀ ਲਾਇਬਰੇਰੀ ਦਾ ਸ਼ਿੰਗਾਰ ਬਣਨ ਦੀ ਹੱਕਦਾਰ ਹੈ।

# ਢਾਈ ਦਿਨ ਦਾ ਇਸ਼ਕ

***ਸੰਤੋਖ ਸਿੰਘ ਧੀਰ ਪੰਜਾਬੀ ਦਾ ਬਹੁ-ਵਿਧਾਈ ਲਿਖਾਰੀ ਸੀ ਜਿਸ ਨੇ ਕਵਿਤਾ, ਕਹਾਣੀ, ਨਾਵਲ ਅਤੇ ਵਾਰਤਕ ਵਿਚ ਚੋਖਾ ਨਾਮਣਾ ਖੱਟਿਆ। ਇਹ ਵਰ੍ਹਾ (2020) ਉਨ੍ਹਾਂ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਉਨ੍ਹਾਂ ਦਾ ਜਨਮ 2 ਦਸੰਬਰ 1920 ਨੂੰ ਹੋਇਆ ਸੀ। ਉਨ੍ਹਾਂ ਦੇ ਜਨਮ ਸ਼ਤਾਬਦੀ ਵਰ੍ਹੇ ਮੌਕੇ ਉਨ੍ਹਾਂ ਦੇ ਬੇਲੀ ਡਾ. ਗੁਰੂਮੇਲ ਸਿੰਘ ਸਿੱਧੂ ਨੇ ਉਨ੍ਹਾਂ ਦੇ ਇਸ਼ਕ ਬਾਰੇ ਲੰਮਾ ਲੇਖ 'ਪੰਜਾਬ ਟਾਈਮਜ਼' ਲਈ ਭੇਜਿਆ ਹੈ, ਜੋ ਅਸੀਂ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। ਇਸ ਲੇਖ ਵਿਚ ਸੰਤੋਖ ਸਿੰਘ ਧੀਰ ਅਤੇ ਉਨ੍ਹਾਂ ਦੀ ਮੁਹੱਬਤ ਦੇ ਨਾਲ-ਨਾਲ ਪੰਜਾਬੀ ਸਾਹਿਤ ਜਗਤ ਦੀਆਂ ਕਈ ਝਾਕੀਆਂ ਪੇਸ਼ ਹੋਈਆਂ ਹਨ। -ਸੰਪਾਦਕ***

**ਡਾ. ਗੁਰੂਮੇਲ ਸਿੰਘ ਸਿੱਧੂ**

ਸੰਤੋਖ ਸਿੰਘ ਧੀਰ ਨੇ ਜੀਵਨ ਵਿਚ ਕਈ ਇਸ਼ਕ ਕਮਾਏ ਤੇ ਗੁਆਏ। ਇਨ੍ਹਾਂ 'ਚੋਂ ਕੁਝ ਦੀ ਦਾਸਤਾਂ ਆਪਣੇ ਨਾਵਲਾਂ 'ਉਹ ਦਿਨ' ਅਤੇ 'ਯਾਦਗਾਰ' ਰਾਹੀਂ ਲੋਕਾਂ ਨੂੰ ਵੀ ਸੁਣਾਈ। ਇਹ ਇਸ਼ਕ ਸਾਧਾਰਨ ਔਰਤਾਂ ਨਾਲ ਸਨ ਅਤੇ ਬਹੁ-ਚਿਰੇ ਸਨ ਪਰ ਇਕ ਥੋੜ੍ਹ-ਚਿਰਾ ਇਸ਼ਕ ਅੰਮ੍ਰਿਤਾ ਪ੍ਰੀਤਮ ਨਾਲ ਵੀ ਕੀਤਾ ਜਿਸ ਨੇ ਉਸ ਦੇ ਜੀਵਨ ਵਿਚ ਹਲਚਲ ਮਚਾਈ। ਇਸ ਸੰਬੰਧ ਨੇ ਧੀਰ ਨੂੰ ਮਾਨਸਿਕ ਰੋਗੀ ਬਣਾਇਆ ਜਿਸ ਦਾ ਸੰਤਾਪ ਉਹ ਰਹਿੰਦੀ ਉਮਰ ਤਕ ਭੋਗਦਾ ਰਿਹਾ। ਅੰਮ੍ਰਿਤਾ ਪ੍ਰੀਤਮ ਨਾਲ ਦੋ ਕੁ ਹਫਤੇ ਦੀ ਇਹ ਨਜ਼ਦੀਕੀ, ਇਸ਼ਕ (love) ਸੀ ਜਾਂ ਮਹਿਜ਼ ਸਹਿਜ਼ ਪ੍ਰੀਤ (In-fatuation) ਸੀ, ਇਕ ਪਾਸੜਾ ਸੀ ਜਾਂ ਦੁਵੱਲਾ ਸੀ, ਕਿਵੇਂ ਅਤੇ ਕਿਉਂ ਹੋਇਆ? ਇਨ੍ਹਾਂ ਸਵਾਲਾਂ ਦਾ ਉਤਰ ਧੀਰ ਵਲੋਂ ਉਨ੍ਹਾਂ ਦਿਨਾਂ ਵਿਚ ਲਿਖੀਆਂ ਕੁਝ ਚਿੱਠੀਆਂ 'ਚੋਂ ਕਸ਼ੀਦਿਆ ਜਾ ਸਕਦਾ ਹੈ। ਥੋੜ੍ਹ-ਚਿਰਾ ਹੋਣ ਦੇ ਨਾਤੇ ਇਸ ਨੂੰ 'ਢਾਈ ਦਿਨ ਦਾ ਇਸ਼ਕ' ਗਰਦਾਨਿਆ ਗਿਆ ਹੈ।

ਧੀਰ ਦੀਆਂ ਚਿੱਠੀਆਂ

ਧੀਰ ਜਦ ਵੀ ਦਿੱਲੀ ਜਾਂਦਾ, ਗਾਰਗੀ ਦੇ ਘਰੋਂ ਫੋਨ ਕਰ ਕੇ ਅਦਬ ਨਾਲ ਅੰਮ੍ਰਿਤਾ ਪ੍ਰੀਤਮ ਦਾ ਹਾਲਚਾਲ ਪੁੱਛਦਾ। ਕਦੇ ਕਦਾਈਂ ਚਾਹ ਪਾਣੀ ਲਈ ਅੰਮ੍ਰਿਤਾ ਉਸ ਨੂੰ ਘਰ ਵੀ ਬੁਲਾ ਲੈਂਦੀ ਕਿਉਂਕਿ ਉਹ ਧੀਰ ਦੀ ਸਾਹਿਤਕ ਦੇਣ ਦੀ ਕਦਰਦਾਨ ਸੀ। ਜਦ ਉਹ ਦਿੱਲੀ ਰੇਡਿਉ ਸਟੇਸ਼ਨ ਤੋਂ 15 ਮਿੰਟ ਦਾ ਪੰਜਾਬੀ ਪ੍ਰੋਗਰਾਮ ਪ੍ਰਸਾਰਤ ਕਰਦੀ ਸੀ ਤਾਂ ਉਸ ਨੇ ਧੀਰ ਦੇ ਕੁਝ ਗੀਤ ਰੇਡਿਉ ਆਰਟਿਸਟਾਂ ਤੋਂ ਗਵਾ ਕੇ ਇਸ ਪ੍ਰੋਗਰਾਮ ਵਿਚ ਸੁਣਾਏ ਸਨ। ਅੰਮ੍ਰਿਤਾ ਦਾ ਇਹ ਪ੍ਰੋਗਰਾਮ ਮੈਂ ਲਗਾਤਾਰ ਸੁਣਦਾ ਸੀ ਅਤੇ ਇਸ ਰਾਹੀਂ ਧੀਰ ਦੇ ਕਈ ਗੀਤ ਸੁਣਨ ਨੂੰ ਮਿਲੇ, ਜਿਵੇਂ:

ਦਿਲ ਤਾਂ ਸਾਡਾ ਕੱਚ ਦੀ ਸ਼ੀਸ਼ੀ,  
ਹੋ ਜਾਊ ਟੁਕੜੇ-ਟੁਕੜੇ ਵੇ ਹੋ।  
ਨਾ ਇੰਜ ਤਰਕਾਂ ਮਾਰ ਜ਼ਾਲਮਾਂ,  
ਬੋਲ ਨਾ ਬੋਲੀਂ ਰੁਖੜੇ ਵੇ ਹੋ।  
ਜਾਂ  
ਕਿਤੋਂ ਭਿੰਨੀ-ਭਿੰਨੀ ਆਉਂਦੀ ਖੁਸ਼ਬੋ  
ਕਿ ਜਦੋਂ ਤੇਰੀ ਗੱਲ ਕਰੀਏ।

ਅਕਤੂਬਰ 1961 ਵਿਚ ਮੈਂ ਪਾਣੀਪਤ ਵਿਚ ਬਲਾਕ ਵਿਕਾਸ ਦਫਤਰ ਵਿਚ ਇੰਸਪੈਕਟਰ ਲਗਿਆ ਹੋਇਆ ਸੀ, ਧੀਰ ਮੇਰੇ ਪਾਸ ਆਇਆ ਤੇ ਦੋ ਕੁ ਦਿਨ ਠਹਿਰ ਕੇ ਕਹਿਣ ਲੱਗਾ, "ਕੁਝ ਹਫਤਿਆਂ ਲਈ ਮੈਂ ਦਿੱਲੀ ਚੱਲਿਆਂ, ਬਲਬੰਤ ਗਾਰਗੀ ਨੇ ਆਪਣੀ ਪੁਸਤਕ 'ਰੰਗ ਮੰਚ' ਦੇ ਪਰੂਫ ਪੜ੍ਹਨ ਲਈ ਬੁਲਾਇਆ ਹੈ। ਕਾਫੀ ਵੱਡੀ ਕਿਤਾਬ ਹੈ, ਪਰੂਫ ਪੜ੍ਹਨ ਲਈ ਮਹੀਨਾ ਜਾਂ ਵੱਧ ਸਮਾਂ ਵੀ ਲੱਗ ਸਕਦਾ ਹੈ। ਆਰਸੀ ਪ੍ਰਕਾਸ਼ਨ ਵਾਲਾ ਭਾਪਾ ਪ੍ਰੀਤਮ ਸਿੰਘ ਪਰੂਫ ਪੜ੍ਹਨ ਦੇ ਨਾਲੋ-ਨਾਲ ਪੁਸਤਕ ਛਾਪ ਰਿਹਾ ਹੈ। ਬਲਵੰਤ ਨੇ ਕੁਝ ਚਿਰ ਲਈ ਪੰਜਾਬ ਜਾਣਾ ਹੈ, ਪਰੂਫ ਪੜ੍ਹਨ ਦਾ ਸਾਰਾ ਕੰਮ ਮੇਰੇ 'ਤੇ ਛੱਡ ਕੇ ਜਾ ਰਿਹਾ ਹੈ।" ਮੈਂ ਕਿਹਾ, "ਚਲੋ ਇਸੇ ਬਹਾਨੇ ਤੇਰੀ ਹਵਾ-ਬਦਲੀ ਹੋ ਜਾਵੇਗੀ, ਨਾਲੇ ਪਿੰਡ ਦੀਆਂ ਗਲੀਆਂ ਦੀ ਧੂੜ ਅਤੇ ਰੂੜੀਆਂ ਦੀ ਦੁਰਗੰਧ ਤੋਂ ਬਚ ਜਾਵੇਂਗਾ।" ਉਦਾਸ ਹੋ ਕੇ ਧੀਰ ਕਹਿਣ ਲੱਗਾ, "ਘਰਦਿਆਂ ਦਾ ਫਿਕਰ ਹੈ, ਮੇਰੇ ਬਗੈਰ ਗੁਜ਼ਾਰਾ ਕਿੱਕਣ ਕਰਨਗੇ।" ਮੈਂ ਪੁੱਛਿਆ, "ਮੈਂ ਕੁਝ ਕਰ ਸਕਦਾਂ?" ਉਸ ਨੇ ਕਿਹਾ, "ਜੇ ਓਧਰ ਗਿਆ ਤਾਂ ਡਡਹੇੜੀ ਵਿਚੀਂ ਲੰਘਦਾ ਆਈਂ।" ਮੈਂ ਕਿਹਾ, "ਤੂੰ ਫਿਕਰ ਨਾ ਕਰ, ਜਦ ਵੀ ਗਿਆ, ਤੇਰੇ ਪਿੰਡੋਂ ਜ਼ਰੂਰ ਹੋ ਕੇ ਆਵਾਂਗਾ, ਕਿਸੇ ਲੋੜ-ਥੋੜ੍ਹ ਦਾ ਵੀ ਖਿਆਲ ਰੱਖਾਂਗਾ।" ਉਨ੍ਹਾਂ ਦਿਨਾਂ ਵਿਚ ਧੀਰ ਦੇ ਵਾਰੰਟ ਨਿਕਲੇ ਹੋਏ ਸਨ, ਇਸ ਕਰ ਕੇ ਉਸ ਦਾ ਸ਼ਰੇਆਮ ਪਿੰਡ ਜਾਣਾ ਮੁਸ਼ਕਿਲ ਸੀ। ਘਰ ਦੀ ਮਾਇਕ ਹਾਲਤ ਅਤੇ ਸਰਕਾਰੀ ਵਾਰੰਟ ਕਰ ਕੇ ਉਹ ਬਹੁਤ ਪਰੇਸ਼ਾਨ ਸੀ।

ਦੋ ਕੁ ਹਫਤਿਆਂ ਬਾਅਦ ਧੀਰ ਦਾ ਦਿੱਲੀ ਤੋਂ ਪੋਸਟ ਕਾਰਡ ਮਿਲਿਆ, "ਦਿੱਲੀ ਨੇ ਮੇਰਾ ਦਿਲ ਜਿੱਤ ਲਿਆ ਹੈ, ਹੁਣ ਮੈਨੂੰ ਦਿੱਲੀ ਬਹਿਸ਼ਤ ਵਰਗੀ ਲਗਦੀ ਹੈ, ਮੈਂ ਦਿੱਲੀ ਦਾ ਬਾਦਸ਼ਾਹ ਹਾਂ, ਸਮਝੇ ਮੇਰੇ ਗੁਲਾਮ।" ਧੀਰ ਪਹਿਲਾਂ ਵੀ ਦਿੱਲੀ ਜਾਂਦਾ ਸੀ ਪਰ ਇਸ ਵਾਰ ਕਿਹੜੀ ਮਮੀਰੇ ਦੀ ਗੱਠੀ ਉਸ ਦੇ ਹੱਥ ਲੱਗ ਗਈ ਸੀ ਜਿਸ ਕਰ ਕੇ ਐਨਾ ਖੁਸ਼ ਸੀ! ਇਸ ਦਾ ਭੇਤ ਉਸ ਵਲੋਂ ਗੁਰਚਰਨ ਰਾਮਪੁਰੀ ਅਤੇ ਮੈਨੂੰ ਲਿਖੀਆਂ ਕੁਝ ਚਿੱਠੀਆਂ ਵਿਚੋਂ ਖੁਲ੍ਹਦਾ ਹੈ। ਇਨ੍ਹਾਂ ਚਿੱਠੀਆਂ ਦਾ ਮਿਤੀਆਂ ਸਮੇਤ ਸਿਲਸਲੇਵਾਰ ਵੇਰਵਾ ਇਉਂ ਹੈ:

ਚਿੱਠੀ-1 (ਮਿਤੀ 11.10.1961)

"ਅੱਜ ਦਿਲ ਬਹੁਤ ਖੁਸ਼ ਹੈ। ਮੌਸਮ ਸੁਹਣਾ ਲੱਗ ਰਿਹਾ ਹੈ। ਮੇਰੇ ਦਿਲ ਦੀ ਖਿਜ਼ਾਂ ਵਿਚੋਂ ਇਕ ਸਾਵਾ ਪੱਤਾ ਫੁਟ ਪਿਆ ਹੈ ਪਰ ਅਜੇ ਇਕੋ ਪੱਤਾ ਫੁੱਟਿਆ ਹੈ। ਸ਼ਾਇਦ ਹੋਰ ਵੀ ਗੰਢਾਂ ਖੁੱਲ੍ਹ ਜਾਣ। ਕਲ੍ਹ ਇਕ ਨਵੀਂ ਕਵਿਤਾ ਲਿਖੀ ਹੈ, 'ਫਰਹਾਦ'। ਮਿਲਣ ਉਤੇ ਬਹੁਤ ਸਾਰੀਆਂ ਗੱਲਾਂ ਕਰਾਂਗੇ।"

ਚਿੱਠੀ-2 (ਮਿਤੀ 16.10.1961):

"ਬਲਵੰਤ ਐਤਵਾਰ ਸਵੇਰੇ ਪੰਜਾਬ ਜਾ ਰਿਹਾ ਹੈ, ਚੰਡੀਗੜ੍ਹ ਤੇ ਬਠਿੰਡੇ ਆਦਿ, 20 ਤ੍ਰੀਕ ਤਕ ਵਾਪਸ ਆਵੇਗਾ।"



ਚਿੱਠੀ-3 (ਮਿਤੀ 20.10.1961)

"ਮੇਰੇ ਦਿਲ ਦੀ ਖਿਜ਼ਾਂ 'ਚੋਂ ਜਿਹੜਾ ਸਾਵਾ ਪੱਤਾ ਫੁੱਟਿਆ ਹੈ, ਉਹ ਦੂਰ ਪਹਾੜਾਂ ਦੀ ਕਿਸੇ ਨਵੇਕਲੀ ਨੁੱਕਰ ਵਿਚ ਕੈਦ ਸੀ। ਹੁਣ ਅਸੀਂ ਇਸ ਕੋਲ ਪਹੁੰਚ ਵੀ ਸਕਦੇ ਹਾਂ, ਉਹ ਸਾਡੇ ਕੋਲ ਆ ਵੀ ਸਕਦਾ ਹੈ। ਫਰਹਾਦ ਜਿੰਨੀ ਤਾਕਤ ਤੋਂ ਵਗੈਰ ਇਹ ਕਵਿਤਾ (ਫਰਹਾਦ) ਲਿਖੀ ਹੀ ਨਹੀਂ ਸੀ ਜਾ ਸਕਦੀ। ਮੇਰਾ ਤੇਸਾ ਉਚਾ ਹੋ ਗਿਆ ਹੈ, ਮੈਂ ਫਰਹਾਦ ਬਣ ਗਿਆ ਹਾਂ ਪਰ ਇਹ ਫਰਹਾਦ ਸ਼ੀਰੀਂ ਨੇ ਬਣਾਇਆ ਹੈ। ਇਹ ਸ਼ੀਰੀਂ ਦੀ ਰਚਨਾ ਹੈ, ਸ਼ੀਰੀਂ ਨੇ ਮੋਈ ਹੋਈ ਮਿੱਟੀ ਨੂੰ ਮੁਹੱਬਤ ਦੇ ਪਾਣੀ ਨਾਲ ਗੁੰਨ੍ਹ ਕੇ ਫਰਹਾਦ ਬਣਾ ਲਿਆ ਹੈ। ਫਰਹਾਦ ਦਾ ਤੇਸਾ ਉਚਾ ਕਰ ਦਿਤਾ ਹੈ। ਹੁਣ ਇਹ ਤੇਸਾ ਝੁਕੇਗਾ ਨਹੀਂ। ਜੇ ਇਹ ਝੁਕ ਗਿਆ, ਬਰਬਾਦੀ ਹੋ ਜਾਏਗੀ, ਇਹ ਦੁਨੀਆ ਰਹੇਗੀ ਨਹੀਂ। ਇਹ ਤੇਸਾ ਸਿਰਫ ਸ਼ੀਰੀਂ ਦੇ ਹੁਸਨ ਦੀ ਦਰਗਾਹ ਵਿਚ ਹੀ ਨੀਵਾਂ ਹੋ ਸਕਦਾ ਹੈ। ਉਸ ਦੇ ਅੱਗੇ ਝੁਕ ਸਕਦਾ ਹੈ ਕਿਉਂਕਿ ਇਸ ਦੇ ਝੁਕਣ ਨਾਲ ਉਹ ਹੋਰ ਉਚਾ ਹੋ ਜਾਂਦਾ ਹੈ। ਇਹ ਸ਼ੀਰੀਂ ਫਰਹਾਦ ਦੀ ਨਹੀਂ, ਇਹ ਫਰਹਾਦ ਸ਼ੀਰੀਂ ਦਾ ਹੈ।

ਬਲਵੰਤ ਦੇ ਕਮਰੇ ਵਿਚ ਬੈਠਾ ਖਤ ਲਖ ਰਿਹਾ ਹਾਂ। ਬੂਹੇ ਬਾਰੀਆਂ ਬੰਦ ਹਨ ਤਾਂ ਕਿ ਬਾਹਰ ਜਹਾਨ ਨੂੰ ਇਹ ਗੱਲਾਂ ਨਾ ਸੁਣ ਜਾਣ। ਕਮਰੇ ਵਿਚ ਬੱਤੀ ਜਗਾ ਕੇ ਬਿਲਕੁਲ ਇਕੱਲਾ ਬੈਠਾ ਹਾਂ, ਪੂਰੀ ਸਮਾਧੀ ਵਿਚ। ਬਾਹਰ ਦਿੱਲੀ ਦਾ ਸ਼ੋਰ ਹੈ ਪਰ ਮੈਂ ਕਮਰੇ ਵਿਚ ਏਨਾ ਸ਼ਾਂਤ ਤੇ ਇਕਾਗਰ ਹਾਂ ਜਿੰਨਾ ਕੋਈ ਰਿਸ਼ੀ ਪਹਾੜ ਦੀ ਕੁੰਦਰ ਵਿਚ ਹੋ ਸਕਦਾ ਹੈ। ਇਕ ਬੜੇ ਪਿਆਰੇ ਫੂਨ ਦੀ ਇੰਤਜ਼ਾਰ ਵਿਚ ਬੈਠਾ ਹਾਂ, ਬੜੀ ਪਿਆਰੀ ਆਵਾਜ਼ ਦੀ, ਇਹ ਆਵਾਜ਼ ਕੰਨਾਂ ਵਿਚ ਪੈਂਦੀ ਹੈ ਤਾਂ ਸੀਨੇ ਦੀ ਸਾਰੀ ਖਿਲਾ ਵਿਚ ਜਲਤ੍ਰੰਗ ਵਜ ਉਠਦੇ ਹਨ। ਮਿੱਠੇ-ਮਿੱਠੇ ਹੌਕਿਆਂ ਨਾਲ ਦਿਲ ਦਾ ਸਾਰਾ ਹਨ੍ਹੇਰਾ ਕਾਫੂਰ ਹੋ ਰਿਹਾ ਹੈ ਤੇ ਹਿੱਕ ਵਿਚ ਨਿੰਮਾ-ਨਿੰਮਾ ਚਾਨਣ ਫੁੱਟ ਰਿਹਾ ਹੈ।

ਗਗਾਰਨ (ਪੁਲਾੜ ਵਿਚ ਉੜਾਨ ਭਰਨ ਵਾਲਾ ਪਹਿਲਾ ਰੂਸੀ ਐਸਟ੍ਰੋਨਾਟ) ਦਿੱਲੀ ਆ ਰਿਹਾ ਹੈ ਕੁਝ ਦਿਨਾਂ ਤੱਕ। ਅੰਮ੍ਰਿਤ ਜੀ ਨੇ ਮੈਨੂੰ ਆਖਿਆ ਹੈ ਕਿ ਮੈਂ ਗਗਾਰਨ ਬਾਰੇ ਕਵਿਤਾ ਲਿਖਾਂ। ਮੈਨੂੰ ਇਹ ਗੱਲ ਅਜੀਬ ਜਿਹੀ ਲੱਗੀ। ਚੰਨ ਉਤੇ ਗਗਾਰਨ ਪਹੁੰਚਿਆ ਹੈ, ਤੁਸੀਂ ਵੀ, ਅੰਮ੍ਰਿਤ ਜੀ ਵੀ ਅਤੇ ਸਾਰੀ ਦੁਨੀਆਂ ਇਹੋ ਆਖੇਗੀ। ਇਹ ਕਿੰਨੀ ਵੱਡੀ ਇਤਿਹਾਸਕ ਗਲਤੀ ਕਰ ਰਹੇ ਹੋ ਤੁਸੀਂ ਸਾਰੇ; ਇੰਨੇ ਉਚੇ 'ਤੇ ਸਿਆਣੇ ਹੋਕੇ ਵੀ। ਮੈਂ ਹੈਰਾਨ ਹਾਂ ਗਗਾਰਨ ਮੇਰੇ ਉਤੇ ਰਸ਼ਕ ਕਿਉਂ ਨਹੀਂ ਕਰਦਾ। ਮੈਂ ਉਸ ਚੰਨ ਉਤੇ ਪਹੁੰਚਿਆ ਹਾਂ ਜਿਸ 'ਤੇ ਪਹੁੰਚਣ ਲਈ ਚੰਨ ਉਤੋਂ ਉਡਣਾ ਪੈਂਦਾ ਹੈ।"

ਚਿੱਠੀ-4 (ਮਿਤੀ 26.10.1961)

"ਕਲ੍ਹ ਦਸ ਵਜੇ ਅੰਮ੍ਰਿਤ ਜੀ ਨੂੰ ਮਿਲਣ ਜਾ ਰਿਹਾ ਹਾਂ। ਤੇਰੀਆਂ (ਗੁਰਚਰਨ ਰਾਮਪੁਰੀ) ਤੇ ਆਪਣੀਆਂ ਚਿੱਠੀਆਂ ਸੁਨਾਣ ਲਈ। ਦੋ ਕਵਿਤਾਵਾਂ ਹੋਰ ਲਿਖੀਆਂ ਹਨ: 'ਕਿਤਨਾ ਉਚਾ ਹੋ ਗਿਆ ਮੈਂ" ਅਤੇ 'ਦਿੱਲੀ ਨੂੰ'। ਅਜੇ ਇਹ ਪੂਰੀਆਂ ਨਹੀਂ ਹੋਈਆਂ। ਬਹੁਤ ਕੁਝ ਫੁਰ ਰਿਹਾ ਹੈ। ਗੁਸਲਖਾਨੇ ਵਿਚ ਨਹਾਉਂਦਿਆਂ, ਤੁਰਦਿਆਂ-ਫਿਰਦਿਆਂ, ਜਾਂ ਕੰਮ ਕਰਦਿਆਂ ਤੁਕਾਂ ਮੇਰੇ ਕੋਲ ਆਉਂਦੀਆਂ ਹਨ। ਕਈ-ਕਈ ਕਵਿਤਾਵਾਂ ਮੈਨੂੰ ਲੱਭਦੀਆਂ ਫਿਰਦੀਆਂ ਹਨ। ਜਦੋਂ ਮੈਂ ਉਨ੍ਹਾਂ ਨੂੰ ਮਿਲ ਜਾਂਦਾ ਹਾਂ ਤਾਂ ਉਹ ਮੇਰੇ ਦੁਆਲੇ ਇਸ ਤਰ੍ਹਾਂ ਝੁਰਮਟ ਪਾ ਲੈਂਦੀਆਂ ਹਨ, ਜਿਵੇਂ ਕ੍ਰਿਸ਼ਨ ਦੁਆਲੇ ਗੋਪੀਆਂ। ਮੈਂ ਮਸਤ ਹੋ ਜਾਂਦਾ ਹਾਂ ਤੇ ਕਾਨ੍ਹ ਵਾਂਗ ਮੇਰੇ ਹੋਠ ਮੁਰਲੀ ਨੂੰ ਛੁਹ ਲੈਂਦੇ ਹਨ।

ਬਲਵੰਤ ਦਾ ਘਰ ਮੇਰੇ ਲਈ ਤਖਤ ਹਜ਼ਾਰਾ ਹੈ। ਇਹ ਉਹ ਤਖਤ ਹਜ਼ਾਰਾ ਹੈ ਜਿੱਥੇ ਹੀਰ ਦੀ ਰੂਹ ਵਸਦੀ ਹੈ। ਕਿਤਨੀ ਖੁਸ਼ਬੋ ਹੈ ਇਸ ਘਰ ਦੀਆਂ ਕੰਧਾਂ ਵਿਚ! ਇਸ ਤਖਤ ਹਜ਼ਾਰਿਉਂ ਸਿਆਲਾਂ ਦਾ ਰਾਹ ਕਿਤਨਾ ਸੌਖਾ ਹੈ। ਮੇਰੇ ਵਿਚਲਾ ਆਸ਼ਿਕ ਰਹਿੰਦੀ ਦੁਨੀਆਂ ਤਕ ਇਸ ਹਜ਼ਾਰੇ ਨੂੰ ਸਲਾਮ ਕਰੇਗਾ।

ਅੰਮ੍ਰਿਤ ਜੀ ਨੇ ਇਨ੍ਹਾਂ ਦਿਨਾਂ ਵਿਚ ਇਕ ਨਵੀਂ ਕਵਿਤਾ ਲਿਖੀ ਹੈ, ਬਹੁਤ ਦੇਰ ਪਿੱਛੋਂ, ਨਾਂ ਹੈ 'ਆਸ਼ਿਕ'। ਬੜੀ ਪਿਆਰੀ ਕਵਿਤਾ ਹੈ, ਬਿਲਕੁਲ ਨਵੇਂ ਝੁਕਾ ਦੀ। ਲਿਖਦਿਆਂ ਹੀ ਉਨ੍ਹਾਂ ਫੂਨ ਉਤੇ ਸੁਣਾ ਦਿੱਤੀ ਸੀ।

ਬਲਵੰਤ ਬੜਾ ਪਿਆਰਾ ਹੈ। ਅੱਜ ਕਲ੍ਹ, ਜਦਕਿ ਮੈਂ ਕਵਿਤਾ 'ਦਿੱਲੀ' ਲਿਖ ਰਿਹਾ ਹਾਂ, ਉਸ ਦਾ ਨਾਂ ਮੈਂ ਦਿੱਲੀ ਦਾ ਲਾਲ ਕਿਲ੍ਹਾ ਪਾ ਦਿਤਾ ਹੈ। ਉਹ ਮੇਰਾ ਲਾਲ ਕਿਲ੍ਹਾ ਹੈ। ਉਸ ਦੇ ਕਮਰੇ ਵਿਚ ਡਿਹਾ ਹੋਇਆ ਗੱਦੇ ਵਾਲਾ ਤਖਤ ਜਿਸ ਉਤੇ ਸੁਰਖ ਰੰਗ ਦੀ ਫੁੱਲਾਂ ਵਾਲੀ ਚਾਦਰ ਵਿਛੀ ਹੋਈ ਹੈ, ਮੇਰਾ 'ਤਖਤੇ ਤਾਊਸ' ਹੈ। ਕਿਸੇ ਮੁਗਲ ਸ਼ਹਿਨਸ਼ਾਹ ਨਾਲੋਂ ਮੇਰੀ ਅਨੁਮਤ ਘੱਟ ਨਹੀਂ ਹੈ!

ਬਹੁਤ ਕੁਝ ਲਿਖਣ ਨੂੰ ਜੀ ਕਰਦਾ ਹੈ, ਏਨਾ ਕੁਝ ਕਿ ਸਾਰਾ ਲਿਖਿਆ ਨਹੀਂ ਜਾ ਸਕਦਾ। ਇਸ ਲਈ ਬਾਕੀ ਜ਼ੁਬਾਨੀ ਸਹੀ।"

ਚਿੱਠੀ-5 (ਮਿਤੀ 28.10.1961)

"ਕਲ੍ਹ ਸਾਰਾ ਦਿਨ ਅੰਮ੍ਰਿਤ ਜੀ ਕੋਲ ਬਿਤਾ ਕੇ ਰਾਤ ਸਾਢੇ ਨੌਂ ਵਜੇ ਵਾਪਸ ਘਰ ਆਇਆ ਸੀ। ਤੇਰੀਆਂ (ਗੁਰਚਰਨ ਰਾਮਪੁਰੀ ਦੀਆਂ) ਤੇ ਮੇਰੀਆਂ ਸਾਰੀਆਂ ਚਿੱਠੀਆ ਸੁਣਾ ਆਇਆ ਹਾਂ। ਉਹ ਬਹੁਤ ਖੁਸ਼ ਹੋਏ ਤੇ ਇਕ ਤਰ੍ਹਾਂ ਝੂਮ ਉਠੇ। ਸਾਡੀ ਇਕ ਦੂਜੇ ਨਾਲ ਖੁੱਲ੍ਹ, ਮੁਹੱਬਤ ਅਤੇ ਬੇ-ਬਾਕੀ ਉਨ੍ਹਾਂ ਨੂੰ ਬਹੁਤ ਪਿਆਰੀ ਲੱਗੀ। ਕਈ ਥਾਂ ਉਹ ਹੱਸੇ ਅਤੇ ਕਈ ਥਾਂ ਅੱਖੀਆਂ ਭਰ ਆਈਆਂ। ਗਾਹਲਾਂ ਸੁਣ ਕੇ ਉਹ ਬਹੁਤ ਹੱਸੇ ਜਿਹੜੀਆਂ ਮੈਂ ਤੈਨੂੰ ਪਹਿਲੀ ਚਿਠੀ ਵਿਚ ਕੱਢੀਆਂ ਸਨ। ਉਨ੍ਹਾਂ ਅੰਤ ਵਿਚ ਆਖਿਆ, 'ਦੋਸਤੀ ਇਸੇ ਤਰ੍ਹਾਂ ਦੀ ਹੋਣੀ ਚਾਹੀਦੀ ਹੈ'।

ਜਦੋਂ ਮੈਂ ਚਿਠੀਆਂ ਸੁਣਾਉਣ ਲੱਗਾ ਤਾਂ ਬੂਹੇ-ਬਾਰੀਆਂ ਬੰਦ ਕਰ ਕੇ ਉਨ੍ਹਾਂ ਪਰਦੇ ਖਿੱਚ ਦਿਤੇ। ਫਰਸ਼ ਉਤੇ ਕਾਲੀਨ ਸੀ। ਇਕ ਹਲਕੀ ਜਿਹੀ ਲੋਅ ਵਾਲਾ ਲੈਂਪ ਅਸੀਂ ਫਰਸ਼ ਉਤੇ ਰੱਖ ਲਿਆ। ਕਮਰੇ ਵਿਚ ਕਾਲੀਨ ਦੀ ਨਿੰਮੀ-ਨਿੰਮੀ ਸੁਰਖੀ ਫੈਲ ਗਈ। ਬਸ, 'ਲਾ-ਬੋਹੀਮ' (ਦਿੱਲੀ ਦਾ ਮਸ਼ਹੂਰ ਕੌਫੀ ਹਾਊਸ) ਬਣ ਗਿਆ-ਅਰੇ ਲਾ-ਬੋਹੀਮ ਕੀ ਹੈ ਵਿਚਾਰਾ ਸਵਰਗ ਦੇ ਉਸ ਟੁਕੜੇ ਅੱਗੇ?

ਅੱਜ ਫੇਰ ਉਨ੍ਹਾਂ ਕੋਲ ਜਾ ਰਿਹਾ ਹਾਂ। ਹੁਣੇ ਫੂਨ ਕਰਾਂਗਾ। ਇਨ੍ਹਾਂ ਖਤਾਂ ਦੀ ਰੌਸ਼ਨੀ ਵਿਚ ਉਹ ਮੇਰੀ 'ਮੁਲਾਕਾਤ' ਲਿਖਣਾ ਚਾਹੁੰਦੇ ਹਨ। ਇਸ ਮੁਲਾਕਾਤ ਲਈ, ਉਹ ਕਹਿੰਦੇ ਹਨ, ਮੇਰਾ ਉਨ੍ਹਾਂ ਦੇ ਕੋਲ ਬੈਠਣਾ ਜ਼ਰੂਰੀ ਹੈ।

'ਕਿਤਨਾ ਉਚਾ ਹੋ ਗਿਆ ਮੈਂ' ਨਜ਼ਮ ਦੀਆਂ ਕੁਝ ਸਤਰਾਂ ਤੈਨੂੰ ਅੱਜ ਦੀ ਹਾਲਤ ਸਮਝਾ ਸਕਣ ਲਈ ਲਿਖਦਾ ਹਾਂ:

ਹੁਸਨ ਦੀ ਦਰਗਾਹ ਤੇਰੀ  
ਮੈਂ ਜ਼ਿਆਰਤ ਕਰਨ ਆਵਾਂ,  
ਜਿਸ ਜਗ੍ਹਾ ਮੈਂ ਕਦਮ ਰੱਖਾਂ  
ਉਸ ਜਗ੍ਹਾ ਵਿਚ ਜਾਨ ਪਾਵਾਂ।  
ਇਕ ਕਦਮ ਧਰਤੀ ਦੇ ਉਤੇ,  
ਦੂਸਰਾ ਗਗਨਾਂ ਦੇ ਮੱਥੇ,  
ਤੀਸਰਾ ਚੰਨੇ ਦੀ ਛਾਤੀ,  
ਫੇਰ ਸੂਰਜ ਛੋਹ ਲਿਆ ਮੈਂ,  
ਤਾਰਿਆਂ ਦੀ ਧੂੜ ਉਡੀ - -  
ਕਿਤਨਾ ਉਚਾ ਹੋ ਗਿਆ ਮੈਂ!

ਇਕ ਕਵਿਤਾ ਅੱਜ ਸਵੇਰੇ ਉਠ ਕੇ ਪੰਜਾਂ ਮਿੰਟਾਂ ਵਿਚ ਲਿਖੀ ਹੈ। ਮੈਨੂੰ ਇਸ ਸੰਸਾਰ ਉਤੇ ਡਾਢਾ ਤਰਸ ਆ ਰਿਹਾ ਹੈ। ਮੈਂ ਆਪਣੀ ਮਹਿਬੂਬਾ ਨੂੰ ਆਖਿਆ ਹੈ ਕਿ ਆ, ਇਸ ਸੰਸਾਰ ਨੂੰ ਜ਼ਿੰਦਗੀ ਦੇ ਦਈਏ। ਇਹ ਵਿਚਾਰਾ ਬਹੁਤ ਗਰੀਬ ਹੈ। ਇਸ ਦੀ ਇਕ ਗੱਲ੍ਹ ਤੂੰ ਚੁੰਮ ਲੈ, ਇਕ ਮੈਂ ਚੁੰਮਦਾ ਹਾਂ ਤਾਂ ਕਿ ਇਹ ਵਿਚਾਰਾ ਚਾਰ ਦਿਨ ਮੁਸਕਰਾ ਕੇ ਜੀ ਸਕੇ। ਦੇਖ ਲੈ ਜ਼ਿੰਦਗੀ ਦੀ ਅਜ਼ਮਤ! ਕਦੇ ਮੈਨੂੰ ਗਿਲਾ ਸੀ ਕਿ ਇਹ ਸੰਸਾਰ ਮੇਰੇ 'ਤੇ ਤਰਸ ਨਹੀਂ ਕਰਦਾ। ਅੱਜ ਮੈਨੂੰ ਇਸ ਸੰਸਾਰ ਉਤੇ ਤਰਸ ਆ ਰਿਹਾ ਹੈ। ਕਿਤਨੀ ਬੁਲੰਦੀ ਤੋਂ ਬੋਲ ਰਿਹਾ ਹਾਂ ਮੈਂ!"

ਚਿੱਠੀ-6 (ਮਿਤੀ 29.10.1961)

"ਕਲ੍ਹ ਅੰਮ੍ਰਿਤ ਜੀ ਵਲ ਜਾ ਨਹੀਂ ਸਕਿਆ। ਹੁਣ ਸ਼ਾਇਦ ਭਲਕੇ ਜਾਵਾਂਗਾ। ਉਨ੍ਹਾਂ ਨੂੰ ਕੋਈ ਰੁਝੇਵਾਂ ਹੋ ਗਿਆ ਸੀ ਪਰ ਇਕ ਦਿਲ ਕੰਬਾ ਜਾਣ ਵਾਲਾ ਭਿਆਨਕ ਸੱਚ ਹੋਰ ਵੀ ਹੈ। ਬਲਵੰਤ ਨੂੰ ਅੱਜਕੱਲ੍ਹ ਆਪ ਅਜਿਹੇ ਘੋੜੇ ਦੀ ਲੋੜ ਹੈ। ਉਹ ਮਰ-ਮਰ ਕੇ ਜੀਂਦਾ ਅਤੇ ਜੀ-ਜੀ ਕੇ ਮਰ ਰਿਹਾ ਹੈ। ਉਸ ਦੀਆਂ ਖਾਲੀ ਅੱਖਾਂ ਵਿਚ ਭਿਆਨਕ ਅੱਥਰੂ ਭਰੇ ਹੋਏ ਹਨ। ਇਹ ਅੱਥਰੂ ਮੋਤੀ ਨਹੀਂ, ਪੱਥਰ ਦੇ ਤਿੱਖੇ ਰੋੜ ਹਨ। ਮੈਨੂੰ ਉਸ ਦਾ ਚਿਹਰਾ ਦੇਖ ਕੇ ਤਰਸ ਆ ਰਿਹਾ ਹੈ।

ਇਕ ਦਿਨ ਉਹ ਤੇ ਮੈਂ 'ਲਾ-ਬੋਹੀਮ' ਵਿਚ ਬੈਠੇ ਸੀ। ਬੜੇ ਖੁਸ਼ ਤੇ ਟਹਿਕੇ ਹੋਏ। ਲੌਂਗੋਵਾਲ ਨੂੰ ਟਿੱਚ ਜਾਣ ਕੇ। ਇਕ ਅਜਿਹੀ ਘਟਨਾ ਹੋਈ ਕਿ ਦੱਸਣ ਲੱਗਿਆਂ ਦਿਲ ਕੰਬਦਾ ਹੈ। ਹਰੀ ਮੂੰਗੀਆ ਸਾੜ੍ਹੀ ਵਾਲੀ ਇਕ ਸੁੰਦਰ ਔਰਤ ਆਈ ਤੇ ਸਾਡੇ ਕੋਲੋਂ ਡੁਮਕ-ਡੁਮਕ ਤੁਰਦੀ ਅੱਗੇ ਲੰਘ ਗਈ। ਮੈਂ ਬਲਵੰਤ ਨੂੰ ਕੂਹਣੀ ਮਾਰੀ। ਦੂਰੋਂ ਉਹਦੀ ਪਿੱਠ 'ਤੇ ਵਾਲ ਹੀ ਉਹਨੂੰ ਨਜ਼ਰ ਆਏ। ਝੱਟ ਹੀ ਉਹ ਉਸ ਔਰਤ ਦੀ ਪਿੱਠ ਨੂੰ ਪਛਾਣ ਗਿਆ ਤੇ ਕਾਉਂਟਰ ਕੋਲ ਜਾ ਕੇ ਉਸ ਦਾ ਇੰਤਜ਼ਾਰ ਕਰਨ ਲੱਗਾ। ਉਹ ਬਾਥਰੂਮ ਵਲ ਗਈ ਸੀ। ਜਦ ਉਹ ਵਾਪਸ ਆਈ, ਬਲਵੰਤ ਉਸ ਨੂੰ ਅੰਤਾਂ ਦਾ ਨਿਮਾਣਾ ਹੋ ਕੇ ਮਿਲਿਆ; ਜਿਵੇਂ ਆਸ਼ਕ ਪ੍ਰੇਮਿਕਾ ਦੇ ਪੈਰਾਂ ਵਿਚ ਡਿਗ ਕੇ ਅਰਜੋਈਆਂ ਕਰਦਾ ਹੋਵੇ। ਉਹ ਔਰਤ ਬਲਵੰਤ ਦੀ ਮਹਿਬੂਬਾ ਸੀ, ਬੜੀ ਪਿਆਰੀ ਮਹਿਬੂਬਾ, ਬਲਵੰਤ ਨੇ ਆਪਣਾ ਦਿਲ ਉਸ ਔਰਤ 'ਤੇ ਨਸ਼ਾਵਰ ਕਰ ਦਿੱਤਾ ਸੀ। ਉਹ ਉਸ ਔਰਤ 'ਤੇ ਮਰ ਮਿਟਿਆ ਸੀ।"

ਟਿਪਣੀ: ਧੀਰ ਦੀ ਉਪਰੋਕਤ ਚਿੱਠੀ ਵਿਚ ਗਾਰਗੀ ਜਿਸ ਔਰਤ ਨੂੰ 'ਲਾ-ਬੋਹੀਮ' ਵਿਚ ਮਿਲ ਕੇ ਬਹੁਤ ਉਦਾਸ ਹੋ ਗਿਆ ਸੀ, ਉਹ ਅਚਲਾ ਸਚਦੇਵ ਸੀ। ਕਿਸੇ ਵੇਲੇ ਬਲਵੰਤ ਗਾਰਗੀ ਦੇ ਵਿਆਹ ਦੀ ਗੱਲ ਅਚਲਾ ਸਚਦੇਵ ਨਾਲ ਚੱਲੀ ਸੀ। ਕਿਹਾ ਜਾਂਦਾ ਹੈ ਕਿ ਅਚਲਾ ਸਚਦੇਵ ਗਾਰਗੀ ਨਾਲ ਵਿਆਹ ਕਰਾਉਣ ਦੇ ਸਬੰਧ ਵਿਚ ਖੁਸ਼ਵੰਤ ਸਿੰਘ ਤੋਂ ਸਲਾਹ ਲੈਣ ਗਈ। ਖੁਸ਼ਵੰਤ ਸਿੰਘ ਨੇ ਉਸ ਤੋਂ ਪੁੱਛਿਆ ਕਿ ਉਹ ਗਾਰਗੀ ਨਾਲ ਵਿਆਹ ਕਰਾਉਣ 'ਚ ਕਿਉਂ ਦਿਲਚਸਪੀ ਰਖਦੀ ਹੈ? ਉਤਰ ਵਿਚ ਅਚਲਾ ਸਚਦੇਵ ਨੇ ਕਿਹਾ ਕਿ ਬਲਵੰਤ ਮਸ਼ਹੂਰ ਨਾਟਕਕਾਰ ਹੈ, ਨਾਮਵਰ ਨਿਰਦੇਸ਼ਕ ਹੈ ਅਤੇ ਕਈ ਪੁਸਤਕਾਂ ਦਾ ਲੇਖਕ ਹੈ। ਉਤਰ ਵਿਚ ਖੁਸ਼ਵੰਤ ਨੇ ਕਿਹਾ, 'If you want to marry a book, he is a good book, if you want to marry a man, he is a bogus person'. ਇਸ ਤੋਂ ਬਾਅਦ ਉਨ੍ਹਾਂ ਦਾ ਵਿਆਹ ਨੇਪਰੇ ਨਾ ਚੜ੍ਹ ਸਕਿਆ ਜਿਸ ਕਰ ਕੇ ਗਾਰਗੀ ਉਦਾਸ ਅਤੇ ਗਮਗੀਨ ਸੀ।

ਬਲਵੰਤ ਗਾਰਗੀ ਦੀ ਭਾਨੀ

ਇਨ੍ਹਾਂ ਦਿਨਾਂ ਵਿਚ ਬਲਵੰਤ ਗਾਰਗੀ ਪੰਜਾਬ ਤੋਂ ਵਾਪਸ ਦਿੱਲੀ ਆ ਗਿਆ। ਉਹ ਜਦ ਵੀ ਵਾਪਸ ਮੁੜਦਾ ਸੀ ਤਾਂ ਆ ਕੇ ਪਹਿਲਾਂ ਆਪਣੇ ਨੌਕਰ ਤੋਂ ਇਹ ਦਰਿਆਫਤ ਕਰਦਾ ਸੀ ਕਿ ਚਿੱਠੀਆਂ ਕਿੱਥੇ ਹਨ, ਫੂਨ ਕਿਸ-ਕਿਸ ਦਾ ਆਇਆ, ਕੌਣ-ਕੌਣ ਮਿਲਣ ਆਇਆ? ਨੌਕਰ ਨੇ ਉਸ ਨੂੰ ਆਏ-ਗਏ ਬਾਰੇ ਦੱਸਿਆ; ਖਾਸ ਕਰ ਕੇ ਅੰਮ੍ਰਿਤਾ ਪ੍ਰੀਤਮ ਦੀ ਫੇਰੀ ਅਤੇ ਧੀਰ ਨਾਲ ਫੂਨ 'ਤੇ ਗੱਲਾਂ ਕਰਨ ਬਾਰੇ ਦੱਸਿਆ। ਗਾਰਗੀ ਚੌਂਕ ਉਠਿਆ ਅਤੇ ਨੌਕਰ ਤੋਂ ਸਾਰੀ ਗੱਲ ਪੁੱਛੀ। ਨੌਕਰ ਨੇ ਦੱਸਿਆ ਕਿ ਬੀਬੀ ਜੀ ਧੀਰ ਸਾਹਿਬ ਨਾਲ ਕਾਫੀ ਚਿਰ ਗੱਲਾਂ ਕਰਦੇ ਰਹਿੰਦੇ ਸਨ। ਜਿਗਰੀ ਦੋਸਤ ਸਮਝ ਕੇ ਧੀਰ ਨੇ ਵੀ ਅੰਮ੍ਰਿਤਾ ਨਾਲ ਫੂਨਾਂ ਦਾ ਜ਼ਿਕਰ ਗਾਰਗੀ ਨਾਲ ਸਾਂਝਾ ਕੀਤਾ। ਉਹ ਚਿੱਠੀਆਂ ਵੀ ਸਾਂਝੀਆਂ ਕੀਤੀਆਂ ਜਿਨ੍ਹਾਂ ਵਿਚ ਅੰਮ੍ਰਿਤਾ ਪ੍ਰੀਤਮ ਨਾਲ ਬਿਤਾਏ ਪਲਾਂ ਬਾਰੇ ਲਿਖਿਆ ਸੀ। ਚਿੱਠੀਆਂ ਸੁਣ ਕੇ ਗਾਰਗੀ ਉਤੋਂ-ਉਤੋਂ ਤਾਂ ਖੁਸ਼ੀ ਦਾ ਇਜ਼ਹਾਰ ਕਰ ਰਿਹਾ ਸੀ ਪਰ ਅੰਦਰੋਂ ਗਿੱਲੇ ਬਾਲਣ ਵਾਂਗ ਧੁਖ ਰਿਹਾ ਸੀ। ਉਸ ਦੀ ਨਾਕਾਮ ਮੁਹੱਬਤ ਦੀ ਧੁਖਦੀ ਧੂਣੀ 'ਤੇ ਧੀਰ ਦੀਆਂ ਗੱਲਾਂ ਨੇ ਤੇਲ ਪਾਇਆ। ਪੰਜਾਬੀ ਦੇ ਕਈ ਨਾਮਵਰ ਸਾਹਿਤਕਾਰਾਂ ਵਾਂਗ ਗਾਰਗੀ ਵੀ ਅੰਮ੍ਰਿਤਾ ਦੇ ਨਜ਼ਦੀਕ ਹੋਣ ਲਈ ਤਰਸਦਾ ਤੇ ਤਾਂਘਦਾ ਸੀ। ਅੰਮ੍ਰਿਤਾ ਨੇ ਲੇਖਕਾਂ ਪ੍ਰਤੀ ਉਤੋਂ-ਉਤੋਂ ਫੋਕੀ ਜਿਹੀ ਨੇੜਤਾ ਤਾਂ ਭਾਵੇਂ ਦਿਖਾਈ ਹੋਵੇ ਪਰ ਆਪਣੇ ਨਜ਼ਦੀਕ ਕਿਸੇ ਨੂੰ ਨਹੀਂ ਢੁੱਕਣ ਦਿੱਤਾ। ਇਸ ਗੱਲ ਦੀ ਤਸਦੀਕ ਅੰਮ੍ਰਿਤਾ ਦੀ ਸਵੈ-ਜੀਵਨੀ 'ਰਸੀਦੀ ਟਿਕਟ' ਵਿਚੋਂ ਭਲੀਭਾਂਤ ਹੋ ਜਾਂਦੀ ਹੈ। ਲੇਖਕਾਂ ਦੇ ਨਜ਼ਦੀਕ ਆਉਣ ਦੀ ਗੱਲ ਤਾਂ ਇਕ ਪਾਸੇ ਰਹੀ, ਉਨ੍ਹਾਂ ਬਾਰੇ ਅੰਮ੍ਰਿਤਾ ਪ੍ਰੀਤਮ ਦੇ ਵਿਚਾਰ ਬੜੇ ਅਪਮਾਨਜਨਕ ਸ਼ਬਦਾਂ ਅਤੇ ਤਨਜ਼ੀਆ ਅੰਦਾਜ਼ ਵਿਚ ਪੇਸ਼ ਕੀਤੇ ਗਏ ਹਨ। ਪ੍ਰੋ. ਮੋਹਨ ਸਿੰਘ ਬਾਰੇ ਲਿਖਦੀ ਹੈ, "ਮੋਹਨ ਸਿੰਘ ਜੀ ਬਾਰੇ ਮੇਰੀ ਰਾਏ ਸੀ ਕਿ ਉਹ ਚੰਗੇ ਸ਼ਾਇਰ ਦੇ ਨਾਲ ਚੰਗੇ ਦਿਲ ਦੇ ਬੰਦੇ ਹਨ ਪਰ ਕਮਜ਼ੋਰ। ਕਦਰਾਂ ਕੀਮਤਾਂ ਲਈ ਅੜ ਜਾਣ ਵਾਲੇ ਨਹੀਂ। ਮੇਰੀ ਇਹ ਸੋਚ ਵੀ ਵੇਲਾ ਪਾ ਕੇ ਠੀਕ ਸਾਬਤ ਹੋਈ।" ਸੰਤ ਸਿੰਘ ਸੇਖੋਂ ਬਾਰੇ ਲਿਖਿਆ ਹੈ, "ਸੰਤ ਸਿੰਘ ਸੇਖੋਂ ਬਾਰੇ ਮੇਰੀ ਮੁਢਲੇ ਦਿਨ ਤੋਂ ਰਾਏ ਸੀ ਕਿ ਇਕ ਆਲੋਚਕ ਦੇ ਨਾਤੇ ਉਹਦਾ ਜ਼ਿੰਮੇਵਾਰੀ ਅਤੇ ਈਮਾਨਦਾਰੀ ਜਿਹੀਆਂ ਬੁਨਿਆਦੀ ਕੀਮਤਾਂ ਨਾਲ ਉਕਾ ਕੋਈ ਵਾਸਤਾ ਨਹੀਂ।" ਹਰਿਭਜਨ ਸਿੰਘ ਬਾਰੇ ਕਿਹਾ, "ਹਰਿਭਜਨ ਸਿੰਘ ਨਾਲ ਆਸ ਜੋੜੀ ਸੀ ਪਰ ਬਹੁਤੀ ਨਹੀਂ। ਉਹਨੇ ਜਦੋਂ ਆਪਣੇ ਪਿਛਲੱਗਾਂ ਕੋਲੋਂ

*(ਬਾਕੀ ਅਗਲੇ ਸਫੇ 'ਤੇ)*

# ਢਾਈ ਦਿਨ ਦਾ ਇਸ਼ਕ

*(ਪਿਛਲੇ ਸਫੇ ਦੀ ਬਾਕੀ)*

ਮੇਰੇ ਬਾਰੇ ਘਟੀਆ ਲੇਖ ਲਿਖਵਾ-ਲਿਖਵਾ ਕੇ ਉਨ੍ਹਾਂ ਵਿਚੋਂ ਇਕ ਲੱਜ਼ਤ ਲੈਣੀ ਸ਼ੁਰੂ ਕੀਤੀ, ਮੈਨੂੰ ਬਹੁਤੀ ਹੈਰਾਨੀ ਨਹੀਂ ਸੀ ਹੋਈ, ਸਿਰਫ ਤਰਸ ਆਇਆ ਸੀ ਕਿ ਆਪਣੇ ਅੰਦਰਲੇ ਸ਼ਾਇਰ ਦੀ ਸ਼ਖਸੀਅਤ ਨੂੰ ਆਪਣੇ ਹੱਥੀਂ ਮੈਲਾ ਕਰ ਰਿਹਾ ਹੈ।"

ਧੀਰ ਵਰਗੇ ਸਾਧਾਰਨ ਬੰਦੇ ਦਾ ਅੰਮ੍ਰਿਤਾ ਪ੍ਰੀਤਮ ਵਰਗੀ ਨਾਮਵਾਰ ਤੇ ਸੋਹਣੀ ਔਰਤ ਨਾਲ ਲਗਾਉ ਹੋ ਜਾਣਾ ਬਲਵੰਤ ਗਾਰਗੀ ਦੇ ਹਲਕ ਤੋਂ ਹੇਠਾਂ ਕਿਵੇਂ ਉਤਰ ਸਕਦਾ ਸੀ! ਉਸ ਨੂੰ ਹੁਣ ਧੀਰ ਵਿਚੋਂ ਰਕੀਬ ਨਜ਼ਰ ਆਉਣ ਲੱਗਾ ਜਿਸ ਕਰ ਕੇ ਈਰਖਾ ਜਾਗੀ। ਈਰਖਾ ਬੰਦੇ ਦੀ ਹੀਣਭਾਵਨਾ ਦਾ ਚਿੰਨ੍ਹ ਹੈ, ਕਮਜ਼ੋਰੀ ਅਤੇ ਹਾਰ ਦੀ ਨਿਸ਼ਾਨੀ ਹੈ। ਹਾਰਿਆ ਹੋਇਆ ਆਸ਼ਕ ਕੁਝ ਵੀ ਕਰ ਸਕਦਾ ਹੈ, ਜਿਸਮਾਨੀ ਨੁਕਸਾਨ ਵੀ ਪੁਚਾ ਸਕਦਾ ਹੈ। ਗਾਰਗੀ ਵਰਗਾ ਪੜ੍ਹਿਆ ਲਿਖਿਆ ਤੇ ਸੁਲਝਿਆ ਹੋਇਆ ਪਰ ਕਮਜ਼ੋਰ ਦਿਲ ਬੰਦਾ, ਧੀਰ ਨੂੰ ਜਿਸਮਾਨੀ ਨੁਕਸਾਨ ਨਹੀਂ ਸੀ ਪੁਚਾ ਸਕਦਾ। ਉਸ ਨੇ ਭਾਨੀ ਮਾਰੀ। ਅੰਮ੍ਰਿਤਾ ਪ੍ਰੀਤਮ ਨੂੰ ਫੂਨ ਕਰ ਕੇ ਉਸ ਦੇ ਕੰਨ ਭਰੇ ਕਿ ਤੁਹਾਡਾ ਧੀਰ ਨਾਲ ਜੋ ਕੁਝ ਵੀ ਅੱਜਕੱਲ੍ਹ ਚੱਲ ਰਿਹਾ ਹੈ, ਇਸ ਵਿਚ ਉਸ ਦਾ ਕੁਝ ਨਹੀਂ ਜਾਣਾ, ਤੁਹਾਡੀ ਇਜ਼ਤ 'ਤੇ ਜ਼ਰੂਰ ਹਰਫ ਆਵੇਗਾ। ਕਿੱਥੇ ਤੂੰ ਅਤੇ ਕਿੱਥੇ ਧੀਰ, ਰਾਜਾ ਭੋਜ ਅਤੇ ਗੰਗੂ ਤੇਲੀ ਵਾਲੀ ਗੱਲ ਹੈ। ਧੀਰ ਤੁਹਾਨੂੰ ਆਪਣੀ ਪ੍ਰੇਮਿਕਾ ਸਮਝਦਾ ਹੈ ਅਤੇ ਦੋਸਤਾਂ ਵਲ ਲਿਖੀਆਂ ਚਿੱਠੀਆਂ ਵਿਚ ਇਸ ਦਾ ਖੁੱਲ੍ਹਮ-ਖੁੱਲ੍ਹਾ ਇਜ਼ਹਾਰ ਕਰਦਾ ਹੈ। ਉਹ ਸਮਝਦਾ ਹੈ ਕਿ ਅੰਮ੍ਰਿਤਾ ਤਾਂ ਉਸ ਦੀ ਝੋਲੀ ਵਿਚ ਹੈ।

ਅੰਮ੍ਰਿਤਾ ਪ੍ਰੀਤਮ ਉਤੇ ਬਲਵੰਤ ਗਾਰਗੀ ਦੀ ਭਾਨੀ ਦਾ ਅਸਰ ਕਿਸੇ ਭੈੜੇ ਸੁਪਨੇ ਵਾਂਗ ਹੋਇਆ। ਇਸ ਦਾ ਪ੍ਰਮਾਣ ਧੀਰ ਵਲੋਂ ਮਿਤੀ 29.10.1961 ਨੂੰ ਲਿਖੀ ਚਿੱਠੀ ਤੋਂ ਮਿਲਦਾ ਹੈ। ਧੀਰ ਲਿਖਦਾ ਹੈ, "ਕੱਲ੍ਹ ਅੰਮ੍ਰਿਤ ਜੀ ਵਲ ਜਾ ਨਹੀਂ ਸਕਿਆ। ਹੁਣ ਸ਼ਾਇਦ ਕੱਲ੍ਹ ਜਾਵਾਂਗਾ। ਉਨ੍ਹਾਂ ਨੂੰ ਕੋਈ ਰੁਝੇਵਾਂ ਹੋ ਗਿਆ ਸੀ।" ਇਹ ਚਿੱਠੀ ਉਸ ਨੇ ਸਵੇਰੇ ਦੇ ਸਾਢੇ ਪੰਜ ਵਜੇ ਲਿਖਣੀ ਸ਼ੁਰੂ ਕੀਤੀ ਅਤੇ ਸ਼ਾਮ ਦੇ ਪੰਜ ਵਜ ਕੇ ਨੌਂ ਮਿੰਟ 'ਤੇ ਖਤਮ ਕੀਤੀ। ਇਨ੍ਹਾਂ ਬਾਰਾਂ ਘੰਟਿਆਂ ਵਿਚ ਸਾਰਾ ਭਾਣਾ ਵਰਤ ਚੁਕਿਆ ਸੀ, ਗਾਰਗੀ ਨੇ ਅੰਮ੍ਰਿਤਾ ਦੇ ਕੰਨ ਭਰੇ ਦਿੱਤੇ ਸਨ। ਅੰਮ੍ਰਿਤਾ ਨੇ ਇਸ ਥੋੜ੍ਹ-ਚਿਰੇ ਇਸ਼ਕ ਦਾ ਭੋਗ ਪਾਉਣ ਬਾਰੇ ਸੋਚ ਲਿਆ। ਦੂਜੇ ਦਿਨ ਅੰਮ੍ਰਿਤਾ ਨੇ ਧੀਰ ਨੂੰ ਘਰ ਬੁਲਾਇਆ। ਉਥੇ ਜੋ ਵਾਪਰਿਆ, ਧੀਰ ਨੇ ਉਸ ਦਾ ਮੂੰਹ-ਜ਼ੁਬਾਨੀ ਜ਼ਿਕਰ ਗੁਰਚਰਨ ਰਾਮਪੁਰੀ ਅਤੇ ਮੇਰੇ ਨਾਲ ਸਾਂਝਾ ਕੀਤਾ। ਇਸ ਵਾਕਿਆ ਦਾ ਸਾਰੰਸ਼ ਚੇਤੇ ਚੋਂ ਕਸ਼ੀਦ ਕੇ ਹੇਠ ਦਿੱਤਾ ਜਾਂਦਾ ਹੈ:

ਅੰਮ੍ਰਿਤਾ ਪ੍ਰੀਤਮ ਨੂੰ ਧੀਰ ਮਿਲਣ ਗਿਆ। ਘਰ ਵੜਦਿਆਂ ਸਾਰ ਕੁਰਸੀ 'ਤੇ ਮੋਕਲਾ ਹੋ ਕੇ ਘਰਦਿਆਂ ਵਾਂਗ ਬਹਿ ਗਿਆ ਅਤੇ ਪੱਗ ਲਾਹ ਕੇ ਲਾਗਲੇ ਮੇਜ਼ 'ਤੇ ਧਰ ਦਿੱਤੀ। ਅੰਮ੍ਰਿਤਾ ਪ੍ਰੀਤਮ ਨੇ ਪਹਿਲਾਂ ਨਾਲੋਂ ਜ਼ਰਾ ਹਟਵੀਂ ਅਤੇ ਰਸਮੀ ਜਿਹੀ ਆਓ ਭਗਤ ਕੀਤੀ ਅਤੇ ਚਾਹ ਲਈ ਸੁਲਾਹ ਮਾਰੀ। ਪਿਆਰ ਵਿਚ ਅੰਨ੍ਹੇ ਹੋਏ ਧੀਰ ਨੇ ਅੰਮ੍ਰਿਤਾ ਦੇ ਇਸ ਰਵੱਈਏ ਦਾ ਕੋਈ ਨੋਟਿਸ ਨਾ ਲਿਆ। ਅੰਮ੍ਰਿਤਾ ਨੇ ਨੌਕਰ ਨੂੰ ਚਾਹ ਬਣਾ ਕੇ ਲਿਆਉਣ ਲਈ ਕਿਹਾ ਅਤੇ ਖੁਦ ਸਾਹਮਣੇ ਵਾਲੇ ਸੋਫੇ 'ਤੇ ਬੈਠ ਗਈ। ਹਸੂੰ-ਹਸੂੰ ਕਰਦੀਆਂ ਸੁਰਮੇ ਵਾਲੀਆਂ ਅੱਖਾਂ ਥਾਣੀਂ ਧੀਰ ਪਹਿਲਾਂ ਵਾਂਗ ਮੋਹ ਪਿਆਰ ਦਾ ਇਜ਼ਹਾਰ ਕਰਨ ਲੱਗਾ। ਐਨੇ ਨੂੰ ਚਾਹ ਆ ਗਈ। ਚਾਹ ਦੀ ਪਿਆਲੀ ਧੀਰ ਨੂੰ ਫੜਾਉਂਦਿਆਂ ਅੰਮ੍ਰਿਤਾ ਨੇ ਧੀਮੀ ਜਿਹੀ ਆਵਾਜ਼ ਵਿਚ ਕਿਹਾ, 'ਧੀਰ ਜੀ! ਤੁਹਾਡੇ ਨਾਲ ਇਕ ਗੱਲ ਕਰਨੀ ਸੀ'। ਧੀਰ ਨੇ ਕਿਹਾ, 'ਤੁਸੀਂ ਮੇਰੇ ਹੁਕਮਰਾਨ ਹੋ, ਆਪਣੇ ਗੁਲਾਮ ਤੋਂ ਜੋ ਜੀ ਚਾਹੇ ਪੁੱਛੋ'। ਅੰਮ੍ਰਿਤਾ ਨੇ ਸਹਿੰਦੇ-ਸਹਿੰਦੇ ਕਿਹਾ, 'ਦੇਖੋ ਅਸੀਂ ਅੱਛੇ ਦੋਸਤ ਹਾਂ, ਇਸ ਤੋਂ ਵੱਧ ਸਾਨੂੰ ਇਕ ਦੂਜੇ ਤੋਂ ਹੋਰ ਕੋਈ ਤਵੱਕੋ ਨਹੀਂ ਰੱਖਣੀ ਚਾਹੀਦੀ। ਦੋਸਤੀ ਆਪਣੇ ਆਪ ਵਿਚ ਇਕ ਵਰਦਾਨ ਹੈ, ਨਿਆਮਤ ਹੈ, ਸਾਨੂੰ ਇਸ 'ਤੇ ਮਾਣ ਕਰਨਾ ਚਾਹੀਦਾ ਹੈ। ਤੁਹਾਡੇ ਪ੍ਰਤੀ ਮੇਰਾ ਦੋਸਤਾਨਾ ਰਵੱਈਆ ਸਾਹਿਤਕ ਲਗਾਉ ਕਰਕੇ ਹੈ, ਤੁਸੀਂ ਇਸ ਨੂੰ ਕੁਝ ਹੋਰ ਨਾ ਸਮਝ ਲੈਣਾ। ਪਿਆਰ ਦੇ ਵੀ ਕਈ ਰੰਗ-ਰੂਪ ਹੁੰਦੇ ਹਨ, ਜਿਵੇਂ ਖਾਵੰਦ-ਬੀਵੀ, ਮਾਂ-ਬੇਟੇ ਤੇ ਭੈਣ-ਭਰਾ ਦਾ ਪਿਆਰ'।

ਸੁਣ ਕੇ ਧੀਰ ਦੇ ਸਿਰ ਸੌ ਘੜੇ ਪਾਣੀ ਪੈ ਗਿਆ, ਸੀਨੇ ਵਿਚ ਬਰਛੀ ਖੁੱਭ ਗਈ, ਉਹ ਇਕ ਦਮ ਸੁੰਨ ਹੋ ਗਿਆ ਤੇ ਅੱਖਾਂ ਭਵੰਤਰ ਗਈਆਂ। ਉਸ ਨੂੰ ਇਉਂ ਜਾਪਿਆ, ਜਿਵੇਂ ਕਿਸੇ ਨਿਰਦੋਸ਼ੇ ਨੂੰ ਬਰੀ ਕਰਦਿਆਂ ਸਾਰ ਦੁਬਾਰਾ ਫੜ ਕੇ ਸੂਲੀ 'ਤੇ ਚਾੜ੍ਹ ਦਿੱਤਾ ਹੋਵੇ। ਉਸ ਨੂੰ ਇਹ ਉਮੀਦ ਹੀ ਨਹੀਂ ਸੀ ਕਿ ਅੰਮ੍ਰਿਤਾ ਘਰ ਬੁਲਾ ਕੇ ਅਜਿਹਾ ਮਜ਼ਾਕ ਕਰੇਗੀ। ਅਚੰਭਤ ਹੋਏ ਧੀਰ ਨੇ ਪੱਗ ਚੁੱਕੀ, ਸਿਰ 'ਤੇ ਧਰੀ ਅਤੇ ਝੋਲਾ ਚੁੱਕ ਕੇ ਬੂਹੇ ਵਲ ਤੁਰ ਪਿਆ। ਪਿਛਿਓਂ ਅੰਮ੍ਰਿਤਾ ਨੇ ਕੁਝ ਕਹਿਣਾ ਚਾਹਿਆ ਪਰ ਡੰਗ ਖਾਧੇ ਧੀਰ ਨੇ ਬੂਹਾ ਬੰਦ ਕਰਦਿਆਂ ਭਰੀ ਹੋਈ ਆਵਾਜ਼ ਵਿਚ ਸਿਰਫ ਏਨਾ ਕਿਹਾ: "ਅੱਛਾ ਭੈਣ ਜੀ, ਸਤਿ ਸ੍ਰੀ ਆਕਾਲ।"

ਚਿੱਠੀ-7 (ਮਿਤੀ 30.10.1961)

ਅੰਮ੍ਰਿਤਾ ਪ੍ਰੀਤਮ ਨਾਲ ਧੀਰ ਦੀ ਦੁਖਭਰੀ ਮੁਲਾਕਾਤ 30.10.1961 ਦੀ ਸਵੇਰ ਨੂੰ ਹੋਈ। ਇਸ ਘਟਨਾ ਤੋਂ ਬਾਅਦ ਉਸ ਨੇ ਵਾਪਸ ਆ ਕੇ ਗਾਰਗੀ ਦੇ ਘਰੋਂ ਸ਼ਾਮ ਵੇਲੇ ਗੁਰਚਰਨ ਰਾਮਪੁਰੀ ਨੂੰ ਕੇਵਲ ਇਕ-ਸਤਰੀ ਚਿੱਠੀ ਲਿਖੀ:

"ਤੇਸਾ ਨੀਵਾਂ ਹੋ ਗਿਆ ਗੁਰਚਰਨ! ਤੇਸਾ ਨੀਵਾਂ ਹੋ ਗਿਆ! ਕਾਲਜੇ ਵਿਚ ਬਰਛੀ ਲੱਗੀ, ਮੇਰੀ ਕਿਸਮਤ।"

ਇਸ ਘਟਨਾ ਤੋਂ ਬਾਅਦ ਧੀਰ ਨੇ ਮੈਨੂੰ ਪਾਣੀਪਤ ਦੇ ਪਤੇ 'ਤੇ ਕਾਰਡ ਲਿਖਿਆ, "ਮੈਂ ਕਲ੍ਹ ਨੂੰ ਗੱਡੀ ਰਾਹੀਂ ਵਾਪਸ ਮੁੜ ਰਿਹਾ ਹਾਂ, ਸਟੇਸ਼ਨ ਤੋਂ ਲੈ ਲਈਂ। ਬਾਕੀ ਦੀ ਗੱਲ ਆ ਕੇ ਦੱਸਾਂਗਾ।" ਦੂਜੇ ਦਿਨ ਮੈਂ ਉਸ ਨੂੰ ਪਾਣੀਪਤ ਦੇ ਰੇਲਵੇ ਸਟੇਸ਼ਨ ਤੋਂ ਲੈਣ ਗਿਆ। ਉਹ ਹੱਥ ਵਿਚ ਬੈਗ ਫੜੀ ਢਿੱਲੀ ਜਿਹੀ ਚਾਲੇ ਗੱਡੀ ਤੋਂ ਉਤਰਿਆ। ਪਹਿਲਾਂ ਜਦ ਉਹ ਆਉਂਦਾ ਸੀ ਤਾਂ ਬੈਗ ਖੁਦ ਨਹੀਂ ਸੀ ਉਤਾਰਦਾ, ਮੈਨੂੰ ਲਿਆਉਣ ਲਈ ਹੁਕਮ ਚਾੜ੍ਹਦਾ ਸੀ। ਇਸ ਵਾਰੀ ਕੁਝ ਅਜੀਬ ਜਿਹਾ ਲੱਗਿਆ। ਮੈਂ ਪੁਛਿਆ, "ਦਿੱਲੀ ਦਾ ਕੀ ਹਾਲ ਹੈ?" ਖਾਲੀ ਜਿਹੀ ਹਾਸੀ ਹਸਦਿਆਂ, ਹਾਰੇ ਹੋਏ ਆਸ਼ਕ ਵਾਂਗ, ਕੰਬਦੀ ਆਵਾਜ਼ ਵਿਚ ਕਹਿਣ ਲੱਗਾ, "ਬਸ! ਠੀਕ ਹੀ ਹੈ।" ਮੈਂ ਸਮਝ ਗਿਆ, ਕੋਈ ਭਾਣਾ ਵਰਤ ਗਿਆ ਹੈ। ਉਹ ਚੁੱਪ-ਚਾਪ ਸਾਈਕਲ 'ਤੇ ਬਹਿ ਗਿਆ ਤੇ ਅਸੀਂ ਘਰ ਪਹੁੰਚ ਗਏ। ਉਸ ਦੇ ਚਿਹਰੇ 'ਤੇ ਪਿਲੱਤਣ ਛਾਈ ਹੋਈ ਸੀ, ਮੂੰਹ ਉਡਿਆ ਹੋਇਆ ਅਤੇ ਅੱਖਾਂ ਵਿਚ ਸੋਗਵਾਰ ਉਦਾਸੀ ਸੀ। ਆਵਾਜ਼ ਵਿਚ ਪਹਿਲਾਂ ਵਾਲੀ ਮੜਕ ਤੇ ਗੜ੍ਹਕ ਨਹੀਂ ਸੀ, ਉਂਗਲੀ ਤਾਣੀ ਹੋਈ ਨਹੀਂ ਸੀ, ਅੱਖ ਵੀ ਸੁਰਮੇ ਵਾਲੀ ਨਹੀਂ ਸੀ। ਮੈਨੂੰ ਸ਼ੱਕ ਹੋ ਗਿਆ ਕਿ ਉਸ ਦੀ ਮੁਹੱਬਤ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੈ। ਪੁੱਛਣ 'ਤੇ ਉਸ ਨੇ ਕੇਵਲ ਇਨਾ ਕਿਹਾ, "ਬਸ ਭਾਣਾ ਵਰਤ ਗਿਆ, ਨਿਅਰਥ ਹੋ ਗਿਆ।" ਇਸ ਹਾਲਤ ਵਿਚ ਮੈਂ ਉਸ ਤੋਂ ਬਹੁਤਾ ਕੁਝ ਹੋਰ ਪੁਛਣਾ ਗਨੀਮਤ ਨਾ ਸਮਝਿਆ।

ਪਹਿਲਾਂ ਉਹ ਮੇਰੇ ਪਾਸ ਕਈ ਦਿਨ ਠਹਿਰਦਾ ਹੁੰਦਾ ਸੀ, ਇਸ ਵਾਰੀ ਦੂਜੇ ਦਿਨ ਹੀ ਪਿੰਡ ਚਲਿਆ ਗਿਆ। ਪਿੰਡ ਪਹੁੰਚ ਕੇ ਮਿਤੀ 7.11.1961 ਨੂੰ ਗੁਰਚਰਨ ਰਾਮਪੁਰੀ ਦੇ ਨਾਂ ਪੋਸਟ ਕਾਰਡ ਲਿਖਿਆ, "ਮੈਨੂੰ ਆ ਕੇ ਮਿਲ ਕਦੇ, ਮੈਨੂੰ ਤੇਰੀ ਲੋੜ ਹੈ। ਕੰਮ ਵਿਚ ਤੇਰੀ ਮਦਦ ਦੀ ਅਤੇ ਦਿਲ ਨੂੰ ਤੇਰੇ ਧਰਵਾਸ ਦੀ। ਸੰਭਲ ਕੇ ਆਈਂ ਮੇਰੇ ਸਾਹਮਣੇ, ਨਹੁੰ ਨਾ ਲਿਆ ਕਰ ਮੇਰੇ ਨਾਲ ਬਹੁਤਾ, ਜਿਵੇਂ ਆਖਾਂ ਮੰਨੀ ਜਾਇਆ ਕਰ। ਮੈਂ ਉਹ ਸ਼ਹਿਨਸ਼ਾਹ ਹਾਂ ਜਿਸ ਨੂੰ ਤੇਰੇ ਵਰਗੇ ਗੁਲਾਮ ਦੀ ਲੋੜ ਹੈ।" ਇਸ ਪੋਸਟ ਕਾਰਡ ਤੋਂ ਜ਼ਾਹਿਰ ਹੁੰਦਾ ਹੈ ਕਿ ਧੀਰ ਅਜੇ ਵੀ ਆਪਣੇ ਆਪ ਨੂੰ ਦਿੱਲੀ ਦਾ ਸ਼ਹਿਨਸ਼ਾਹ ਸਮਝਦਾ ਸੀ, ਦਿਲ ਵਿਚ ਅਜੇ ਵੀ ਅੰਮ੍ਰਿਤਾ ਦੇ ਪਿਆਰ ਦੀ ਧੂਣੀ ਧੁਖ ਰਹੀ ਸੀ। ਉਹ ਯਕੀਨ ਨਹੀਂ ਸੀ ਕਰਨਾ ਚਾਹੁੰਦਾ ਕਿ ਉਸ ਨਾਲ ਅਜਿਹਾ ਕੁਝ ਹੋਇਆ ਵੀ ਹੈ। ਕੁਝ ਦਿਨਾਂ ਤੋਂ ਬਾਅਦ ਧੀਰ ਫੇਰ ਮੇਰੇ ਪਾਸ ਪਾਣੀਪਤ ਆ ਗਿਆ। ਆ ਕੇ ਗੁਰਚਰਨ ਰਾਮਪੁਰੀ ਨੂੰ ਚਿੱਠੀ ਲਿਖੀ।

ਚਿੱਠੀ-8: (ਮਿਤੀ 16.5.62)

"ਮੈਂ ਕਲ੍ਹ ਸ਼ਾਮ ਤੋਂ ਇਥੇ (ਪਾਣੀਪਤ) ਗੁਰਮੇਲ ਰਾਹੀ (ਉਦੋਂ ਮੈਂ ਨਾਂ ਨਾਲ 'ਰਾਹੀ' ਲਿਖਦਾ ਹੁੰਦਾ ਸੀ) ਕੋਲ ਆਇਆ ਹੋਇਆ ਹਾਂ। ਦਸ ਕੁ ਦਿਨ ਇਧਰ ਹੀ ਠਹਿਰਾਂਗਾ। 25 ਮਈ ਤੱਕ ਵਾਪਸ ਚਲਾ ਜਾਵਾਂਗਾ। ਦਿੱਲੀ ਵੀ ਜਾਵਾਂਗਾ ਤੇ ਤਿੰਨ, ਚਾਰ ਜਾਂ ਪੰਜ ਦਿਨ ਰਹਾਂਗਾ। ਕੰਮ ਤਾਂ ਕੋਈ ਨਹੀਂ, ਐਵੇਂ ਜ਼ਰਾ ਦਿੱਲੀ ਦੀਆਂ ਸੜਕਾਂ ਉਤੇ ਤੁਰਨ ਨੂੰ ਜੀ ਕਰਦਾ ਹੈ। ਦੇਖਾਂ, ਮੇਰੇ ਜਾਣ ਨਾਲ ਦਿੱਲੀ ਦੀ ਤੇ ਦਿੱਲੀ ਵਾਲਿਆਂ ਦੀ ਧੜਕਣ ਤੇਜ਼ ਹੁੰਦੀ ਹੈ ਕਿ ਨਹੀਂ। ਜਾਂ ਦਿੱਲੀ ਤੇ ਦਿੱਲੀ ਵਾਲੇ ਸਿਰਫ ਬਰਫ ਦੀ ਸਿਲ ਹੀ ਹਨ, ਠੰਢੇ ਠਾਰ ਤੇ ਚਾਂਦਨੀ ਚੌਕ ਵਰਗੇ ਚਿੱਟੇ, ਅੰਦਰੋਂ ਵੀ ਤੇ ਬਾਹਰੋਂ ਵੀ। ਯਾਨੀ ਅੰਦਰੋਂ ਲਹੂ ਚਿੱਟਾ, ਤੇ ਬਾਹਰੋਂ ਕੱਪੜੇ ਚਿੱਟੇ। ਖਤ ਇਥੇ ਹੀ ਲਿਖੀਂ, ਦਿੱਲੀ ਕੋਈ ਟਿਕਾਣਾ ਨਹੀਂ ਮੇਰਾ।"

ਇਸ ਚਿੱਠੀ ਤੋਂ ਜਾਪਦਾ ਹੈ ਕਿ ਧੀਰ ਤਨਜ਼ੀਆ ਅੰਦਾਜ਼ ਵਿਚ 'ਦਿੱਲੀ' ਅਤੇ 'ਦਿੱਲੀ ਵਾਲਿਆਂ' ਨੂੰ ਟਕੋਰ ਲਾ ਰਿਹਾ ਹੈ। ਸੰਕੇਤਕ ਤੌਰ 'ਤੇ ਅੰਮ੍ਰਿਤਾ ਨੂੰ ਦਿੱਲੀ ਕਹਿੰਦਾ ਹੈ ਅਤੇ ਦਿੱਲੀ ਵਾਲਿਆਂ ਵਿਚ ਬਲਵੰਤ ਗਾਰਗੀ ਸ਼ਾਮਲ ਹੈ। ਦੋਹਾਂ ਧਿਰਾਂ ਨੂੰ ਪੱਥਰ ਵਰਗੇ ਠੰਢੇ ਸੀਤ ਦਿਲਾਂ ਵਾਲੇ ਬੰਦੇ ਗਰਦਾਨਦਾ ਹੈ; ਚਿੱਟੇ ਲਿਬਾਸ ਅਤੇ ਚਿੱਟੇ ਲਹੂ ਵਾਲੇ ਕਹਿ ਕੇ ਆਪਣੇ ਦਿਲ ਦੀ ਭੜਾਸ ਕੱਢਦਾ ਹੈ। ਇਕ ਹਾਰਿਆਂ ਹੋਇਆ, ਬੇਵੱਸ ਅਤੇ ਕਮਜ਼ੋਰ ਇਨਸਾਨ ਹੋਰ ਕਰ ਵੀ ਕੀ ਸਕਦਾ ਹੈ!

ਪਾਣੀਪਤ ਤੋਂ ਦਿੱਲੀ ਲਈ ਰਵਾਨਾ ਹੋਣ ਸਮੇਂ ਧੀਰ ਕਹਿਣ ਲੱਗਾ, "ਮੈਂ ਮੁੜ ਕੇ ਤੇਰੇ ਕੋਲ ਕੁਝ ਦਿਨ ਠਹਿਰ ਕੇ ਪਿੰਡ ਜਾਵਾਂਗਾ। ਦਿੱਲੀ ਜਾ ਕੇ ਦਿੱਲੀ ਵਾਲਿਆਂ ਦਾ ਰਵੱਈਆ ਦੇਖ ਕੇ ਕਾਰਡ ਲਿਖਾਂਗਾ ਕਿ ਦਿੱਲੀ ਮੈਨੂੰ ਕਿੰਨੇ ਕੁ ਦਿਨ ਝਲਦੀ ਹੈ। ਪਤਾ ਨਹੀਂ ਕੱਲ੍ਹ ਨੂੰ ਹੀ ਮੁੜ ਆਵਾਂ, ਪਰਸੋਂ ਵੀ ਮੁੜ ਸਕਦਾ ਹਾਂ ਜਾਂ ਕਾਫੀ ਦਿਨ ਵੀ ਲੱਗ ਸਕਦੇ ਹਨ।" ਪਰ ਧੀਰ ਦਾ ਤੀਜੇ ਦਿਨ ਹੀ ਕਾਰਡ ਆ ਗਿਆ, "ਮੈਂ ਕਲ੍ਹ ਨੂੰ ਮੁੜ ਰਿਹਾ ਹਾਂ, ਉਸੇ ਗੱਡੀ ਰਾਹੀਂ।" ਆਉਣ ਸਾਰ ਮੈਂ ਪੁੱਛਿਆ ਕਿ ਹੋਈ ਕੋਈ ਗੱਲ ਅੰਮ੍ਰਿਤਾ ਜੀ ਨਾਲ? ਕਹਿਣ ਲੱਗਾ, "ਅੰਮ੍ਰਿਤਾ ਦਿੱਲੀ ਵਿਚ ਨਹੀਂ ਸੀ ਤੇ ਗਾਰਗੀ ਦੇ ਘਰ ਮੈਂ ਠਹਿਰਨਾ ਨਹੀਂ ਸੀ ਚਾਹੁੰਦਾ, ਇਕ ਹੋਰ ਦੋਸਤ ਕੋਲ ਰਿਹਾ। ਦਿੱਲੀ ਵਿਚ ਦਿੱਲੀ ਹੀ ਨਹੀਂ ਸੀ ਤਾਂ ਠਹਿਰਨਾ ਕਾਹਨੂੰ ਸੀ।" ਦੋ ਚਾਰ ਦਿਨ ਮੇਰੇ ਪਾਸ ਠਹਿਰਿਆ ਪਰ ਬੁਝਿਆ-ਬੁਝਿਆ, ਉਦਾਸ ਅਤੇ ਬੱਧਾ-ਰੁੱਧਾ। ਫੇਰ ਪਿੰਡ ਚਲਿਆ ਗਿਆ ਅਤੇ ਜਾ ਕੇ ਬਿਮਾਰ ਹੋ ਗਿਆ।

ਚਿੱਠੀ-9: (ਮਿਤੀ 18.7.63)

"ਮੇਰੀ ਤਬੀਅਤ ਫੇਰ ਖਰਾਬ ਹੋ ਗਈ ਹੈ। ਸ਼ਾਇਦ ਹੁਣ ਅੰਮ੍ਰਿਤਸਰ ਜਾਣਾ ਪਵੇ। ਦੌਰਾ ਜਿਹਾ ਪੈ ਗਿਆ ਹੈ, ਦੌਰਾ ਭਾਵੇਂ ਹਲਕਾ ਹੈ ਪਰ ਹੈ ਤਾਂ ਆਖਿਰ ਨੂੰ ਦੌਰਾ। ਮਨ ਉਤੇ ਬੋਝ ਹੈ। ਉਤਸ਼ਾਹ ਤੇ ਜਾਨ ਨਹੀਂ।"

ਅੰਮ੍ਰਿਤਸਰ ਉਹ ਡਾ. ਜਸਵੰਤ ਸਿੰਘ ਨੇਕੀ ਪਾਸ ਗਿਆ ਸੀ ਜੋ ਮਾਨਸਿਕ ਰੋਗੀਆਂ ਦਾ ਇਲਾਜ ਕਰਦਾ ਸੀ। ਉਥੋਂ ਚੋਰੀ ਨੱਠ ਕੇ ਇਕ ਦਿਨ ਅਚਾਨਕ ਫੇਰ ਮੇਰੇ ਪਾਸ ਪਾਣੀਪਤ ਆ ਗਿਆ। ਮੇਰੀ ਨਿਯੁਕਤੀ ਬਤੌਰ ਲੈਕਚਰਾਰ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣੇ ਹੋ ਚੁਕੀ ਸੀ ਅਤੇ ਮੈਂ ਆਪਣਾ ਸਾਮਾਨ ਬੰਨ੍ਹ ਰਿਹਾ ਸੀ। ਧੀਰ ਨੂੰ ਦੱਸਿਆ ਕਿ ਮੈਂ ਫੇਰ ਤੇਰੇ ਲਾਗੇ ਲੁਧਿਆਣੇ ਆ ਰਿਹਾ ਹਾਂ। ਪਹਿਲੀ ਤਾਰੀਕ ਨੂੰ ਹਾਜ਼ਰ ਹੋਣਾ ਹੈ। ਕਹਿਣ ਲੱਗਾ, "ਜਾਣ ਤੋਂ ਪਹਿਲਾਂ ਮੇਰੇ ਨਾਲ ਦਿੱਲੀ ਚੱਲ।" ਮੈਂ ਪੁੱਛਿਆ, "ਕੋਈ ਖਾਸ ਕੰਮ ਹੈ?" "ਖਾਸ ਹੀ ਸਮਝ ਪਰ ਦਿੱਲੀ ਚੱਲ ਕੇ ਦੱਸਾਂਗਾ।" ਅਸੀਂ ਸ਼ਾਮ ਨੂੰ ਪਾਣੀਪਤ ਤੋਂ ਗੱਡੀ ਫੜ ਕੇ ਗਾਰਗੀ ਦੇ ਘਰ ਪਹੁੰਚ ਗਏ। ਗਾਰਗੀ ਕਿਤੇ ਗਿਆ ਹੋਇਆ ਸੀ ਪਰ ਅੰਮ੍ਰਿਤਾ ਪ੍ਰੀਤਮ ਦਿੱਲੀ ਵਿਚ ਹੀ ਸਨ। ਦੂਜੇ ਦਿਨ ਮੈਨੂੰ ਕਹਿਣ ਲੱਗਾ, "ਤੂੰ ਅੰਮ੍ਰਿਤਾ ਜੀ ਦੇ ਘਰ ਜਾ ਕੇ ਪਤਾ ਕਰ, ਉਹ ਮੇਰੇ ਬਾਰੇ ਕੀ ਸੋਚਦੀ ਹੈ।" ਮੈਂ ਕਿਹਾ, "ਧੀਰ ਸਾਹਿਬ, ਅੰਮ੍ਰਿਤਾ ਪ੍ਰੀਤਮ ਨਾ ਮੈਨੂੰ ਜਾਣੇ, ਨਾ ਪਛਾਣੇ, ਮੈਂ ਉਨ੍ਹਾਂ ਪਾਸ ਜਾ ਕੇ ਭਲਾ ਕੀ ਗੱਲ ਕਰਾਂਗਾ?" ਧੀਰ ਕਹਿਣ ਲੱਗਾ, "ਉਹ ਨਵੇਂ ਲੇਖਕਾਂ ਨੂੰ ਮਿਲ ਕੇ ਹਮੇਸ਼ਾ ਖੁਸ਼ ਹੁੰਦੇ ਹਨ, ਡਰ ਨਾ, ਚਲਾ ਜਾ।"

ਅੰਮ੍ਰਿਤਾ ਪ੍ਰੀਤਮ ਨਾਲ ਮੇਰੀ ਪਹਿਲੀ ਮੁਲਾਕਾਤ

ਧੀਰ ਦੇ ਕਹਿਣ 'ਤੇ ਮੈਂ ਬੱਧਾ-ਰੁੱਧਾ ਸਵੇਰੇ ਮੋਟਰ-ਰਿਕਸ਼ਾ ਫੜ ਕੇ ਅੰਮ੍ਰਿਤਾ ਪ੍ਰੀਤਮ ਦੇ ਘਰ ਪਹੁੰਚ ਗਿਆ। ਰਾਹ ਵਿਚ ਕਈ ਕੁਝ ਸੋਚਦਾ ਗਿਆ ਕਿ ਐਡੀ ਵੱਡੀ ਲੇਖਕਾ ਮੈਨੂੰ ਅੰਦਰ ਵੀ ਵੜਨ ਦੇਵੇਗੀ! ਉਨ੍ਹਾਂ ਨਾਲ ਕੀ ਗੱਲ ਕਰਾਂਗਾ! ਇਹ ਜਾਣਦਿਆਂ ਕਿ ਧੀਰ ਨਾਲ ਤੋੜ-ਫੋੜ ਹੋ ਗਈ ਹੈ, ਉਸ ਬਾਰੇ ਕਿਵੇਂ ਗੱਲ ਤੋਰਾਂਗਾ! ਵਗੈਰਾ ਵਗੈਰਾ। ਦਰਵਾਜ਼ੇ ਤੋਂ ਬਾਹਰ ਫਰਸ਼ ਦੀ ਰਗੜਾਈ ਹੋ ਰਹੀ ਸੀ, ਤਿਲਕਣ ਕਰ ਕੇ ਬੂਹੇ ਤਕ ਪਹੁੰਚਣਾ ਮੁਸ਼ਕਿਲ ਸੀ। ਮਜ਼ਦੂਰਾਂ ਨੂੰ ਕਿਹਾ, "ਮੈਂ ਅੰਦਰ ਕਿਵੇਂ ਜਾਵਾਂ?" ਉਨ੍ਹਾਂ ਨੇ ਦੋ-ਤਿੰਨ ਇੱਟਾਂ ਰੱਖ ਦਿੱਤੀਆਂ ਤਾਂ ਮੈਂ ਬੂਹੇ 'ਤੇ ਜਾ ਦਸਤਕ ਦਿੱਤੀ। ਨੌਕਰ ਨੇ ਬੂਹਾ ਖੋਲ੍ਹਿਆ ਤਾਂ ਮੈਂ ਕਿਹਾ, "ਅੰਮ੍ਰਿਤਾ ਜੀ ਨੂੰ ਮਿਲਣਾ ਹੈ?" ਉਹ ਅੰਦਰ ਗਿਆ ਅਤੇ ਉਨ੍ਹੀਂ ਪੈਰੀਂ ਆ ਕੇ ਪੁੱਛਣ ਲੱਗਾ, "ਤੁਸੀਂ ਕੌਣ ਹੋ?" ਹੁਣ ਮੈਂ ਕੀ ਦੱਸਾਂ, ਘਬਰਾਏ ਹੋਏ ਨੇ ਕਿਹਾ, "ਲੇਖਕ ਹਾਂ, ਅੰਮ੍ਰਿਤਾ ਜੀ ਦੇ ਦਰਸ਼ਨ ਕਰਨੇ ਹਨ।" ਉਹ ਗਿਆ ਅਤੇ ਵਾਪਸ ਆ ਕੇ ਮੈਨੂੰ ਅੰਦਰ ਲੈ ਗਿਆ। ਅੰਮ੍ਰਿਤਾ ਜੀ ਆਏ, ਮੈਨੂੰ ਨਵਾਰੀ ਪੀੜ੍ਹੀ 'ਤੇ ਬਹਿਣ ਲਈ ਕਿਹਾ। ਮੈਂ ਪੀੜ੍ਹੀ 'ਤੇ ਸੁੰਗੜ ਕੇ ਬਹਿ ਗਿਆ। ਸਾਡੇ ਵਿਚਕਾਰ ਜੋ ਗੱਲਬਾਤ ਹੋਈ, ਉਸ ਨੂੰ ਆਪਣੀ ਯਾਦਾਸ਼ਤ ਵਿਚੋਂ ਦੁਹਰਾਉਣ ਦੀ ਕੋਸ਼ਿਸ਼ ਕਰਦਾ ਹਾਂ:

ਅੰਮ੍ਰਿਤਾ: ਕੀ ਨਾਂ ਹੈ ਤੁਹਾਡਾ?

ਮੈਂ: ਜੀ, ਗੁਰਮੇਲ ਰਾਹੀ।

ਅੰਮ੍ਰਤਾ: ਕੀ ਲਿਖਦੇ ਹੋ?

ਮੈਂ: ਜੀ, ਕਵਿਤਾ।

ਅੰਮ੍ਰਿਤਾ: ਮੈਂ ਇਹ ਨਾਂ ਕਿਤੇ ਪੜ੍ਹਿਆ ਤਾਂ ਹੈ ਪਰ ਯਾਦ ਨਹੀਂ ਕਿੱਥੇ।

ਮੈਂ: ਜੀ, ਮੇਰੀਆਂ ਕੁਝ ਕਵਿਤਾਵਾਂ 'ਪੰਜ ਦਰਿਆ' ਵਿਚ ਅਤੇ ਕੁਝ ਗੀਤ 'ਕਵਿਤਾ' ਰਸਾਲਿਆਂ ਵਿਚ ਛਪੇ ਹਨ।

ਅੰਮ੍ਰਤਾ: ਅੱਛਾ! ਅੱਛਾ! ਕੀ ਪੀਓਗੇ, ਚਾਹ ਜਾਂ ਕਾਫੀ?

ਮੈਂ: ਨਹੀਂ, ਬੱਸ ਤੁਹਾਡੇ ਦਰਸ਼ਨ ਹੀ ਕਰਨ ਆਇਆ ਸੀ।

ਅੰਮ੍ਰਿਤਾ: (ਨੌਕਰ ਨੂੰ ਚਾਹ ਲਿਆਉਣ ਲਈ ਕਹਿੰਦਿਆਂ) ਕਿੱਥੋਂ ਦੇ ਹੋ?

ਮੈਂ: ਮੇਰਾ ਪਿੰਡ ਜਲੰਧਰ ਜ਼ਿਲ੍ਹੇ ਵਿਚ ਹੈ, ਅੱਜਕੱਲ੍ਹ ਮੈਂ ਪਾਣੀਪਤ ਨੌਕਰੀ ਕਰਦਾ ਹਾਂ।

ਅੰਮ੍ਰਤਾ: ਕੀ ਕਰਦੇ ਹੋ?

ਮੈਂ: ਬਲਾਕ ਵਿਕਾਸ ਦੇ ਦਫਤਰ ਵਿਚ ਇੰਸਪੈਕਟਰ ਹਾਂ।

ਅੰਮ੍ਰਿਤਾ: ਕਵਿਤਾ ਲਿਖਣ ਦਾ ਸ਼ੌਕ ਕਦੋਂ ਤੋਂ ਹੈ?

ਮੈਂ: ਹਾਈ ਸਕੂਲ ਦੇ ਦਿਨਾਂ ਵਿਚ ਤੁਕਬੰਦੀ ਕਰਨੀ ਸ਼ੁਰੂ ਕੀਤੀ ਸੀ।

ਅੰਮ੍ਰਿਤਾ: ਕਵਿਤਾ ਦਾ ਸ਼ੌਕ ਅਕਸਰ ਕਿਸ਼ੋਰ ਉਮਰ ਵਿਚ ਪੈਦਾ ਹੁੰਦਾ ਹੈ।

ਮੈਂ: ਤੁਹਾਨੂੰ ਕਿਹੜੇ-ਕਿਹੜੇ ਕਵੀ ਚੰਗੇ ਲਗਦੇ ਹਨ?

ਅੰਮ੍ਰਿਤਾ: ਮੈਨੂੰ ਸਾਰੇ ਅੱਛਾ ਲਿਖਣ ਵਾਲੇ ਕਵੀ ਪਸੰਦ ਹਨ।

ਮੈਂ: ਹੁਣ ਅਗਾਂਹ ਵਧੂ ਕਵਿਤਾ ਦਾ ਦੌਰ ਹੈ, ਕੀ ਤੁਹਾਨੂੰ ਪ੍ਰਗਤੀਵਾਦੀ ਕਵਿਤਾ ਪਸੰਦ ਹੈ?

ਅੰਮ੍ਰਿਤਾ: ਹਾਂ, ਕੁਝ ਕੁ ਪਸੰਦ ਹੈ।

ਮੈਂ: ਅੱਜਕੱਲ੍ਹ ਪ੍ਰਗਤੀਵਾਦੀ ਕਵੀਆਂ ਦੀ ਚੌਕੜੀ ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਅਜਾਇਬ ਚਿਤਰਕਾਰ ਤੇ ਖਾਸ ਕਰ ਕੇ ਸੰਤੋਖ ਸਿੰਘ ਧੀਰ ਸਟੇਜ 'ਤੇ ਛਾਏ ਹੋਏ ਹਨ।

ਬਗੈਰ ਕੋਈ ਉਤਰ ਦਿੱਤਿਆਂ ਅੰਮ੍ਰਿਤਾ ਜੀ ਕਹਿਣ ਲੱਗੇ, "ਮੇਰੀ ਮੀਟਿੰਗ ਹੈ, ਮੈਨੂੰ ਹੁਣ ਜਾਣਾ ਪੈਣਾ, ਤੁਸੀਂ ਕਦੇ ਫੇਰ ਆਉਣਾ।"

ਮੈਨੂੰ ਲੱਗਿਆ, ਧੀਰ ਦਾ ਨਾਂ ਸੁਣ ਕੇ ਉਹ ਮੈਥੋਂ ਛੁਟਕਾਰਾ ਪਾ ਰਹੀ ਸੀ। ਮੈਂ ਵਾਪਸ ਰਿਕਸ਼ਾ ਫੜੀ ਅਤੇ ਰਾਹ ਵਿਚ ਸੋਚਦਾ ਆਇਆ, "ਧੀਰ ਨੂੰ ਕੀ ਦੱਸਾਂਗਾ?"

ਗਾਰਗੀ ਦੇ ਘਰ ਪਹੁੰਚਿਆ ਤਾਂ ਧੀਰ ਵਿਹੜੇ ਵਿਚ ਏਧਰ-ਓਧਰ ਗੇੜੇ ਲਾ ਰਿਹਾ ਸੀ। ਮੈਨੂੰ ਦੇਖ ਕੇ ਕਹਿਣ ਲੱਗਾ, "ਅੱਛਾ ਮਿਲ ਆਇਆਂ?" ਮੈਂ ਕਿਹਾ, "ਹਾਂ"। ਅਸੀਂ ਦੋਵੇਂ ਅਜੀਬ ਕਿਸਮ ਦੀ ਦੁਬਿਧਾ ਵਿਚ ਫਸੇ ਹੋਏ ਸੀ। ਉਸ ਨੂੰ ਦੁਬਿਧਾ ਸੀ ਕਿ ਅੰਮ੍ਰਿਤਾ ਨੇ ਕੀ ਕਿਹਾ ਹੋਵੇਗਾ, ਮੈਨੂੰ ਦੁਬਿਧਾ ਸੀ ਕਿ ਧੀਰ ਨੂੰ ਕੀ ਦੱਸਾਂ! ਕੁਝ ਦੇਰ ਬਾਅਦ ਧੀਰ ਨੇ ਪੁੱਛਿਆ, "ਕੋਈ ਗੱਲ ਹੋਈ?" ਮੈਂ ਕਿਹਾ, "ਹਾਂ ਹੋਈ।" ਹੁਣ ਉਹ ਡਰਦਾ ਮਾਰਾ ਇਹ ਨਾ ਪੁੱਛੇ ਕਿ, ਕੀ ਗੱਲ ਹੋਈ ਅਤੇ ਮੈਂ ਡਰਦਾ ਇਹ ਨਾ ਦੱਸਾਂ ਕਿ ਉਸ ਦਾ ਨਾਂ ਲੈਂਦਿਆਂ ਸਾਰ ਅੰਮ੍ਰਿਤਾ ਨੇ ਕਿਵੇਂ ਮੇਰਾ ਪੱਤਾ ਕੱਟਿਆ। ਜੇ ਮੈਂ ਧੀਰ ਨੂੰ ਸੱਚ ਦੱਸ ਦਿੰਦਾ ਤਾਂ ਉਸ ਦੇ ਬਿਮਾਰ ਹੋਣ ਦਾ ਤੌਖਲਾ ਸੀ। ਇਸ ਲਈ ਮੈਂ ਗੱਲ ਨੂੰ ਗੋਲ-ਮੋਲ ਕਰਦਿਆਂ ਕਿਹਾ ਕਿ ਜਦ ਮੈਂ ਉਸ (ਧੀਰ) ਦਾ ਨਾਂ ਲਿਆ ਤਾਂ ਅੰਮ੍ਰਿਤਾ ਨੇ ਗੁੱਸਾ ਨਹੀਂ ਕੀਤਾ, ਮੇਰੇ ਨਾਲ ਕਵਿਤਾ ਬਾਰੇ ਗੱਲਾਂ ਕਰਦੇ ਰਹੇ। ਧੀਰ ਨੇ ਪੁੱਛਿਆ, "ਜਦ ਮੇਰਾ ਨਾਂ ਲਿਆ ਤਾਂ ਅੰਮ੍ਰਿਤਾ ਜੀ ਦੇ ਹਾਵ-ਭਾਵ ਕਿੱਦਾਂ ਦੇ ਸਨ?" ਮੈਂ ਝਿਜਕਦੇ ਨੇ ਕਿਹਾ, "ਠੀਕ-ਠਾਕ ਸਨ।" ਮੇਰੀ ਦੁਚਿੱਤੀ ਅਤੇ ਮੁਖਤਸਰ ਜਿਹੇ ਉਤਰ ਤੋਂ ਧੀਰ ਭਾਂਪ ਗਿਆ ਕਿ ਅੰਮ੍ਰਿਤਾ ਨੇ ਉਸ ਪ੍ਰਤੀ ਕੋਈ ਹਮਦਰਦੀ ਨਹੀਂ ਦਿਖਾਈ ਹੋਣੀ। ਮਾਯੂਸੀ ਵਿਚ ਸ਼ਾਮ ਦੀ ਗੱਡੀ ਫੜ ਕੇ ਧੀਰ ਤੇ ਮੈਂ ਵਾਪਸ ਪਾਣੀਪਤ ਮੁੜ ਆਏ।

ਮੈਂ ਵਾਕਈ ਬਿਮਾਰ ਹਾਂ

ਧੀਰ ਆਪਣੇ ਪਿੰਡ ਡਡਹੇੜੀ ਚਲਾ ਗਿਆ ਅਤੇ ਮੈਂ ਪਾਣੀਪਤ ਤੋਂ ਲੁਧਿਆਣੇ ਆ ਗਿਆ। ਮਾਡਲ ਟਾਊਨ ਵਿਚ ਡਾ. ਤੇਜਵੰਤ ਗਿੱਲ ਦੇ ਘਰ ਦੇ ਲਾਗਲਾ ਮਕਾਨ ਕਿਰਾਏ 'ਤੇ ਲੈ ਲਿਆ। ਮਹੀਨੇ ਕੁ ਬਾਅਦ ਧੀਰ ਮੈਨੂੰ ਮਿਲਣ ਆਇਆ ਤੇ ਦਿੱਲੀ ਤੋਂ ਲਿਖੀਆਂ ਚਿੱਠੀਆਂ ਦੀ ਫਾਇਲ ਵੀ ਲੈ ਆਇਆ। ਕਹਿਣ ਲੱਗਾ, "ਪੜ੍ਹ ਕੇ ਦੇਖ, ਇਨ੍ਹਾਂ 'ਚੋਂ ਮੇਰੇ ਬਾਰੇ ਅੰਮ੍ਰਿਤਾ ਜੀ ਦੇ ਪਿਆਰ ਦੀ ਕੋਈ ਝਲਕ ਪੈਂਦੀ ਹੈ!" ਵਿਹੜੇ ਵਿਚ ਮੰਜੇ 'ਤੇ ਬੈਠਾ ਜਦ ਮੈਂ ਚਿੱਠੀਆਂ ਪੜ੍ਹ ਰਿਹਾ ਸੀ ਤਾਂ ਧੀਰ ਆਲੇ ਦੁਆਲੇ ਗੇੜੇ ਮਾਰੀ ਜਾਂਦਾ ਸੀ। ਹਰ ਗੇੜੇ ਝਾਤ ਮਾਰ ਕੇ ਦੇਖ ਲੈਂਦਾ ਕਿ ਚਿੱਠੀਆਂ ਕਿਥੋਂ ਤੱਕ ਪੜ੍ਹੀਆਂ ਗਈਆਂ ਹਨ। ਉਸ ਨੂੰ ਅੱਚਵੀ ਜਿਹੀ ਲੱਗੀ ਹੋਈ ਸੀ ਕਿ ਚਿੱਠੀਆਂ ਪੜ੍ਹ ਕੇ ਮੈਂ ਉਸ ਨੂੰ ਕੋਈ ਸੁਖਾਵੀਂ ਗੱਲ ਦੱਸਾਂ। ਇਸ ਤੜਫ ਕਰ ਕੇ ਉਹ ਮੰਜੇ ਦੁਆਲੇ ਗੇੜੇ ਲਾਈ ਜਾਂਦਾ ਸੀ। ਜਦ ਸਾਰੀਆਂ ਚਿੱਠੀਆਂ ਪੜ੍ਹ ਲਈਆਂ ਤਾਂ ਧੀਰ ਨੇ ਸਹਿਮੀ ਜਿਹੀ ਆਵਾਜ਼ ਵਿਚ ਪੁੱਛਿਆ, "ਕਿੱਕਣ ਲਗਦਾ, ਹੈ ਕੋਈ ਗੱਲ ਜਿਸ ਤੋਂ ਅੰਮ੍ਰਿਤਾ ਜੀ ਦੇ ਪਿਆਰ ਦਾ ਥੋੜ੍ਹਾ-ਬਾਹਲਾ ਝੌਲਾ ਪੈਂਦਾ ਹੋਵੇ?" ਮੈਂ ਕਿਹਾ, "ਲਗਦਾ ਤਾਂ ਹੈ।" ਅੰਦਰੋਂ ਮੈਨੂੰ ਪਤਾ ਸੀ ਕਿ ਮੈਂ ਧੀਰ ਦਾ ਦਿਲ ਰੱਖਣ ਲਈ ਝੂਠ ਬੋਲ ਰਿਹਾ ਹਾਂ। ਚਿੱਠੀਆਂ ਤਾਂ ਧੀਰ ਵਲੋਂ ਲਿਖੀਆਂ ਹੋਈਆਂ ਸਨ, ਜਵਾਬ ਵਿਚ ਅੰਮ੍ਰਿਤਾ ਦੀ ਤਾਂ ਇਕ ਵੀ ਚਿੱਠੀ ਨਹੀਂ ਸੀ, ਉਸ ਦੀ ਦਿਲੀ ਭਾਵਨਾ ਦਾ ਕਿਵੇਂ ਪਤਾ ਲੱਗ ਸਕਦਾ ਸੀ!

ਦੂਜੇ ਦਿਨ ਧੀਰ ਦਾ ਜਲੰਧਰ ਰੇਡੀਓ ਸਟੇਸ਼ਨ ਤੋਂ ਕਵਿਤਾ ਪਾਠ ਸੀ। ਕਹਿਣ ਲੱਗਾ, "ਤੂੰ ਵੀ ਨਾਲ ਚੱਲ।" ਮੈਨੂੰ ਉਸ ਦੀ ਮਾਨਸਿਕ ਹਾਲਤ 'ਤੇ ਤਰਸ ਆਇਆ ਤੇ ਸੋਚਿਆ ਕਿ ਔਖੀ ਘੜੀ ਵਿਚ ਦੋਸਤ ਦੇ ਕੰਮ ਆਉਣਾ ਚਾਹੀਦਾ ਹੈ। ਆਪਣਾ ਕੰਮ ਛੱਡ ਕੇ ਮੈਂ ਉਸ ਨਾਲ ਜਲੰਧਰ ਤੁਰ ਗਿਆ। ਉਸੇ ਦਿਨ ਕੰਪਨੀ ਬਾਗ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਫੰਕਸ਼ਨ ਸੀ। ਰੇਡਿਓ 'ਤੇ ਧੀਰ ਦਾ ਕਵਿਤਾ ਪਾਠ ਸ਼ਾਮ ਨੂੰ ਸੀ, ਅਸੀਂ ਪਹਿਲਾਂ ਕੰਪਨੀ ਬਾਗ ਚਲੇ ਗਏ। ਉਥੇ ਸੰਤ ਸਿੰਘ ਸੇਖੋਂ, ਮੋਹਨ ਸਿੰਘ, ਸੁਜਾਨ ਸਿੰਘ, ਅਵਤਾਰ ਸਿੰਘ ਆਜ਼ਾਦ ਅਤੇ ਹਰਿਭਜਨ ਸਿੰਘ ਖੜ੍ਹੇ ਗੱਲਾਂ ਕਰ ਰਹੇ ਸਨ। ਅਸੀਂ ਵਾਰੋ-ਵਾਰੀ ਸਾਰਿਆਂ ਨਾਲ ਹੱਥ ਮਿਲਾਏ। ਹੱਥ ਮਿਲਾ ਕੇ ਬਿਨਾ ਕੁਝ ਕਿਹਾਂ, ਧੀਰ ਨੱਕ ਦੀ ਸੇਧੇ ਜਲੰਧਰ ਦੇ ਕਾਫੀ ਹਾਊਸ ਵਲ ਤੁਰ ਪਿਆ। ਮੈਂ ਵੀ ਮਗਰ-ਮਗਰ ਹੋ ਲਿਆ। ਥੋੜ੍ਹੀ ਦੂਰ ਖੜ੍ਹਾ ਹੋ ਕੇ ਬੋਲਿਆ, "ਗੁਰਮੇਲ, ਮੈਂ ਵਾਕਈ ਬਿਮਾਰ ਹਾਂ।"

"ਨਹੀਂ! ਨਹੀਂ! ਤੂੰ ਤਾਂ ਚੰਗਾ ਭਲਾ ਏਂ, ਐਵੇਂ ਤੈਨੂੰ ਵਹਿਮ ਹੈ।" ਮੈਂ ਦਿਲਾਸਾ ਦਿੱਤਾ।

"ਨਹੀਂ, ਇਹ ਕੋਈ ਵਹਿਮ ਨਹੀਂ।"

"ਤੈਨੂੰ ਯਕਦਮ ਅਜਿਹਾ ਕਿਉਂ ਮਹਿਸੂਸ ਹੋਣ ਲੱਗ ਪਿਆ?" ਮੈਂ ਪੁੱਛਿਆ।

"ਆਉਂਦਾ ਹੋਇਆ ਮੈਂ ਹਰਿਭਜਨ ਸਿੰਘ ਨਾਲ ਵੀ ਹੱਥ ਮਿਲਾ ਆਇਆਂ।" ਧੀਰ ਨੇ ਬੜੀ ਮਜਬੂਰੀ ਵਿਚ ਕਿਹਾ।

ਮੈਨੂੰ ਹਾਸਾ ਵੀ ਆਇਆ ਅਤੇ ਤਰਸ ਵੀ ਕਿ ਬਿਮਾਰੀ ਵਿਚ ਵੀ ਧੀਰ ਦੀ ਘਿਰਣਾ ਅਤੇ ਈਰਖਾ ਪਿੱਛਾ ਨਹੀਂ ਛੱਡਦੀਆਂ। ਕੁਝ ਵਰ੍ਹਿਆਂ ਬਾਅਦ ਹਰਿਭਜਨ ਨੇ ਧੀਰ ਦੇ ਨਾਵਲ 'ਯਾਦਗਾਰ' ਦਾ ਬਹੁਤ ਵਧੀਆ ਰੀਵਿਊ ਲਿਖਿਆ। ਪੜ੍ਹ ਕੇ ਧੀਰ ਨੂੰ ਇਹ ਕਹਿੰਦਿਆਂ ਸੁਣਿਆਂ ਗਿਆ ਕਿ ਪੰਜਾਬੀ ਸਾਹਿਤ ਵਿਚ ਡਾ. ਹਰਿਭਜਨ ਸਿੰਘ ਵਰਗਾ ਹੋਰ ਕੋਈ ਵਿਦਵਾਨ ਨਹੀਂ। ਜਦ ਮੈਂ ਧੀਰ ਨੂੰ ਹਰਿਭਜਨ ਬਾਰੇ ਪੁਰਾਣੀ ਰਾਏ ਬਾਰੇ ਯਾਦ ਕਰਾਇਆ ਤਾਂ ਕਹਿਣ ਲੱਗਾ, "ਦੋ ਦਾਨਿਸ਼ਮੰਦਾਂ ਦੀਆਂ ਗੱਲਾਂ ਵਿਚ ਮੂਰਖਤਾ ਨਹੀਂ ਦਿਖਾਈਦੀ।"

ਅੰਮ੍ਰਿਤਾ ਨਾਲ ਆਖਰੀ ਮੁਲਾਕਾਤ

ਅਪਰੈਲ 2001 ਵਿਚ ਮੈਨੂੰ ਅਤੇ ਲੌਸ ਐਂਜਲਸ ਦੇ ਡਾਕਟਰ ਜਸਬੀਰ ਸਿੰਘ ਮਾਨ ਨੂੰ ਸਨਮਾਨਿਤ ਕਰਨ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸੱਦਿਆ। ਡਾ. ਮਾਨ ਨੂੰ ਪੱਛਮੀ ਖਿੱਤੇ ਵਿਚ ਸਿੱਖ ਧਰਮ ਅਤੇ ਸਿੱਖ ਫਿਲਾਸਫੀ ਦੇ ਖੇਤਰ ਵਿਚ ਪਾਏ ਯੋਗਦਾਨ ਕਰ ਕੇ 'ਔਨਰੇਰੀ ਡੀ. ਲਿਟ' ਅਤੇ ਮੈਨੂੰ ਪੰਜਾਬੀ ਸਾਹਿਤ ਤੇ ਵਿਗਿਆਨ ਵਿਚ ਪਾਈਆਂ ਨਵੀਆਂ ਲੀਹਾਂ ਕਰ ਕੇ 'ਮਹਾਰਾਜਾ ਰਣਜੀਤ ਸਿੰਘ ਕੋਰੋਨੇਸ਼ਨ ਬਾਈਸੈਨਟਿਨਰੀ ਅਵਾਰਡ' ਨਾਲ ਸਨਮਾਨਣਾ ਸੀ। ਦਿੱਲੀ ਹਵਾਈ ਅੱਡੇ 'ਤੇ ਉਤਰ ਕੇ ਅਸੀਂ ਡਾ. ਮਾਨ ਦੇ ਕਿਸੇ ਦੋਸਤ ਦੇ ਘਰ ਠਹਿਰੇ। ਸਵੇਰੇ ਅੰਮ੍ਰਿਤਾ ਜੀ ਦੇ ਘਰ ਫੂਨ ਕੀਤਾ ਤਾਂ ਇਮਰੋਜ਼ ਹੋਰਾਂ ਉਠਾਇਆ। ਮੈਂ ਆਪਣਾ ਨਾਂ ਦੱਸਿਆ ਅਤੇ ਕਿਹਾ, "ਤੁਸੀਂ ਸ਼ਾਇਦ ਮੈਨੂੰ ਨਹੀਂ ਜਾਣਦੇ, ਮੈਂ ਅਮਰੀਕਾ ਤੋਂ ਆਇਆਂ, ਇਸ ਵੇਲੇ ਦਿੱਲੀ ਵਿਚ ਹਾਂ, ਜੇ ਹੋ ਸਕੇ ਤਾਂ ਅੰਮ੍ਰਿਤਾ ਜੀ ਨੂੰ ਮਿਲਣਾ ਚਾਹਵਾਂਗਾ।" ਇਮਰੋਜ਼ ਨੇ ਕਿਹਾ, "ਗੁਰਮੇਲ, ਤੇਰੇ ਨਾਂ ਤੋਂ ਮੈਂ ਵਾਕਿਫ ਹਾਂ, ਅੰਮ੍ਰਿਤਾ ਜੀ ਦੀ ਤਬੀਅਤ ਕੁਝ ਬਹੁਤੀ ਚੰਗੀ ਨਹੀਂ...।" ਵਿਚੋਂ ਗੱਲ ਕੱਟਦਿਆਂ ਮੈਂ ਕਿਹਾ, "ਬੱਸ 15-20 ਮਿੰਟ ਹੀ ਮਿਲਣਾ ਚਾਹੁੰਦਾ ਹਾਂ।" ਉਸ ਨੇ ਅੰਮ੍ਰਿਤਾ ਜੀ ਨਾਲ ਗੱਲ ਕਰ ਕੇ ਸਾਨੂੰ ਮਿਲਣ ਲਈ ਆਖ ਦਿੱਤਾ। ਮੈਂ ਤੇ ਡਾ. ਮਾਨ ਅੱਧੇ ਕੁ ਘੰਟੇ ਬਾਅਦ 25 ਹੌਜ਼ ਖਾਸ 'ਤੇ ਪਹੁੰਚ ਕੇ ਘੰਟੀ ਖੜਕਾਈ।

ਇਮਰੋਜ਼ ਨੇ ਦਰਵਾਜ਼ਾ ਖੋਲ੍ਹਿਆ ਤੇ ਸਾਨੂੰ ਉਪਰ ਲੈ ਗਿਆ। ਅੰਮ੍ਰਿਤਾ ਜੀ ਨੂੰ ਅੰਦਰੋਂ ਉਠਾ ਕੇ ਲੈ ਆਇਆ। ਵਾਕਈ ਉਹ ਬੜੀ ਕਮਜ਼ੋਰ ਅਤੇ ਹੱਡੀਆਂ ਦੀ ਮੁੱਠ ਦਿਸ ਰਹੀ ਸੀ। ਅੰਮ੍ਰਿਤਾ ਬੜੇ ਤਪਾਕ ਨਾਲ ਮਿਲੀ। ਮੈਂ ਆਪਣਾ ਤੇ ਡਾ. ਮਾਨ ਦਾ ਤੁਆਰਫ ਕਰਾਇਆ। ਅੰਮ੍ਰਿਤਾ ਜੀ ਨੇ ਪੁੱਛਿਆ, "ਗੁਰਮੇਲ, ਕੈਲੀਫੋਰਨੀਆਂ ਤੋਂ ਕਦ ਆਏ ਹੋ?" ਮੈਂ ਹੈਰਾਨ ਰਹਿ ਗਿਆ, ਉਨ੍ਹਾਂ ਨੂੰ

*(ਬਾਕੀ ਅਗਲੇ ਸਫੇ 'ਤੇ)*

# ਸਤਵੰਤੀ

## ਰਾਜਸਥਾਨੀ ਲੋਕ ਕਹਾਣੀਆਂ-13



ਵਿਜੇਦਾਨ ਦੇਥਾ
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454

***ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀਆਂ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀਆਂ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਸਤਵੰਤੀ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। -ਸੰਪਾਦਕ***

ਜੰਗਲ ਵਿਚ ਗਿੱਦੜ ਗਿਦੜੀ ਦਾ ਜੋੜਾ ਰਿਹਾ ਕਰਦਾ। ਲਿੱਪੀ ਪੋਚੀ ਸਾਫ ਸੁਥਰੀ ਖੱਡ। ਚਾਰ ਕੁ ਖੇਤਾਂ ਦੇ ਫਾਸਲੇ ਉਪਰ ਨਿਰਮਲ ਪਾਣੀ ਦਾ ਤਲਾਬ। ਜੰਗਲ ਵਿਚ ਬੇਰੀਆਂ ਝਾੜੀਆਂ ਦੇ ਅਨੇਕ ਬਿਰਖ ਬੂਟੇ। ਚੁਣ-ਚੁਣ ਕੇ ਮਿੱਠੇ ਬੇਰ ਖਾਂਦੇ। ਸੁੱਖ ਅਨੰਦ ਦੀ ਕੋਈ ਘਾਟ ਹੈ ਈ ਨਹੀਂ ਸੀ। ਆਪਸ ਵਿਚ ਪ੍ਰੇਮ। ਇੱਕ ਦੂਜੇ ਦੀ ਛਾਂ ਉਤੇ ਵੀ ਕੁਰਬਾਨ ਹੋਣ ਵਾਲੇ। ਗਿਦੜੀ ਸਵਿਤਰੀ ਤੋਂ ਵੱਧ ਸਤਵੰਤੀ। ਮੱਖੀ ਮੱਛਰ ਨੂੰ ਆਗਿਆ ਨਹੀਂ ਸਰੀਰ ਨੂੰ ਛੁਹ ਸਕਣ! ਨਖਰੇ ਤੇ ਨਜ਼ਾਕਤ ਏਨੇ ਕਿ ਗਿੱਦੜ ਨੂੰ ਚੈਨ ਨਾ ਲੈਣ ਦਿੰਦੀ। ਗਿਦੜੀ ਜਦੋਂ ਆਪਣੀ ਉਪਮਾ ਕਰਨੋਂ ਹਟਦੀ ਈ ਨਾ, ਸੁਣ-ਸੁਣ ਕੇ ਗਿੱਦੜ ਵੀ ਗੱਪਾਂ ਮਾਰਨ ਲੱਗ ਪਿਆ ਕਿ ਇੱਕ ਦਿਨ ਜ਼ੋਰ ਨਾਲ ਸ਼ੇਰ ਉਪਰ ਪੂਛ ਦਾ ਉਹ ਜ਼ਬਰਦਸਤ ਵਾਰ ਕੀਤਾ ਕਿ ਸ਼ੇਰ ਸੱਤ ਲੋਟਣੀਆਂ ਖਾ ਗਿਆ। ਅਜੇ ਕਿਹੜਾ ਮੈਂ ਛੱਡਦਾ, ਮੂੰਹ ਵਿਚ ਘਾਹ ਦੇ ਤਿਣਕੇ ਲੈ ਕੇ ਮਾਫੀਆਂ ਮੰਗਣ ਲੱਗਾ, ਤਾਂ ਕਿਤੇ ਜਾ ਕੇ ਛੱਡਿਆ। ਬਘਿਆੜ ਤਾਂ ਮੇਰੀਆਂ ਗੁਸੈਲੀਆਂ ਅੱਖਾਂ ਦੇਖਣ ਸਾਰ ਪੂਛ ਦਬਾ ਕੇ ਭੱਜ ਜਾਂਦੇ ਨੇ। ਹੁਣ ਮੈਨੂੰ ਜੰਗਲ ਦਾ ਰਾਜਾ ਕਹਿਣ ਉਨ੍ਹਾਂ ਦੀ ਮਰਜ਼ੀ, ਬਾਦਸ਼ਾਹ ਕਹਿਣ ਉਨ੍ਹਾਂ ਦੀ ਮਰਜ਼ੀ, ਮਾਲਕ ਤਾਂ ਮਾਲਕ ਹੁੰਦਾ ਈ ਐ। ਮੇਰੀ ਆਗਿਆ ਨਾ ਹੋਵੇ, ਦਰਖਤ ਦਾ ਪੱਤਾ ਨੀ ਹਿੱਲ ਸਕਦਾ। ਇੱਕ ਵਾਰ ਮੌਜ ਵਿਚ ਆ ਕੇ ਮੈਂ ਟਿੱਬੇ ਨੂੰ ਠੁੱਡਾ ਮਾਰਿਆ, ਆਹਲਣੇ ਵਾਂਗੂੰ ਖਿੰਡ ਗਿਆ। ਜਦੋਂ ਦਹਾੜਨ ਲੱਗਾਂ, ਬੱਦਲ ਫਟ ਜਾਂਦੇ ਨੇ। ਗਿੱਦੜੀ ਨੂੰ ਆਪਣੇ ਪਤੀ ਉਪਰ ਪੂਰਾ ਮਾਣ।

ਇੱਕ ਵਾਰ ਅੱਧੀ ਰਾਤ ਦਾ ਵੇਲਾ, ਗਿਦੜੀ ਨੂੰ ਤ੍ਰੇਹ ਲੱਗ ਗਈ। ਪਤੀ ਨੂੰ ਜਗਾ ਕੇ ਕਿਹਾ- ਪਾਣੀ ਪਿਲਾ ਕੇ ਲਿਆ।

ਗਿੱਦੜ ਨੇ ਕਿਹਾ- ਨੀਂਦ ਕਰ ਕੇ ਮੇਰੀਆਂ ਅੱਖਾਂ ਨੀ ਖੁੱਲ੍ਹਦੀਆਂ, ਤੂੰ ਇਕੱਲੀ...।

ਗਿੱਦੜ ਨੇ ਗੱਲ ਮੁਕਾਈ ਵੀ ਨਹੀਂ ਸੀ ਕਿ ਵਿਚੋਂ ਟੋਕ ਕੇ ਨਖਰੇ ਨਾਲ ਕਹਿਣ ਲੱਗੀ- ਮੈਂ ਤੀਵੀਂ ਜਾਤ, ਇਕੱਲੀ ਕਿਵੇਂ ਜਾਵਾਂ?

-ਪਰ ਤੈਨੂੰ ਛੇੜਨ ਵਾਲਾ ਇੱਥੇ ਹੈ ਕੌਣ?

-ਔਰਤ ਦੀ ਮਰਿਆਦਾ ਦਾ ਤੁਹਾਨੂੰ ਮਰਦਾਂ ਨੂੰ ਕੀ ਪਤਾ? ਮੇਰੇ ਨਾਲ ਹਵਾ ਅਤੇ ਧੁੱਪ ਖਹਿੰਦੀਆਂ ਨੇ, ਮੈਨੂੰ ਤਾਂ ਉਦੋਂ ਵੀ ਗੁੱਸਾ ਚੜ੍ਹ ਜਾਂਦੈ ਪਰ ਕੀ ਕਰਾਂ, ਵਸ ਨਹੀਂ ਚੱਲਦਾ।

ਉਬਾਸੀ ਲੈਂਦਾ ਗਿੱਦੜ ਬੋਲਿਆ- ਕਿਉਂ? ਇਸ ਵਿਚ ਵਸ ਦੀ ਕੀ ਗੱਲ? ਮੇਰਾ ਵਸ ਤਾਂ ਚਲਦਾ ਹੈ। ਤੂੰ ਕਹੇਂ ਹਵਾ ਅਰ ਧੁੱਪ ਨੂੰ ਝਾੜੀਆਂ ਕੰਡਿਆਂ ਵਿਚ ਇਉਂ ਉਲਝਾ ਦਿਆਂ ਕਿ ਸਾਰੀ ਉਮਰ ਨਾ ਨਿਕਲਣ।

-ਪਰ ਪਹਿਲਾਂ ਮੇਰੇ ਨਾਲ ਤਾਂ ਚੱਲੋ। ਜੀਭ ਸੁੱਕ ਗਈ, ਪਿਆਸ ਕਰ ਕੇ ਬੋਲ ਵੀ ਮੂੰਹੋਂ ਨਹੀਂ ਨਿਕਲਦਾ।

ਗਿਦੜੀ ਦੀ ਜ਼ਿੱਦ ਅੱਗੇ ਕੀ ਕਰਦਾ, ਆਖਰ ਤੁਰਨਾ ਪਿਆ। ਅਸਮਾਨ ਵਿਚ ਪੂਰਨਮਾਸੀ ਦਾ ਚੰਦ ਚਮਕ ਰਿਹਾ ਸੀ। ਝਾੜੀ ਝਾੜੀ ਤੇ ਲਾਲ ਬੇਰ ਲਟਕ ਰਹੇ ਸਨ। ਜੰਗਲ ਦਾ ਕਣ-ਕਣ ਚਾਨਣੀ ਦੀ ਗੋਦੀ ਵਿਚ ਸੁੱਤਾ ਪਿਆ। ਗਿਦੜੀ ਨੇ ਮੂੰਹ ਉਪਰ ਕਰ ਕੇ ਚੰਦ ਵੱਲ ਦੇਖਿਆ- ਕਿੰਨਾ ਸੁਹਣਾ! ਮਨਮੋਹਣਾ! ਲੱਖ ਗਿੱਦੜ ਵੀ ਇਹਦੇ ਮੁਕਾਬਲੇ ਤੁੱਛ!

ਗਿਦੜੀ ਥੋੜ੍ਹੀ ਅੱਗੇ ਹੋ ਕੇ ਪਾਣੀ ਪੀਣ ਲੱਗੀ, ਗਿੱਦੜ ਤਲਾਬ ਤੋਂ ਹਟ ਕੇ ਪਿੱਛੇ ਖਲੋਤਾ ਰਿਹਾ। ਰੱਜ ਕੇ ਪਾਣੀ ਪੀ ਕੇ ਬਾਹਰ ਆਉਣ ਹੀ ਲੱਗੀ ਸੀ ਕਿ ਉਸ ਨੂੰ ਚੰਦ ਦੀ ਬਦਮਾਸ਼ੀ ਦਿਸ ਗਈ। ਪਾਣੀ ਵਿਚ ਉਤਰ ਕੇ ਉਹ ਤਾਂ ਦੇਰ ਤੱਕ ਉਹਦੇ ਬੁੱਲ੍ਹਾਂ ਦੀਆਂ ਮਿੱਠੀਆਂ ਲੈਂਦਾ ਰਿਹਾ। ਮਰਦਾਂ ਦੀ ਜਾਤ ਹੁੰਦੀ ਓ ਕਮੀਨੀ ਹੈ। ਕੜਾਕੇ ਦੀ ਠੰਢ ਹੈ, ਫੇਰ ਵੀ ਪਰਵਾਹ ਨਹੀਂ, ਮਿੱਠੀਆਂ ਲੈਣ



ਵਾਸਤੇ ਪਾਣੀ ਵਿਚ ਗੋਤਾ ਮਾਰ ਲਿਆ। ਇਹੋ ਜਿਹੇ ਕਲਮੂੰਹੇ ਮਰਦਾਂ ਤੋਂ ਕੋਈ ਕਿਵੇਂ ਸਤ ਬਚਾ ਕੇ ਰੱਖੇ?

ਪਿੱਛੇ ਮੁੜ ਕੇ ਪਤੀ ਵੱਲ ਦੇਖ ਕੇ ਬੋਲੀ- ਨੇੜੇ ਖੜ੍ਹਾ ਬਿਟਰ ਬਿਟਰ ਕੀ ਦੇਖੀ ਜਾਨੈ? ਇਹ ਲਫੰਗਾ ਚੰਦ ਮੇਰੀਆਂ ਮਿੱਠੀਆਂ ਲੈਣ ਦੀ ਹਿਮਾਕਤ ਕਰ ਰਿਹੈ। ਤੂੰ ਨਾਲ ਨਾ ਹੁੰਦਾ ਇਹਨੇ ਜ਼ਬਰਦਸਤੀ ਕਰਨੋਂ ਕਿੱਥੇ ਹਟਣਾ ਸੀ।

ਘਰਵਾਲੀ ਦੀ ਗੱਲ ਸੁਣ ਕੇ ਗਿੱਦੜ ਦਾ ਮੂੰਹ ਗੁੱਸੇ ਨਾਲ ਲਾਲ ਹੋ ਗਿਆ। ਦੰਦ ਪੀਂਹਦਾ ਹੋਇਆ ਬੋਲਿਆ- ਕੌਣ? ਮਰੀਅਲ ਚੂਹੀ ਵਰਗਾ ਇਹ ਚੰਦ? ਇਸ ਦੀ ਇਹ ਹਿੰਮਤ? ਕਹੇਂ ਤਾਂ ਉਧੇੜ ਦਿਆਂ ਬਖੀਏ ਇਹਦੇ?

ਏਨਾ ਕਹਿ ਕੇ ਸ਼ੇਰ ਵਾਂਗ ਪੰਜਾ ਪਟਕਣ ਲੱਗਾ, ਜਿਵੇਂ ਚੰਦ ਦਾ ਕੰਮ ਤਮਾਮ ਕਰ ਕੇ ਹੀ ਸਾਹ ਲਏਗਾ। ਗਿਦੜੀ ਨੇ ਮੂੰਹ ਉਚਾ ਕਰ ਕੇ ਫਿਰ ਚੰਦ ਵੱਲ ਦੇਖਿਆ। ਚੰਦ ਵੀ ਜਿਵੇਂ ਉਸ ਦਾ ਮੂੰਹ ਦੇਖਣ ਵਾਸਤੇ ਤਰਸ ਰਿਹਾ ਹੋਵੇ। ਏਨਾ ਸੁਹਣਾ! ਕਿਆ ਕਮਾਲ! ਪਤੀ ਨੂੰ ਟੋਕਿਆ- ਛੱਡੋ ਪਰ੍ਹੇ। ਇਸ ਬਦਨਜ਼ਰ ਚੰਦ ਦੀ ਗੈਰਹਾਜ਼ਰੀ ਵਿਚ ਸਾਰੀ ਦੁਨੀਆ ਤਕਲੀਫ ਸਹੇਗੀ। ਬਾਲ ਗੋਪਾਲ ਵਿਚਾਰੇ ਨ੍ਹੇਰੇ ਵਿਚ ਜ਼ਿਆਦਾ ਡਰਨਗੇ।

ਗਿੱਦੜ ਦਾ ਕ੍ਰੋਧ ਕਿੱਥੇ ਉਤਰਦਾ? ਫੇਰ ਪੰਜਾ ਪਟਕਿਆ- ਨਹੀਂ, ਨਹੀਂ, ਤੂੰ ਕਹੇਂ ਇਸ ਖਿੱਦੋ ਦੀਆਂ ਲੀਰਾਂ-ਲੀਰਾਂ ਕਰ ਦਿਆਂ।

ਪਤੀ ਦਾ ਹੱਥ ਫੜ ਕੇ ਬੋਲੀ- ਰਹਿਣ ਦਿਉ, ਰਹਿਣ ਦਿਉ। ਖਾਹਮਖਾਹ ਆਪਣੇ ਸਿਰ ਬਦਨਾਮੀ ਕਿਉਂ ਲੈਂਦੇ ਹੋ।

ਗਿਦੜੀ ਵਾਰ ਵਾਰ ਟੋਕੀ ਗਈ ਤਾਂ ਗਿੱਦੜ ਆਖਰ ਮੰਨ ਗਿਆ। ਨਾ ਮੰਨਦਾ ਦੁਨੀਆ ਦੀ ਬੜੀ ਦੁਰਗਤ ਹੁੰਦੀ। ਵਾਪਸ ਆਉਂਦੀ ਗਿਦੜੀ ਪਤੀ ਨੂੰ ਸਮਝਾਉਂਦਿਆਂ ਕਹਿਣ ਲੱਗੀ- ਆਪਣਾ ਜਤ ਸਤ ਆਪਣੇ ਹੱਥ। ਇਹ ਹਰਾਮੀ ਚੰਦ ਤਰਸਦੈ ਤਾਂ ਤਰਸੇ। ਰਾਤ ਨੂੰ ਖੱਡ ਵਿਚੋਂ ਮੈਂ ਜਦੋਂ ਮੂੰਹ ਵੀ ਨੀ ਬਾਹਰ ਕੱਢਣਾ!

ਬੇਸ਼ਰਮ ਚੰਦ ਵਿਰੁਧ ਗੁੱਸੇ ਨਾਲ ਦੰਦ ਪੀਂਹਦਾ ਗਿੱਦੜ ਵੀ ਖੱਡ ਅੰਦਰ ਜਾ ਵੜਿਆ। ਰੂਪ ਦੇ ਹੰਕਾਰ ਕਾਰਨ, ਨਸ਼ੇ ਸਦਕਾ ਗਿਦੜੀ ਨੂੰ ਦੇਰ ਬਾਅਦ ਨੀਂਦ ਆਈ। ਕਾਫੀ ਦਿਨ ਚੜ੍ਹੇ ਜਾਗੀ। ਅੱਖਾਂ ਮਲਦੀ-ਮਲਦੀ ਖੁੱਡ ਵਿਚੋਂ ਬਾਹਰ ਆਈ। ਉਸ ਦਾ ਰੂਪ ਨਿਹਾਰਨ ਵਾਸਤੇ ਹੁਣ ਸੂਰਜ ਬੇਸਬਰੀ ਨਾਲ ਤੜਫਣ ਲੱਗਾ। ਇਹ ਮਰਦਾਂ ਦੀ ਜਾਤ ਖੂਹ ਖਾਤੇ ਸੁੱਟਣ ਜੋਗੀ ਹੈ। ਸਾਰੇ ਇੱਕੋ ਜਿਹੇ ਪਰ ਇਹ ਪੱਠਾ ਹੈ ਤਾਂ ਤੇਜਵਾਨ! ਤਪਧਾਰੀ। ਸਾਰੀ ਦੁਨੀਆ ਨੂੰ ਚਾਨਣ ਨਾਲ ਭਰ ਦਿੰਦੈ। ਦੇਖਦੀ ਆਂ ਚੰਦ ਵਾਂਗੂ ਇਹ ਵੀ ਬੇਸ਼ਰਮ ਹੈ ਕਿ ਨਹੀਂ? ਪਿਆਸ ਕੋਈ ਨਹੀਂ ਸੀ ਪਰ ਪਤੀ ਨੂੰ ਕਹਿਣ ਲੱਗੀ- ਪਾਣੀ ਪੀਣ ਚੱਲੀਏ। ਉਹ ਬੋਲਿਆ- ਪਗਲੀ ਚਿੱਟੇ ਦਿਨ ਵਿਚ ਕੀ ਡਰ? ਤੂੰ ਬੇਧੜਕ ਇਕੱਲੀ ਚਲੀ ਜਾ।

ਹਠ ਕਰ ਕੇ ਗਿਦੜੀ ਸਮਝਾਉਣ ਲੱਗੀ- ਚੰਦ ਵਰਗੇ ਵੱਡੇ ਵੱਡੇ ਦੇਵਤਿਆਂ ਦੀ ਵੀ ਨੀਤ ਮਾੜੀ ਹੋ ਜਾਂਦੀ ਐ, ਤਾਂ ਕਿਸ ਤੇ ਭਰੋਸਾ ਕਰੀਏ? ਔਰਤਾਂ ਦਾ ਦਿਲ ਟਿਕੇ ਤਾਂ ਕਿਵੇਂ ਟਿਕੇ? ਮੇਰਾ ਤਾਂ 'ਕੱਲੀ ਦਾ ਮਰਨ ਨੂੰ ਵੀ ਜੀ ਨਹੀਂ ਕਰਦਾ!

ਜਦੋਂ ਗਿਦੜੀ ਖਹਿੜੇ ਪੈ ਗਈ, ਗਿੱਦੜ ਕੀ ਕਰਦਾ, ਉਤਰੇ ਦਿਲ ਨਾਲ ਜਾਣ ਪਿਆ। ਟੇਢੀ ਨਿਗਾਹ ਨਾਲ ਜਿੰਨੀ ਵਾਰੀ ਗਿਦੜੀ ਨੇ ਸੂਰਜ ਵੱਲ ਦੇਖਿਆ, ਓਨੀ ਵਾਰ ਉਸ ਨੂੰ ਲੱਗਾ, ਮੇਰੇ ਦਰਸ਼ਨ ਖਾਤਰ ਤਰਸ ਰਿਹੈ।

ਜਦੋਂ ਪਾਣੀ ਪੀਣ ਕਿਨਾਰੇ ਪੁੱਜੀ ਸੂਰਜ ਵੀ ਗੋਤਾ ਮਾਰ ਕੇ ਤਲਾਬ ਵਿਚ ਆ ਉਤਰਿਆ! ਪਰਾਈ ਇਸਤਰੀ ਦਾ ਸਤ ਭੰਗ ਕਰਨ ਨਾਲ ਇਨ੍ਹਾਂ ਮਰਦਾਂ ਨੂੰ ਪਤਾ ਨਹੀਂ ਮਿਲਦਾ ਕੀ ਹੈ। ਪਾਣੀ ਪੀਣ ਵਾਸਤੇ ਮੂੰਹ ਹੇਠਾਂ ਕੀਤਾ ਹੀ ਸੀ ਕਿ ਝਿਜਕਦੀ ਨੇ ਗਿੱਦੜ ਵੱਲ ਦੇਖਿਆ। ਪਤੀ ਵੱਲ ਦੇਖ ਕੇ ਕਹਿੰਦੀ- ਜੋ ਸੋਚਿਆ ਉਹੋ ਹੋਇਆ। ਇਹ ਕਮੀਨਾ ਸੂਰਜ ਤਾਂ ਚੰਦ ਤੋਂ ਅੱਗੇ ਲੰਘ ਲਿਆ। ਉਹ ਤਾਂ ਡਰਦਾ ਡਰਦਾ ਰਾਤ ਨੂੰ ਆਇਆ ਸੀ, ਇਹ ਦਿਨ ਦਿਹਾੜੇ ਤਲਾਬ ਵਿਚ ਆ ਵੜਿਆ।

ਛਾਲ ਮਾਰ ਕੇ ਗਿੱਦੜ ਨੇੜੇ ਆਇਆ, ਪੁੱਛਿਆ- ਕਿੱਥੇ ਹੈ? ਕਿੱਥੇ ਹੈ? ਮੈਨੂੰ ਦਿਖਾ।

ਗਿਦੜੀ ਗੋਤਾਖੋਰ ਸੂਰਜ ਵੱਲ ਉਂਗਲ ਕਰ ਕੇ ਬੋਲੀ- ਅਹੁ ਦੇਖ, ਬਦਮਾਸ਼ ਕਿਤੇ ਦਾ!

ਹੁਣ ਗਿੱਦੜ ਦੇ ਗੁੱਸੇ ਦਾ ਕੀ ਪਾਰਾਵਾਰ? ਬੱਬਰ ਸ਼ੇਰ ਵਾਂਗ ਪੰਜਾ ਪਟਕਦਾ ਬੋਲਿਆ- ਕਹੇਂ ਤਾਂ ਇਸ ਹਰਾਮਖੋਰ ਨੂੰ ਜ਼ਮੀਨ ਵਿਚ ਗੱਡ ਦਿਆਂ?

ਗਿਦੜੀ ਨੂੰ ਫੇਰ ਤਰਸ ਆ ਗਿਆ। ਪਤੀ ਨੂੰ ਹਟਾਉਂਦੀ ਹੋਈ ਬੋਲੀ- ਛੱਡੋ ਪਰ੍ਹੇ। ਆਪਣੇ ਕਰ ਕੇ ਦੁਨੀਆ ਤਕਲੀਫ ਉਠਾਏਗੀ। ਕਿਵੇਂ ਲੋਕ ਨ੍ਹੇਰੇ ਵਿਚ ਆਪਣਾ ਗੁਜ਼ਾਰਾ ਕਰਨਗੇ? ਕਿਵੇਂ ਰੋਜ਼ੀ ਰੋਟੀ ਕਮਾਉਣਗੇ?

ਗਿੱਦੜ ਦੇ ਦਿਲ ਅੰਦਰ ਅੱਗ ਹੋਰ ਭੜਕੀ। ਦੂੱਗਣੇ ਜੋਸ਼ ਵਿਚ ਪੰਜਾ ਜ਼ਮੀਨ 'ਤੇ ਮਾਰਿਆ। ਦੰਦ ਕਰੀਚਦਾ ਬੋਲਿਆ- ਨਹੀਂ ਨਹੀਂ, ਤੂੰ ਇੱਕ ਵਾਰ ਕਹਿ ਸਹੀ, ਬੇਰ ਵਾਂਗ ਇਸ ਨੂੰ ਨਿਗਲ ਜਾਵਾਂ, ਮਤੀਰੇ ਵਾਂਗ ਫਾੜੀ ਫਾੜੀ ਕਰਦਿਆਂ!

ਪਤੀ ਦੇ ਪੈਰ ਫੜ ਕੇ ਗਿਦੜੀ ਕਹਿੰਦੀ- ਰਹਿਣ ਦਿਉ। ਥੋੜ੍ਹੀ ਬਹੁਤ ਦਇਆ ਹਮਦਰਦੀ ਵੀ ਕਰੋ। ਦੁਨੀਆ ਬਦ ਦੁਆਵਾਂ ਦਏਗੀ। ਖਾਹਮਖਾਹ ਆਪਣੇ ਸਿਰ ਬਦਨਾਮੀ ਕਿਉਂ ਲੈਂਦੇ ਹੋ?

ਗਿੱਦੜ ਦਾ ਗੁੱਸਾ ਨਹੀਂ ਉਤਰਿਆ, ਕਿਹਾ- ਬੇਕਾਰ ਦੀ ਬਦਨਾਮੀ ਕਿਵੇਂ? ਇਸ ਅਵਾਰਾਗਰਦ ਨੂੰ ਝੰਬ ਦਿਆਂ ਤਾਂ ਬਦਨਾਮੀ ਕਿਸ ਗੱਲ ਦੀ? ਤੂੰ ਦੇਖਦੀ ਤਾਂ ਜਾਹ!

-ਮੈਂ ਨੀ ਹੁਣ ਕੁਝ ਦੇਖਦੀ। ਮੈਂ ਦੇਖਣ ਲੱਗੀ ਤਾਂ ਦੁਨੀਆ ਦਾ ਦੇਖਣਾ ਬੰਦ ਹੋ ਜਾਵੇਗਾ। ਤਰਸ ਕਰੋ। ਆਪਣਾ ਜਤ ਸਤ ਆਪਣੇ ਕੋਲ। ਤੁਸੀਂ ਇਸ ਵਿਗੜੇ ਹੋਏ ਸੂਰਜ ਦਾ ਧਿਆਨ ਰੱਖਿਓ, ਉਦੋਂ ਤੱਕ ਮੈਂ ਪਾਣੀ ਪੀ ਆਉਂਗੀ।

ਗਿਦੜੀ ਨੇ ਜਿਵੇਂ ਕਿਵੇਂ ਕਰ ਕੇ ਗਿੱਦੜ ਨੂੰ ਆਖਰ ਮਨਾ ਹੀ ਲਿਆ। ਬੜੀ ਮੁਸ਼ਕਿਲ ਨਾਲ ਗਿੱਦੜ ਨੇ ਗੁੱਸੇ ਉਪਰ ਕਾਬੂ ਪਾਇਆ। ਗਿਦੜੀ ਦੇ ਹੁਕਮ ਮੂਜਬ ਬਿਨਾਂ ਪਲਕ ਝਪਕੇ ਗਿੱਦੜ ਸੂਰਜ ਵੱਲ ਦੇਖਦਾ ਰਿਹਾ। ਸੂਰਜ ਵੀ ਪੂਰਾ ਡਰ ਚੁੱਕਾ ਸੀ, ਆਪਣੀ ਥਾਂ ਤੋਂ ਹਿੱਲਿਆ ਤੱਕ ਨਹੀਂ।

ਗਿਦੜੀ ਦੇਰ ਤੱਕ ਪਾਣੀ ਵਿਚ ਤੈਰਦੀ ਰਹੀ ਤੇ ਪਾਣੀ ਵਿਚ ਲੁਕਿਆ ਸੂਰਜ ਉਸ ਦੀਆਂ ਮਿੱਠੀਆਂ ਲੈਂਦਾ ਰਿਹਾ। ਏਨੀ ਤ੍ਰਿਪਤੀ ਕਦੀ ਨੀ ਹੋਈ।

ਪਿਆਸ ਲੱਗਣੀ ਨਾ ਲੱਗਣੀ, ਇਹ ਕਿਸੇ ਦੇ ਵਸ ਦੀ ਗੱਲ ਨਹੀਂ। ਰਾਤੀਂ ਗਿੱਦੜ ਨੂੰ ਤਲਾਬ ਕਿਨਾਰੇ ਬਿਠਾ ਦਿੰਦੀ, ਉਹ ਚੰਦ ਵੱਲ ਦੇਖਦਾ ਸਖਤ ਪਹਿਰਾ ਦਿੰਦਾ। ਕਲਜੁਗ ਦਾ ਸਮਾਂ ਹੋਣ ਕਰ ਕੇ ਗਿੱਦੜ ਦਾ ਪਹਿਰਾ ਦੇਣ ਦਾ ਕੁਝ ਕੰਮ ਤਾਂ ਵਧਿਆ ਪਰ ਤਾਂ ਕੀ। ਆਪੋ ਆਪਣਾ ਜਤ, ਆਪੋ ਆਪਣਾ ਸਤ ਬਚਾਉਣਾ ਤਾਂ ਪਏਗਾ ਹੀ।

# ਢਾਈ ਦਿਨ ਦਾ ਇਸ਼ਕ

***(ਪਿਛਲੇ ਸਫੇ ਦੀ ਬਾਕੀ)***

ਮੇਰੇ ਨਾਂ ਅਤੇ ਕੈਲੀਫੋਰਨੀਆ ਵਿਚ ਰਹਿਣ ਬਾਰੇ ਕਿਵੇਂ ਪਤਾ ਸੀ! ਪੁੱਛਿਆ ਤਾਂ ਉਸ ਨੇ ਦੱਸਿਆ, "ਅਮਰੀਕਾ ਵਿਚ ਦੋ ਕਹਾਣੀਕਾਰਾ ਰਹਿੰਦੀਆਂ ਹਨ, ਇਕ ਤਾਂ ਕੈਲੀਫੋਰਨੀਆ ਵਿਚ ਹੈ, ਦੂਜੀ ਟੈਕਸਸ ਵਿਚ ਹੈ, ਉਨ੍ਹਾਂ ਤੋਂ ਤੁਹਾਡੇ ਬਾਰੇ ਪਤਾ ਲਗਦਾ ਰਹਿੰਦਾ ਹੈ।" ਮੈਂ ਪੁੱਛਿਆ, "ਕੀ ਨਾਂ ਹਨ ਉਨ੍ਹਾਂ ਦੇ?" ਕਹਿਣ ਲੱਗੇ, "ਅਮਰਜੀਤ ਪੰਨੂੰ ਅਤੇ ਜਸਵੀਰ।"

ਅਸੀਂ ਅੱਧਾ ਕੁ ਘੰਟਾ ਬਹਿ ਕੇ ਵਾਪਸ ਆਉਣ ਤੋਂ ਪਹਿਲਾਂ ਮੈਂ ਪੁੱਛਿਆ, "ਅਸੀਂ ਤੁਹਾਡੇ ਨਾਂ 'ਤੇ ਕੋਈ ਪੁਰਸਕਾਰ ਕਾਇਮ ਕਰਨਾ ਚਾਹੁੰਦੇ ਹਾਂ, ਕੋਈ ਸਲਾਹ ਦਿਉ।" ਅੰਮ੍ਰਿਤਾ ਜੀ ਨੇ ਬੜੇ ਠਰੰਮੇ ਨਾਲ ਕਿਹਾ, "ਪੰਜਾਬੀ ਸਾਹਿਤ ਵਿਚ ਨੇਕਨਾਮੀ ਨਾਲ ਕੰਮ ਕਰਨ ਵਾਲੇ ਬੰਦੇ ਚਾਹੀਦੇ ਹਨ, ਤੁਸੀਂ ਸੁਹਿਰਦਤਾ ਨਾਲ ਕੰਮ ਕਰੀ ਜਾਓ, ਇਹੋ ਮੇਰਾ ਮਾਣ-ਤਾਣ ਤੇ ਇਹੋ ਮੇਰਾ ਇਨਾਮ ਹੋਵੇਗਾ।"

ਅੰਮ੍ਰਿਤਾ ਜੀ ਨੂੰ ਇਨਾਮਾਂ ਸਨਮਾਨਾਂ ਦੀ ਕੋਈ ਲੋੜ-ਥੋੜ੍ਹ ਨਹੀਂ ਸੀ। ਉਸ ਨੂੰ ਭਾਰਤੀ ਸਾਹਿਤ ਅਕਾਡਮੀ, ਗਿਆਨਪੀਠ, ਪੰਜਾਬੀ ਅਕਾਡਮੀ ਲਾਹੌਰ ਵਰਗੀਆਂ ਨਾਮਵਰ ਸੰਸਥਾਵਾਂ ਨੇ ਸਨਮਾਨਿਤ ਕੀਤਾ। ਸੰਸਾਰ ਪੱਧਰ 'ਤੇ ਬਲਗਾਰਿਆ ਦਾ 'ਸਿਰਲ ਅਤੇ ਮੈਥੋਡੀਅਸ ਪੁਰਸਕਾਰ' ਅਤੇ ਫਰਾਂਸ ਨੇ 'ਔਰਡਰ ਡੀ ਆਰਟਸ ਐਂਡ ਡੀ ਲੈਟਰਜ਼' ਨਾਲ ਸਨਮਾਨਿਆ। ਅੰਮ੍ਰਿਤਾ ਵਰਗੇ ਸਾਹਿਤਕਾਰ ਕਦੇ-ਕਦੇ ਜੰਮਦੇ ਹਨ; ਉਹ ਨਿਰਸੰਦੇਹ ਯੁਗ ਪੁਰਸ਼ ਸੀ ਪਰ ਮੰਦੇ ਭਾਗਾਂ ਨੂੰ ਪੰਜਾਬ ਅਤੇ ਪੰਜਾਬੀ ਸਾਹਿਤ ਨੇ ਉਸ ਦਾ ਨਾ ਤਾਂ ਜਿਉਂਦੇ ਜੀ ਅਤੇ ਨਾ ਹੀ ਮਰਨ ਤੋਂ ਬਾਅਦ ਕੋਈ ਯੋਗ ਮੁੱਲ ਪਾਇਆ। ਇਥੋਂ ਤਕ ਕਿ ਉਸ ਦੇ ਮੱਕੇ ਵਰਗੇ ਨਿਵਾਸ ਸਥਾਨ ਕੇ-25 ਹੌਜ਼ ਖਾਸ ਨੂੰ ਮਲੀਆ ਮੇਟ ਕਰ ਦਿੱਤਾ। ਮੁਕਾਬਲੇ ਤੇ ਪੱਛਮੀ ਸਾਹਿਤਕਾਰਾਂ ਵਲ ਨਜ਼ਰ ਮਾਰੋ ਤਾਂ ਜੌਨ੍ਹ ਕੀਟਸ, ਵਿਲੀਅਮ ਵਰਡਵਰਥ ਅਤੇ ਵਿਲੀਅਮ ਬਟਲਰ ਯੇਟਸ ਵਰਗੇ ਕਵੀਆਂ ਦੇ ਨਿਵਾਸ ਸਥਾਨ ਅੱਜ ਵੀ ਸਾਂਭੇ ਹੋਏ ਹਨ। ਅੰਮ੍ਰਿਤਾ ਪ੍ਰੀਤਮ ਦੀ ਵਿਰਾਸਤ ਨੂੰ ਨਾ ਸਾਂਭਣ ਦੀ ਊਜ ਪੰਜਾਬ, ਪੰਜਾਬੀ ਸਾਹਿਤ ਅਤੇ ਪੰਜਾਬੀਅਤ ਦੇ ਮੱਥੇ 'ਤੇ ਮਿਹਣਾ ਬਣ ਕੇ ਚਮਕਦੀ ਰਹੇਗੀ।

ਅੰਮ੍ਰਿਤਾ ਜੀ ਦੇ ਸਵਰਗਵਾਸ ਹੋਣ ਦਾ ਧੀਰ ਨੂੰ ਅਤਿਅੰਤ ਦੁੱਖ ਹੋਇਆ। ਮੈਂ ਉਸ ਨੂੰ ਕਿਹਾ ਕਿ ਅੰਮ੍ਰਿਤਾ ਪ੍ਰੀਤਮ ਨਾਲ ਢਾਈ ਦਿਨ ਦੇ ਇਸ਼ਕ ਬਾਰੇ ਹੁਣ ਤਾਂ ਸਾਰੀ ਗੱਲ ਖੋਲ੍ਹ ਦੇ। ਉਸ ਨੇ ਕਿਹਾ, "ਜਿਨ੍ਹਾਂ ਨਾਲ ਮੋਹ ਪਿਆਰ ਕਰੀਦਾ, ਉਨ੍ਹਾਂ ਬਾਰੇ ਮੰਦਾ ਨਹੀਂ ਬੋਲੀਦਾ।" ਮੈਨੂੰ ਪੰਜਾਬੀ ਦੇ ਅਖਾਣ 'ਮੇਰੇ ਯਾਰ ਨੂੰ ਮੰਦਾ ਨਾ ਆਖੀਂ, ਮੇਰੀ ਭਾਵੇਂ ਜਿੰਦ ਕੱਢ ਲੈ' ਦਾ ਮਤਲਬ ਸਮਝ ਆ ਗਿਆ।

## ਕਾਵਿ-ਜਗਤ

### ਨਵੀਂ ਸਾਹਿਤ ਸਭਾ

ਮਿਲ ਕੇ ਦੋ-ਚਾਰ ਜਣੇ ਜਾਂ ਜਣੀਆਂ
ਸਾਹਿਤਕ ਗਰੁੱਪ ਬਣਾ ਲਈਏ,
ਚਾਰ ਤੇ ਛੇ ਦਾ ਰੈਡੀ ਮੇਡ
ਇਕ ਬੈਨਰ ਜਿਹਾ ਛਪਵਾ ਲਈਏ।
ਕਲਮਾਂ ਵਾਲੇ, ਸਿਆਹੀਆਂ ਵਾਲੇ
ਚੰਗਾ ਜਿਹਾ ਕੋਈ ਨਾਂ ਰੱਖ ਕੇ,
ਸਾਹਿਤ ਸਭਾ ਸਰਕਾਰ ਦੇ ਕੋਲੋਂ
ਰਜਿਸਟਰ ਵੀ ਕਰਵਾ ਲਈਏ।

ਲਿਖਣਾ ਕੰਮ ਕੋਈ ਮੁਸ਼ਕਿਲ ਹੈ ਨਹੀਂ
ਇਹ ਤਾਂ ਬਾਹਲਾ ਸੌਖਾ ਹੈ,
ਜੇਕਰ ਆਪ ਨੂੰ ਆਉਂਦਾ ਕੁਝ ਨਹੀਂ
ਹੋਰਾਂ ਤੋਂ ਲਿਖਵਾ ਲਈਏ।
ਬਹਿਰ, ਕਾਫੀਏ ਅਤੇ ਰਦੀਫਾਂ
ਕੀ ਲੈਣੈ ਅਸੀਂ ਇਨ੍ਹਾਂ ਤੋਂ,
ਖੁੱਲ੍ਹੀ ਕਵਿਤਾ ਲਿਖ ਕੇ ਸੱਧਰਾਂ
ਆਪਣੇ ਦਿਲ ਦੀਆਂ ਲਾਹ ਲਈਏ।

ਅੱਗੇ ਵਧਣ ਦਾ ਨਵਾਂ ਤਰੀਕਾ
ਹੁਣੇ ਕਿਸੇ ਨੇ ਦਸਿਆ ਏ,
ਫੇਸ ਬੁੱਕ 'ਤੇ ਪੰਜ ਸੱਤ ਖਾਤੇ
ਬਿਨ ਸਿਰ ਤੋਂ ਖੁਲ੍ਹਵਾ ਲਈਏ।
ਕਵਿਤਾ ਲਿਖਣੀ ਡਾਢੀ ਔਖੀ
ਛੱਡੋ ਜੀ ਤੁਸੀਂ ਕਵਿਤਾ ਨੂੰ,
ਖੁੱਲ੍ਹੀ ਕਵਿਤਾ ਦੇ ਨਾਲ ਫੋਟੂ
ਹੀਰੋਇਨ ਦੀ ਲਾ ਲਈਏ।

ਆਪਸ ਵਿਚ ਕੁਮੈਂਟ ਕਰਾਂਗੇ
ਸਿਫਤ ਕਰਾਂਗੇ ਰੱਜ ਰੱਜ ਕੇ,
ਅੱਤ, ਘੈਂਟ ਤੇ ਸਿਰਾ ਆ
ਲਿਖ ਕੇ ਚੰਗੀ ਧੌਂਸ ਜਮਾ ਲਈਏ।
ਵੇਂਹਦੇ ਵੇਂਹਦੇ ਸਾਹਿਤ ਸਭਾ ਦੀ
ਚਰਚਾ ਹਰ ਥਾਂ ਹੋ ਜਾਊਗੀ,
ਬਿਨਾ ਜਿਲਦ ਤੋ ਪੰਜ-ਸੱਤ ਫਿਰ
ਕਿਤਾਬਾਂ ਵੀ ਛਪਵਾ ਲਈਏ।

ਸਾਲ ਦੇ ਮਗਰੋਂ ਸਾਹਿਤ ਸਭਾ ਦੀ
ਵਰ੍ਹੇ ਗੰਢ ਜਦ ਆਉਂਦੀ ਏ,
ਘਰ ਦੇ ਪਿਛਲੇ ਵਿਹੜੇ ਦੇ ਵਿਚ
ਦੋ ਕੁ ਟੈਂਟ ਲਗਵਾ ਲਈਏ।
ਵੱਡੀਆਂ ਕਲਮਾਂ ਵਾਲੇ ਸ਼ਾਇਰ
ਵਿਚ ਪੰਜਾਬ ਬਥੇਰੇ ਨੇ,
ਉਨ੍ਹਾਂ ਸ਼ਾਇਰਾਂ 'ਚੋਂ ਫਿਰ ਇਕ ਨੂੰ
ਫੰਕਸ਼ਨ 'ਤੇ ਵੀ ਬੁਲਾ ਲਈਏ।

ਨਾ ਕੋਈ ਟਿਕਟ ਤੇ ਨਾ ਕੋਈ ਪੈਸਾ
ਦੇਣਾ-ਲੈਣਾ ਕੁਝ ਵੀ ਨਹੀਂ,
ਅੰਦਰ ਦੀ ਗੱਲ ਅੰਦਰੇ ਰੱਖ ਕੇ
ਆਪਣਾ ਟੌਹਰ ਬਣਾ ਲਈਏ।
ਸ਼ਾਇਰ ਵੀਰ ਦਾ ਵੀਜ਼ਾ ਲੱਗ ਜੂ
ਨਾਲੇ ਦੋ ਦਿਨ ਘੁੰਮ ਜਾਊਗਾ,
ਮੁਫਤੋ ਮੁਫਤੀ ਹਰ ਪਾਸੇ ਹੀ
ਜੈ ਜੈ ਕਾਰ ਕਰਾ ਲਈਏ।

ਕਦੀ ਆਸਟ੍ਰੇਲੀਆ, ਕਦੀ ਕੈਨੇਡਾ
ਕਦੀ ਯੂਰਪ ਤੇ ਇੰਡੀਆ ਨੂੰ,
ਇਕ ਦੂਜੇ ਨੂੰ ਭੇਜ ਕੇ ਸੱਦੇ
ਤਕੜਾ ਨਾਮ ਕਮਾ ਲਈਏ।
ਪਤਲੀ ਜਿਹੀ ਅਖਬਾਰ ਕਿਸੇ ਵਿਚ
ਫਿਰ ਫੋਟੋ ਵੀ ਛਪਵਾਵਾਂਗੇ,
ਜਿਉਂਦੇ ਜੀ ਇਸ ਦੁਨੀਆਂ ਵਿਚ
ਕੋਈ ਉੱਚਾ ਰੁਤਬਾ ਪਾ ਲਈਏ।

ਸਾਰੇ ਲੋਕੀਂ ਲਿਖਦੇ ਪਏ ਨੇ
ਅਸੀਂ ਕਿਉਂ ਪਿੱਛੇ ਰਹਿ ਜਾਈਏ,
ਵਗਦੀ ਗੰਗਾ ਹੱਥ ਕਿਉਂ ਧੋਈਏ
ਕੱਪੜਿਆਂ ਸਣੇ ਨਹਾ ਲਈਏ।
ਸੱਚ ਦਾ ਹੋਕਾ ਦੇਣ ਵਾਲੇ ਵੀ
ਇਕ-ਦੋ ਏਥੇ ਫਿਰਦੇ ਨੇ,
ਜਦ 'ਸੁਰਜੀਤ' ਸਾਹਮਣੇ ਆਵਣ
ਮੂੰਹ ਨੂੰ ਪਰ੍ਹਾਂ ਭਵਾ ਲਈਏ।

***-ਬੀਬੀ ਸਰਜੀਤ ਕੌਰ ਸੈਕਰਾਮੈਂਟੋ***

## -1947 ਦੀ ਇੱਕ ਯਾਦ-

# ਤਾਏ ਗੋਪਾਲ ਦਾ ਘੋੜਾ

ਉਸ ਦਿਨ ਤਾਇਆ ਗੋਪਾਲ ਚੰਦ ਨਿਮੋਝੂਣਾ ਜਿਹਾ ਉਦਾਸ ਬੈਠਾ ਸੀ। ਮੈਂ ਤਾਏ ਨੂੰ ਚਾਹ ਫੜਾਉਂਦਿਆਂ ਪੁੱਛਿਆ, "ਕੀ ਗੱਲ ਤਾਇਆ ਜੀ, ਕੁਝ ਨੀਰਸ ਜਿਹੇ ਲੱਗ ਰਹੇ ਓ!"

ਤਾਇਆ ਰਵਾਂਸੀ ਜਿਹੀ ਅਵਾਜ਼ ਵਿਚ ਪੋਲੇ ਜਿਹੇ ਮੂੰਹ ਨਾਲ ਬੋਲਿਆ, "ਨਹੀਂ ਪੁੱਤ, ਤੈਨੂੰ ਊਂ ਹੀ ਵਹਿਮ ਜਿਹਾ ਹੋ ਗਿਆ। ਊਂ ਉਦਾਸੀ ਵਾਲੀ ਕੋਈ ਗੱਲ ਨਹੀਂ ਹੈ।" ਕਹਿ ਕੇ ਸੋਚੀਂ ਡੁੱਬੇ ਤਾਏ ਨੇ ਅਚੇਤ ਹੀ ਗਿਲਾਸ ਵਿਚੋਂ ਚਾਹ ਦਾ ਸੜ੍ਹਾਕਾ ਮਾਰਿਆ। ਚਾਹ ਤੱਤੀ ਹੋਣ ਕਰਕੇ ਤਾਏ ਦਾ ਮੂੰਹ ਸੁੰਗੜ ਜਿਹਾ ਗਿਆ। ਤਾਏ ਦੀਆਂ ਅੱਖਾਂ ਮੀਚੀਆਂ ਗਈਆਂ। ਅੱਖਾਂ 'ਚੋਂ ਪਾਣੀ ਸਿੱਮ ਆਇਆ। ਤਾਇਆ ਚਿੜੇ ਵਾਂਗ ਮੂੰਹ ਜਿਹਾ ਅੱਡ ਕੇ ਬੋੜੇ ਮੂੰਹ ਨੂੰ ਠਾਰਦਾ ਹੋਇਆ ਬੁੜਬੜਾਇਆ, "ਮੂੰਹ ਈ ਮੱਚ ਜਾਣਾ ਸੀ ਸਹੁਰੀ ਦਾ।"

ਮੈਂ ਕਿਹਾ, "ਤਾਇਆ ਜੀ। ਹੌਲੀ-ਹੌਲੀ ਘੁੱਟਾਂ ਭਰੋ। ਜ਼ਿਆਦਾ ਤੱਤਾ ਲੱਕਿਆਂ ਮੂੰਹ ਲੂਸਿਆ ਜਾਂਦਾ ਏ।"

"ਹਾਂ!" ਕਹਿ ਕੇ ਤਾਏ ਨੇ ਆਪਣੀ ਗੱਲ ਦਾ ਮੁੱਢ ਜਿਹਾ ਬੰਨ੍ਹ ਲਿਆ। ਮੈਂ ਵੀ ਸੂਤ ਹੋ ਕੇ ਤਾਏ ਦੇ ਮੰਜੇ ਦੀ ਪੈਂਦ ਵਾਲੇ ਪਾਸੇ ਬੈਠ ਗਿਆ। ਤਾਏ ਨੇ ਫੂਕ ਮਾਰ ਕੇ ਚਾਹ ਦੀ ਘੁੱਟ ਭਰੀ ਤੇ ਆਪਣੀ



ਓਮਕਾਰ ਸੂਦ ਬਹੋਨਾ
ਫੋਨ: 91-96540-36080

ਗੱਲ ਸੁਣਾ ਕੇ ਆਪਣੇ ਦਿਲ ਦਾ ਭਾਰ ਹਲਕਾ ਕਰਨਾ ਸ਼ੁਰੂ ਕਰ ਦਿੱਤਾ, "ਪੁੱਤਰਾ ਮੈਂ ਵੀ ਜਵਾਨੀ ਵੇਲੇ ਕਾਹਲਾ ਵੱਗ ਗਿਆ ਸੀ। ਤੇਰੇ ਪਿਓ ਦਾ ਕਹਿਣਾ ਮੰਨ ਲੈਂਦਾ ਤਾਂ ਮੇਰਾ ਮੁੰਡਾ ਪਾਕਿਸਤਾਨ ਜਾਣੋ ਬਚ ਜਾਂਦਾ। ਘਰ ਵਾਲੀ ਵੀ ਟਿਕੀ ਰਹਿੰਦੀ। ਮੈਂ ਸਭ ਤੋਂ ਬੇਪ੍ਰਵਾਹ ਹੋ ਕੇ ਆਪਣੇ ਘੋੜੇ ਭਜਾਉਂਦਾ ਰਿਹਾ। ਅਖੀਰ ਮੇਰਾ ਘੋੜਾ ਪਾਕਿਸਤਾਨ ਭੱਜ ਗਿਆ।" ਕਹਿ ਕੇ ਤਾਇਆ ਹੀ-ਹੀ ਕਰਕੇ ਹੱਸਣ ਲੱਗ ਪਿਆ।

ਤਾਏ ਦੀ ਅੱਧੀ-ਅਧੂਰੀ ਜਿਹੀ ਗੱਲ ਸੁਣ ਕੇ ਮੈਂ ਡੌਰ-ਭੌਰ ਜਿਹਾ ਤਾਏ ਦੇ ਮੂੰਹ ਵੱਲ ਵੇਖਣ ਲੱਗ ਪਿਆ। ਤਾਏ ਦਾ ਮੁੰਡਾ, ਘਰਵਾਲੀ, ਇੱਕ ਬੁਝਾਰਤ ਜਿਹੀ ਬਣ ਕੇ ਮੇਰੇ ਜ਼ਿਹਨ ਵਿਚ ਖੌਰੂ ਪਾਉਣ ਲੱਗ ਪਏ। ਪਹਿਲਾਂ ਤਾਂ ਮੈਨੂੰ ਕੁਝ ਪਤਾ ਨਹੀਂ ਸੀ ਇਸ ਸਭ ਕਾਸੇ ਦਾ। ਮੈਨੂੰ ਜਾਪਿਆ, ਤਾਇਆ ਠੱਠਾ ਕਰ ਰਿਹਾ ਹੈ। ਫਿਰ ਮੈਨੂੰ ਤਾਏ ਦੇ ਮੂਡ ਤੋਂ ਗੱਲ ਗੰਭੀਰ ਜਾਪੀ। ਮੇਰੀ ਦਿਲਚਸਪੀ ਵੱਧ ਗਈ। ਮੈਂ ਤਾਏ ਨੂੰ ਸਾਰੀ ਵਿਥਿਆ ਵਿਸਥਾਰ ਨਾਲ ਸੁਣਾਉਣ ਲਈ ਮਨਾ ਲਿਆ। ਇਹ ਇੱਕ ਦਿਲਚਸਪ ਤੇ ਦੁਖਦਾਈ ਘਟਨਾ ਹੈ, ਜੋ ਤਾਏ ਨੇ ਮੈਨੂੰ ਤਰੀਕਾਂ ਸਮੇਤ ਆਪਣੀ ਜ਼ਬਾਨੀ ਸੁਣਾਈ।

15 ਅਗਸਤ 1947 ਤੋਂ ਕੁਝ ਮਹੀਨੇ ਬਾਅਦ ਦੀ ਘਟਨਾ ਹੈ। ਮੇਰੇ ਪਿਤਾ ਜੀ, ਜੋ ਉਮਰ ਵਿਚ ਤਾਏ ਤੋਂ ਛੋਟੇ ਸਨ, 1941 ਵਿਚ ਵਿਆਹੇ ਗਏ ਸਨ। ਤਾਇਆ ਅਜੇ ਛੜਾ ਹੀ ਤੁਰਿਆ ਫਿਰਦਾ ਸੀ ਤੇ ਕਿਵੇਂ ਨਾ ਕਿਵੇਂ ਵਿਆਹ ਕਰਾਉਣ ਦੇ ਚੱਕਰ ਵਿਚ ਸੀ। ਜਦੋਂ ਕਦੇ ਤਾਏ ਦੇ ਵਿਆਹ ਦੀ ਗੱਲ ਤੁਰਦੀ, ਤਾਏ ਦੇ ਪੈਰ ਭੋਇੰ ਨਾ ਲੱਗਦੇ। ਉਹ ਵਿਚੋਲੇ ਦੀ ਗੁਲਾਮੀ ਕਰਨ ਤੱਕ ਤਿਆਰ ਹੋ ਜਾਂਦਾ ਸੀ, ਪਰ ਫਿਰ ਵੀ ਤਾਏ ਦੀ ਕਿਸਮਤ ਸਾਥ ਨਾ ਦਿੰਦੀ। ਤਾਏ ਦਾ ਰਿਸ਼ਤਾ ਜੁੜਦੇ-ਜੁੜਦੇ ਐਨ ਮੌਕੇ 'ਤੇ ਆ ਕੇ ਟੁੱਟ ਜਾਂਦਾ। ਤਾਇਆ ਬੇਚਾਰਾ ਬਣ ਕੇ ਰਹਿ ਜਾਂਦਾ। ਤਾਏ ਦੀ ਕੋਈ ਵਾਹ ਨਾ ਚੱਲਦੀ। ਬੇਬਸੀ ਐਨੀ ਕਿ ਤਾਇਆ ਕਿਸੇ ਵੀ ਜਾਤ-ਧਰਮ ਵਿਚ ਵਿਆਹ ਕਰਵਾ ਲੈਣਾ ਚਾਹੁੰਦਾ ਸੀ।

ਇਸੇ ਦੌਰਾਨ ਵਿਆਹ ਕਰਾਉਣ ਦਾ ਇੱਕ ਮੌਕਾ ਤਾਏ ਨੂੰ ਮਿਲ ਹੀ ਗਿਆ। ਮੋਗੇ ਕਾਂਗਰਸ ਕਮੇਟੀ ਵਾਲਿਆਂ ਨੇ ਐਲਾਨ ਕੀਤਾ ਕਿ ਇੱਕ ਤੀਹ-ਬੱਤੀ ਸਾਲਾਂ ਦੀ ਔਰਤ ਹੈ। ਉਹ ਮਿੰਟਗੁਮਰੀ (ਪਾਕਿਸਤਾਨ) ਤੋਂ ਉੱਜੜ ਕੇ ਆਈ ਹੈ। ਉਸ ਦਾ ਸਾਰਾ ਪਰਿਵਾਰ ਫਸਾਦਾਂ ਵਿਚ ਮਾਰਿਆ ਗਿਆ ਹੈ। ਇਸ ਵਕਤ ਉਹ ਬੇਸਹਾਰਾ ਔਰਤ ਕਮੇਟੀ ਦੀ ਸ਼ਰਨ ਵਿਚ ਹੈ। ਕਾਂਗਰਸ ਕਮੇਟੀ ਵਾਲੇ ਉਸ ਦਾ ਵਿਆਹ ਕਰਨਾ ਚਾਹੁੰਦੇ ਹਨ। ਲੋੜਵੰਦ ਵਿਆਹ ਦੇ ਇਛੁੱਕ ਵਿਅਕਤੀ ਅਰਜੀ ਦੇ ਸਕਦੇ ਹਨ। ਕਮੇਟੀ ਉਸ ਔਰਤ ਦੀ ਸਹਿਮਤੀ ਨਾਲ ਵਰ ਦੀ ਚੋਣ ਖੁਦ ਕਰੇਗੀ। ਇਹ ਤਾਏ ਵਾਸਤੇ ਇੱਕ ਤਰ੍ਹਾਂ ਦੀ ਲਾਟਰੀ ਸੀ। ਲਾਟਰੀ ਨਿਕਲ ਆਈ ਤਾਂ ਮੌਜਾਂ ਲੱਗ ਜਾਣਗੀਆਂ, ਤਾਏ ਦਾ ਘਰ ਵਸ ਜਾਊ। ਛੜਾ ਤਾਇਆ ਵੀ ਵਿਆਹਿਆਂ ਵਿਚ ਸ਼ਾਮਲ ਹੋ ਜਾਵੇਗਾ।

ਪਹਿਲਾਂ ਤਾਂ ਤਾਏ ਨੇ ਨਾਂਹ-ਨੁਕਰ ਜਿਹੀ ਕੀਤੀ ਕਿ ਮੇਰੀ ਅਰਜੀ ਕਿੱਥੇ ਮਨਜ਼ੂਰ ਹੋਣੀ ਹੈ? ਪਰ ਮੇਰੇ ਪਿਓ ਅਤੇ ਦਾਦੀ ਨੇ ਕਹਿ ਕਹਾ ਕੇ ਤਾਏ ਤੋਂ ਦਰਖਾਸਤ ਦਿਵਾ ਦਿੱਤੀ। ਤਾਏ ਦੇ ਚੰਗੇ ਭਾਗਾਂ ਨੂੰ ਅਰਜੀ ਮਨਜ਼ੂਰ ਹੋ ਗਈ। ਉਸ ਵਕਤ ਤਾਏ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਤਾਇਆ ਅਸਮਾਨ ਵਿਚ ਉੱਡਦਾ ਫਿਰ ਰਿਹਾ ਸੀ। ਤਾਏ ਦਾ ਵਿਆਹ ਕਰਵਾਉਣ ਦਾ ਸੁਪਨਾ ਸਾਕਾਰ ਹੋ ਗਿਆ ਸੀ।

ਉਸ ਵਕਤ ਕਾਂਗਰਸ ਕਮੇਟੀ ਵਾਲਿਆਂ ਤਾਏ ਤੋਂ ਪੰਜ ਸੌ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾ ਲਏ ਕਿ ਵਿਆਹ ਤੋਂ ਦੋ ਸਾਲ ਤੱਕ ਜੇ ਪਤੀ-ਪਤਨੀ ਵਿਚ ਕੋਈ ਝਗੜਾ ਵਗੈਰਾ ਨਹੀਂ ਹੁੰਦਾ ਤਾਂ ਉਹ ਰਕਮ ਵਿਆਜ ਸਮੇਤ ਉਸ ਵਿਅਕਤੀ ਨੂੰ ਵਾਪਸ ਕਰ ਦਿੱਤੀ ਜਾਵੇਗੀ। ਜੇ ਕਿਸੇ ਗੱਲੋਂ ਛੱਡ-ਛੁਡਾ ਹੋ ਜਾਂਦਾ ਹੈ ਤਾਂ ਉਹ ਰਕਮ ਉਸ ਬੇਸਹਾਰਾ ਔਰਤ ਨੂੰ ਦੇ ਦਿੱਤੀ ਜਾਵੇਗੀ ਤੇ ਮਰਦ ਦਾ ਉਨ੍ਹਾਂ ਪੈਸਿਆਂ 'ਤੇ ਕੋਈ ਹੱਕ ਨਹੀਂ ਰਹੇਗਾ। ਇਉਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ 12 ਅਕਤੂਬਰ 1947 ਨੂੰ ਤਾਏ ਦੀ ਸ਼ਾਦੀ ਸੰਪੰਨ ਹੋ ਗਈ। ਤਾਇਆ ਵੀ ਸੁਪਨਿਆਂ ਦੀ ਦੁਨੀਆਂ 'ਚੋਂ ਨਿਕਲ ਕੇ ਅਸਲੀ ਵਿਆਹਿਆਂ ਵਿਚ ਸ਼ਾਮਲ ਹੋ ਗਿਆ ਸੀ। ਉਸ ਔਰਤ ਯਾਨਿ ਮੇਰੀ ਤਾਈ ਨੇ ਤਾਏ ਨੂੰ ਆਪਣਾ ਨਾਂ 'ਲਾਲ ਦੇਈ' ਦੱਸਿਆ। ਉਸ ਨੇ ਦੱਸਿਆ ਕਿ ਉਸ ਦਾ ਸਾਰਾ ਪਰਿਵਾਰ ਫਸਾਦਾਂ ਵਿਚ ਮਾਰਿਆ ਜਾ ਚੁਕਾ ਹੈ। ਉਸ ਦਾ ਇੱਕ ਛੋਟਾ ਭਰਾ ਪੁਲਿਸ ਵਿਚ ਸਿਪਾਹੀ ਹੈ। ਉਸ ਨੂੰ ਆਪਣੇ ਉਸ ਭਰਾ ਦਾ ਵੀ ਕੋਈ ਅਤਾ-ਪਤਾ ਨਹੀਂ, ਉਹ ਮਰ ਗਿਆ ਜਾਂ ਜ਼ਿੰਦਾ ਹੈ।

ਤਾਏ ਦੀ ਜ਼ਿੰਦਗੀ ਆਪਣੀ ਤੋਰੇ ਤੁਰ ਪਈ। ਦੋਹਾਂ ਦਾ ਪਿਆਰ ਹੱਦ ਤੋਂ ਵੱਧ। ਤਾਇਆ ਦੋਧੀ ਸੀ। ਦੁੱਧ ਦਾ ਕੰਮ ਕਰਦਾ ਸੀ। ਉਹ ਪਿੰਡ ਬਹੋਨਿਓਂ ਦੁੱਧ ਇਕੱਠਾ ਕਰਕੇ ਲਿਆਉਂਦਾ ਤੇ ਮੋਗੇ ਹਲਵਾਈਆਂ ਦੀਆਂ ਦੁਕਾਨਾਂ 'ਤੇ ਸਪਲਾਈ ਕਰਦਾ। ਖੂਬ ਕਮਾਈ ਕਰਦਾ। ਤਾਈ ਘਰ ਦੀ ਮਾਲਕਣ ਸੁਘੜ ਸੁਆਣੀ। ਉਹ ਹਾਰ-ਸ਼ਿੰਗਾਰ ਖੂਬ ਕਰਦੀ। ਮੋਗੇ ਦੇ ਬਾਜ਼ਾਰਾਂ ਵਿਚ ਘੁੰਮਦੀ। ਮਨ ਆਈਆਂ ਕਰਦੀ। ਤਾਇਆ ਕੁਝ ਨਾ ਕਹਿੰਦਾ, ਸਗੋਂ ਤਾਈ ਵੱਲੋਂ ਬੇ-ਫਿਕਰ ਬਾਗੋ-ਬਾਗ ਰਹਿੰਦਾ।




ਇੱਕ ਦਿਨ ਅਵਾਰਾ ਤੁਰੀ ਫਿਰਦੀ ਤਾਈ ਮੇਰੇ ਪਿਤਾ ਜੀ ਨੇ ਵੇਖ ਲਈ। ਤਾਈ ਦੇ ਚਾਲੇ ਵੇਖ ਕੇ ਮੇਰੇ ਪਿਓ ਦਾ ਕਿਸੇ ਅਣਜਾਣੇ ਸ਼ੱਕ ਵਿਚ ਮੱਥਾ ਠਣਕਿਆ। ਉਹਨੇ ਘਰ ਆ ਕੇ ਤਾਏ ਨੂੰ ਆਖਿਆ, "ਗੋਪਾਲ ਚੰਦ ਭਰਾ, ਲਾਲ ਦੇਈ ਨੂੰ ਐਨੀ ਖੁੱਲ੍ਹ ਨਾ ਦੇਹ। ਇਹ ਰੋਜ਼ ਬਾਜ਼ਾਰਾਂ ਵਿਚ ਅਵਾਰਾ ਘੁੰਮਦੀ ਹੈ। ਕਈ ਘਰੀਂ ਇਹਦਾ ਆਉਣਾ-ਜਾਣਾ ਵੀ ਹੈ। ਸੰਭਾਲ ਇਹਨੂੰ, ਪਛਤਾਵੇਂਗਾ!"

ਪਰ ਤਾਈ ਦੇ ਪਿਆਰ ਵਿਚ ਪਾਗਲ ਤਾਇਆ ਤਾਂ ਤਾਈ ਦੇ ਹੀ ਪੱਖ ਵਿਚ ਬੋਲਦਾ ਰਿਹਾ। ਅਖੀਰ ਕਾਫੀ ਤਕਰਾਰਬਾਜ਼ੀ ਪਿਛੋਂ ਤਾਇਆ ਮੇਰੇ ਪਿਓ ਨੂੰ ਬੋਲਿਆ, "ਯਾਰ ਤੂੰ ਆਪਣੇ ਘੋੜੇ ਭਜਾ, ਮੈਨੂੰ ਆਪਣਾ ਭਜਾਉਣ ਦੇ। ਸਾਡੀ ਵਸਦੀ-ਰਸਦੀ ਜ਼ਿੰਦਗੀ ਵਿਚ ਦਖਲ ਨਾ ਦੇਹ।" ਮੇਰਾ ਪਿਓ ਚੁੱਪ ਕਰ ਗਿਆ। ਮੁੜ ਕੁਝ ਨਹੀਂ ਬੋਲਿਆ।

ਤਾਏ ਦੇ ਵਿਆਹ ਤੋਂ ਕੁਝ ਸਾਲਾਂ ਬਾਅਦ 9 ਫਰਵਰੀ 1949 ਨੂੰ ਉਨ੍ਹਾਂ ਦੇ ਘਰ ਇੱਕ ਮੁੰਡਾ ਵੀ ਜੰਮ ਪਿਆ। ਉਸ ਮੁੰਡੇ ਦਾ ਨਾਂ ਤਾਏ ਨੇ ਅੰਮ੍ਰਿਤ ਲਾਲ ਰੱਖਿਆ। ਤਾਇਆ ਮੁੰਡੇ ਨੂੰ ਗੋਦੀ ਚੁੱਕ ਕੇ ਖਿਡਾਉਂਦਾ। ਘੋੜਾ ਬਣਿਆ ਉਹਨੂੰ ਆਪਣੀ ਪਿੱਠ 'ਤੇ ਬਿਠਾਲ ਕੇ ਝੂਟੇ ਦਿੰਦਾ। ਇਉਂ ਜ਼ਿੰਦਗੀ ਆਪਣੀ ਤੋਰੇ ਤੁਰ ਰਹੀ ਸੀ। ਤਾਏ ਦੇ ਘਰ ਵਿਚ ਖੁਸ਼ੀਆਂ ਦਾ ਹੜ੍ਹ ਆਇਆ ਪਿਆ ਸੀ।

ਇਨ੍ਹਾਂ ਖੁਸ਼ੀਆਂ ਨੂੰ ਪਤਾ ਨਹੀਂ ਕਿਸ ਕੁਲਹਿਣੇ ਦੀ ਨਜ਼ਰ ਲੱਗ ਗਈ। ਤਾਏ ਦੀ ਹੱਸਦੀ-ਵੱਸਦੀ ਜ਼ਿੰਦਗੀ ਸ਼ਰਾਪ ਬਣ ਗਈ। ਇੱਕ ਮੰਦਭਾਗੀ ਘਟਨਾ ਜੋ ਤਾਏ ਨਾਲ ਹੋਣੀ ਸੀ, ਉਹ ਹੋ ਕੇ ਹੀ ਰਹੀ। ਤਾਇਆ ਹਲਵਾਈਆਂ ਨੂੰ ਦੁੱਧ ਵਰਤਾ ਕੇ ਅਜੇ ਘਰੇ ਪਹੁੰਚਿਆ ਹੀ ਸੀ। ਜਦੋਂ ਘਰ ਦੇ ਮੂਹਰੇ ਇੱਕ ਤਾਂਗਾ ਆ ਕੇ ਰੁਕਿਆ। ਤਾਂਗੇ ਵਿਚ ਸਥਾਨਕ ਪੁਲਿਸ ਦੇ ਆਦਮੀ ਤੇ ਕੁਝ ਕੁ ਪਾਕਿਸਤਾਨ ਤੋਂ ਸਰਕਾਰੀ ਅਮਲੇ ਦੇ ਬੰਦੇ। ਉਨ੍ਹਾਂ ਵਿਚ ਲਾਲ ਦੇਈ ਦਾ ਉਹ ਸਿਪਾਹੀ ਭਰਾ ਵੀ ਸੀ, ਜਿਸ ਦਾ ਜ਼ਿਕਰ ਪਹਿਲਾਂ ਲਾਲ ਦੇਈ ਨੇ ਤਾਏ ਕੋਲ ਕੀਤਾ ਸੀ। ਉਨ੍ਹਾਂ ਦੱਸਿਆ ਕਿ ਉਹ ਅਰਸ਼ਾਦ ਬੇਗਮ ਉਰਫ ਲਾਲ ਦੇਈ ਨੂੰ ਪਾਕਿਸਤਾਨ ਲੈ ਕੇ ਜਾਣ ਵਾਸਤੇ ਆਏ ਹਨ।

ਸਭ ਕੌਤਕ ਵੇਖ ਕੇ ਤਾਏ ਦੇ ਹੱਥਾਂ ਦੇ ਤੋਤੇ ਉੱਡ ਗਏ। ਤਾਇਆ ਡੌਰ-ਭੌਰ ਹੋ ਗਿਆ। ਉਸ ਦੇ ਦਿਮਾਗ ਵਿਚੋਂ ਸ਼ਾਂ-ਸ਼ਾਂ ਦੀਆਂ ਅਵਾਜ਼ਾਂ ਆਉਂਦੀਆਂ ਪ੍ਰਤੀਤ ਹੋ ਰਹੀਆਂ ਸਨ। ਇਹ ਕੀ ਭਾਣਾ ਵਾਪਰ ਰਿਹਾ ਹੈ, ਸਭ ਕੁਝ ਤਾਏ ਦੀ ਸਮਝ ਤੋਂ ਪਰ੍ਹੇ ਸੀ। ਲਾਲ ਦੇਈ ਮੁਸਲਮਾਨ ਔਰਤ ਸੀ। ਹਿੰਦੂ ਹੋਣ ਦਾ ਉਸ ਨੇ ਝੂਠ ਬੋਲਿਆ ਸੀ। ਉਹ ਆਪਣੇ ਭਰਾ ਨਾਲ ਖਤੋ-ਖਿਤਾਬਤ ਕਰਦੀ ਰਹੀ ਸੀ। ਉਸ ਨੇ ਪਿਛਲੇ ਸਾਲਾਂ ਤੋਂ ਚਿਠੀਆਂ ਰਾਹੀਂ ਆਪਣੇ ਭਰਾ ਨਾਲ ਰਾਬਤਾ ਬਣਾਈ ਰੱਖਿਆ ਸੀ। ਉਸ ਦਾ ਨਤੀਜਾ ਸਭ ਦੇ ਸਾਹਮਣੇ ਸੀ। ਉਸ ਦਿਨ ਤਾਈ ਬਿਮਾਰ ਸੀ। ਅੰਦਰ ਮੰਜੇ 'ਤੇ ਪਈ ਸੀ। ਉਹ ਤੁਰੰਤ ਉੱਠ ਕੇ ਬਾਹਰ ਆ ਗਈ। ਬੇਵਫਾ ਔਰਤ ਤਾਏ ਦੇ ਪਿਆਰ ਨੂੰ ਪਲਾਂ ਵਿਚ ਭੁੱਲ ਗਈ। ਉਹ ਭਰਾ ਨਾਲ ਹੋ ਤੁਰੀ।

ਮੋਗੇ ਠਾਣੇ ਪਹੁੰਚ ਕੇ ਇਹ ਫੈਸਲਾ ਹੋ ਗਿਆ ਕਿ ਅਰਸ਼ਾਦ ਬੇਗਮ ਉਰਫ ਲਾਲ ਦੇਈ ਪਾਕਿਸਤਾਨ ਆਪਣੇ ਭਰਾ ਨਾਲ ਜਾਵੇਗੀ। ਰੋਣਹਾਕੇ ਹੋਏ ਤਾਏ ਦੀ ਗੋਦੀ ਚੁੱਕਿਆ ਮੁੰਡਾ ਅੰਮ੍ਰਿਤ ਲਾਲ ਅਚਾਨਕ ਰੋ ਪਿਆ। ਅਰਸ਼ਾਦ ਬੇਗਮ ਦੇ ਭਰਾ ਨੇ ਮੁੰਡਾ ਤਾਏ ਤੋਂ ਫੜ ਕੇ ਤਾਂਗੇ 'ਚ ਬੈਠੀ ਅਰਸ਼ਾਦ ਬੇਗਮ ਦੀ ਗੋਦੀ ਵਿਚ ਬਿਠਾ ਦਿੱਤਾ। ਜੇ ਅੰਮ੍ਰਿਤ ਨਾ ਰੋਂਦਾ ਤਾਂ ਸ਼ਾਇਦ ਉਹ ਹੀ ਤਾਏ ਕੋਲ ਰਹਿ ਜਾਂਦਾ। ਇਸ ਗੱਲ ਦਾ ਮਲਾਲ ਤਾਏ ਨੂੰ ਸਾਰੀ ਜ਼ਿੰਦਗੀ ਰਿਹਾ; ਪਰ 23 ਅਗਸਤ 1950 ਦੀ ਉਹ ਮਨਹੂਸ ਘੜੀ ਜਦੋਂ ਤਾਂਗਾ ਰੇਲਵੇ ਸਟੇਸ਼ਨ ਵੱਲ ਨੂੰ ਤੁਰਿਆ ਸੀ ਤਾਂ ਤਾਏ ਨੂੰ ਉਹ ਗੱਲ ਯਾਦ ਆ ਗਈ, ਜਦੋਂ ਉਹਨੇ ਮੇਰੇ ਪਿਓ ਨੂੰ ਕਿਹਾ ਸੀ, "ਯਾਰ ਤੂੰ ਆਪਣੇ ਘੋੜੇ ਭਜਾ, ਮੈਨੂੰ ਆਪਣੇ ਭਜਾਉਣ ਦੇ।" ਤਾਏ ਨੂੰ ਜਾਪਿਆ ਕਿ ਘੋੜਾ ਸੱਚੀਂ-ਮੁੱਚੀਂ ਹੀ ਭੱਜ ਗਿਆ ਹੈ।

ਜਿਵੇਂ ਕਿਵੇਂ ਲੁਟਿਆ-ਪੱਟਿਆ ਉਦਾਸ ਡਿੱਕਡੋਲੇ ਖਾਂਦਾ ਤਾਇਆ ਠਾਣਿਓਂ ਵਾਪਸ ਘਰ ਮੁੜ ਆਇਆ। ਕਦੇ ਪੈਂਦਾ, ਕਦੇ ਬਹਿੰਦਾ ਉਦਾਸੀ ਸੰਗ ਲੜਦਾ ਰਿਹਾ। ਤਾਏ ਦੀ ਸਾਰੀ ਸਲਤਨਤ ਲੁੱਟੀ ਜਾ ਚੁਕੀ ਸੀ। ਤਾਏ ਦਾ ਉੱਚੀ-ਉੱਚੀ ਚੀਕਾਂ ਮਾਰ ਕੇ ਰੋਣ ਨੂੰ ਮਨ ਕਰ ਰਿਹਾ ਸੀ, ਪਰ ਮਰਦ ਹੋਣਾ ਤਾਏ ਨੂੰ ਰੋਕੀ ਬੈਠਾ ਸੀ। ਕਦੇ ਦੂਜਿਆਂ ਨੂੰ ਹੌਸਲਾ ਦਿੰਦਿਆਂ ਤਾਇਆ ਅਕਸਰ 'ਮਰਦ ਹਾਂ, ਹੋਣੀ ਦੇ ਮੂਹਰੇ ਕਿਉਂ ਝੁਕਾਂ!' ਦੀ ਨਸੀਹਤ ਦਿਆ ਕਰਦਾ ਸੀ। ਸ਼ਾਮ ਹੋ ਗਈ ਸੀ। ਕਹਿ ਕਹਾ ਕੇ ਮਾਂ ਨੇ ਰੋਟੀ ਖਵਾ ਦਿੱਤੀ। ਭਰਾ ਨੇ ਹੌਸਲਾ ਦਿੱਤਾ।

ਤਾਇਆ ਦਾਰੂ ਨਹੀਂ ਸੀ ਪੀਂਦਾ, ਨਹੀਂ ਤਾਂ ਹੁਣ ਨੂੰ ਇੱਕ-ਦੋ ਬੋਤਲਾਂ ਖਾਲੀ ਕਰ ਚੁਕਾ ਹੁੰਦਾ। ਰਾਤੀਂ ਸੌਣ ਦਾ ਵੇਲਾ ਹੋ ਗਿਆ। ਉਹ ਮੰਜੇ ਵੱਲ ਨੂੰ ਅਹੁਲਿਆ। ਬੀਮਾਰ ਤਾਈ ਸਾਰਾ ਦਿਨ ਮੰਜੇ 'ਤੇ ਪਈ ਰਹੀ ਸੀ। ਮੰਜਾ ਉਵੇਂ ਹੀ ਵਿਛਿਆ ਪਿਆ ਸੀ। ਤਾਏ ਨੇ ਸਿਰ ਵਾਲੀ ਸਾਫੀ ਨਾਲ ਮੰਜਾ ਝਾੜਿਆ। ਸਿਰਹਾਣਾ ਚੁੱਕ ਕੇ ਸਿੱਧਾ ਕੀਤਾ। ਹੇਠੋਂ ਇੱਕ ਪੋਟਲੀ ਜਿਹੀ ਲੁੜਕ ਕੇ ਮੰਜੇ ਦੇ ਵਿਚਕਾਰ ਆ ਗਈ। ਤਾਏ ਨੇ ਉਹ ਪੋਟਲੀ ਖੋਲ੍ਹ ਕੇ ਵੇਖੀ। ਸਾਰੇ ਸੋਨੇ ਦੇ ਗਹਿਣੇ ਪੋਟਲੀ ਵਿਚ ਬੰਨ੍ਹ ਕੇ ਰੱਖੇ ਪਏ ਸਨ। ਤਾਇਆ ਸਮਝ ਗਿਆ ਕਿ ਲਾਲ ਦੇਈ ਦੀ ਨੀਅਤ ਸਾਰਾ ਸੋਨਾ ਨਾਲ ਲੈ ਕੇ ਜਾਣ ਦੀ ਸੀ। ਤਾਏ ਦੇ ਕੰਨ ਖਰਗੋਸ਼ ਵਾਂਗ ਖੜ੍ਹੇ ਹੋ ਗਏ। ਉਹਨੇ ਮਾਂ ਨੂੰ ਅਵਾਜ਼ ਮਾਰੀ। ਮਾਂ ਸਾਰੀ ਗੱਲ ਸਮਝ ਗਈ ਕਿ ਬਹੂ ਦਾ ਸਾਰਾ ਪਲਾਨ ਮਿਥ ਕੇ ਤਿਆਰ ਕੀਤਾ ਹੋਇਆ ਸੀ। ਉਨ੍ਹਾਂ ਸਭ ਟਰੰਕ-ਪੇਟੀਆਂ ਖੋਲ੍ਹ-ਖੋਲ੍ਹ ਕੇ ਵੇਖੀਆਂ। ਸਭ ਕੁਝ ਠੀਕ-ਠਾਕ ਸੀ। ਉੱਦਣ ਇੱਕ ਤਾਂ ਤਾਈ ਬੀਮਾਰ ਸੀ ਤੇ ਦੂਜੀ ਹਫੜਾ-ਦਫੜੀ ਵਿਚ ਗਹਿਣੇ ਚੁੱਕਣੇ ਭੁੱਲ ਗਈ ਸੀ। ਬਚਾਅ ਹੋ ਗਿਆ। ਨਹੀਂ ਤਾਂ ਤਾਏ ਦੀ ਮਿਹਨਤ ਦੀ ਕਮਾਈ ਪਾਕਿਸਤਾਨ ਚਲੀ ਜਾਣੀ ਸੀ। ਲਾਲ ਦੇਈ ਦੀ ਇਸ ਹਰਕਤ ਨੇ ਉਸ ਦਾ ਅਕਸ ਤਾਏ ਦੇ ਮਨ ਵਿਚ ਧੁੰਦਲਾ ਕਰ ਦਿੱਤਾ। ਤਾਏ ਦੇ ਮਨ ਵਿਚ ਲਾਲ ਦੇਈ ਦੀ ਯਾਦ ਕੁਝ ਮੱਠੀ ਪੈ ਗਈ। ਹੌਲੀ-ਹੌਲੀ ਉਹ ਮਨੋ ਵਿਸਰਨ ਲੱਗ ਪਈ।

ਇਸ ਪਿੱਛੋਂ ਅਰਸ਼ਾਦ ਬੇਗਮ ਦੇ ਜੀਜੇ ਅਬਦੁੱਲ ਲਤੀਫ ਦੇ ਖਤ ਤਾਏ ਨੂੰ ਆਉਣ ਲੱਗ ਪਏ। ਅਬਦੁੱਲ ਲਤੀਫ ਪਾਕਿਸਤਾਨ ਦੇ ਇੱਕ ਸ਼ਹਿਰ 'ਪਾਕ-ਪਟਨ' ਹਕੀਮੀ ਕਰਦਾ ਸੀ। ਅਰਸ਼ਾਦ ਬੇਗਮ ਨੇ ਆਪਣੇ ਜੀਜੇ ਅਬਦੁੱਲ ਲਤੀਫ ਨਾਲ ਵਿਆਹ ਕਰਵਾ ਲਿਆ ਸੀ। ਉਹ ਪਾਕਿਸਤਾਨ ਜਾ ਕੇ ਆਪਣੀ ਵੱਡੀ ਭੈਣ ਦੀ ਸੌਂਕਣ ਬਣ ਗਈ ਸੀ। ਪਾਕਿਸਤਾਨੋ ਦੋ-ਤਿੰਨ ਸਾਲ ਖਤ ਆਉਂਦੇ ਰਹੇ। ਖਤਾਂ ਵਿਚ ਤਾਈ ਸਭ ਦਾ ਹਾਲ-ਚਾਲ ਪੁੱਛਦੀ ਰਹੀ। ਪਹਿਲੇ ਖਤ ਵਿਚ ਤਾਈ ਨੇ ਲਿਖਿਆ ਕਿ ਆਪਣੀ ਗਵਾਂਢਣ ਰੱਖੋ ਇੱਕ ਕਿੱਲੋ ਘਿਓ ਲੈ ਗਈ ਸੀ। ਉਸ ਦੇ ਪੈਸੇ ਲੈ ਲਵੀਂ। ਖਤਾਂ ਰਾਹੀਂ ਹੀ ਤਾਏ ਨੂੰ ਪਤਾ ਚੱਲਿਆ ਕਿ ਉਹ ਫਾਜ਼ਿਲਕਾ ਦੇ ਕਿਸੇ ਪਿੰਡ ਦੀ ਮੁਸਲਮਾਨਣੀ ਸੀ। ਸੰਤਾਲੀ ਦੇ ਦੰਗਿਆਂ ਵਿਚ ਉਹਦੇ ਮਾਂ-ਪਿਓ ਮਾਰੇ ਗਏ। ਉਹ ਗੱਡੀਆਂ-ਕੈਂਪਾਂ 'ਚ ਭਟਕਦੀ ਮੋਗੇ ਆਣ ਪੁੱਜੀ। ਉੱਥੇ ਕਾਂਗਰਸ ਕਮੇਟੀ ਵਾਲਿਆਂ ਉਹਦਾ ਵਿਆਹ ਤਾਏ ਨਾਲ ਕਰਵਾ ਦਿੱਤਾ। ਉਹਨੇ ਆਪਣੀ ਜਾਨ ਬਚਾਉਣ ਲਈ ਹਿੰਦੂ ਔਰਤ ਹੋਣ ਦਾ ਝੂਠ ਬੋਲਿਆ। ਉਹ ਮਾਸਾਹਾਰੀ ਸੀ। ਉਹਨੂੰ ਕਈ ਵਾਰ ਮੀਟ ਖਾਣ ਦੀ ਤਲਬ ਲੱਗਦੀ। ਉਹ ਬਾਜ਼ਾਰ ਵਿਚ ਨਿਕਲ ਜਾਂਦੀ। ਇੱਕ ਮੀਟ ਵਾਲੇ ਦੇ ਘਰੇ ਉਸ ਨੇ ਆਉਣਾ-ਜਾਣਾ ਬਣਾ ਲਿਆ ਸੀ। ਉਹ ਉਨ੍ਹਾਂ ਨੂੰ ਵੱਧ ਪੈਸੇ ਦੇ ਕੇ ਉਨ੍ਹਾਂ ਦੇ ਘਰੇ ਹੀ ਮੀਟ ਰਿੰਨ ਲੈਂਦੀ। ਉਨ੍ਹਾਂ ਦੇ ਘਰੋਂ ਹੀ ਉਹ ਪਾਕਿਸਤਾਨ ਆਪਣੇ ਭਰਾ ਅਤੇ ਜੀਜੇ ਨੂੰ ਖਤ ਲਿਖਦੀ। ਜੀਜੇ ਦੇ ਖਤ ਵੀ ਉਨ੍ਹਾਂ ਦੇ ਘਰ ਹੀ ਆ ਜਾਂਦੇ। ਇਉਂ ਉਸ ਦੇ ਪਾਕਿਸਤਾਨ ਜਾਣ ਦਾ ਮਨਸੂਬਾ ਸਫਲ ਹੋ ਸਕਿਆ ਸੀ।

ਅਰਸ਼ਾਦ ਬੇਗਮ ਨੇ ਕਈ ਖਤਾਂ ਵਿਚ ਤਾਏ ਨੂੰ ਪਾਕਿਸਤਾਨ ਆ ਕੇ ਮਿਲ ਜਾਣ ਬਾਰੇ ਲਿਖਿਆ। ਤਾਏ ਦਾ ਜੀ ਕਰਦਾ ਸੀ ਕਿ ਆਪਣੇ ਮੁੰਡੇ ਨੂੰ ਮਿਲ ਆਵੇ, ਪਰ ਤਾਇਆ ਡਰਦਾ ਨਹੀਂ ਗਿਆ ਕਿ ਕਿਤੇ ਉਹ ਮਾਰ ਕੇ ਖਪਾ ਹੀ ਨਾ ਦੇਣ। ਇੱਕ ਵਾਰ ਤਾਏ ਨੇ ਆਪਣੇ ਖਤ ਵਿਚ ਲਿਖ ਦਿੱਤਾ, ਤੂੰ ਮੁੰਡੇ ਨੂੰ ਲੈ ਕੇ ਭਾਰਤ ਆ ਜਾ। ਦੋ-ਚਾਰ ਦਿਨ ਰਹਿ ਜਾਵੀਂ। ਨਾਲੇ ਮੈਂ ਆਪਣੇ ਮੁੰਡੇ ਨੂੰ ਮਿਲ ਲਵਾਂਗਾ। ਉਸ ਖਤ ਦਾ ਉੱਤਰ ਉਡੀਕਦਿਆਂ-ਉਡੀਕਦਿਆਂ ਤਾਇਆ 85 ਵਰ੍ਹਿਆਂ ਦਾ ਹੋ ਗਿਆ ਸੀ। ਇਸ ਦਰਮਿਆਨ ਤਾਏ ਨੇ 28 ਅਪਰੈਲ 1954 ਨੂੰ ਵਿਆਹ ਵੀ ਕਰਵਾ ਲਿਆ ਸੀ। ਤਿੰਨ ਕੁੜੀਆਂ ਤੇ ਇੱਕ ਮੁੰਡਾ ਤਾਏ ਦੇ ਹੋ ਗਏ। ਹੁਣ ਵਾਲੇ ਮੁੰਡੇ ਦਾ ਨਾਂ ਤਾਏ ਨੇ ਸੁਸ਼ੀਲ ਕੁਮਾਰ ਉਰਫ ਮੋਹਣਾ ਰੱਖਿਆ, ਜੋ ਹੁਣ ਬਾਲ ਬੱਚੇਦਾਰ ਹੈ। ਤਾਇਆ ਆਪਣੇ ਪਾਕਿਸਤਾਨ ਚਲੇ ਗਏ ਮੁੰਡੇ ਬਾਰੇ ਅਕਸਰ ਸੋਚਦਾ ਸੀ ਕਿ 'ਸਫੀਕ ਉਲ ਰਹਿਮਾਨ' ਹੁਣ ਭਰ ਜਵਾਨ ਹੋ ਗਿਆ ਹੋਵੇਗਾ। ਉਹਦੇ ਬੱਚੇ ਹੋਣਗੇ; ਸਾਊ ਹੋਵੇਗਾ...ਆਦਿ, ਆਦਿ।

ਸਾਲ 1996 ਦੀ ਗੱਲ ਹੈ। ਇੱਕ ਦਿਨ ਅਚਾਨਕ ਲਾਹੌਰ ਤੋਂ ਛਪਦਾ ਇੱਕ ਬਾਲ ਰਸਾਲਾ 'ਪੰਖੇਰੂ' ਮੇਰੇ ਨਾਂ 'ਤੇ ਆਇਆ। ਤਾਇਆ ਉਰਦੂ ਜਾਣਦਾ ਸੀ। ਤਾਏ ਨੇ ਰਸਾਲਾ ਪੜ੍ਹ ਕੇ ਸੁਣਾਇਆ। ਮੇਰੀ ਵੀ ਇੱਕ ਬਾਲ ਕਵਿਤਾ ਉਸ ਵਿਚ ਛਪੀ ਸੀ। ਸ਼ਾਹਮੁਖੀ ਲਿਪੀ ਵਿਚ ਛਪਿਆ ਰਸਾਲਾ ਬੜਾ ਪਿਆਰਾ ਸੀ। ਮੈਂ ਉਹਦੇ ਸੰਪਾਦਕ ਅਸ਼ਰਫ ਸੁਹੇਲ ਨੂੰ ਪੰਜਾਬੀ ਵਿਚ ਖਤ ਲਿਖਿਆ। ਮੈਨੂੰ ਪਾਕਿਸਤਾਨ ਖਤ ਲਿਖਦਿਆਂ ਵੇਖ ਤਾਏ ਅੰਦਰ ਦੱਬੀ ਕਿੰਨਿਆਂ ਹੀ ਸਾਲਾਂ ਦੀ ਯਾਦ ਪੀੜ ਬਣ ਕੇ ਜ਼ੁਬਾਨ 'ਤੇ ਆ ਗਈ। ਬੋਲਿਆ, "ਯਾਰ ਆਪਾਂ ਵੀ ਖਤ ਲਿਖੀਏ ਤੇਰੀ ਤਾਈ ਨੂੰ...ਸ਼ਾਇਦ ਜੁਵਾਬ ਆ ਹੀ ਜਾਵੇ! ਮੇਰੇ ਪੁੱਤਰ ਦਾ ਹਾਲ-ਚਾਲ ਹੀ ਪਤਾ ਲੱਗ ਜਾਊ!"

'ਠੀਕ ਐ ਤਾਇਆ ਜੀ' ਕਹਿ ਕੇ ਮੈਂ ਤਾਏ ਨੂੰ ਕਾਪੀ ਤੇ ਪੈੱਨ ਪਕੜਾ ਦਿੱਤਾ। ਤਾਏ ਨੇ ਉਰਦੂ ਵਿਚ ਅਬਦੁੱਲ ਲਤੀਫ ਦੀ ਮਾਰਫਤ ਖਤ ਲਿਖਿਆ;

"22 ਜਨਵਰੀ 1997,...ਜਨਾਬ ਭਾਈ ਸਾਹਿਬ-ਅਬਦੁੱਲ ਲਤੀਫ ਜੀ, ਆਦਾਬ!... ਬਹੁਤ ਅਰਸਾ ਸੇ ਆਜ ਮੁਝੇ ਆਪ ਕੀ ਯਾਦ ਆਈ। ਹਮਕੋ ਬਰਖਰਦਾਰ ਸਫੀਕ ਉੱਲ ਰਹਿਮਾਨ ਉਰਫ ਅੰਮ੍ਰਿਤ ਲਾਲ ਔਰ ਉਸ ਕੀ ਵਾਲਿਦਾ ਅਰਸ਼ਾਦ ਬੇਗਮ ਉਰਫ ਲਾਲ ਦੇਈ ਕੀ ਰਾਜੀ-ਖੁਸ਼ੀ ਕਾ ਪਤਾ ਦੇਂ। ਹਮ ਆਪ ਕੇ ਖਤ ਕੀ ਇੰਤਜਾਰ ਫਰਮਾਏਂਗੇ। ਔਰ ਬਾਤੇਂ ਅਗਲੇ ਖਤ ਮੇ...। ਮੇਰਾ ਪਤਾ...।"

ਪ੍ਰਤੀ-ਜਨਾਬ ਸਫੀਕ ਉੱਲ ਰਹਿਮਾਨ,
ਵਲਦ-ਅਬਦੁੱਲ ਲਤੀਫ
ਮਾਰਫਤ ਲਤੀਫੀ ਦਵਾਖਾਨਾ,
ਪਾਕਪਟਨ, ਜਿਲ੍ਹਾ-ਮਿੰਟਗੁਮਰੀ
(ਪਾਕਿਸਤਾਨ)"

---

ਇਹ ਖਤ ਮੈਂ ਡਾਕਖਾਨੇ ਜਾ ਕੇ ਰਜਿਸਟਰਡ ਡਾਕ ਰਾਹੀਂ ਪੋਸਟ ਕਰ ਆਇਆ। ਤਾਇਆ ਉਸ ਖਤ ਦਾ ਉੱਤਰ ਰੋਜ਼ ਉਡੀਕਦਾ। ਕਦੇ-ਕਦੇ ਡਾਕੀਏ ਨੂੰ ਵੀ ਪੁੱਛ ਲੈਂਦਾ ਸੀ। ਡਾਕੀਆ ਨਾਂਹ ਵਿਚ ਸਿਰ ਘੁਮਾ ਕੇ ਅਗਾਂਹ ਨਿਕਲ ਜਾਂਦਾ। ਇਉਂ ਲਗਭਗ ਇੱਕ ਮਹੀਨਾ ਬੀਤ ਗਿਆ। ਮਹੀਨੇ ਕੁ ਬਾਅਦ ਖਤ ਜਿਉਂ ਦਾ ਤਿਉਂ ਵਾਪਸ ਆ ਗਿਆ। ਖਤ ਦੇ ਉੱਪਰ ਪਾਕਿਸਤਾਨੀ ਡਾਕੀਏ ਨੇ ਉਰਦੂ ਵਿਚ ਲਿਖਿਆ ਸੀ, "ਬਾਰ ਬਾਰ ਪਤਾ ਕੀਤਾ, ਪਰ ਇਸ ਪਤੇ 'ਤੇ ਕੋਈ ਨਹੀਂ ਮਿਲਿਆ।"

ਵਾਪਸ ਆਇਆ ਖਤ ਹੱਥ 'ਚ ਫੜ੍ਹ ਕੇ ਉਲਟ-ਪੁਲਟ ਕੇ ਵੇਖਦਾ ਤਾਇਆ ਹਲਕਾ ਜਿਹਾ ਮੁਸਕਰਾਇਆ। ਫਿਰ ਉਹ ਖਤ ਮੰਜੇ ਦੇ ਸਿਰਹਾਣੇ ਵਾਲੇ ਪਾਸੇ ਰੱਖ ਕੇ ਚੁੱਪ-ਚਾਪ ਜਿਹਾ ਬੈਠ ਗਿਆ। ਚੁੱਪ ਬੈਠਾ ਤਾਇਆ ਮੈਨੂੰ ਇਉਂ ਲੱਗਿਆ ਜਿਵੇਂ ਆਪਣੀ ਇਹ ਅੰਦਰ ਦੱਬੀ ਪੀੜ ਜਾਹਰ ਹੋਣ ਤੋਂ ਰੋਕਣ ਲਈ ਪੀੜ ਨੂੰ ਅੰਦਰੇ-ਅੰਦਰ ਪੀ ਰਿਹਾ ਹੋਵੇ। ਇਸ ਤੋਂ ਦੋ ਕੁ ਸਾਲਾਂ ਬਾਅਦ ਤਾਏ ਨੂੰ ਅਧਰੰਗ ਹੋ ਗਿਆ। ਸਾਲ-ਡੇਢ ਸਾਲ ਤਾਇਆ ਮੰਜੇ 'ਤੇ ਦੂਜਿਆਂ ਦੇ ਆਸਰੇ ਜ਼ਿੰਦਗੀ ਕੱਟਦਾ ਰਿਹਾ। ਫਿਰ ਤਾਇਆ ਸਭ ਕੁਝ ਭੁੱਲ-ਭੁਲਾ ਕੇ ਦੂਜੀ ਦੁਨੀਆਂ 'ਚ ਜਾ ਪਹੁੰਚਿਆ।

## ਕਹਾਣੀ

# ਡਰੇ ਹੋਏ ਫੁੱਲ



ਗੁਰਮੇਲ ਬੀਰੋਕੇ
ਫੋਨ: 1-604-825-8053
gurmailbiroke@gmail.com

ਮੈਂ ਨਿੱਕੀ ਹੁੰਦੀ ਤਿਤਲੀਆਂ ਮਗਰ ਬਹੁਤ ਭੱਜਦੀ ਸਾਂ। ਉਨ੍ਹਾਂ ਨੂੰ ਫੜਨਾ ਲੋਚਦੀ ਸਾਂ। ਮੇਰੇ ਅੰਦਰਲੀ ਸੋਝੀ ਮੈਨੂੰ ਰੋਕ ਦਿੰਦੀ। ਸੋਝੀ ਕਹਿੰਦੀ, "ਨਾ ਮੇਰੀ ਅੜੀਏ, ਇਹ ਮਰ ਜਾਣਗੀਆਂ!" ਪਰ ਮਨ ਕੁਝ ਹੋਰ ਕਹਿੰਦਾ, "ਫੜ ਲੈ, ਲੈ ਲਾ ਨਜ਼ਾਰੇ! ਹਰ ਸ਼ੈਅ ਨੇ ਮਰਨਾ ਈ ਐ।" ਮੈਂ ਆਪਣੇ ਮਨ ਨੂੰ ਧੱਕੇ ਨਾਲ ਰੋਕ ਲੈਂਦੀ ਤੇ ਹੋਰ ਪਾਸੇ ਮੋੜ ਲੈਂਦੀ।

ਹੁਣ ਮੈਂ ਵੱਡੀ ਹੋ ਗਈ ਹਾਂ। ਮੈਂ ਹਰ ਚੀਜ਼ ਨੂੰ, ਹਰ ਵਸਤ ਨੂੰ ਤੇ ਹਰ ਜੀਵ ਨੂੰ ਅਸਾਨੀ ਨਾਲ ਖਤਮ ਕਰ ਦਿੰਦੀ ਹਾਂ। ਮੇਰੀ ਸੋਝੀ ਵੀ ਹੁਣ ਮੇਰੇ ਮਨ ਨਾਲ ਰਲ ਗਈ ਹੈ। ਮਨ ਪੂਰਾ ਤਾਕਤਵਰ ਹੈ। ਆਪਣੀ ਮਰਜ਼ੀ ਕਰਦਾ ਹੈ।

ਫਰੇਜ਼ਰ ਦਰਿਆ ਦਾ ਕੰਢਾ ਸੀ। ਪਹਾੜਾਂ ਦੀ ਗੋਦ ਸੀ। ਖਿੜੀ ਹੋਈ ਦੁਪਹਿਰ ਤੇ ਗਰਮੀ ਦਾ ਮਹੀਨਾ ਸੀ। ਮਿਨੀ-ਮਿਨੀ ਪੱਛਮ ਵੱਲੋਂ ਪੌਣ ਵਗਦੀ ਸੀ। ਮੇਰੇ ਪੈਰ ਪਾਣੀ 'ਚ ਸਨ। ਮੇਰਾ ਮਨ ਚੁੱਪ ਸੀ। ਮੇਰੀ ਨਿਗਾਹ ਸਾਹਮਣੇ ਖੜ੍ਹੇ ਹਾਈਡਰੇਂਜੀਆ ਦੇ ਬੂਟੇ ਵੱਲ ਚਲੀ ਗਈ। ਮੇਰੀ ਸੋਝੀ ਕਹਿਣ ਲੱਗੀ ਕਿ ਮਨੁੱਖ ਦਾ ਮਨ ਇਸ ਪੌਦੇ ਜਿਹਾ ਹੈ, ਜੋ ਸਮੇਂ ਸਮੇਂ ਰੰਗ ਬਦਲਦਾ ਰਹਿੰਦਾ ਹੈ। ਇਹ ਪੌਦਾ ਵੀ ਮਿੱਟੀ ਦੀ ਖਾਰੀ ਤੇ ਤੇਜ਼ਾਬੀ ਤਾਸੀਰ ਮੁਤਾਬਿਕ ਆਪਣੇ ਫੁੱਲਾਂ ਦਾ ਰੰਗ ਬਦਲਦਾ ਰਹਿੰਦਾ ਹੈ। ਹੁਣ ਇਹ ਲਾਲ ਫੁੱਲਾਂ ਨਾਲ ਇੰਜ ਲੱਦਿਆ ਖੜ੍ਹਾ ਹੈ, ਜਿਵੇਂ ਮੁਕਲਾਵੇ ਜਾਣ ਵਾਲੀ ਮੁਟਿਆਰ ਤਿਆਰ ਹੋਈ ਖੜ੍ਹੀ ਹੋਵੇ ਤੇ ਹੋ ਸਕਦਾ ਹੈ, ਆਥਣ ਤੱਕ ਜਾਂ ਕੱਲ੍ਹ ਤੱਕ ਫੁੱਲਾਂ ਦਾ ਰੰਗ ਪਿਆਜੀ ਹੋ ਜਾਵੇ ਜਾਂ ਨੀਲਾ ਹੋ ਜਾਵੇ।

ਅੱਜ ਮਨ 'ਚ ਕੋਈ ਉਦਾਸੀ ਦਾ ਰੰਗ ਸੀ। ਉਸੇ ਮਨ 'ਚ, ਜੋ ਆਪਣੇ ਆਪ ਨੂੰ ਤਾਕਤਵਰ ਸਮਝਦਾ ਸੀ। ਉਦਾਸੀ ਦੇ ਰੰਗ ਵਿਚ ਰਾਤ ਦੇ ਗੈਰ-ਕੁਦਰਤੀ ਰੰਗ ਵਾਲੀਆਂ ਗੱਲਾਂ ਘੁਲ ਰਹੀਆਂ ਸਨ। ਰਾਤ ਜੋ ਵਾਪਰਿਆ ਸੀ, ਇਹ ਕੋਈ ਪਹਿਲੀ ਵਾਰ ਨਹੀਂ ਵਾਪਰਿਆ ਸੀ। ਪਹਿਲਾਂ ਵੀ ਬਹੁਤ ਵਾਰ ਮੈਂ ਇਹ ਕਰ ਚੁਕੀ ਸਾਂ।

ਉਹ ਇੱਕ ਕੁੜੀ ਸੀ, ਜਿਸ ਨਾਲ ਮੈਂ ਸੌਂ ਜਾਂਦੀ ਸਾਂ। ਉਸ ਦੇ ਸਾਰੇ ਅੰਗ ਮੇਰੇ ਵਰਗੇ ਹੀ ਸਨ। ਪਰ ਫਿਰ ਵੀ ਉਹ ਮੇਰੇ ਸਰੀਰ ਨੂੰ ਮੁੰਡਿਆਂ ਵਾਂਗਰ ਵਰਤਦੀ ਸੀ। ਮੈਂ ਇਸ ਤਰ੍ਹਾਂ ਦੀ ਕਿਉਂ ਹੋ ਗਈ ਸਾਂ? ਕਿਉਂ ਉਸ ਕੁੜੀ ਨਾਲ ਇਹ ਕਰਦੀ ਸਾਂ?

—

ਮੇਰੀ ਮੰਮੀ ਨੇ ਮੇਰੇ ਨਾਨਕਿਆਂ ਨੂੰ ਕੈਨੇਡਾ ਬੁਲਾਉਣ ਵਾਸਤੇ ਸਪਾਂਸਰ ਕੀਤਾ ਹੋਇਆ ਸੀ। ਮੇਰੀ ਨਾਨੀ ਦੇ ਨਾਲ ਮੇਰੀ ਮਾਸੀ ਤੇ ਮਾਮਾ ਆਉਣੇ ਸਨ। ਮੇਰਾ ਨਾਨਾ ਮੇਰੀ ਮੰਮੀ ਦੇ ਵਿਆਹ ਤੋਂ ਪਹਿਲਾਂ ਦਾ ਹੀ ਮੁੱਕਿਆ ਹੋਇਆ ਸੀ। ਮੇਰਾ ਮਾਮਾ ਤੇ ਮਾਸੀ ਹਾਲੇ ਪੜ੍ਹਦੇ ਸਨ। ਉਹ ਮੇਰੀ ਨਾਨੀ ਨਾਲ ਕੈਨੇਡਾ ਆ ਸਕਦੇ ਸਨ।

ਮੈਨੂੰ ਮੇਰੀ ਮੰਮੀ ਨੇ ਇੱਕ ਦਿਨ ਸਵਖਤੇ ਹੀ ਜਗਾ ਲਿਆ ਤੇ ਸੋਹਣੇ ਕੱਪੜੇ ਪਾ ਦਿੱਤੇ। ਮੈਂ ਪੁੱਛਿਆ, "ਮੰਮੀ ਕਿਥੇ ਚੱਲੇ ਆਂ, ਆਪਾਂ?" ਉਹ ਦੱਸਣ ਲੱਗੀ, "ਅੱਜ ਤੇਰੀ ਨਾਨੀ, ਮਾਸੀ ਤੇ ਮਾਮਾ ਆ ਰਹੇ ਨੇ। ਆਪਾਂ ਏਅਰਪੋਰਟ ਚੱਲੇ ਆਂ ਉਨ੍ਹਾਂ ਨੂੰ ਲੈਣ।" ਮੇਰੇ ਡੈਡੀ ਨੇ ਕਿਸੇ ਦੀ ਵੱਡੀ ਵੈਨ ਮੰਗੀ ਤੇ ਅਸੀਂ ਚਲੇ ਗਏ। ਹਵਾਈ ਅੱਡੇ 'ਤੇ ਮੇਰੀ ਮਾਂ ਨੇ ਮੇਰੇ ਨਾਨਕਿਆਂ ਦੇ ਸਵਾਗਤ ਲਈ ਢੋਲ ਵਾਲੇ ਦਾ ਪ੍ਰਬੰਧ ਵੀ ਕੀਤਾ ਸੀ। ਅਸੀਂ ਫੁੱਲਾਂ ਦੇ ਗੁਲਦਸਤੇ ਵੀ ਲੈ ਕੇ ਗਏ ਸਾਂ।

ਮੇਰੇ ਨਾਨਕੇ ਕੈਨੇਡਾ ਆ ਉਤਰੇ। ਮੇਰੀ ਮੰਮੀ ਨੂੰ ਗੋਡੇ-ਗੋਡੇ ਚਾਅ ਸੀ। ਸਾਡਾ ਘਰ ਭਰਿਆ-ਭਰਿਆ ਜਾਪਣ ਲੱਗਾ ਸੀ। ਕਈ ਦਿਨਾਂ ਤੱਕ ਮਿਲਣ ਵਾਲੇ ਆਉਂਦੇ ਰਹੇ ਤੇ ਅਸੀਂ ਵੀ ਬਹੁਤ ਸਾਰੇ ਘਰਾਂ 'ਚ ਜਾਂਦੇ ਰਹੇ। ਹੌਲੀ-ਹੌਲੀ ਮੇਰੇ ਨਾਨਕਿਆਂ ਦੀ ਗੱਡੀ ਕੰਮਾਂ ਵੱਲ ਰੁੜ੍ਹ ਪਈ।

ਮੇਰੇ ਜਨਮ ਤੋਂ ਪੰਜ ਸਾਲਾਂ ਮਗਰੋਂ ਮੇਰੀ ਛੋਟੀ ਭੈਣ ਆ ਗਈ। ਮੇਰੀ ਨਾਨੀ ਕਈ ਦਿਨ ਰੋਂਦੀ ਰਹੀ। ਛੋਟੀ ਨੂੰ ਪਰ੍ਹਾਂ ਸੁੱਟਦੀ ਰਹੀ। ਮੇਰੇ ਡੈਡੀ ਨੇ ਚੁਘਣੀ ਨਾਲ ਦੁੱਧ ਪਿਲਾ ਕੇ ਛੋਟੀ ਨੂੰ ਪਾਲ ਲਿਆ। ਮੈਂ ਵੀ ਆਪਣੇ ਡੈਡੀ ਦੇ ਨਾਲ ਛੋਟੀ ਨੂੰ ਪਾਲਣ 'ਚ ਮਦਦ ਕੀਤੀ।

ਜਿਵੇਂ-ਜਿਵੇਂ ਛੋਟੀ ਵੱਡੀ ਹੁੰਦੀ ਗਈ ਤਾਂ ਮੇਰੀ ਨਾਨੀ ਮੇਰੇ ਡੈਡੀ ਦੇ ਵਿਰੁੱਧ ਹੁੰਦੀ ਗਈ। ਉਹ ਨਿੱਕੀ-ਨਿੱਕੀ ਗੱਲ 'ਤੇ ਮੇਰੇ ਮੰਮੀ-ਡੈਡੀ ਨੂੰ ਆਪਸ ਵਿਚ ਲੜਾ ਦਿੰਦੀ।

ਮੇਰਾ ਡੈਡੀ ਸਿੱਧਾ ਤੇ ਸਾਫ ਬੰਦਾ ਸੀ। ਉਹ ਪੰਜਾਬੀ ਪੜ੍ਹ-ਲਿਖ ਲੈਂਦਾ ਸੀ ਤੇ ਥੋੜ੍ਹੀ-ਥੋੜ੍ਹੀ ਅੰਗਰੇਜ਼ੀ ਵੀ ਜਾਣਦਾ ਸੀ। ਉਹ ਪੰਜਾਬ 'ਚੋਂ ਖੇਤੀ ਕਰਦਾ ਆਇਆ ਸੀ ਤੇ ਕੈਨੇਡਾ 'ਚ ਵੀ ਖੇਤਾਂ ਤੇ ਨਰਸਰੀਆਂ 'ਚ ਜੌਬ ਕਰਦਾ ਰਿਹਾ ਸੀ। ਉਹ ਸਾਨੂੰ ਦੋਹਾਂ ਭੈਣਾਂ ਨੂੰ ਭਾਂਤ-ਭਾਂਤ ਦੀਆਂ ਗੱਲਾਂ ਸੁਣਾਉਂਦਾ। ਉਹ ਦੱਸਦਾ ਹੁੰਦਾ ਕਿ ਅੱਜ ਮੈਂ ਕੀ ਕੀਤਾ? ਅੱਜ ਮੈਨੂੰ ਕੌਣ ਮਿਲਿਆ? ਅੱਜ ਕੌਣ ਕੀ ਕਹਿੰਦਾ ਸੀ? ਅੱਜ ਦੀਆਂ ਖਬਰਾਂ ਕੀ ਨੇ? ਬਹੁਤ ਵਾਰ ਉਹ ਸਾਡੇ ਪਿੰਡ ਦੀਆਂ ਗੱਲਾਂ ਛੇੜ ਲੈਂਦਾ ਤੇ ਸੁਣਾਉਂਦਾ ਹੀ ਰਹਿੰਦਾ। ਅਸੀਂ ਪਿੰਡ ਕਦੇ ਨਹੀਂ ਗਈਆਂ, ਪਰ ਡੈਡੀ ਨੇ ਗੱਲਾਂ ਨਾਲ ਹੀ ਸਾਨੂੰ ਪਿੰਡ ਦੇ ਅਧਿਓਂ ਵੱਧ ਲੋਕਾਂ ਨਾਲ ਮਿਲਾ ਦਿੱਤਾ ਸੀ।

ਜਦ ਡੈਡੀ ਸਾਡੇ ਨਾਲ ਗੱਲਾਂ ਕਰਦਾ ਹੁੰਦਾ, ਉਸ ਵਕਤ ਮੇਰੀ ਨਾਨੀ ਅੰਦਰੇ ਅੰਦਰ ਪਤਾ ਨਹੀਂ ਕੁੜ੍ਹਦੀ ਕਿਉਂ ਰਹਿੰਦੀ? ਕਈ ਵਾਰ ਅਵਾਜ਼ ਵੀ ਕੱਢਦੀ, "ਹੂੰ!"

ਮੇਰੇ ਡੈਡੀ ਦੇ ਕੰਮ 'ਤੇ ਜਾਣ ਪਿਛੋਂ ਮੇਰੀ ਮਾਸੀ ਤੇ ਨਾਨੀ ਉਸ ਦੇ ਵਿਰੁੱਧ ਬਹੁਤ ਅਬਾ-ਤਬਾ ਬੋਲਦੀਆਂ। ਕਈ ਵਾਰ ਤਾਂ ਸਾਨੂੰ ਦੋਹਾਂ ਭੈਣਾਂ ਨੂੰ ਵੀ ਕਹਿ ਦਿੰਦੀਆਂ, "ਥੋਡਾ ਡੈਡੀ ਗੰਦਾ...!"

ਛੋਟੀ ਜਦ ਤੋਤਲੇ ਜਿਹੇ ਸ਼ਬਦ ਬੋਲਣ ਲੱਗ ਪਈ ਤਾਂ ਉਹ ਕਈ ਗੱਲਾਂ ਡੈਡੀ ਨੂੰ ਦੱਸ ਦਿੰਦੀ। ਫਿਰ ਘਰ 'ਚ ਕਲੇਸ਼ ਵੱਧ ਜਾਂਦਾ। ਇੱਕ ਦਿਨ ਡੈਡੀ ਕਹਿੰਦਾ, "ਮੈਂ ਥੋਡੀ ਧੀ ਨੂੰ ਧੱਕੇ ਨਾਲ ਨ੍ਹੀਂ ਏਥੇ ਲਿਆਇਆ। ਤੁਸੀਂ ਮੇਰੀਆਂ ਮਿੰਨਤਾਂ ਕੀਤੀਆਂ ਸੀ। ਤੁਸੀਂ ਕਹਿੰਦੇ ਸੀ, ਸਾਡਾ ਪਾਰ-ਉਤਾਰਾ ਹੋ'ਜੂ। ਸਾਡੇ ਛੋਟੇ ਨਿਆਣੇ ਇਹਦੇ ਮਗਰ ਕਨੇਡੇ ਪਹੁੰਚ ਜਾਣਗੇ...!"

ਹੌਲੀ-ਹੌਲੀ ਮੇਰੀ ਮੰਮੀ, ਮੇਰੀ ਨਾਨੀ ਦੇ ਮਗਰ ਲੱਗਣ ਲੱਗ ਪਈ ਤੇ ਡੈਡੀ ਤੋਂ ਦੂਰ ਹੋਣ ਲੱਗ ਪਈ। ਫਿਰ ਅੱਡੋ-ਅੱਡ ਸੌਣ ਲੱਗ ਪਏ। ਘਰ ਦਾ ਹਰ ਕੰਮ ਮੇਰੀ ਨਾਨੀ ਆਪਣੇ ਮੁਤਾਬਿਕ ਕਰਨ ਲੱਗ ਪਈ। ਇੰਜ ਕਹਿ ਲਓ ਕਿ ਘਰ ਦੀ ਗੱਡੀ ਦਾ ਸਟੇਅਰਿੰਗ ਉਸ ਨੇ ਆਪਣੇ ਹੱਥਾਂ 'ਚ ਫੜ ਲਿਆ। ਜੋ ਕੁਝ ਮੇਰਾ ਡੈਡੀ ਕਰਦਾ, ਉਸ ਨੂੰ ਮੇਰੀ ਨਾਨੀ ਨਕਾਰ ਦਿੰਦੀ। ਕਈ ਵਾਰ ਤਾਂ ਉਸ ਦੀਆਂ ਲਿਆਂਦੀਆਂ ਚੀਜ਼ਾਂ-ਵਸਤਾਂ ਵੀ ਕੂੜੇ 'ਚ ਸੁੱਟ ਦਿੰਦੀ।

ਮੈਨੂੰ ਸਮਝ ਨਹੀਂ ਲਗਦੀ ਸੀ ਕਿ ਸਾਡੇ ਘਰ 'ਚ ਚੱਲ ਕੀ ਰਿਹਾ ਹੈ? ਮੇਰੀ ਮੰਮੀ ਰਾਤਾਂ ਨੂੰ ਕਿਉਂ ਰੋਂਦੀ ਰਹਿੰਦੀ ਹੈ? ਡੈਡੀ ਨਾਲ ਕਿਉਂ ਨਹੀਂ ਬੋਲਦੀ?... ਤੇ ਨਾਨੀ ਦਾ ਹੁਕਮ ਘਰ 'ਚ ਕਿਉਂ ਚੱਲਦਾ ਹੈ?

ਮੇਰਾ ਡੈਡੀ ਇੱਕ ਦਿਨ ਸ਼ਰਾਬ ਪੀ ਕੇ ਘਰ ਆ ਗਿਆ। ਨਾਨੀ ਨੇ ਉਸ ਨੂੰ ਬਹੁਤ ਗਾਲ੍ਹਾਂ ਕੱਢੀਆਂ ਤੇ ਕਹਿਣ ਲੱਗੀ, "ਮੇਰੀ ਧੀ ਦੇ ਘਰੋਂ ਬਾਹਰ ਹੋ ਜਾਹ ਚੋਰਿਆ।" ਉਸ ਰਾਤ ਮੇਰਾ ਡੈਡੀ ਗੈਰਾਜ ਵਿਚ ਸੁੱਤਾ।

ਉਸ ਤੋਂ ਬਾਅਦ ਡੈਡੀ ਰਾਤ ਨੂੰ ਲੇਟ ਘਰੇ ਆਉਣ ਲੱਗ ਪਿਆ। ਅਸੀਂ ਦੋਹੇਂ ਭੈਣਾਂ ਸੌਂ ਜਾਂਦੀਆਂ ਸਾਂ। ਸਵੇਰ ਨੂੰ ਕਦੇ-ਕਦੇ ਸਾਨੂੰ ਡੈਡੀ ਜਗਾਉਂਦਾ। ਉਂਜ ਛੁੱਟੀ ਵਾਲੇ ਦਿਨ ਸਾਨੂੰ ਨਾਲ ਹੀ ਰੱਖਦਾ।

ਇੱਕ ਵਾਰ ਇਸ ਤਰ੍ਹਾਂ ਹੋਇਆ ਕਿ ਕਈ ਦਿਨਾਂ ਤੱਕ ਅਸੀਂ ਡੈਡੀ ਨੂੰ ਨਾ ਮਿਲੀਆਂ। ਪਤਾ ਨਹੀਂ ਉਹ ਰਾਤ ਨੂੰ ਕਦ ਆਉਂਦਾ ਸੀ ਤੇ ਕਦ ਸਵੇਰੇ ਚਲਾ ਜਾਂਦਾ ਸੀ? ਮੈਂ ਆਪਣੀ ਮੰਮੀ ਨੂੰ ਡੈਡੀ ਬਾਰੇ ਪੁੱਛਿਆ ਤਾਂ ਉਸ ਨੇ ਮੈਨੂੰ ਕੁੱਟਿਆ। ਰੋਂਦੀ-ਰੋਂਦੀ ਮੈਂ ਸੋਚਦੀ ਰਹੀ ਕਿ ਇਹ ਕੀ ਹੋ ਗਿਆ? ਉਦੋਂ ਮੈਂ ਸੱਤਵੀਂ ਜਮਾਤ 'ਚ ਪੜ੍ਹਦੀ ਸਾਂ।

ਸਕੂਲ 'ਚ ਸਾਡੀ ਗੁਆਂਢਣ ਨੇ ਮੈਨੂੰ ਦੱਸਿਆ ਕਿ ਤੇਰਾ ਡੈਡੀ ਪੁਲਿਸ ਨੇ ਫੜ ਲਿਆ ਸੀ। ਇਹ ਸਭ ਕੁਝ ਸਾਡੇ ਸੁੱਤੀਆਂ ਪਈਆਂ ਤੋਂ ਵਾਪਰਿਆ। ਪਤਾ ਲੱਗਾ ਕਿ ਰੋਜ਼ ਵਾਂਗ ਮੇਰਾ ਡੈਡੀ ਘਰ ਵੜਿਆ। ਪਹਿਲਾਂ ਬਣਾਈ ਹੋਈ ਸਕੀਮ ਮੁਤਾਬਿਕ ਮੇਰੀ ਮਾਸੀ ਨੇ ਮੇਰੇ ਡੈਡੀ ਨੂੰ ਬਾਹਾਂ 'ਚ ਘੁੱਟ ਲਿਆ। ਉਹ ਛੁਡਾਉਣ ਲੱਗਾ ਤਾਂ ਤਿੰਨਾਂ ਔਰਤਾਂ ਨੇ ਫੜ ਲਿਆ। ਉਹ ਸ਼ਰਾਬੀ ਸੀ, ਡਿਗ ਪਿਆ। ਮੇਰੀ ਮਾਸੀ ਨੇ ਪੁਲਿਸ ਬੁਲਾ ਕੇ ਮੇਰੇ ਡੈਡੀ 'ਤੇ ਝੂਠਾ ਕੇਸ ਦਰਜ ਕਰਵਾ ਦਿੱਤਾ।

ਮੈਂ ਘਰ ਦੇ ਹਾਲਾਤ ਬਾਰੇ ਹਰ ਵਕਤ ਸੋਚਦੀ ਰਹਿੰਦੀ, ਮੇਰੀ ਨਾਨੀ ਨੇ ਇੰਜ ਕਿਉਂ ਕੀਤਾ ਹੈ? ਮੇਰੀ ਮਾਸੀ ਨੂੰ ਕੀ ਮਿਲਿਆ, ਇਹ ਕਰਕੇ? ਮੇਰੀ ਮਾਂ ਨੂੰ ਫਾਇਦਾ ਹੋਇਆ ਜਾਂ ਨੁਕਸਾਨ?

ਸਾਡਾ ਵੱਸਦਾ-ਰਸਦਾ ਘਰ ਉਜੜ ਗਿਆ ਤੇ ਸਾਡਾ, ਦੋਹਾਂ ਭੈਣਾਂ ਦਾ ਬਚਪਨ ਮਿੱਧਿਆ ਗਿਆ। ਮੈਂ ਸੋਚਣਾ ਕਿ ਛੋਟੀ ਤਾਂ ਹਾਲੇ ਕਈ ਗੱਲਾਂ ਵੱਲੋਂ ਅਣਜਾਣ ਹੈ। ਮੈਨੂੰ ਇੰਜ ਲੱਗਣਾ ਜਿਵੇਂ ਸਾਡੀ ਧੁੱਪ ਵਾਲੀ ਛੱਤਰੀ 'ਚ ਮੋਰੇ ਹੋ ਗਏ ਹੋਣ। ਸੁਰੱਖਿਆ ਵਾਲਾ ਕੰਬਲ ਪਾਟ ਗਿਆ ਹੋਵੇ ਤੇ ਪਿਆਰ ਦੇ ਨਿੱਘ 'ਤੇ ਬਰਫ ਪੈ ਗਈ ਹੋਵੇ।

ਛੋਟੀ ਪਹਿਲਾਂ ਬਹੁਤ ਚੰਚਲ ਹੁੰਦੀ ਸੀ। ਬਹੁਤ ਬੇਪਰਵਾਹ ਸੀ, ਪਰ ਹੌਲੀ-ਹੌਲੀ ਉਹ ਬਹੁਤ ਹੀ ਸੰਵੇਦਨਸ਼ੀਲ ਕੁੜੀ ਬਣ ਗਈ ਤੇ ਮੇਰਾ ਸੁਭਾਅ ਬਹੁਤਾ ਸੰਗਾਊ ਹੋ ਗਿਆ। ਮੈਂ ਡਰਾਕਲ ਬਣ ਗਈ। ਸਕੂਲ 'ਚ ਮੈਂ ਬਹੁਤ ਗੱਲਾਂ 'ਚ ਪਿੱਛੇ ਰਹਿਣ ਲੱਗੀ। ਬਹੁਤ ਵਾਰ ਕਲਾਸ ਦੇ ਮੁੰਡੇ-ਕੁੜੀਆਂ ਮੇਰਾ ਮਖੌਲ ਉਡਾਉਂਦੇ, ਕਿਉਂਕਿ ਮੈਂ ਬਹੁਤ ਹੀ ਮਾਮੂਲੀ ਸਵਾਲਾਂ ਦੇ ਜਵਾਬ ਵੀ ਗਲਤ ਦੇ ਦਿੰਦੀ। ਮੇਰਾ ਮਨ ਹਰ ਵਕਤ ਡੈਡੀ ਦੇ ਖਿਆਲਾਂ 'ਚ ਘੁੰਮਦਾ ਰਹਿੰਦਾ। ਭੈੜੇ-ਭੈੜੇ ਸੁਪਨੇ ਆਉਂਦੇ। ਗੱਲ-ਗੱਲ 'ਤੇ ਰੋਣਾ ਅਤੇ ਲੜਨਾ-ਝਗੜਨਾ ਮੇਰੀ ਆਦਤ ਬਣ ਗਈ। ਮੈਂ ਆਪਣੇ ਨਿੱਕੇ-ਨਿੱਕੇ ਫੈਸਲੇ ਲੈਣੋਂ ਅਸਮਰਥ ਹੋਣ ਲੱਗੀ।

ਮੈਂ ਆਲੇ-ਦੁਆਲੇ ਵਿਚੋਂ ਖੁਸ਼ੀ ਭਾਲਣ ਲੱਗੀ। ਇੰਟਰਨੈਟ ਨਾਲ ਦੋਸਤੀ ਕਰ ਲਈ। ਅਣਜਾਣ ਲੋਕਾਂ ਨਾਲ ਗੱਲਾਂ ਕਰਕੇ ਮਨ ਸਕੂਨ ਲੱਭਣ ਲੱਗਾ। ਸਭ ਕਾਸੇ ਤੋਂ ਮਗਰੋਂ ਆਪਣੇ ਆਪ ਨਾਲ ਘ੍ਰਿਣਾ ਹੋਣ ਲੱਗ ਜਾਂਦੀ। ਰੋਣ ਆਉਂਦਾ। ਇੱਕ ਦੋ ਵਾਰ ਤਾਂ ਆਪਣੇ ਆਪ ਨੂੰ ਖਤਮ ਕਰਨ ਦੀ ਵੀ ਸੋਚੀ।

ਮੇਰੀ ਕੋਈ ਸੁਣਨ ਵਾਲਾ ਨਹੀਂ ਸੀ। ਨਾ ਹੀ ਕਿਸੇ ਨੂੰ ਮੈਂ ਦੱਸ ਸਕਦੀ ਸੀ ਕਿ ਮੇਰੇ ਅੰਦਰ ਕੀ ਚੱਲ ਰਿਹਾ ਹੈ? ਮੇਰਾ ਦਿਲ ਹਰ ਪਲ ਟੁੱਟਦਾ ਸੀ। ਮੇਰੇ ਅੰਦਰ ਕੁਝ ਮੱਚ ਰਿਹਾ ਸੀ। ਮੈਨੂੰ ਘਾਟ ਸੀ ਕਿਸੇ ਚੀਜ਼ ਦੀ...।

ਮੈਂ ਅਠਾਰਾਂ ਵਰ੍ਹਿਆਂ ਦੀ ਹੋ ਗਈ ਸਾਂ। ਮੇਰੀ ਨਾਨੀ ਮੇਰਾ ਵਿਆਹ ਆਪਣੀ ਮਰਜ਼ੀ ਦੇ ਮੁੰਡੇ ਨਾਲ ਭਾਰਤ 'ਚ ਕਰਨਾ ਚਾਹੁੰਦੀ ਸੀ। ਮੈਂ ਇਸ ਤਰ੍ਹਾਂ ਨਹੀਂ ਚਾਹੁੰਦੀ ਸਾਂ। ਮੈਂ ਘਰੋਂ ਭੱਜ ਗਈ। ਇੱਕ ਸਹੇਲੀ ਨਾਲ ਰਹਿਣ ਲੱਗ ਪਈ। ਉਹ ਵੀ ਮਾਪਿਆਂ ਦੀ ਲੜਾਈ ਦਾ ਸੇਕ ਹੰਢਾ ਚੁਕੀ ਸੀ। ਇਸ ਤੋਂ ਵੀ ਅਗਾਂਹ, ਉਸ ਦੇ ਮਤਰੇਏ ਬਾਪ ਨੇ ਉਸ ਨਾਲ ਜ਼ਬਰਦਸਤੀ ਵੀ ਕੀਤੀ ਸੀ। ਮੇਰੀ ਸਹੇਲੀ ਨੂੰ ਮੇਰੇ ਨਾਲ ਬਹੁਤ ਹਮਦਰਦੀ ਸੀ।

—

ਮੇਰੇ ਮੰਮੀ ਡੈਡੀ ਦੇ ਪਿਛੋਕੜ ਦਾ ਮੈਨੂੰ ਹੁਣ ਪਤਾ ਲੱਗਾ ਹੈ। ਹੁਣ ਮੈਂ ਸਮਝਣ ਜੋਗ ਹੋਈ ਹਾਂ। ਮੇਰਾ ਡੈਡੀ ਪੰਜਾਬ ਤੋਂ ਬਹੁਤ ਹੀ ਔਖ ਝੱਲ ਕੇ ਕੈਨੇਡਾ ਆਇਆ ਸੀ। ਇੱਥੇ ਆ ਕੇ ਉਸ ਨੇ ਬਹੁਤ ਮਿਹਨਤ ਕੀਤੀ। ਬਹੁਤ ਕੁਝ ਬਣਾਇਆ। ਕਈ ਵਰ੍ਹਿਆਂ ਪਿੱਛੋਂ ਵਿਆਹ ਕਰਾਉਣ ਪੰਜਾਬ ਗਿਆ। ਮੇਰੇ ਨਾਨਕਿਆਂ ਨੇ ਮਿੰਨਤਾਂ ਕਰਕੇ ਮੇਰੀ ਮੰਮੀ ਦਾ ਰਿਸ਼ਤਾ ਮੇਰੇ ਡੈਡੀ ਨੂੰ ਕੀਤਾ ਸੀ। ਮੇਰਾ ਡੈਡੀ ਕਹਿੰਦਾ ਸੀ ਕਿ ਸਾਡਾ ਕੋਈ ਮੇਲ ਨਹੀਂ ਹੈ, ਪਰ ਮੇਰੀ ਨਾਨੀ ਨੇ ਤਰਲੇ ਕਰਦਿਆਂ ਕਿਹਾ ਸੀ ਕਿ ਸਾਊ ਮੇਰੀ ਧੀ ਸਿਆਣੀ ਹੈ। ਇਹ ਸਾਡੇ ਘਰ ਦੇ ਹਾਲਾਤ ਸਮਝਦੀ ਹੈ। ਮੇਲ ਤਾਂ ਧੁਰੋਂ ਲਿਖੇ ਆਉਂਦੇ ਨੇ।

ਮੇਰਾ ਡੈਡੀ ਜਿਸ ਦਿਨ ਮੇਰੀ ਮੰਮੀ ਨੂੰ ਪਹਿਲੀ ਵਾਰ ਮਿਲਿਆ ਤਾਂ ਉਹ ਦੇਖਣ ਨੂੰ ਬਾਹਰੋਂ ਪੂਰੀ ਤਰ੍ਹਾਂ ਕੁਦਰਤੀ ਤੇ ਸੁਭਾਵਿਕ ਵਿਹਾਰ ਕਰਦੀ ਰਹੀ। ਮੇਰੇ ਨਾਨਕਿਆਂ ਦੀਆਂ ਕਈ ਔਰਤਾਂ ਕੋਲੋਂ ਮੈਂ ਸੁਣਿਆ ਹੈ, "ਜਿਸ ਦਿਨ ਮੁੰਡੇ ਆਲੇ ਰਿਸ਼ਮ ਦੀ ਰੋਕ ਕਰਕੇ ਗਏ ਤਾਂ ਅਸੀਂ ਪੁੱਛਿਆ, ਰਿਸ਼ਮ ਤੇਰਾ ਹੋਣ ਆਲਾ ਪ੍ਰਾਹੁਣਾ ਕਿਹਾ ਜ੍ਹਾ ਐ, ਕੁੜੇ?" ਤਾਂ ਇਹਨੇ ਭਰੇ ਮਨ ਨਾਲ ਜਵਾਬ ਦਿੱਤਾ ਸੀ, "ਠੀਕ ਈ ਐ?"

ਮੇਰੇ ਮੰਮੀ-ਡੈਡੀ ਦਾ ਵਿਆਹ ਹੋ ਗਿਆ ਤੇ ਸਭ ਕੁਝ ਸੁੱਖੀ-ਸਾਂਦੀ ਨੇਪਰੇ ਚੜ੍ਹ ਗਿਆ। ਮੇਰੀ ਮੰਮੀ ਕੈਨੇਡਾ ਆ ਗਈ। ਕੰਮਾਂ ਧੰਦਿਆਂ 'ਚ ਜੁੜ ਗਈ। ਕੁਝ ਸਮੇਂ ਮਗਰੋਂ ਮੈਂ ਆ ਗਈ। ਮੇਰਾ ਡੈਡੀ ਬਹੁਤ ਖੁਸ਼ ਹੋਇਆ। ਮੇਰੇ ਦਾਦਕੇ ਕੁਝ ਨਾ ਬੋਲੇ। ਮੇਰੀ ਨਾਨੀ ਮੇਰੇ ਜੰਮਣ 'ਤੇ ਬਹੁਤ ਦੁਖੀ ਹੋਈ।

ਕੁਝ ਵਰ੍ਹਿਆਂ ਮਗਰੋਂ ਮੇਰੇ ਦਾਦਾ ਤੇ ਦਾਦੀ ਕੈਨੇਡਾ ਆ ਗਏ। ਉਸ ਵੇਲੇ ਦੀ ਮੈਨੂੰ ਥੋੜ੍ਹੀ-ਥੋੜ੍ਹੀ ਸੁਰਤ ਹੈ। ਜਦ ਉਹ ਇੱਥੇ ਆਏ ਤਾਂ ਮੇਰੀ ਮੰਮੀ ਮੇਰੇ ਡੈਡੀ ਨਾਲ ਗੱਲ-ਗੱਲ 'ਤੇ ਲੜਨ ਲੱਗੀ ਤੇ ਰੁੱਸਣ ਲੱਗੀ। ਘਰ ਦੇ ਮਾਹੌਲ 'ਚ ਕੁੜੱਤਣ ਵੱਧ ਗਈ। ਛੇ ਕੁ ਮਹੀਨਿਆਂ 'ਚ ਮੇਰੇ ਦਾਦਾ-ਦਾਦੀ ਸਭ ਸਮਝ ਗਏ। ਉਹ ਵਾਪਸ ਭਾਰਤ ਮੁੜ ਗਏ।

ਇਹ ਗੱਲ ਮੇਰੀ ਦਾਦੀ ਨੇ ਮੈਨੂੰ ਹੁਣ ਇੱਕ ਦਿਨ ਫੋਨ 'ਤੇ ਦੱਸੀ ਸੀ ਕਿ ਮੇਰੀ ਨਾਨੀ ਨੂੰ ਕੈਨੇਡਾ ਆ ਕੇ ਪਤਾ ਲੱਗਾ ਕਿ ਮੇਰੀ ਮੰਮੀ ਦੇ ਦੂਜਾ ਨਿਆਣਾ ਹੋਣ ਵਾਲਾ ਹੈ। ਮੇਰੀ ਨਾਨੀ ਕਹਿਣ ਲੱਗੀ, "ਆਪਾਂ ਚੈੱਕ ਕਰਵਾਵਾਂਗੇ ਬਈ ਮੁੰਡੈ ਜਾਂ ਕੁੜੀ ਐ?" ਬਾਰਡਰ ਤੋਂ ਪਾਰ ਜਾ ਕੇ ਚੈੱਕ ਕਰਾਇਆ। ਡਾਕਟਰ ਕਹਿਣ ਲੱਗਾ, "ਹੁਣ ਕੁਝ ਨ੍ਹੀਂ ਹੋ ਸਕਦਾ। ਮਹੀਨੇ ਉਪਰਦੀ ਲੰਘ ਗਏ। ਹੁਣ ਸਫਾਈ ਨ੍ਹੀਂ ਹੋ ਸਕਦੀ। ਇਹ ਕਰਨਾ, ਬਹੁਤ ਖਤਰਨਾਕ ਹੋ ਸਕਦੈ।" ਮੇਰੀ ਨਾਨੀ ਨੂੰ ਅੰਤਾਂ ਦਾ ਦੁੱਖ ਹੋਇਆ।

ਇਹ ਗੱਲਾਂ ਮੇਰੀ ਨਾਨੀ ਦੇ ਮੂੰਹੋਂ ਮੈਂ ਕਈ ਵਾਰ ਸੁਣੀਆਂ ਸਨ, ਜਦ ਉਹ ਮੇਰੇ ਨਾਨਕਿਆਂ ਦੀ ਕਿਸੇ ਔਰਤ ਨਾਲ ਗੱਲਾਂ ਕਰਦੀ ਸੀ, "ਕੀ ਮੁਕਾਬਲੈ ਮੇਰੀ ਧੀ ਦਾ ਓਸ ਬੁੜ੍ਹਤ ਜੱਟ ਨਾਲ? ਉਹ ਅਣਘੜ ਜਾਤੂ ਤੇ ਮੇਰੀ ਧੀ ਗੰਨੇ ਦੀ ਪੋਰੀ। ਹੈਂ? ਅਸੀਂ ਤਾਂ ਕੁੜੀ ਨੂੰ ਖੂਹ 'ਚ ਧੱਕਾ ਦੇ ਬੈਠੇ...!" ਨਿੱਕੀ ਹੁੰਦੀ ਨੂੰ ਮੈਨੂੰ ਇਹ ਗੱਲਾਂ ਸਮਝ ਨਹੀਂ ਆਈਆਂ ਸਨ। ਹੁਣ ਪਤਾ ਚਲਦਾ ਹੈ ਕਿ ਮੇਰੀ ਨਾਨੀ ਮਾਂ ਦੇ ਮਗਰੋਂ ਮੇਰੇ ਬਾਪ ਨੂੰ ਲਾਹ ਕੇ ਕੋਈ ਸੋਨੇ ਵਰਗਾ ਗੱਭਰੂ ਪੰਜਾਬ ਤੋਂ ਲਿਆਉਣਾ ਚਾਹੁੰਦੀ ਸੀ।

ਮੈਨੂੰ ਹੁਣ ਸਮਝ ਆਉਂਦਾ ਹੈ ਕਿ ਬੱਚਿਆਂ ਨੂੰ ਤਵੱਜੋਂ ਦੀ, ਧਿਆਨ ਦੀ, ਸਨੇਹ ਦੀ, ਲਾਡ ਦੀ, ਨਿੱਤ ਨਵੇਂ ਗਿਆਨ ਦੀ, ਸ਼ਾਂਤੀ ਦੀ ਤੇ ਮਾਪਿਆਂ ਦੀ ਇਕਸੁਰਤਾ ਦੀ ਬਹੁਤ ਲੋੜ ਹੁੰਦੀ ਹੈ। ਇਨ੍ਹਾਂ ਸਭਨਾਂ ਵੱਲੋਂ ਸਾਡਾ ਘਰ ਸੱਖਣਾ ਸੀ। ਸਾਨੂੰ ਦੋਹਾਂ ਭੈਣਾਂ ਨੂੰ ਇਨ੍ਹਾਂ ਸਭਨਾਂ ਗੱਲਾਂ ਦੀ ਘਾਟ ਰਹੀ।

ਸਿਆਣੇ ਕਹਿੰਦੇ ਨੇ; ਵੱਖਰੀਆਂ ਕਦਰਾਂ-ਕੀਮਤਾਂ, ਵੱਖੋ-ਵੱਖਰੇ ਸੋਚਣ ਦੇ ਢੰਗਾਂ ਦਾ ਹੋਣਾ, ਤਲਾਕ ਦਾ ਕਾਰਨ ਬਣਦਾ ਹੈ। ਇੱਕ ਦੂਜੇ ਦਾ ਮਾਨਸਿਕ ਤੇ ਸਰੀਰਕ ਸ਼ੋਸ਼ਣ ਕਰਨਾ ਵੀ ਇੱਕ ਕਾਰਨ ਹੈ। ਨਸ਼ੇ ਵੀ ਤਲਾਕ ਕਰਾਉਂਦੇ ਹਨ। ਪਤੀ ਜਾਂ ਪਤਨੀ ਵਿਚੋਂ ਕਿਸੇ ਇੱਕ ਦਾ ਧੋਖੇਬਾਜ਼ ਹੋਣਾ ਤੇ ਕਈ ਵਾਰ ਕੰਮ-ਕਾਜ ਜਾਂ ਨੌਕਰੀਆਂ ਵੀ ਤਲਾਕ ਦਾ ਕਾਰਨ ਬਣਦੀਆਂ ਹਨ। ਮੇਰੇ ਮਨ 'ਚ ਆਉਂਦਾ ਹੈ ਕਿ ਮੇਰੇ ਮੰਮੀ-ਡੈਡੀ ਦਾ ਇਹੋ ਜਿਹਾ ਕੋਈ ਰੌਲਾ ਨਹੀਂ ਸੀ। ਸਭ ਕੁਝ ਠੀਕ ਸੀ। ਬੱਸ ਮੇਰੀ ਨਾਨੀ ਨੂੰ ਜਵਾਈ ਪਸੰਦ ਨਹੀਂ ਸੀ। ਇਸੇ ਕਾਰਨ ਹੀ, ਜਦ ਅਸੀਂ ਦੋਹੇਂ ਭੈਣਾਂ ਡੈਡੀ ਵਾਸਤੇ ਕੋਈ ਚੰਗੀ ਗੱਲ ਕਰਦੀਆਂ ਸਾਂ ਤਾਂ ਸਾਡੀ ਨਾਨੀ ਮੱਚ ਕੇ ਕੋਲਾ ਹੋ ਜਾਂਦੀ ਸੀ।

ਮੇਰੀ ਮਾਂ ਜੇ ਤਕੜੀ ਹੁੰਦੀ, ਜੇ ਹੌਸਲਾ ਕਰਦੀ ਤਾਂ ਬਚਾ ਹੋ ਸਕਦਾ ਸੀ, ਪਰ ਉਹ ਇੰਜ ਨਾ ਕਰ ਸਕੀ।

ਘਰੋਂ ਕੱਢੇ ਜਾਣ ਮਗਰੋਂ ਡੈਡੀ ਨੇ ਲੁਕ ਕੇ ਸਾਨੂੰ ਦੋਹਾਂ ਭੈਣਾਂ ਨੂੰ ਮਿਲਣ ਦੀ ਕੋਸ਼ਿਸ਼ ਕਈ ਵਾਰ ਕੀਤੀ ਸੀ। ਉਹ ਸਾਨੂੰ ਸਕੂਲ ਤੋਂ ਆਉਂਦੀਆਂ ਤੇ ਜਾਂਦੀਆਂ ਨੂੰ ਦੂਰ ਖੜ੍ਹ ਕੇ ਦੇਖਦਾ ਰਹਿੰਦਾ। ਮੇਰਾ ਬਹੁਤ ਜੀਅ ਕਰਦਾ ਹੁੰਦਾ ਉਹਨੂੰ ਮਿਲਣ ਨੂੰ। ਛੋਟੀ ਇੱਕ ਵਾਰ ਭੱਜ ਕੇ ਡੈਡੀ ਕੋਲ ਚਲੀ ਗਈ ਸੀ। ਨਾਨੀ ਨੇ ਘਰ ਆ ਕੇ ਉਸ ਨੂੰ ਮਾਰਿਆ ਸੀ। ਮੈਂ ਬਹੁਤ ਡਰ ਗਈ ਸਾਂ।

ਮੇਰਾ ਮਾਮਾ ਘਰ ਤੋਂ ਬਾਹਰ ਰਹਿਣ ਲੱਗ ਪਿਆ ਸੀ। ਉਸ ਦੇ ਚਾਲੇ ਪੁੱਠੇ ਹੀ ਸਨ। ਉਹ ਮਹਿੰਗੀਆਂ ਕਾਰਾਂ ਦਾ ਤੇ ਗੋਰੀਆਂ ਦਾ ਸ਼ੌਕੀਨ ਸੀ। ਨਸ਼ੇ ਵੀ ਕਰਦਾ ਸੀ। ਮੇਰੀ ਨਾਨੀ ਨੇ ਬਿਠਾ ਕੇ ਉਸ ਨੂੰ ਕਈ ਵਾਰ ਸਮਝਾਇਆ ਸੀ।

ਮਾਸੀ ਵੀ ਰੰਗੀਨ ਸੁਭਾਅ ਦੀ ਮਾਲਕ ਬਣ ਗਈ ਸੀ। ਕਹਿਣ ਨੂੰ ਤਾਂ ਉਹ ਪੀਐਚ. ਡੀ. ਦੀ ਪੜ੍ਹਾਈ ਵਿਚਾਲੇ ਛੱਡ ਕੇ ਕੈਨੇਡਾ ਆਈ ਸੀ, ਪਰ ਉਸ ਦਾ ਮਾਨਸਿਕ ਪੱਧਰ ਅੱਠਵੀਂ ਵਾਲੇ ਵਿਦਿਆਰਥੀ ਜਿੰਨਾ ਕੁ ਹੀ ਸੀ। ਪੜ੍ਹਾਈ ਵਾਲਾ ਪਾਸਾ ਮਾਮੇ ਦਾ ਵੀ ਜ਼ੀਰੋ ਦੇ ਨੇੜੇ ਹੀ ਸੀ। ਮਾਮਾ ਕਿਸੇ ਪਾਸੇ ਹੋਰ ਤੁਰ ਰਿਹਾ ਸੀ ਤੇ ਮਾਸੀ ਕਿਸੇ ਪਾਸੇ ਹੋਰ। ਮਾਸੀ ਲੁਕ ਕੇ ਵੋਧਕਾ ਦਾ ਪੈੱਗ ਲਾ ਲੈਂਦੀ ਸੀ। ਇਹ ਆਦਤ ਉਸ ਨੂੰ ਪਤਾ ਨਹੀਂ ਕਦ ਤੇ ਕਿਵੇਂ ਪਈ ਸੀ? ਭਾਂਤ-ਭਾਂਤ ਦੇ ਕੱਪੜੇ ਖਰੀਦਣਾ ਤੇ ਦੋ ਕੁ ਦਿਨ ਪਾਉਣਾ, ਫਿਰ ਸੁੱਟ ਦੇਣਾ, ਉਸ ਦਾ ਸ਼ੌਕ ਸੀ। ਬਿਊਟੀ-ਪਾਰਲਰ 'ਤੇ ਜਾ ਕੇ ਖਰਚਾ ਕਰਨਾ ਮਾਣ ਸਮਝਦੀ ਸੀ। ਇਹ ਗੱਲਾਂ ਪਹਿਲਾਂ-ਪਹਿਲਾਂ ਦੀਆਂ ਸਨ। ਉਸ ਤੋਂ ਮਗਰੋਂ ਤਾਂ ਉਹ ਰਾਤਾਂ ਨੂੰ ਘਰੋਂ ਬਾਹਰ ਰਹਿਣ ਲੱਗ ਪਈ ਸੀ।

ਕੁਝ ਸਮੇਂ ਮਗਰੋਂ ਮੇਰਾ ਮਾਮਾ ਡਰੱਗਾਂ ਵਾਲੇ ਗੈਂਗ ਨਾਲ ਰਲ ਗਿਆ ਸੀ ਤੇ ਘਰ ਛੱਡ ਗਿਆ ਸੀ। ਫਿਰ ਪਤਾ ਲੱਗਾ ਕਿ ਉਸ ਨੂੰ ਕਿਸੇ ਨੇ ਮਾਰ ਦਿੱਤਾ ਹੈ। ਉਸ ਦੀ ਲਾਸ਼ ਨਹੀਂ ਲੱਭੀ ਸੀ।

ਮੇਰੀ ਮਾਸੀ ਇੱਕ ਦਿਨ ਕੰਮ 'ਤੇ ਗਈ ਘਰ ਨਾ ਆਈ। ਕਈ ਦੱਸਦੇ ਹਨ ਕਿ ਉਹ ਅਮਰੀਕਾ 'ਚ ਕਿਸੇ ਕਾਲੇ ਨਾਲ ਰਹਿੰਦੀ ਹੈ।

ਮੈਨੂੰ ਛੋਟੀ ਦੱਸਦੀ ਸੀ ਕਿ ਨਾਨੀ ਹੁਣ ਨਿੱਤ ਬਿਮਾਰ ਰਹਿੰਦੀ ਹੈ। ਉਸ ਦੀ 'ਹਾਏ ਹਾਏ' ਨੂੰ ਮੰਮੀ ਬਹੁਤ ਨਫਰਤ ਕਰਦੀ ਹੈ। ਹੁਣ ਤਾਂ ਮੰਮੀ ਉਸ ਨੂੰ ਕਈ ਵਾਰ ਗੰਦੀਆਂ ਗਾਲ੍ਹਾਂ ਕੱਢ ਦਿੰਦੀ ਹੈ।

ਮੇਰਾ ਡੈਡੀ ਪਤਾ ਨਹੀਂ ਕਿਥੇ ਹੈ? ਮੇਰਾ ਉਸ ਨੂੰ ਮਿਲਣ ਨੂੰ ਬਹੁਤ ਚਿੱਤ ਕਰਦਾ ਹੈ। ਮੇਰਾ ਜੀਅ ਕਰਦਾ ਹੈ ਕਿ ਮੈਂ ਉਸ ਦੇ ਕੱਪੜਿਆਂ ਦੀ ਮਹਿਕ ਲਵਾਂ ਤੇ ਉਸ ਦੇ ਸਖਤ ਤੇ ਖੁਰਦਰੇ ਹੱਥਾਂ 'ਚ ਖੇਡਦੀ ਹੋਵਾਂ।

ਕਈ ਸਾਲਾਂ ਬਾਅਦ ਮੇਰੇ ਮਨ ਦੇ ਕੁਦਰਤੀ ਫੁੱਲਾਂ ਵਿਚ ਅਸਲੀ ਰੰਗ ਖਿੜਨ ਲੱਗ ਪਏ ਹਨ। ਮਨ ਸੋਝੀ ਦੇ ਆਖੇ ਲੱਗਣ ਲੱਗ ਪਿਆ ਹੈ, ਪਰ ਕਦੇ-ਕਦੇ ਮਨ ਦੇ ਕਿਸੇ ਖੂੰਜੇ 'ਚ ਉਗਿਆ ਕਾਲੀ ਰਾਤ ਦੇ ਰੰਗ ਵਰਗਾ ਫੁੱਲ ਚੀਕ ਪੈਂਦਾ ਹੈ ਕਿ ਜੇ ਕਿਤੇ ਏਸ ਕੁੜੀ ਦੀ ਜ਼ਿੰਦਗੀ ਵੀ ਇਹਦੀ ਜੰਮਣ ਵਾਲੀ ਵਾਂਗ...। ਉਸੇ ਵੇਲੇ ਦੂਜੇ ਪਾਸਿਓਂ ਹੁਸੀਨ ਵਿਚਾਰਾਂ ਦੀ ਬੁੱਕਲ 'ਚ ਖੇਡਦੀ ਮੇਰੀ ਸੋਝੀ ਮਨ ਦੇ ਬਰਾਬਰ ਖੜ੍ਹੋ ਜਾਂਦੀ ਹੈ ਤੇ ਦਿਨ ਦੇ ਚਾਨਣ ਵਰਗੇ ਫੁੱਲਾਂ ਹੇਠ ਕਾਲੇ ਫੁੱਲ ਨੂੰ ਦੱਬ ਲੈਂਦੀ ਹੈ।



ਲਾਲ ਫੁੱਲਾਂ ਨਾਲ ਲੱਦਿਆ ਹਾਈਡਰੇਂਜੀਆ ਦਾ ਬੂਟਾ

# ਚਿਹਰਿਆਂ ਤੋਂ ਪਾਰ ਸ਼ਖਸੀਅਤ ਦਾ ਖਾਕਾ 'ਪਰਸੋਨਾ'


ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330


***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸਵੀਡਨ ਦੇ ਸਰਕਰਦਾ ਫਿਲਮਸਾਜ਼ ਇੰਗਮਾਰ ਬਰਗਮੈਨ ਦੀ ਫਿਲਮ 'ਪਰਸੋਨਾ' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਵਿਚ ਸ਼ਖਸੀਅਤਾਂ ਦੇ ਰਹੱਸ ਅਤੇ ਧੜਕਦੀ ਜ਼ਿੰਦਗੀ ਦੀਆਂ ਦਾਰਸ਼ਨਿਕ ਗੱਲਾਂਬਾਤਾਂ ਹਨ। -ਸੰਪਾਦਕ***



ਫਿਲਮਸਾਜ਼ ਇੰਗਮਾਰ ਬਰਗਮੈਨ ਦਾ ਸਿਨੇਮਾ ਆਤਮਾ ਅੰਦਰ ਝਾਕਣ ਦਾ ਸਿਨੇਮਾ ਹੈ। ਉਸ ਦੀ ਬੇਹੱਦ ਚਰਚਿਤ ਰਹੀ ਅਤੇ ਦਾਰਸ਼ਨਿਕ ਸਚਾਈਆਂ ਨੂੰ ਪ੍ਰਨਾਈ ਫਿਲਮ 'ਪਰਸੋਨਾ' (ਲੁਕੀ ਸ਼ਖਸੀਅਤ) ਵਿਚ ਉਹ ਮਨੁੱਖ ਦੀ ਪਛਾਣ ਅਤੇ ਆਪਣੀ ਪਛਾਣ ਨੂੰ ਗਵਾ ਲੈਣ ਦੇ ਡਰਾਂ ਅਤੇ ਖਦਸ਼ਿਆਂ ਨੂੰ ਸੰਬੋਧਿਤ ਹੁੰਦਾ ਹੈ। ਉਸ ਦੀ ਇਸ ਫਿਲਮ ਦੇ ਦੋਵੇਂ ਮੁੱਖ ਕਿਰਦਾਰਾਂ ਨੇ ਇਸ ਫਿਲਮ ਰਾਹੀਂ ਬਰਗਮੈਨ ਦੁਆਰਾ ਕਲਪਿਤ ਅਧੂਰੀਆਂ ਕਲਪਨਾਵਾਂ, ਖਾਹਿਸ਼ਾਂ ਅਤੇ 'ਖੁਦ ਦੇ ਗੁਆਚ ਜਾਣ' ਦੇ ਡਰਾਂ ਨੂੰ ਜਿੰਨੇ ਖੂਬਸੂਰਤ ਢੰਗ ਨਾਲ ਜੀਵਿਆ ਹੈ, ਉਸ ਕਾਰਨ ਇਸ ਫਿਲਮ ਨੇ ਸਿਨੇਮਾ ਦੇ ਇਤਿਹਾਸ ਵਿਚ ਖਾਸ ਮੁਕਾਮ ਹਾਸਿਲ ਕਰ ਲਿਆ। ਇਸ ਫਿਲਮ ਨੇ ਰਿਲੀਜ਼ ਹੁੰਦਿਆਂ ਹੀ ਫਿਲਮੀ ਆਲੋਚਕਾਂ ਨੂੰ ਬਹੁਤ ਹੈਰਾਨ-ਪ੍ਰੇਸ਼ਾਨ ਕਰ ਦਿੱਤਾ। ਇਸ ਦਾ ਕਾਰਨ ਬਹੁਤ ਹੱਦ ਤੱਕ ਇੰਗਮਾਰ ਬਰਗਮੈਨ ਦੀ ਫਿਲਮਸਾਜ਼ ਦੇ ਤੌਰ 'ਤੇ ਸ਼ਖਸੀਅਤ ਸੀ ਜਿਸ ਦੇ ਚੱਲਦਿਆਂ ਉਸ ਨੇ ਨਾ ਸਿਰਫ ਫਿਲਮਾਂ ਵਿਚ ਫਾਰਮ ਦੇ ਤੌਰ 'ਤੇ ਵੰਨ-ਸਵੰਨੇ ਤਜਰਬੇ ਕੀਤੇ ਸਗੋਂ ਉਸ ਨੇ ਇਹ ਫਿਲਮ ਬਣਾਉਣ ਦੇ ਤਜਰਬੇ ਰਾਹੀਂ ਸਿਨੇਮਾ ਵਰਗੇ ਕਲਾ-ਮਾਧਿਅਮ ਵਿਚ ਜਜ਼ਬਾਤ ਅਤੇ ਭਾਵਨਾਵਾਂ ਨੂੰ ਪ੍ਰਗਟਾਉਣ ਦੀ ਅਥਾਹ ਸਮਰੱਥਾ ਨੂੰ ਵੀ ਸਾਬਿਤ ਕੀਤਾ।


ਇਹ ਫਿਲਮ ਦੇਖਦਿਆਂ ਬਰਗਮੈਨ ਦੀਆਂ ਦੋ ਹੋਰ ਫਿਲਮਾਂ ਦੀ ਵਾਰ-ਵਾਰ ਯਾਦ ਆਉਂਦੀ ਹੈ, ਪਹਿਲੀ 'ਵਿਸਪਰ ਐਂਡ ਕਰਾਈਜ਼' ਅਤੇ ਦੂਜੀ 'ਸਾਇਲਨਜ਼'। ਇਨ੍ਹਾਂ ਫਿਲਮਾਂ ਵਿਚ ਉਸ ਨੇ ਕਿਰਦਾਰਾਂ ਦੇ ਉਲਝੇ ਹੋਏ ਮਨੋਵਿਗਿਆਨਕ ਖਾਕਿਆਂ ਅਤੇ ਉਨ੍ਹਾਂ ਪ੍ਰਤੀ ਸਾਧਾਰਨਤਾ ਦੇ ਗੜੀ-ਗੇਧ ਵਿਚ ਉਲਝੀ ਦੁਨੀਆ ਨਾਲ ਟਕਰਾਉ ਨੂੰ ਬੇਹੱਦ ਸੰਵੇਦਨਸ਼ੀਲਤਾ ਨਾਲ ਫਿਲਮਾਇਆ ਹੈ। ਬਰਗਮੈਨ ਇਹ ਅੜਾਉਣੀ ਵੀ ਇੱਥੇ ਹੀ ਨਹੀਂ ਸੁਲਝਾਉਂਦਾ ਬਲਕਿ ਇਸ ਦੀਆਂ ਵੱਖੋ-ਵੱਖਰੀਆਂ ਪਰਤਾਂ ਨੂੰ ਉਘਾੜਦਿਆਂ ਉਨ੍ਹਾਂ ਦੀ ਰੂਹ ਤੱਕ ਨੂੰ ਵੀ ਛਿੱਲ ਦਿੰਦਾ ਹੈ। ਉਸ ਦੇ ਕਿਰਦਾਰ ਚੁੱਪ ਅਤੇ ਆਵਾਜ਼ ਦੀ ਥਾਂ ਸੋਚ ਅਤੇ ਵਿਸ਼ਲੇਸ਼ਣ ਦਾ ਔਖਾ ਰਾਹ ਚੁਣਦੇ ਹਨ। ਉਹ ਬਹੁਤ ਸਾਰੀਆਂ ਥਾਵਾਂ 'ਤੇ ਆਪਣੇ ਕਿਰਦਾਰਾਂ ਨੂੰ ਬਹੁਤ ਔਖੇ ਹਾਲਾਤ ਵਿਚ ਫਸਾ ਦਿੰਦਾ ਹੈ। ਇਹ ਹਾਲਾਤ ਮੁਹੱਬਤ ਵਿਚ ਪਾਗਲਪਣ ਰਲਣ ਦੇ ਹਨ; ਇਹ ਹਾਲਾਤ ਪਿਆਰ ਵਿਚ ਦੂਜੇ ਨੂੰ ਨੁਕਸਾਨ ਪਹੁਚਾਉਣ ਦੀ ਥਾਂ ਖੁਦ ਨੂੰ ਜ਼ਖਮੀ ਕਰ ਲੈਣ ਦੀਆਂ ਹਨ; ਇਹ ਹਾਲਾਤ ਖੁਦ ਨੂੰ ਦੂਜੇ ਵਰਗਾ ਸਮਝਣ ਜਾਂ ਉਸ ਵਰਗਾ ਹੋ ਜਾਣ ਵਰਗੀ ਅਸੰਭਵ ਆਸ ਪਾਲ ਲੈਣ ਦੇ ਹਨ। ਇਨ੍ਹਾਂ ਹਾਲਾਤ ਵਿਚ ਬਹੁਤੀ ਵਾਰ ਤਰਕ ਅਤੇ ਦਲੀਲ ਖੋਖਲੇ ਅਤੇ ਵਿਅਰਥ ਭਾਸਦੇ ਹਨ। ਬੇਵਸੀ ਅਤੇ ਖਾਲੀਪਣ ਦਾ ਪਰਛਾਵਾਂ ਬੰਦੇ ਦੀ ਹੋਂਦ ਨੂੰ ਨਿਗਲ ਲੈਂਦਾ ਹੈ। ਅਜਿਹੀ ਫਿਲਮ ਲਿਖਣ ਬਾਰੇ ਸੋਚਣਾ ਅਤੇ ਫਿਰ ਉਸ ਨੂੰ ਕੈਮਰੇ ਰਾਹੀਂ ਸਾਕਾਰ ਕਰਨਾ ਜਿੱਥੇ ਬੌਧਿਕਤਾ ਦੀ ਮੰਗ ਕਰਦਾ ਹੈ, ਉਥੇ ਫਿਲਮਸਾਜ਼ ਅਤੇ ਉਸ ਦੀ ਟੀਮ ਲਈ ਭਾਵਨਾਤਮਿਕ ਤੌਰ 'ਤੇ ਖਾਲੀ ਕਰ ਦੇਣ ਵਾਲਾ ਕੰਮ ਹੁੰਦਾ ਹੈ। ਇਹ ਫਿਲਮ ਦਰਸ਼ਕਾਂ ਨੂੰ ਵਾਰ-ਵਾਰ ਅਸਹਿਜ ਕਰਦੀ ਹੈ। ਉਨ੍ਹਾਂ ਦੀਆਂ ਭਾਵਨਾਵਾਂ ਨੂੰ ਟਕੋਰਦੀ ਹੈ ਅਤੇ ਉਨ੍ਹਾਂ ਨੂੰ ਖੁਦ ਦੇ ਮਨਾਂ ਵਿਚ ਪਈ ਕਾਲਖ ਵਲ ਧੱਕਦੀ ਹੈ।

ਇਸ ਫਿਲਮ ਦੀ ਕਹਾਣੀ ਮੁਤਾਬਿਕ ਨਰਸ ਅਲਮਾ (ਬੀਬੀ ਐਂਡਰਸਨ) ਨੂੰ ਮਸ਼ਹੂਰ ਅਭਿਨੇਤਰੀ ਐਲਿਜ਼ਬਥ (ਲੂ ਉਲਮਾਨ) ਦੇ ਇਲਾਜ ਅਤੇ ਮਾਨਸਿਕ ਵਸੇਬੇ ਲਈ ਉਸ ਨਾਲ ਰਹਿਣ ਲਈ ਭੇਜਿਆ ਜਾਂਦਾ ਹੈ। ਐਲਿਜ਼ਬਥ ਸਾਧਾਰਨ ਮਰੀਜ਼ ਨਹੀਂ। ਉਹਨੇ ਬੋਲਣਾ ਬੰਦ ਕਰ ਦਿੱਤਾ ਹੈ ਅਤੇ ਉਹ ਇਸ ਨੂੰ ਸਮਾਜ ਵਲੋਂ ਉਸ ਤੋਂ ਮਾਂ ਅਤੇ ਵਿਅਕਤੀ ਦੇ ਤੌਰ 'ਤੇ ਕੀਤੀਆਂ ਮੰਗਾਂ ਰੱਦ ਕਰਨ ਦੀ ਬਗਾਵਤ ਦੇ ਤੌਰ 'ਤੇ ਦੇਖਦੀ ਹੈ। ਫਿਲਮ ਦੇ ਪਹਿਲੇ ਦ੍ਰਿਸ਼ ਵਿਚ ਪ੍ਰਾਜੈਕਟਰ ਚਲ ਰਿਹਾ ਹੈ ਅਤੇ ਛੋਟੀ ਉਮਰ ਦਾ ਬੱਚਾ ਪਰਦੇ 'ਤੇ ਦੋ ਔਰਤਾਂ ਦੇ ਚਿਹਰਿਆਂ ਨੂੰ ਆਪਸ ਵਿਚ ਰਲ-ਗੱਡ ਹੁੰਦੇ ਦੇਖਦਾ ਹੈ। ਇਸੇ ਸਕਰੀਨ 'ਤੇ ਮੱਕੜੀ ਤੁਰ ਰਹੀ ਹੈ, ਫਿਰ ਕਿਸੇ ਨੂੰ ਸਲੀਬ 'ਤੇ ਲਟਕਾਉਣ ਦਾ ਦ੍ਰਿਸ਼ ਉਭਰਦਾ ਹੈ ਅਤੇ ਨਿੱਕੇ ਲੇਲੇ ਨੂੰ ਜ਼ਿਬਾਹ ਕਰਨ ਦੀ ਘਟਨਾ ਵਾਪਰ ਰਹੀ ਹੈ। ਫਿਲਮ ਦੇ ਸ਼ੁਰੂਆਤੀ ਦ੍ਰਿਸ਼ਾਂ ਵਿਚ ਵੀਅਤਨਾਮ ਦੀ ਜੰਗ ਦੇ ਦਿਨਾਂ ਵਿਚ ਇੱਕ ਲਾਮਾ ਦੁਆਰਾ ਆਤਮਦਾਹ ਕਰਨ ਦਾ ਦ੍ਰਿਸ਼ ਹੈ ਜਿਸ ਨੂੰ ਦੇਖਦਿਆਂ ਐਲਿਜ਼ਬਥ ਨੂੰ ਭਾਸਦਾ ਹੈ ਕਿ ਉਸ ਦੀ ਖੁਦ ਦੀ ਬਗਾਵਤ ਬੌਧਿਕ ਪੱਖੋਂ ਸੱਖਣੀ ਅਤੇ ਖੋਖਲੀ ਹੈ ਪਰ ਉਸ ਵਿਚ ਉਸ ਬੋਧੀ ਜਿੰਨਾ ਬਲੀਦਾਨ ਤੇ ਵਿਰੋਧ ਦਾ ਜਜ਼ਬਾ ਕਿੱਥੇ ਹੈ? ਇਸ ਦ੍ਰਿਸ਼ ਨੂੰ ਬਹੁਤ ਸਾਰੇ ਆਲੋਚਕਾਂ ਨੇ ਫਿਲਮਸਾਜ਼ ਦੀ ਅਮਰੀਕਾ ਦੁਆਰਾ ਵੀਅਤਨਾਮ ਦੀ ਜੰਗ ਬਾਰੇ ਸਿਆਸੀ ਸਮਝ ਦੇ ਨੁਕਤੇ ਤੋਂ ਵਿਚਾਰਿਆ ਹੈ।

ਇਸੇ ਦੌਰਾਨ ਨਰਸ ਅਲਮਾ ਆਪਣੀ ਮਰੀਜ਼ ਐਲਿਜ਼ਬਥ ਨੂੰ ਉਸ ਦੇ ਪਤੀ ਦੀ ਭੇਜੀ ਚਿੱਠੀ ਪੜ੍ਹ ਕੇ ਸੁਣਾਉਂਦੀ ਹੈ ਜਿਸ ਨਾਲ ਉਸ ਦੇ ਪੁੱਤਰ ਦੀ ਫੋਟੋ ਵੀ ਹੈ। ਐਲਿਜ਼ਬਥ ਫੋਟੋ ਪਾੜ ਦਿੰਦੀ ਹੈ। ਇਲਾਜ ਕਰ ਰਹੇ ਡਾਕਟਰ ਦੀ ਸਲਾਹ 'ਤੇ ਉਨ੍ਹਾਂ ਦੋਵਾਂ ਨੂੰ ਸਮੁੰਦਰ ਕਿਨਾਰੇ ਬਣੇ ਘਰ ਵਿਚ ਰਹਿਣ ਲਈ ਭੇਜ ਦਿੱਤਾ ਜਾਂਦਾ ਹੈ। ਉਥੇ ਜਾ ਕੇ ਅਲਮਾ ਆਪਣੀ ਮਰੀਜ਼ ਨੂੰ ਦੱਸਦੀ ਹੈ ਕਿ ਉਸ ਨੂੰ ਪੂਰੀ ਉਮਰ ਕਿਸੇ ਨੇ ਨਹੀਂ ਸੁਣਿਆ। ਉਹ ਐਲਿਜ਼ਬਥ ਨੂੰ ਆਪਣੀ ਜ਼ਿੰਦਗੀ ਦੀ ਕਹਾਣੀ ਸੁਣਾਉਂਦਿਆਂ ਇਸ ਗੱਲ ਦੀ ਸ਼ਰਮ ਅਤੇ ਪਛਤਾਵੇ ਵਿਚੋਂ ਗੁਜ਼ਰਦੀ ਹੈ ਕਿ ਕਿਵੇਂ ਉਸ ਨੇ ਆਪਣੇ ਪ੍ਰੇਮੀ ਕਾਰਲ-ਹੈਨਰਿਕ ਨਾਲ ਚੰਗੇ ਪ੍ਰੇਮ ਸਬੰਧ ਹੋਣ ਦੇ ਬਾਵਜੂਦ ਕਿਸੇ ਅਣਜਾਣ ਮੁੰਡੇ ਨਾਲ ਸਬੰਧ ਬਣਾਏ ਅਤੇ ਨਤੀਜੇ ਵਜੋਂ ਉਸ ਨੂੰ ਗਰਭਪਾਤ ਕਰਵਾਉਣਾ ਪਿਆ।

ਉਨ੍ਹਾਂ ਦੀ ਇਸ ਗੱਲਬਾਤ ਤੋਂ ਬਾਅਦ ਅਲਮਾ ਜਦੋਂ ਐਲਿਜ਼ਬਥ ਦੀ ਦਿੱਤੀ ਚਿੱਠੀ ਡਾਕ ਵਿਚ ਪਾਉਣ ਲਈ ਸ਼ਹਿਰ ਡਾਕਖਾਨੇ ਜਾ ਰਹੀ ਹੈ ਤਾਂ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਚਿੱਠੀ ਤਾਂ ਖੁੱਲ੍ਹੀ ਹੈ। ਕੀ ਐਲਿਜ਼ਬਥ ਨੇ ਇਸ ਨੂੰ ਜਾਣ-ਬੁੱਝ ਕੇ ਖੁੱਲ੍ਹੀ ਰੱਖਿਆ ਹੈ? ਜਦੋਂ ਉਹ ਚਿੱਠੀ ਪੜ੍ਹਦੀ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਅਸਲ ਵਿਚ ਤਾਂ ਐਲਿਜ਼ਬਥ ਉਸ ਦਾ 'ਅਧਿਐਨ' ਕਰ ਰਹੀ ਹੈ ਅਤੇ ਉਹ ਉਸ ਦੀ ਜਗਿਆਸਾ ਦਾ ਧੁਰਾ ਹੈ। ਚਿੱਠੀ ਵਿਚ ਉਹ ਸਾਰਾ ਕੁਝ ਲਿਖਿਆ ਗਿਆ ਜਿਹੜਾ ਅਲਮਾ ਨੇ ਵਿਸ਼ਵਾਸ ਦੇ ਪਲਾਂ ਵਿਚ ਐਲਿਜ਼ਬਥ ਨਾਲ ਸਾਂਝਾ ਕੀਤਾ ਸੀ। ਅਲਮਾ ਨੂੰ ਇਹ ਸਭ ਪੜ੍ਹ ਕੇ ਮਾਨਸਿਕ ਧੱਕਾ ਲੱਗਦਾ ਹੈ ਅਤੇ ਉਹ ਐਲਿਜ਼ਬਥ ਨੂੰ ਬੁਰਾ-ਭਲਾ ਆਖਦੀ ਹੈ। ਇਥੋਂ ਤੱਕ ਕਿ ਉਹ ਉਸ ਨੂੰ ਗਰਮ ਪਾਣੀ ਨਾਲ ਜਲਾ ਦੇਣ ਦੀ ਧਮਕੀ ਤੱਕ ਦੇ ਦਿੰਦੀ ਹੈ। ਐਲਿਜ਼ਬਥ ਦੇ ਬੋਲ ਸੁਣ ਕੇ ਅਲਮਾ ਚੁੱਪ ਹੋ ਜਾਂਦੀ ਹੈ। ਐਲਿਜ਼ਬਥ ਇਸ ਸਮੁੱਚੇ ਹਾਲਾਤ ਤੋਂ ਭੱਜ ਜਾਣਾ ਚਾਹੁੰਦੀ ਹੈ। ਜਦੋਂ ਅਲਮਾ ਉਸ ਨੂੰ ਰੋਕ ਲੈਂਦੀ ਹੈ ਤਾਂ ਅਚਾਨਕ ਐਲਿਜ਼ਬਥ ਹਿਟਲਰ ਦੇ ਬੇਹੱਦ ਬਦਨਾਮ ਤਸੀਹਾ ਕੈਂਪ ਵਾਰਸਾ ਘਾਟੋ ਵਿਚ ਨਾਜ਼ੀਆਂ ਦੁਆਰਾ ਘੇਰੇ ਯਹੂਦੀਆਂ ਦੀ ਤਸਵੀਰ ਦੇਖਦੀ ਹੈ।

ਇੱਕ ਰਾਤ ਐਲਿਜ਼ਬਥ ਦਾ ਪਤੀ ਉਸ ਨੂੰ ਮਿਲਣ ਆਉਂਦਾ ਹੈ ਅਤੇ ਐਲਿਜ਼ਬਥ ਦੇ ਭੁਲੇਖੇ ਅਲਮਾ ਨਾਲ ਸਬੰਧ ਬਣਾ ਲੈਂਦਾ ਹੈ। ਇਹ ਸਾਰਾ ਕੁਝ ਬਹੁਤ ਅਣਘੜ ਅਤੇ ਅਜੀਬ ਢੰਗ ਨਾਲ ਵਾਪਰਦਾ ਹੈ। ਦਰਸ਼ਕਾਂ ਲਈ ਇਥੇ ਇਹ ਫੈਸਲਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਕਿਥੇ ਫਿਲਮ ਵਿਚ ਐਲਿਜ਼ਬਥ ਦੀ ਕਲਪਨਾ ਕੰਮ ਕਰ ਰਹੀ ਹੈ, ਕਿਥੇ ਅਲਮਾ ਦਾ ਸੁਪਨਾ ਸ਼ੁਰੂ ਹੋ ਜਾਂਦਾ ਹੈ, ਕਿਥੇ ਫਿਲਮਸਾਜ਼ ਦੀ ਆਪਣੀ ਸੋਚ ਦੇ ਦ੍ਰਿਸ਼ ਵਾਪਰਨ ਲੱਗ ਪੈਂਦੇ ਹਨ। ਇਸ ਤਰ੍ਹਾਂ ਪੂਰੀ ਫਿਲਮ ਤਿੰਨ ਕਿਰਦਾਰਾਂ ਦੀਆਂ ਗੁੰਝਲਦਾਰ ਸੋਚਾਂ ਵਿਚ ਉਲਝਦੀ ਚਲੀ ਜਾਂਦੀ ਹੈ। ਜਦੋਂ ਅਲਮਾ ਐਲਿਜ਼ਬਥ ਨੂੰ ਪੁੱਛਦੀ ਹੈ ਕਿ ਉਸ ਨੇ ਆਪਣੇ ਪੁੱਤਰ ਦੀ ਫੋਟੋ ਕਿਉਂ ਪਾੜੀ ਤਾਂ ਉਹ ਇਹ ਜਾਣ ਕੇ ਹੈਰਾਨ ਰਹਿ ਜਾਂਦੀ ਹੈ ਕਿ ਦਰਅਸਲ ਉਹ ਇਹ ਬੱਚਾ ਪੈਦਾ ਨਹੀਂ ਸੀ ਕਰਨਾ ਚਾਹੁੰਦੀ ਅਤੇ ਉਸ ਨੇ ਖੁਦ ਗਰਭਪਾਤ ਕਰਨ ਦੀ ਕੋਸ਼ਿਸ਼ ਵੀ ਕੀਤੀ ਜਿਸ ਵਿਚ ਨਾਕਾਮ ਰਹਿਣ 'ਤੇ ਉਹ ਇਸ ਬੱਚੇ ਨੂੰ ਜ਼ਿਆਦਾ ਪਸੰਦ ਨਹੀਂ ਕਰਦੀ। ਬੱਚੇ ਲਈ ਮਾਂ ਦਾ ਪਿਆਰ ਜ਼ਰੂਰੀ ਹੈ। ਬਹੁਤ ਸਾਰੇ ਆਲੋਚਕਾਂ ਨੇ ਇਸ ਸਾਰੇ ਘਟਨਾਕ੍ਰਮ 'ਤੇ ਟਿੱਪਣੀ ਕਰਦਿਆ ਕਿਹਾ ਹੈ ਕਿ ਕਿਉਂਕਿ ਬਤੌਰ ਫਿਲਮਸਾਜ਼ ਬਰਗਮੈਨ ਵੱਡੀਆਂ ਤਰਾਸਦੀਆਂ ਜਿਵੇਂ ਯਹੂਦੀਆਂ ਦੇ ਕਤਲੇਆਮ ਅਤੇ ਵੀਅਤਨਾਮ ਦੀ ਜੰਗ ਦਾ ਕਿਸੇ ਵੀ ਤਰੀਕੇ ਨਾਲ ਵਿਰੋਧ ਨਹੀਂ ਕਰ ਸਕਿਆ, ਉਹ ਇਸ ਫਿਲਮ ਰਾਹੀਂ ਉਸ ਸ਼ਰਮ ਤੇ ਪਛਤਾਵੇ ਨੂੰ ਫਿਲਮ ਰਾਹੀ ਕਿਸੇ ਢੁਕਵੇਂ ਪ੍ਰਸੰਗ ਵਿਚ ਦਰਜ ਕਰਨ ਦੀ ਕੋਸ਼ਿਸ ਕਰ ਰਿਹਾ ਹੈ।



*ਫਿਲਮਸਾਜ਼ ਇੰਗਮਾਰ ਬਰਗਮੈਨ*

ਇਸ ਫਿਲਮ ਦਾ ਮਨੋਵਿਗਿਆਨਕ ਅਧਿਐਨ ਕਰਦਿਆਂ ਕੁਝ ਆਲੋਚਕਾਂ ਨੇ ਇਸ ਤੱਥ ਦੀ ਤਸਦੀਕ ਵੀ ਕੀਤੀ ਕਿ ਇਹ ਫਿਲਮ ਦਰਅਸਲ ਐਲਿਜ਼ਬਥ ਦੇ ਮਾਧਿਅਮ ਰਾਹੀ ਇੱਕ ਗੈਰ ਜ਼ਿੰਮੇਵਾਰ ਅਦਾਕਾਰ ਦੁਆਰਾ ਦਰਸ਼ਕਾਂ ਅੱਗੇ ਮਹਿਸੂਸ ਕੀਤੀ ਜਾਣ ਵਾਲੀ ਸ਼ਰਮ ਵਾਲੀ ਫਿਲਮ ਹੈ। ਇਸ ਵਿਚ ਐਲਿਜ਼ਬਥ ਦਾ ਕਿਰਦਾਰ ਰੂਹ ਨੂੰ ਖਾਣ ਵਾਲੀ ਅਤੇ ਸਰੀਰ ਦਾ ਖੂਨ ਪੀ ਜਾਣ ਵਾਲੀ ਪ੍ਰੇਮ-ਆਤਮਾ ਦੇ ਤੌਰ 'ਤੇ ਸਿਰਜਿਆ ਗਿਆ ਹੈ ਜਿਸ ਵਿਚ ਐਲਿਜ਼ਬਥ, ਅਲਮਾ ਦੀ ਸਾਰੀ ਸ਼ਖਸੀਅਤ ਨੂੰ ਹੀ ਨਿਗਲ ਜਾਂਦੀ ਹੈ ਅਤੇ ਉਸ ਦੀ ਆਜ਼ਾਦ ਦਿਲ-ਦਿਮਾਗ ਵਜੋਂ ਹੋਂਦ ਖਤਮ ਕਰ ਦਿੰਦੀ ਹੈ। ਇਕ ਇੰਟਰਵਿਊ ਵਿਚ ਬਰਗਮੈਨ ਇਸ ਤੱਥ ਦਾ ਜਵਾਬ ਦਿੰਦਿਆਂ ਆਖਦਾ ਹੈ ਕਿ ਐਲਿਜ਼ਬਥ, ਅਲਮਾ ਦੀ ਸੰਪੂਰਨ ਹੋਂਦ ਨਹੀਂ ਨਿਗਲ ਸਕਦੀ ਕਿਉਂਕਿ ਉਸ ਦੇ ਅੰਦਰ ਬੌਧਿਕਤਾ ਬਚੀ ਹੋਈ ਹੈ, ਉਸ ਅੰਦਰ ਕਿਤੇ ਨਾ ਕਿਤੇ ਸੰਵੇਦਨਸ਼ੀਲਤਾ ਬਚੀ ਪਈ ਹੈ। ਇਹ ਉਸ ਦੇ ਅੰਦਰਲਾ ਖਾਲੀਪਣ ਹੈ ਜਿਹੜਾ ਉਸ ਨੂੰ ਨਿਹੱਥਾ ਅਤੇ ਬੇਵੱਸ ਇਨਸਾਨ ਵਿਚ ਬਦਲ ਦਿੰਦਾ ਹੈ। ਇਸ ਸਾਰੇ ਹਾਲਾਤ ਨੂੰ ਬਰਗਮੈਨ ਨੇ ਜਿਸ ਕਲਾਤਮਿਕ ਗਹਿਰਾਈ ਨਾਲ ਫਿਲਮਾਇਆ ਹੈ, ਉਸ ਨੇ ਇਸ ਫਿਲਮ ਨੂੰ ਕਲੋਜ਼-ਅੱਪ ਦੀ ਮਿਸਾਲੀ ਉਦਾਹਰਨ 'ਸਿਟੀਜ਼ਨ ਕੇਨ' (1941) ਤੋਂ ਬਾਅਦ ਸਭ ਤੋਂ ਜ਼ਿਆਦਾ ਪੱਖਾਂ ਨਾਲ ਵਿਚਾਰੀ ਜਾਣ ਵਾਲੀ ਫਿਲਮ ਬਣਾ ਦਿੱਤਾ ਹੈ। ਫਿਲਮ ਸਿਰਫ ਦ੍ਰਿਸ਼ਾਂ ਵਿਚ ਹੀ ਨਹੀਂ ਸਗੋਂ ਚੁੱਪ, ਸੰਗਤੀਕ ਧੁਨੀਆਂ, ਵੱਖ-ਵੱਖ ਚਿੱਤਰਕਾਰਾਂ ਦੇ ਚਿੱਤਰਾਂ ਨਾਲ ਰੰਗ-ਰੂਪ ਪੱਖੋਂ ਮਿਲਦੀ-ਜੁਲਦੀ ਹੋਣ ਦੇ ਰੂਪ ਵਿਚ ਵੀ ਵਾਪਰਦੀ ਹੈ। ਬਰਗਮੈਨ ਨੇ ਇਹ ਫਿਲਮ ਹਸਪਤਾਲ ਦੇ ਬੈੱਡ 'ਤੇ ਨਮੂਨੀਏ ਨਾਲ ਲੜਦਿਆਂ ਲਿਖੀ, ਤੇ ਉਸ ਅਨੁਸਾਰ, "ਇਸ ਫਿਲਮ ਨੇ ਮੈਨੂੰ ਮਰਨ ਤੋਂ ਬਚਾ ਲਿਆ।"








*ਫਿਲਮ 'ਪਰਸੋਨਾ' ਦੇ ਦੋ ਦ੍ਰਿਸ਼ ਅਤੇ (ਐਨ ਸੱਜੇ) ਫਿਲਮ 'ਪਰਸੋਨਾ' ਦਾ ਪੋਸਟਰ*




*ਫਿਲਮ 'ਸਿਟੀਜ਼ਨ ਕੇਨ' ਦਾ ਪੋਸਟਰ।*


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 45 Cent + Team 52 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ।
2330 Enterprise Park Dr., Indianapolis, IN 46218
Online Application @ www.xpresscargoinc.com